TAJ
INSURANCE SERVICES
*Local or Long Haul Trucking (48 States) *Personal or Commercial Lines *Standard or Non Satandard Market *Auto and Home package Available
To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
Note:Also Income Tax filing Available

Gurdawar S. Mann
Lic#0F34231

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
□ਨੌਂਵੀਂ ਸਰਕਟ ਕੋਰਟ □ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ
□ਇਮੀਗ੍ਰੇਸ਼ਨ ਕੋਰਟ ਦੇ ਕੇਸ □ਫੈਮਿਲੀ ਪਟੀਸ਼ਨਾਂ □ਲੇਬਰ ਦੇ ਕੇਸ
□ਡਿਪੋਰਟੇਸ਼ਨ ਦੇ ਕੇਸ □ਅਮੈਰਿਕਨ ਅੰਬੈਸੀ ਦੇ ਕੇਸ □ਬੈਂਕਰਪਸੀ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 11, Issue 26, June 26, 2010 20451 N Plum Grove Rd. Palatine, IL 60074 Ph:847-359-0746, Fax:847-705-9388


## ਟਾਈਮਜ਼ ਸਕੁਏਅਰ ਬੰਬ ਕਾਂਡ:ਫੈਜ਼ਲ ਨੇ ਸਾਰੇ ਦੋਸ਼ ਕਬੂਲੇ, ਖੁਦ ਨੂੰ ਦੱਸਿਆ ਮੁਸਲਿਮ ਮੁਜਾਹਿਦ



**ਨਿਊ ਯਾਰਕ:**ਆਪਣੇ ਆਪ ਨੂੰ ਇਕ 'ਮੁਸਲਿਮ ਮੁਜਾਹਿਦ' ਦੱਸਦਿਆਂ ਪਾਕਿਸਤਾਨੀ-ਅਮਰੀਕੀ ਸਿਟੀਜ਼ਨ ਫੈਜ਼ਲ ਸ਼ਹਿਜ਼ਾਦ ਨੇ ਟਾਈਮਜ਼ ਸਕੁਏਅਰ ਵਿਚ ਬੰਬ ਰੱਖਣ ਦਾ ਗੁਨਾਹ ਕਬੂਲ ਕਰਦਿਆਂ ਅਮਰੀਕੀ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਹ 'ਮੁਸਲਿਮ ਦੇਸ਼ਾਂ' ਵਿਚੋਂ ਨਾ ਨਿਕਲਿਆ ਤਾਂ ਅਜਿਹੇ ਹਮਲੇ ਹੁੰਦੇ ਰਹਿਣਗੇ। ਸ਼ਹਿਜ਼ਾਦ ਨੂੰ ਲੰਘੀ 5 ਮਈ ਨੂੰ ਦੁਬਈ ਜਾਣ ਵਾਲੀ ਇਕ ਉਡਾਣ 'ਚੋਂ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੇ ਨਿਊ ਯਾਰਕ ਦੇ ਬ੍ਰਾਡਵੇਅ ਇਲਾਕੇ ਵਿਚ ਪਹਿਲੀ ਮਈ ਨੂੰ ਕਚਘਰੜ ਵਿਸਫੋਟਕਾਂ ਨਾਲ ਭਰੀ ਇਕ ਕਾਰ ਖੜ੍ਹੀ ਕੀਤੀ ਸੀ ਪਰ ਐਨ ਸਮੇਂ ਸਿਰ ਪਤਾ ਲੱਗ ਜਾਣ ਕਾਰਨ ਇਹ ਵਿਸਫੋਟ ਨਾਕਾਮ ਕਰ ਦਿੱਤੇ ਗਏ ਸਨ।

ਸ਼ਹਿਜ਼ਾਦ ਨੇ ਮੈਨਹਟਨ ਦੀ ਜ਼ਿਲ੍ਹਾ ਅਦਾਲਤ ਵਿਚ ਬਿਆਨ ਪੜ੍ਹਦਿਆਂ ਆਪਣੇ 'ਤੇ ਲੱਗੇ ਸਾਰੇ ਦੋਸ਼ ਕਬੂਲ ਕੀਤੇ, ਜਿਨ੍ਹਾਂ ਵਿਚ ਸਮੂਹਕ ਤਬਾਹੀ ਦੇ ਹਥਿਆਰਾਂ ਦੀ ਵਰਤੋਂ ਦੀ ਕੋਸ਼ਿਸ਼, ਦਹਿਸ਼ਤਗਰਦੀ ਅਤੇ ਵਿਸਫੋਟਕ ਮਾਦੇ ਦੀ ਢੋਆ-ਢੁਆਈ ਦੇ ਦੋਸ਼ ਸ਼ਾਮਲ ਹਨ।

ਉਹ ਚਿੱਟੀ ਟੋਪੀ ਪਾ ਕੇ ਮੈਨਹਟਨ ਕੋਰਟ ਵਿਚ ਪੇਸ਼ ਹੋਇਆ ਅਤੇ ਉਸ ਦੀ ਦਾੜ੍ਹੀ ਵਧੀ ਹੋਈ ਸੀ। ਉਸ ਦੇ ਖ਼ਿਲਾਫ਼ ਕੁਝ ਦੋਸ਼ਾਂ ਵਿਚ ਤਾਂ ਲਾਜ਼ਮੀ

(ਬਾਕੀ ਸਫਾ 6 'ਤੇ)

## ਭੁਪਾਲ ਗੈਸ ਕਾਂਡ ਪੀੜਤਾਂ ਲਈ 15 ਸੌ ਕਰੋੜ ਦੀ ਸਿਫਾਰਿਸ਼

**ਪੰਜਾਬ ਟਾਈਮਜ਼ ਬਿਊਰੋ**

**ਨਵੀਂ ਦਿੱਲੀ:** ਭੁਪਾਲ ਗੈਸ ਕਾਂਡ ਨੂੰ ਲੈ ਕੇ ਬਣਾਈ ਗਈ ਮੰਤਰੀਆਂ ਦੀ ਕਮੇਟੀ ਨੇ ਆਖਿਰ ਆਪਣੀ ਰਿਪੋਰਟ ਪ੍ਰਧਾਨ ਮੰਤਰੀ ਨੂੰ ਸੌਂਪ ਦਿੱਤੀ ਹੈ। ਭੁਪਾਲ ਗੈਸ ਕਾਂਡ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਬਣਾਏ ਮੰਤਰੀਆਂ ਦੇ ਸਮੂਹ ਨੇ ਬੀਤੀ 21 ਜੂਨ ਨੂੰ ਆਪਣੀਆਂ ਅਹਿਮ ਸਿਫਾਰਸ਼ਾਂ ਵਾਲੀ ਰਿਪੋਰਟ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸੌਂਪੀ। ਸੂਤਰਾਂ ਅਨੁਸਾਰ ਇਸ ਰਿਪੋਰਟ ਨੂੰ ਸ਼ੁੱਕਰਵਾਰ ਨੂੰ ਹੋਣ ਵਾਲੀ ਕੇਂਦਰੀ ਕੈਬਨਿਟ ਦੀ ਮੀਟਿੰਗ 'ਚ ਵਿਚਾਰਿਆ ਜਾਵੇਗਾ।

ਮੰਤਰੀ ਸਮੂਹ ਨੇ ਆਪਣੀ ਰਿਪੋਰਟ 'ਚ ਪੀੜਤਾਂ ਲਈ 1500 ਕਰੋੜ ਰੁਪਏ ਦੇ ਪੈਕੇਜ ਦੀ ਸਿਫ਼ਾਰਸ਼ ਕੀਤੀ ਹੈ। ਮੰਤਰੀਆਂ ਨੇ ਤੈਅ ਕੀਤਾ ਹੈ ਕਿ ਕੇਂਦਰ ਭੁਪਾਲ ਗੈਸ ਕਾਂਡ ਕੇਸ 'ਚ ਨਵੀਂ ਅਰਜ਼ੀ ਦਾਇਰ ਕਰੇ।

ਮੰਤਰੀ ਸਮੂਹ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਕਿਹਾ ਕਿ ਜੋ ਅਰਜ਼ੀ ਦਾਇਰ ਕੀਤੀ ਜਾਵੇਗੀ, ਉਸ ਦਾ ਸਾਰਾ ਖ਼ਰਚਾ ਕੇਂਦਰ ਕਰੇਗਾ। ਉਨ੍ਹਾਂ ਦੱਸਿਆ ਕਿ ਮੀਟਿੰਗ 'ਚ ਵਾਰੇਨ ਐਂਡਰਸਨ ਦੀ ਭਾਰਤ ਸਪੁਰਦਗੀ ਬਾਰੇ ਵੀ ਗੱਲਬਾਤ ਕੀਤੀ ਗਈ। ਮੀਟਿੰਗ 'ਚ ਤੈਅ ਕੀਤਾ ਗਿਆ ਕਿ ਭੁਪਾਲ ਗੈਸ ਤ੍ਰਾਸਦੀ 'ਚ ਨਵੇਂ ਤਰੀਕੇ ਅਨੁਸਾਰ ਮੁਆਵਜ਼ਾ ਦਿੱਤਾ ਜਾਵੇ। ਮੰਤਰੀਆਂ ਦੇ ਸਮੂਹ ਵਲੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸੌਂਪੀ ਗਈ ਰਿਪੋਰਟ 'ਚ ਭੁਪਾਲ ਗੈਸ ਕਾਂਡ 'ਚ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨੂੰ 10 ਲੱਖ ਰੁਪਏ, ਗੰਭੀਰ ਜ਼ਖਮੀਆਂ ਨੂੰ 5 ਲੱਖ ਰੁਪਏ ਅਤੇ ਅੰਸ਼ਕ ਤੌਰ 'ਤੇ ਪ੍ਰਭਾਵਿਤ ਹੋਏ ਲੋਕਾਂ ਨੂੰ 3 ਲੱਖ ਰੁਪਏ ਮੁਆਵਜ਼ਾ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਸੂਤਰਾਂ ਮੁਤਾਬਕ ਮੁਆਵਜ਼ੇ ਦੀ ਇਸ ਰਕਮ ਵਿਚੋਂ ਪਹਿਲਾਂ ਦਿੱਤੀ ਗਈ ਰਾਸ਼ੀ ਨੂੰ ਘਟਾ ਦਿੱਤਾ ਜਾਵੇਗਾ।

ਮੰਤਰੀ ਸਮੂਹ ਵਲੋਂ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਇਹ ਸਾਰਾ ਪੈਸਾ ਕੇਂਦਰ ਸਰਕਾਰ ਦੇਵੇ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਸ ਤੋਂ ਇਲਾਵਾ ਵਾਰੇਨ ਐਂਡਰਸਨ ਨੂੰ ਭਾਰਤ ਲਿਆਉਣ ਲਈ ਮੁੜ ਤੋਂ ਯਤਨ ਕੀਤਾ ਜਾਵੇ। ਰਿਪੋਰਟ 'ਚ ਇਹ ਗੱਲ ਵੀ ਕਹੀ ਗਈ ਕਿ ਮੱਧ ਪ੍ਰਦੇਸ਼ ਦੀ ਸੂਬਾ ਸਰਕਾਰ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਹਾਦਸੇ ਵਾਲੀ ਥਾਂ ਤੋਂ ਜ਼ਹਿਰੀਲਾ ਕਚਰਾ ਸਾਫ਼ ਕਰੇ। ਸੂਤਰਾਂ ਮੁਤਾਬਕ ਇਹ ਕਚਰਾ

(ਬਾਕੀ ਸਫਾ 4 'ਤੇ)

## ਮੌਤ ਦੀ ਸਜ਼ਾ ਦੇ ਭਾਗੀਆਂ ਨੂੰ ਜ਼ਹਿਰ ਦਾ ਟੀਕਾ ਲਾਉਣ ਦੀ ਤਜਵੀਜ਼

*ਪੰਜਾਬ ਸਰਕਾਰ ਨੇ ਤਜਵੀਜ਼ ਨੂੰ ਜੀ ਆਇਆਂ ਕਿਹਾ *ਦਲ ਖਾਲਸਾ ਵਲੋਂ ਵਿਰੋਧ

**ਕੰਵਰਜੀਤ ਸਿੰਘ ਸੰਗੂਧੌਣ**

**ਜਲੰਧਰ:** ਭਾਰਤ ਦੇ ਕੇਂਦਰੀ ਹਾਕਮਾਂ ਨੇ ਪਿਛਲੇ ਦਿਨੀਂ ਰਾਜ ਸਰਕਾਰਾਂ ਤੋਂ ਆਪਣੀ ਇਸ ਤਜਵੀਜ਼ 'ਤੇ ਰਾਏ ਮੰਗੀ ਹੈ ਕਿ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਵਿਅਕਤੀਆਂ ਨੂੰ ਫਾਂਸੀ ਦੇਣ ਦੀ ਬਜਾਏ ਜ਼ਹਿਰ ਦਾ ਟੀਕਾ ਲਗਾ ਕੇ ਮੌਤ ਦੇ ਘਾਟ ਕਿਉਂ ਨਾ ਉਤਾਰਿਆ ਜਾਵੇ? ਕਿਹਾ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਨੇ ਕੇਂਦਰ ਦੀ ਇਸ ਤਜਵੀਜ਼ ਨੂੰ ਹਾਂ-ਮੁਖੀ ਹੁੰਗਾਰਾ ਭਰਿਆ ਹੈ ਜਦਕਿ ਤਾਮਿਲਨਾਡੂ ਨੇ ਕੇਂਦਰ ਦੀ ਇਸ ਤਜਵੀਜ਼ ਨੂੰ ਰੱਦ ਕਰ ਦਿੱਤਾ ਹੈ ਅਤੇ ਮੌਤ ਦੀ ਸਜ਼ਾ ਦਾ ਹੀ ਖਾਤਮਾ ਕਰਨ ਦੀ ਦਲੀਲ ਦਿੱਤੀ ਹੈ।

ਇਸੇ ਦੌਰਾਨ ਸਜ਼ਾ-ਏ-ਮੌਤ ਲਈ ਫਾਂਸੀ ਦੀ ਥਾਂ ਜਾਨਲੇਵਾ ਟੀਕਾ ਲਾਉਣ ਦੀ ਤਜਵੀਜ਼ ਨਾਲ ਪੰਜਾਬ ਸਰਕਾਰ ਵਲੋਂ ਸਹਿਮਤੀ ਪ੍ਰਗਟਾਉਣ ਉਤੇ ਦਲ ਖਾਲਸਾ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਪੰਜਾਬ ਸਰਕਾਰ ਦੀ ਕਰੜੇ ਸ਼ਬਦਾਂ 'ਚ ਆਲੋਚਨਾ ਕੀਤੀ ਹੈ। ਜਥੇਬੰਦੀ ਦੇ ਸਿਆਸੀ ਮਾਮਲਿਆਂ ਬਾਰੇ ਸਕੱਤਰ ਕੰਵਰਪਾਲ ਸਿੰਘ ਨੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੇ ਨਾਂ ਲਿਖੇ ਖ਼ਤ ਵਿਚ ਕਿਹਾ ਹੈ ਕਿ ਸਰਕਾਰ ਦੇ ਇਸ ਫੈਸਲੇ ਨੇ ਮਨੁੱਖੀ ਦਰਦ ਨੂੰ ਸਮਝਣ ਵਾਲਿਆਂ ਨੂੰ ਸਖਤ ਠੇਸ ਪਹੁੰਚਾਈ ਹੈ। ਤਾਮਿਲਨਾਡੂ

(ਬਾਕੀ ਸਫਾ 6 'ਤੇ)



*ਇੰਡੀਅਨ ਓਵਰਸੀਜ਼ ਕਾਂਗਰਸ ਦੇ ਮਿਸ਼ੀਗਨ ਚੈਪਟਰ ਦੀ ਸਥਾਪਨਾ:ਪਾਰਟੀ ਦੀ ਅਮਰੀਕਾ ਇਕਾਈ ਦੇ ਮੁਖੀ ਡਾ. ਸੁਰਿੰਦਰ ਸਿੰਘ ਮਲਹੋਤਰਾ ਨਾਲ ਮਿਸ਼ੀਗਨ ਇਕਾਈ ਦੇ ਪ੍ਰਧਾਨ ਸੰਨੀ ਧੂੜ, ਸ਼ਿਕਾਗੋ ਇਲੀਨਾਏ ਦੇ ਪ੍ਰਧਾਨ ਮਿੱਕੀ ਕਾਹਲੋਂ, ਪੰਜਾਬ ਚੈਪਟਰ ਦੇ ਪ੍ਰਧਾਨ ਫੁੰਮਣ ਸਿੰਘ ਤੇ ਮੀਤ ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ (ਰਿਪੋਰਟ ਅਗਲੇ ਹਫਤੇ)*


Delo
Mobil Delvac
GILL EXPRESS
ROTELLA T
WASH, TIRE & REPAIR

CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO Pilot
RIPON @ HWY 99, EXIT JACK TONE @ JIMCO
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖ਼ਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of
Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ

Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਵੈਸਟ ਸੈਕਰਾਮੈਂਟੋ ਗੁਰੂ ਘਰ ਦੇ ਨਵੇਂ ਲੰਗਰ ਹਾਲ ਦਾ ਉਦਘਾਟਨ

**ਸੈਕਰਾਮੈਂਟੋ:** ਇਥੇ ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਖੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਕਰਵਾਏ ਗਏ ਮਹਾਨ ਕੀਰਤਨ ਦਰਬਾਰ ਨੂੰ ਸੰਗਤਾਂ ਦਾ ਲਾਮਿਸਾਲ ਹੁੰਗਾਰਾ ਮਿਲਿਆ। ਸੰਗਤਾਂ ਨਾ ਸਿਰਫ ਸੈਕਰਾਮੈਂਟੋ ਤੇ ਆਲੇ ਦੁਆਲੇ ਦੇ ਇਲਾਕਿਆਂ ਤੋਂ ਹੀ ਬਲਕਿ ਮਾਡੈਸਟੋ, ਟਰਲਕ, ਯੂਬਾ ਸਿਟੀ ਅਤੇ ਟਰੇਸੀ ਜਿਹੇ ਦੁਰੇਡੇ ਇਲਾਕਿਆਂ ਤੋਂ ਵੀ ਸ਼ਬਦ ਕੀਰਤਨ ਦਾ ਲਾਹਾ ਲੈਣ ਲਈ ਪਹੁੰਚੀਆਂ। ਇਹ ਕੀਰਤਨ ਦਰਬਾਰ 12 ਜੂਨ ਤੋਂ 20 ਜੂਨ ਵਿਚਾਲੇ ਕਰਵਾਇਆ ਗਿਆ ਸੀ ਅਤੇ ਪੰਥ ਪ੍ਰਸਿਧ ਕੀਰਤਨੀ ਜਥਿਆਂ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਭਾਈ ਮਹਿੰਦਰਜੀਤ ਸਿੰਘ ਦਿੱਲੀਵਾਲੇ ਅਤੇ ਭਾਈ ਬਲਦੇਵ ਸਿੰਘ ਵਡਾਲਾ ਹਜ਼ੂਰੀ ਰਾਗੀ ਦਰਬਾਰ ਸਾਹਿਬ ਵਾਲਿਆਂ ਨੇ ਇਲਾਹੀ ਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਵਿਸਮਾਦੀ ਰੰਗ ਵਿਚ ਰੰਗਿਆ।

ਐਤਵਾਰ ਵਾਲੇ ਦਿਨ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿਚ ਗੁਰੂ ਘਰ ਦੀ ਨਵੀਂ ਲੰਗਰ ਇਮਾਰਤ ਦਾ ਉਦਘਾਟਨ ਵੀ ਕੀਤਾ ਗਿਆ। ਇਥੇ ਜ਼ਿਕਰਯੋਗ ਹੈ ਕਿ ਭਾਈ ਸੁਰਜੀਤ ਸਿੰਘ ਢਿੱਲੋਂ, ਭਾਈ ਬਲਬੀਰ ਸਿੰਘ ਢਿੱਲੋਂ, ਭਾਈ ਅਮਰਜੀਤ ਸਿੰਘ ਢਿੱਲੋਂ ਅਤੇ ਭਾਈ ਗੁਰਦਿਆਲ ਸਿੰਘ ਸਮਰਾ ਨੇ ਹੱਥੀਂ ਕਾਰਸੇਵਾ ਕਰਕੇ ਗੁਰੂ ਘਰ ਦੀ ਕੋਈ 5 ਲੱਖ ਡਾਲਰ ਦੀ ਬੱਚਤ ਕੀਤੀ। 26 ਹਜ਼ਾਰ ਵਰਗ ਫੁੱਟ ਦੇ ਇਸ ਹਾਲ ਨੂੰ ਜਲਦੀ ਮੁਕੰਮਲ ਕਰਨ ਲਈ ਉਹ 12-12, 14-14 ਘੰਟੇ ਰੋਜ਼ਾਨਾ ਹੱਥੀਂ ਕਾਰਸੇਵਾ ਕਰਦੇ ਰਹੇ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਸ. ਦਰਸ਼ਨ ਸਿੰਘ ਮੁੰਡੀ ਦੀ ਤਰਫੋਂ ਜਾਰੀ ਕੀਤੇ ਗਏ ਇਕ ਬਿਆਨ ਵਿਚ ਸਮੂਹ ਸੰਗਤਾਂ ਦਾ ਇਸ ਕਾਰਜ ਵਿਚ ਸਹਿਯੋਗ ਲਈ ਤਹਿਦਿਲੋਂ ਧੰਨਵਾਦ ਕੀਤਾ ਗਿਆ ਹੈ ਅਤੇ ਪ੍ਰਭੂ ਚਰਨਾਂ ਵਿਚ ਅਰਦਾਸ ਕੀਤੀ ਗਈ ਹੈ ਕਿ ਜਿਨ੍ਹਾਂ ਸੰਗਤਾਂ ਨੇ ਲੰਗਰ ਹਾਲ ਪ੍ਰਾਜੈਕਟ ਨੂੰ ਮੁਕੰਮਲ ਕਰਨ ਲਈ ਤਨ, ਮਨ ਅਤੇ ਧਨ ਨਾਲ ਸੇਵਾ ਕੀਤੀ ਗੁਰੂ ਉਨ੍ਹਾਂ ਦੇ ਖਜ਼ਾਨੇ ਭਰਪੂਰ ਕਰੇ ਅਤੇ ਮਨ ਦੀਆਂ ਮੁਰਾਦਾਂ ਪੂਰੀਆਂ ਕਰੇ।













# ਮੌਲਵੀ ਬਰਕਤ ਉਲਾ ਦੀ ਕਬਰ ਨੂੰ ਕੌਮੀ ਯਾਦਗਾਰ ਬਣਾਉਣ ਸਬੰਧੀ ਕਾਰਵਾਈ ਸ਼ੁਰੂ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਇਥੇ ਬਰਾਡਵੇਅ ਰੋਡ ਉਪਰ ਮੌਜੂਦ ਗਦਰੀ ਬਾਬੇ ਮੌਲਵੀ ਮੁਹੰਮਦ ਬਰਕਤ ਉਲਾ ਅਤੇ ਉਸ ਦੇ ਸਾਥੀਆਂ ਦੀ ਕਬਰ ਨੂੰ ਕੌਮੀ ਯਾਦਗਾਰ ਬਣਾਉਣ ਲਈ ਕਾਰਵਾਈ ਭਾਰਤ ਸਰਕਾਰ ਵਲੋਂ ਅਰੰਭ ਦਿੱਤੀ ਗਈ ਹੈ। ਇਸ ਸਬੰਧੀ ਸੰਕੇਤ ਭਾਰਤ ਸਰਕਾਰ ਦੇ ਆਦੇਸ਼ਾਂ ਉਤੇ ਸੈਨ ਫਰਾਂਸਿਸਕੋ ਵਿਚਲੇ ਭਾਰਤੀ ਕੌਂਸਲੇਟ ਦੇ ਦੋ ਅਧਿਕਾਰੀਆਂ ਸ੍ਰੀ ਅਸ਼ੋਕ ਸਿਨਹਾ ਅਤੇ ਐਨ ਪੀ ਸਿੰਘ ਵਲੋਂ ਹਾਲ ਹੀ ਵਿਚ ਇਸ ਕਬਰ ਦੇ ਕੀਤੇ ਗਏ ਦੌਰੇ ਤੋਂ ਮਿਲੇ ਦਿੱਤਾ ਸੀ। ਕੁਲਦੀਪ ਸਿੰਘ ਧਾਲੀਵਾਲ, ਗੁਲਿੰਦਰ ਸਿੰਘ ਗਿੱਲ ਅਤੇ ਬਲਵਿੰਦਰ ਸਿੰਘ ਡੂਲਕੂ 'ਤੇ ਆਧਾਰਤ ਇਸ ਵਫਦ ਨੇ ਇਸ ਕਬਰ ਸਬੰਧੀ ਸਾਰੇ ਕਾਗਜ਼ਾਤ ਅਤੇ ਦੇਸ਼ ਭਗਤਾਂ ਬਾਰੇ ਲਿਖਤੀ ਜਾਣਕਾਰੀ ਸ੍ਰੀਮਤੀ ਮੀਰਾ ਸ਼ੰਕਰ ਨੂੰ ਦਿੱਤੀ ਸੀ। ਉਸ ਸਮੇਂ ਉਨ੍ਹਾਂ ਭਰੋਸਾ ਦਿਵਾਇਆ ਸੀ ਕਿ ਅਗਲੀ ਕਾਰਵਾਈ ਲਈ ਉਹ ਇਹ ਮੰਗ-ਪੱਤਰ ਭਾਰਤ ਸਰਕਾਰ ਨੂੰ ਭੇਜ ਦੇਣਗੇ।

ਇਸੇ ਸਮੇਂ ਸੰਸਥਾ ਨੇ ਫੈਸਲਾ ਕੀਤਾ ਹੈ ਕਿ 10 ਜੁਲਾਈ



*ਕਬਰ ਉਪਰ ਖੜ੍ਹੇ ਹਨ ਭਾਰਤ ਸਰਕਾਰ ਦੇ ਅਧਿਕਾਰੀ ਅਸ਼ੋਕ ਸਿਨਹਾ, ਐਨ ਪੀ ਸਿੰਘ ਅਤੇ ਸੰਸਥਾ ਦੇ ਆਗੂ ਚਰਨ ਸਿੰਘ ਜੱਜ, ਗੁਰਦੀਪ ਸਿੰਘ ਗਿੱਲ, ਬਲਵਿੰਦਰ ਡੂਲਕੂ, ਕੁਲਦੀਪ ਧਾਲੀਵਾਲ ਅਤੇ ਗੁਲਿੰਦਰ ਗਿੱਲ।*

ਹਨ। ਕੌਂਸਲਖਾਨੇ ਦੇ ਅਧਿਕਾਰੀਆਂ ਦੇ ਦੌਰੇ ਮੌਕੇ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰਿਕਾ ਦੇ ਆਗੂ ਚਰਨ ਸਿੰਘ ਜੱਜ, ਗੁਲਿੰਦਰ ਗਿੱਲ, ਜਨਕ ਰਾਜ ਸਿੰਧਰਾ, ਬਲਵਿੰਦਰ ਸਿੰਘ ਡੂਲਕੂ ਅਤੇ ਕੁਲਦੀਪ ਧਾਲੀਵਾਲ ਮੌਜੂਦ ਸਨ।

ਇਥੇ ਜ਼ਿਕਰਯੋਗ ਹੈ ਕਿ ਗਦਰ ਮੈਮੋਰੀਅਲ ਫਾਊਂਡੇਸ਼ਨ ਦੀ ਤਰਫੋਂ ਇਕ ਤਿੰਨ ਮੈਂਬਰੀ ਵਫਦ ਫਰਵਰੀ ਮਹੀਨੇ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਸ੍ਰੀਮਤੀ ਮੀਰਾ ਸ਼ੰਕਰ ਨੂੰ ਮਿਲਿਆ ਸੀ ਅਤੇ ਗਦਰ ਲਹਿਰ ਦੇ ਇਸ ਮਹਾਨ ਯੋਧੇ ਅਤੇ ਉਸ ਦੇ ਸਾਥੀਆਂ ਦੀ ਕਬਰ ਨੂੰ ਕੌਮੀ ਯਾਦਗਾਰ ਬਣਾਉਣ ਸਬੰਧੀ ਇਕ ਮੰਗ-ਪੱਤਰ ਭਾਰਤ ਸਰਕਾਰ ਦੇ ਨਾਂ ਨੂੰ ਕਰਵਾਈ ਜਾ ਰਹੀ ਗਦਰ ਕਾਨਫਰੰਸ ਵਿਚ ਪਹੁੰਚ ਰਹੇ ਪਾਂਡੇਚੇਰੀ ਦੇ ਲੈਫਟੀਨੈਂਟ ਗਵਰਨਰ ਸ੍ਰੀ ਇਕਬਾਲ ਸਿੰਘ ਅਤੇ ਉਘੇ ਪੱਤਰਕਾਰ ਸ੍ਰੀ ਕੁਲਦੀਪ ਨੱਈਅਰ ਨੂੰ ਵੀ ਇਸ ਕਬਰ ਨੂੰ ਕੌਮੀ ਯਾਦਗਾਰ ਬਣਾਉਣ ਲਈ ਇਕ ਮੰਗ ਪੱਤਰ ਦਿੱਤਾ ਜਾਏਗਾ ਜੋ ਉਹ ਅੱਗੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੱਕ ਪੁੱਜਦਾ ਕਰਨਗੇ। ਸੰਸਥਾ ਅਨੁਸਾਰ ਜੇ ਲੋੜ ਪਈ ਤਾਂ ਸੰਸਥਾ ਦਾ ਇਕ ਵਫਦ ਵੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲੇਗਾ। ਇਸ ਮੇਲੇ ਦੌਰਾਨ ਕਾਨਫਰੰਸ ਵਿਚ ਗਦਰ ਲਹਿਰ ਬਾਰੇ ਡਾ. ਸੁੱਚਾ ਸਿੰਘ ਗਿੱਲ ਇਕ ਖੋਜ ਪਰਚਾ ਵੀ ਪੜ੍ਹਨਗੇ।

# ਗੁਰੂ ਅਮਰਦਾਸ ਦਾ ਪ੍ਰਕਾਸ਼ ਉਤਸਵ ਉਤਸ਼ਾਹ ਨਾਲ ਮਨਾਇਆ

**ਸੈਕਰਾਮੈਂਟੋ:** ਸ੍ਰੀ ਗੁਰੂ ਅਮਰਰਦਾਸ ਜੀ ਦਾ ਪ੍ਰਕਾਸ਼ ਪੁਰਬ ਇਥੇ ਗੁਰਦੁਆਰਾ ਸੱਚ ਖੰਡ ਸਾਹਿਬ, ਰੋਜ਼ਵਿਲ ਵਿਖੇ ਸੰਗਤਾਂ ਨੇ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ। ਇਸ ਮੌਕੇ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਭਾਈ ਗੁਰਬਚਨ ਸਿੰਘ ਅਤੇ ਭਾਈ ਅਜਮੇਰ ਸਿੰਘ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਇਸ ਮੌਕੇ ਭਾਈ ਜਤਿੰਦਰਪਾਲ ਸਿੰਘ (ਪਾਲ ਜੀ) ਦਿੱਲੀਵਾਲਿਆਂ ਨੇ ਗੁਰੂ ਸਾਹਿਬ ਦੇ ਜੀਵਨ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਉਹ ਇਥੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਇਕ ਮਹੀਨੇ ਤੋਂ ਲੜੀਵਾਰ ਕਥਾ-ਵਿਆਖਿਆ ਕਰਦੇ ਆ ਰਹੇ ਸਨ ਅਤੇ ਐਤਵਾਰ ਆਖਰੀ ਕਥਾ ਸੀ। ਪਾਲ ਜੀ ਨੇ ਗੁਰਬਾਣੀ ਦੀ ਵਿਆਖਿਆ ਕਰਦਿਆਂ ਸੰਗਤਾਂ ਨੂੰ ਦੱਸਿਆ ਕਿ ਕਿਵੇਂ ਗੁਰੂ ਮਹਾਰਾਜ ਨੇ ਆਪਸੀ ਧਾਰਮਿਕ ਅਤੇ ਸਮਾਜਿਕ ਵਿਤਕਰਿਆਂ ਤੋਂ ਉਪਰ ਉਠ ਕੇ ਸੰਸਾਰ ਨੂੰ ਸੱਚ ਧਰਮ ਨਾਲ ਜੁੜਨ ਦੀ ਪ੍ਰੇਰਨਾ ਕੀਤੀ। ਇਸ ਦੇ ਨਾਲ ਨਾਲ ਉਨ੍ਹਾਂ ਨੇ ਸਤੀ ਪ੍ਰਥਾ ਵਰਗੀਆਂ ਸਮਾਜਿਕ ਬੁਰਾਈਆਂ ਨੂੰ ਖਤਮ ਕੀਤਾ ਅਤੇ ਸੰਗਤਾਂ ਨੂੰ ਜਾਤ-ਪਾਤ ਦੇ ਭੇਦ-ਭਿੰਨ ਮਿਟਾ ਕੇ ਸੰਗਤ ਤੇ ਪੰਗਤ ਦੇ ਸਿਧਾਂਤ ਨਾਲ ਜੋੜਿਆ। ਜਦੋਂ ਅਕਬਰ ਬਾਦਸ਼ਾਹ ਗੋਇੰਦਵਾਲ ਸਾਹਿਬ ਉਨ੍ਹਾਂ ਦੇ ਦਰਸ਼ਨਾਂ ਨੂੰ ਆਇਆ ਤਾਂ ਉਸ ਨੂੰ ਕਹਿ ਕੇ ਜਜ਼ੀਆ ਖਤਮ ਕਰਵਾਇਆ।





ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਲਖਬੀਰ ਸਿੰਘ ਸੰਘਾ ਅਤੇ ਸਕੱਤਰ ਸ੍ਰੀ ਭਾਗ ਸਿੰਘ ਨੇ ਇਸ ਮੌਕੇ ਸੰਗਤਾਂ ਨੂੰ ਵਧਾਈ ਦਿੱਤੀ। ਬੀਬੀ ਅਵਿਨਾਸ਼ ਕੌਰ ਚੀਮਾ ਦੇ ਨਿਰਦੇਸ਼ਨ ਹੇਠ ਚਲਦੇ ਪੰਜਾਬੀ ਸਕੂਲ ਦੇ ਬੱਚਿਆਂ ਨੂੰ ਇਨਾਮ ਵੀ ਵੰਡੇ ਗਏ।




# ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਮਰੀਜ਼ ਸਾਵਧਾਨ!

## ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ, ਉਹ ਗਲਤ ਸਾਬਤ ਹੋਵੇ?

**ਸਟਾਕਟਨ, ਕੈਲੀਫੋਰਨੀਆ:** ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਵਿਚ ਕਮਰ ਦਰਦ ਅਤੇ ਡਿਸਕ ਦੀ ਦਰਦ ਤੋਂ ਪੀੜਤ ਲੋਕ ਕਿੰਨੇ ਹੀ ਸਾਲਾਂ ਤੋਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਦਰਦ ਅਤੇ ਪ੍ਰੇਸ਼ਾਨੀ ਤੋਂ ਬਹੁਤ ਥੋੜ੍ਹੇ ਖੁਸ਼ਕਿਸਮਤ ਹਨ ਜੋ ਬਚੇ ਹੋਏ ਹਨ ਨਹੀਂ ਤਾਂ ਬਹੁਤੇ ਲੋਕਾਂ ਲਈ ਇਹ ਪ੍ਰੇਸ਼ਾਨੀ ਸਾਰੀ ਉਮਰ ਹੀ ਨਾਲ ਨਿਭਣ ਵਾਲੀ ਬਣਦੀ ਹੈ। ਜੇ ਇਹ ਖਿਆਲ ਕਰੀਏ ਕਿ ਹੋਰ ਮਰਜਾਂ ਲਈ ਤਕਨਾਲੋਜੀ ਅਤੇ ਇਲਾਜ ਵਿਚ ਕਿੰਨੀ ਤਰੱਕੀ ਹੋ ਚੁਕੀ ਹੈ ਤਾਂ ਇਸ ਤਕਲੀਫ ਬਾਰੇ ਸੋਚ ਕੇ ਹੋਰ ਵੀ ਪ੍ਰੇਸ਼ਾਨੀ ਹੁੰਦੀ ਹੈ। ਕੈਂਸਰ, ਸ਼ੂਗਰ ਅਤੇ ਹੋਰ ਕਿੰਨੇ ਹੀ ਰੋਗਾਂ ਲਈ ਨਵੇਂ ਤੋਂ ਨਵੇਂ ਇਲਾਜ ਨਿਕਲ ਆਏ ਹਨ ਪਰ ਡਿਸਕ ਅਤੇ ਕਮਰ ਦੇ ਦਰਦ ਦੇ ਮਰੀਜ਼ ਅਜੇ ਵੀ ਅਸਹਿ ਪੀੜ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ ਜਿਸ ਤੋਂ ਕੋਈ ਰਾਹਤ ਮਿਲਦੀ ਨਜ਼ਰ ਨਹੀਂ ਆਉਂਦੀ। ਪ੍ਰੰਤੂ ਇਸ ਗੱਲ ਦਾ ਜੁਆਬ ਹੁਣ ਸਾਹਮਣੇ ਆਉਂਦਾ ਨਜ਼ਰ ਆਉਂਦਾ ਹੈ ਕਿ ਕੀ ਕਾਰਨ ਹੈ ਕਿ ਇੰਨੇ ਲੋਕ ਇਲਾਜ ਦੀ ਕਿਸੇ ਆਸ ਤੋਂ ਬਿਨਾ ਤਕਲੀਫ ਸਹਿ ਰਹੇ ਹਨ? ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਸਭ ਤੋਂ ਵੱਡੇ ਮੁਦਈ **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾਕਟਰ ਜਗਜੀਤ ਸਿੰਘ ਸਿਹੋਤਾ ਡੀ ਸੀ ਦਾ ਕਹਿਣਾ ਹੈ ਕਿ ਕਮਰ ਦਰਦ, ਡਿਸਕ ਦੀ ਦਰਦ, ਸਿਆਟੀਕਾ, ਸਕੋਲਿਓਸਿਸ, ਗੁੱਝੀ ਕਮਰ ਦਰਦ, ਲੱਤ ਦੀ ਦਰਦ ਜਾਂ ਚੂਲ੍ਹੇ ਦੀ ਦਰਦ, ਸਲਿਪ ਡਿਸਕ ਬਾਰੇ ਜੋ ਅਕਸਰ ਲੋਕ ਸੋਚਦੇ ਹਨ **ਮੂਲੋਂ ਹੀ ਗਲਤ** ਹੋ ਸਕਦਾ ਹੈ। ਜਦੋਂਕਿ ਉਨ੍ਹਾਂ ਦੀ ਰਾਏ ਨਾਲ ਕਮਰ ਦਰਦ ਅਤੇ ਡਿਸਕ ਦੇ ਦਰਦ ਦੇ ਮਾਮਲੇ ਵਿਚ ਹਰ ਕੋਈ ਸਹਿਮਤ ਨਹੀਂ ਹੈ...ਫਿਰ ਵੀ ਇਸ ਡਾਕਟਰ ਦਾ ਨਜ਼ਰੀਆ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਉਸ ਦੇ ਇਸ ਨਜ਼ਰੀਏ ਦੀ ਪ੍ਰੋੜਤਾ ਕਰਨ ਵਾਲੇ ਮੁਸਕੁਰਾਉਂਦੇ ਖੁਸ਼ ਲੋਕਾਂ (ਕਮਰ ਅਤੇ ਡਿਸਕ ਦੇ ਸਾਬਕਾ ਮਰੀਜ਼) ਦੀ ਇਕ ਪੂਰੀ ਫੌਜ ਉਸ ਦੀ ਅਤੇ ਉਸ ਦੀ ਕਲੀਨਿਕ ਦੀ ਗਵਾਹੀ ਦੇਣ ਨੂੰ ਤਿਆਰ ਹੈ। ਜੇ ਤੁਸੀਂ ਵਾਕਿਆ ਹੀ ਜਾਣਨਾ ਚਾਹੁੰਦੇ ਹੋ ਕਿ ਜੋ ਕੁਝ ਤੁਹਾਨੂੰ ਹੁਣ ਤੱਕ ਕਮਰ ਦਰਦ ਬਾਰੇ ਦੱਸਿਆ ਗਿਆ ਹੈ ਉਹ ਗਲਤ ਹੈ ਤਾਂ ਆਪਣੇ ਆਪ ਤੋਂ ਇਹ ਸਵਾਲ ਪੁੱਛੋ...ਕੀ ਤੁਸੀਂ ਇਹ ਚੀਜ਼ਾਂ ਅਜ਼ਮਾ ਚੁਕੇ ਹੋ ਅਤੇ ਕੋਈ ਫਰਕ ਨਹੀਂ ਪਿਆ:

*ਐਂਟੀ-ਇਨਫਲੇਮੇਟਰੀ (ਸੋਜਿਸ਼ ਹਟਾਉਣ ਵਾਲੀਆਂ) ਮਲ੍ਹਮਾਂ *ਕਾਇਰੋਪ੍ਰੈਕਟਿਕ *ਯੋਗਾ *ਕਸਰਤ *ਸਟਰੈਚਿੰਗ *ਫਿਜ਼ੀਕਲ ਥੈਰਪੀ *ਦਵਾਈਆਂ *ਸਰਜਰੀ *ਲੱਕ ਦੀਆਂ ਪੇਟੀਆਂ *ਨੈਚੁਰਲ ਸਪਲੀਮੈਂਟ *ਪਾਈਲੇਟਸ *ਕਿਤਾਬਾਂ *ਸਵੈ-ਇਲਾਜ ਦੇ ਪ੍ਰੋਗਰਾਮ *ਦੇਸੀ ਦਵਾਈਆਂ *ਸੇਕ *ਰੀੜ ਦੀ ਹੱਡੀ 'ਚ ਇੰਜੈਕਸ਼ਨ *ਬਰਫ *ਹਾਟ ਲਿਨੀਮੈਂਟ *ਕੋਲਡ ਲਿਨੀਮੈਂਟ *ਮਸਾਜ (ਮਾਲਿਸ਼) *ਟਰੈਕਸ਼ਨ ਆਦਿ ਆਦਿ।

"ਮੈਂ ਇਕ ਕਮਰਸ਼ੀਅਲ ਪਲੰਬਰ ਹਾਂ ਅਤੇ ਪਿਛਲੇ ਤੇਰਾਂ ਸਾਲਾਂ ਤੋਂ ਇਹੋ ਕੰਮ ਕਰਦਾ ਆ ਰਿਹਾ ਹਾਂ। ਪੰਜ-ਛੇ ਸਾਲ ਪਹਿਲਾਂ ਮੇਰੀ ਰੀੜ ਦੀ ਹੱਡੀ ਨੂੰ ਜਰਬ ਆ ਗਈ। ਮੇਰੇ ਨਿਊਰੋਸਰਜਨ ਦੇ ਕਹਿਣ 'ਤੇ ਮੈਨੂੰ ਸਪਾਈਨਲ ਸਰਜਰੀ ਕਰਵਾਉਣੀ ਪਈ। ਉਦੋਂ ਤੋਂ ਲੈ ਕੇ ਮੇਰੀ ਕੰਮ ਕਰਨ ਦੀ ਸਮਰਥਾ ਕਾਫੀ ਸੀਮਤ ਹੋ ਗਈ। ਸਰਜਰੀ ਤੋਂ ਪਿਛੋਂ ਨਸਾਂ ਨੂੰ ਪਹੁੰਚੇ ਨੁਕਸਾਨ ਕਰਕੇ ਹੋਏ ਅਕੜੇਵੇਂ, ਹਲਕੇ ਹਲਕੇ ਦਰਦ, ਸੁੰਨ ਅਤੇ ਚੀਸਾਂ ਕਰਕੇ ਮੈਨੂੰ ਲਗਾਤਾਰ ਕਾਇਰੋਪਰੈਕਟਰ ਕੋਲ ਜਾਣਾ ਪੈ ਰਿਹਾ ਹੈ। ਡਾ. ਸਿਹੋਤਾ ਨੇ ਮੈਨੂੰ ਪੁੱਛਿਆ ਕਿ ਕੀ ਮੈਂ ਉਸ ਪਾਸੋਂ ਡੀਕੰਪਰੈਸ਼ਨ ਟਰੀਟਮੈਂਟ ਕਰਾਉਣਾ ਚਾਹਵਾਂਗਾ। ਉਨ੍ਹਾਂ ਮੈਨੂੰ ਦੱਸਿਆ ਕਿ ਇਸ ਇਲਾਜ ਨਾਲ ਲਾਜ਼ਮੀ ਤੌਰ 'ਤੇ ਫਰਕ ਪਵੇਗਾ। ਮੈਂ ਆਪਣੇ ਨਿਊਰੋਸਰਜਨ ਨਾਲ ਇਸ ਇਲਾਜ ਬਾਰੇ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਇਲਾਜ ਕਰਵਾਉਣ 'ਚ ਕੋਈ ਹਰਜ ਨਹੀਂ। ਮੈਂ ਖੁਸ਼ ਹਾਂ ਕਿ ਮੈਂ ਇਹ ਇਲਾਜ ਕਰਵਾਉਣ ਦਾ ਫੈਸਲਾ ਲਿਆ। ਹੁਣ ਮੈਂ ਨੌਂਵਾਂ ਟਰੀਟਮੈਂਟ ਸੈਸ਼ਨ ਲਿਆ ਹੈ ਅਤੇ ਮੈਂ ਆਪਣੀ ਕਮਰ ਨੂੰ ਪਹੁੰਚੀ ਜਰਬ ਤੋਂ ਬਾਅਦ ਏਨਾ ਬਿਹਤਰ ਕਦੀ ਵੀ ਮਹਿਸੂਸ ਨਹੀਂ ਕੀਤਾ। ਹੁਣ ਮੈਂ ਪੌੜੀਆਂ ਚੜ੍ਹ ਸਕਦਾ ਹਾਂ। ਪਾਈਪ ਇੰਸਟਾਲ ਕਰਨ ਲਈ ਹੁਣ ਮੈਂ ਤੰਗ ਥਾਂ ਰਿੜ੍ਹ ਕੇ ਵੀ ਜਾ ਸਕਦਾ ਹਾਂ। ਸਭ ਤੋਂ ਵੱਡੀ ਗੱਲ ਇਹ ਹੈ ਕਿ ਹੁਣ ਬਿਨਾ ਕਿਸੇ ਪੀੜ ਅਤੇ ਤਕਲੀਫ ਤੋਂ ਮੈਂ ਰਾਤ ਨੂੰ ਆਰਾਮ ਨਾਲ ਸੌਂ ਸਕਦਾ ਹਾਂ। ਉਨ੍ਹਾਂ ਸੱਜਣਾਂ ਜਿਨ੍ਹਾਂ ਨੇ ਅਜੇ ਕਿਸੇ ਤਰ੍ਹਾਂ ਦੀ ਸਰਜਰੀ ਨਹੀਂ ਕਰਵਾਈ, ਵਾਸਤੇ ਮੈਂ ਜੋਰਦਾਰ ਸਿਫਾਰਸ਼ ਕਰਾਂਗਾ ਕਿ ਉਹ ਇਹ ਡੀਕੰਪਰੈਸ਼ਨ ਟਰੀਟਮੈਂਟ ਲੈਣ। ਜੇ ਤੁਹਾਡੀ ਸਰਜਰੀ ਹੋਈ ਹੈ ਤਾਂ ਪਤਾ ਕਰੋ ਕਿ ਤੁਸੀਂ ਇਹ ਟਰੀਟਮੈਂਟ ਲੈ ਸਕਦੇ ਹੋ ਅਤੇ ਜੇ ਲੈ ਸਕਦੇ ਹੋ ਤਾਂ ਜਲਦੀ ਕਰੋ, ਦੇਰ ਨਾ ਕਰੋ। ਤੁਸੀਂ ਆਪਣੇ ਫੈਸਲੇ 'ਤੇ ਪਛਤਾਓਗੇ ਨਹੀਂ।"

***-ਗੈਰੀ ਟੀ ਸੀ-ਇਕ ਮਰੀਜ਼***

ਜੇ ਤੁਹਾਡਾ ਜੁਆਬ ਹਾਂ ਵਿਚ ਹੈ ਤਾਂ ਇਹ ਪ੍ਰਗਤੀਸ਼ੀਲ ਡਾਕਟਰ ਤੁਹਾਨੂੰ ਸਲਾਹ ਦੇਵੇਗਾ ਕਿ ਲਾਜ਼ਮੀ ਤੌਰ 'ਤੇ ਤੁਹਾਡੀ ਕਮਰ ਅਤੇ ਡਿਸਕ ਦਰਦ ਵਾਸਤੇ ਜੋ ਕੁਝ ਦੱਸਿਆ ਗਿਆ ਹੈ ਉਸ ਵਿਚ ਕੁਝ **ਗਲਤ** ਹੈ।

ਅਸਲੀਅਤ ਤਾਂ ਇਹ ਹੈ ਕਿ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਨੇ ਸਟਾਕਟਨ ਅਤੇ ਆਲੇ ਦੁਆਲੇ ਦੇ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਜਿੰਨੇ ਮਰੀਜਾਂ ਦਾ ਇਲਾਜ ਇਸ ਬਹੁਤ ਹੀ ਨਿਵੇਕਲੀ ਅਤੇ ਬਿਨਾ ਚੀਰ-ਫਾੜ ਵਾਲੀ ਇਲਾਜ-ਪ੍ਰਣਾਲੀ ਨਾਲ ਕੀਤਾ ਹੈ ਅਤੇ ਉਹ ਦਰਦ ਅਤੇ ਪ੍ਰੇਸ਼ਾਨੀ ਤੋਂ ਛੁਟਕਾਰਾ ਪਾ ਸਕੇ ਹਨ, ਉਸ ਦੇ ਆਧਾਰ ਉਤੇ ਬੜੇ ਦਾਅਵੇ ਨਾਲ ਉਹ ਕੁਝ ਕਹਿ ਸਕਣ ਦੇ ਸਮਰਥ ਹਨ। ਉਹ ਕੈਲੀਫੋਰਨੀਆ ਵਿਚ ਕਮਰ ਅਤੇ ਡਿਸਕ ਦਰਦ ਦੀ ਨਵੀਨਤਮ ਤਕਨਾਲੋਜੀ ਇਸਤੇਮਾਲ ਕਰਦੇ ਹਨ। ਇੰਨਾ ਹੀ ਨਹੀਂ ਉਨ੍ਹਾਂ ਇਕ ਬਹੁਤ ਹੀ ਨਿਵੇਕਲੀ ਸਕਰੀਨਿੰਗ ਵਿਧੀ ਇਜਾਦ ਕੀਤੀ ਹੈ ਜਿਸ ਨਾਲ ਇਹ ਪਤਾ ਲਗਦਾ ਹੈ ਕਿ ਇਹ ਇਲਾਜ ਕਿਹੜੇ ਮਰੀਜ਼ਾਂ ਲਈ ਸਹੀ ਹੈ (ਮਤਲਬ ਕਿ ਉਨ੍ਹਾਂ ਨੂੰ ਵੱਧ ਫਾਇਦਾ ਹੋਵੇਗਾ) ਅਤੇ ਕਿਹੜੇ ਮਰੀਜ਼ਾਂ ਲਈ (ਮਤਲਬ ਕਿ ਉਨ੍ਹਾਂ ਨੂੰ ਫਾਇਦਾ ਉਨਾ ਨਹੀਂ ਹੋਵੇਗਾ) ਜਿਸ ਕਰਕੇ ਉਨ੍ਹਾਂ ਨੂੰ ਜਿੰਨੀ ਕਾਮਯਾਬੀ ਮਿਲਦੀ ਹੈ ਉਸ ਦਾ ਸ਼ਾਇਦ ਤੁਹਾਨੂੰ ਅੰਦਾਜ਼ਾ ਨਹੀਂ ਹੋਵੇਗਾ ਖਾਸ ਕਰਕੇ ਉਨ੍ਹਾਂ ਮਰੀਜ਼ਾਂ ਨੂੰ ਜੋ ਇਲਾਜ ਦੀਆਂ ਆਮ ਪ੍ਰਣਾਲੀਆਂ ਅਜਮਾ ਚੁਕੇ ਹਨ। ਜੇ ਦਰਦ ਅਤੇ ਤਕਲੀਫ ਕਰਕੇ:

***ਜਿੰਨਾ ਕੰਮ ਕਰਨ ਦੀ ਲੋੜ ਹੈ ਜਾਂ ਜਿੰਨਾ ਤੁਸੀਂ ਕਰਨਾ ਚਾਹੁੰਦੇ ਹੋ, ਨਹੀਂ ਕਰ ਸਕਦੇ *ਪਰਿਵਾਰ ਨਾਲ ਚੰਗਾ ਸਮਾਂ ਨਹੀਂ ਬਿਤਾ ਸਕਦੇ *ਬੱਚਿਆਂ ਨੂੰ ਚੁੱਕਣ ਅਤੇ ਗੋਦੀ ਲੈਣ 'ਚ ਤਕਲੀਫ ਹੈ *ਘਰ ਬਗੀਚੀ ਜਾਂ ਘਰ ਦੇ ਹੋਰ ਕੰਮ ਕਰਨਾ ਮੁਸ਼ਕਿਲ ਹੈ *ਲਾਈਨ ਵਿਚ ਖੜ੍ਹੇ ਹੋਣਾ ਜਾਂ ਕਾਊਂਟਰ ਉਤੇ ਖਾਣਾ ਤਿਆਰ ਕਰਨਾ ਮੁਸ਼ਕਿਲ ਹੈ *ਸ਼ੁਗਲ ਲਈ ਜਾਂ ਸਿਹਤ ਬਣਾਉਣ ਲਈ ਕਸਰਤ ਨਹੀਂ ਕਰ ਸਕਦੇ *ਵਜ਼ਨ ਘਟਾਉਣ ਵਿਚ ਤਕਲੀਫ ਹੈ *ਦੋਸਤਾਂ ਨਾਲ ਟਾਈਮ ਬਿਤਾਉਣ ਵਿਚ ਔਖ ਹੈ ਅਤੇ ਵਧ ਤੋਂ ਵੱਧ ਯਤਨ ਕਰਨ ਦੇ ਬਾਵਜੂਦ ਪ੍ਰੇਸ਼ਾਨੀ ਰਹਿੰਦੀ ਹੈ *ਇਕੱਲ ਮਹਿਸੂਸ ਕਰਦੇ ਹੋ *ਤੁਸੀਂ ਕੰਮ ਵਿਚ ਪਰਿਵਾਰ ਜਾਂ ਦੋਸਤਾਂ ਨਾਲ ਹੱਥ ਵਟਾਉਣ ਲਈ ਬਹਾਨੇ ਬਣਾ ਬਣਾ ਤੰਗ ਆ ਚੁਕੇ ਹੋ? *ਸਭ ਬੇਕਾਰ ਮਹਿਸੂਸ ਹੁੰਦਾ ਹੈ *ਭਵਿੱਖ ਦਾ ਡਰ ਸਤਾਉਂਦਾ ਹੈ**

...ਤਾਂ ਫਿਰ ਇਕ ਬਹੁਤ ਹੀ ਸਿਆਣਾ ਡਾਕਟਰ ਤੁਹਾਡੀ ਉਡੀਕ ਕਰ ਰਿਹਾ ਹੈ। ਤੁਹਾਨੂੰ ਇਹ ਦੱਸਣ ਲਈ ਕਿ ਕਸੂਰ ਤੁਹਾਡਾ ਨਹੀਂ...

ਇਹ ਉਸ ਦੀ ਅਤਿ-ਆਧੁਨਿਕ ਤਕਨਾਲੋਜੀ ਅਤੇ ਹਮਦਰਦਾਨਾ ਪਹੁੰਚ ਹੈ ਜਿਸ ਕਰਕੇ ਅਤਿ ਦੀ ਪੀੜ ਅਤੇ ਤਕਲੀਫ ਦੂਰ ਕਰਨ ਲਈ ਉਸ ਦੀ ਇਲਾਜ-ਪ੍ਰਣਾਲੀ ਸਟਾਕਟਨ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਮਰੀਜ਼ਾਂ ਵਿਚ ਇੰਨੀ ਹਰਮਨਪਿਆਰੀ ਹੋ ਚੁਕੀ ਹੈ।

## ਇਹ ਇਲਾਜ ਸਾਰੇ ਹੀ ਮਰੀਜ਼ਾਂ ਲਈ ਢੁਕਵਾਂ ਨਹੀਂ ਹੈ।

ਜਦੋਂਕਿ ਇਹ ਗੱਲ ਮਾੜੀ ਖਬਰ ਜਾਪੇਗੀ ਪਰ ਅਸਲ ਵਿਚ ਇਹ ਇਕ ਖੁਸ਼ਖਬਰੀ ਹੈ ਅਤੇ ਕਾਰਨ ਇਹ ਹੈ ਕਿ...**ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦਾ ਸਟਾਫ ਅਤੇ ਡਾਕਟਰ ਭੇਦ ਦੀ ਜਿਹੜੀ ਗੱਲ ਮੰਨਦੇ ਹਨ ਉਹ ਇਹ ਹੈ ਕਿ ਇਸ ਇਲਾਜ ਲਈ ਸਹੀ ਮਰੀਜ਼ਾਂ ਦੀ ਬੜੇ ਧਿਆਨ ਨਾਲ ਚੋਣ। ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕ ਵਰ੍ਹਿਆਂਬੱਧੀ ਅੰਤਾਂ ਦੀ ਕਮਰ ਦਰਦ ਸਹਿਣ ਪਿਛੋਂ ਜਾਣਦੇ ਹਨ ਕਿ ਇਕ ਪਿਛੋਂ ਇਕ ਇਲਾਜ ਕਰਵਾਉਣ ਤੋਂ ਬਾਅਦ ਵੀ ਕੋਈ ਆਰਾਮ ਨਾ ਆਉਣ 'ਤੇ ਕਿੰਨੀ ਨਿਰਾਸ਼ਾ, ਡਰ ਅਤੇ ਚਿੰਤਾ ਹੁੰਦੀ ਹੈ। ਇਸੇ ਕਰਕੇ ਇਸ ਕਲੀਨਿਕ ਦੇ ਸਟਾਫ ਅਤੇ ਡਾਕਟਰ ਦਾ ਪਹਿਲਾ ਟੀਚਾ ਇਹ ਨਿਸ਼ਚਿਤ ਕਰਨ ਦਾ ਹੁੰਦਾ ਹੈ ਕਿ ਕਿਹੜਾ ਮਰੀਜ਼ ਇਸ ਪ੍ਰੋਗਰਾਮ ਲਈ ਦਾਖਿਲ ਕੀਤਾ ਜਾਵੇ ਅਤੇ ਕਿਹੜਾ ਨਹੀਂ। ਉਨ੍ਹਾਂ ਦੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਇਸ ਇਲਾਜ ਲਈ ਉਹੀ ਮਰੀਜ਼ ਚੁਣੇ ਜਾਣ ਜਿਨ੍ਹਾਂ ਨੂੰ ਆਰਾਮ ਆਉਣ ਵਿਚ ਕਾਮਯਾਬੀ ਦੀ ਸਭ ਤੋਂ ਵੱਧ ਸੰਭਾਵਨਾ ਹੈ। **ਕਾਮਯਾਬੀ ਦਾ ਮਤਲਬ ਹੈ ਆਰਾਮ ਆਉਣਾ।**

ਉਨ੍ਹਾਂ ਦੀ ਨਿਰਮਾਣ, ਯਥਾਰਥਕ, ਸਿੱਧੀ ਸਿੱਧੀ ਬਿਨਾ ਕਿਸੇ ਲੁਕ-ਲੁਕਾ ਅਤੇ ਤਿਕੜਮਬਾਜ਼ੀ ਦੀ ਪਹੁੰਚ ਅਤੇ ਦੇਸ਼ ਭਰ ਵਿਚ ਉਪਲਬਧ ਸਭ ਤੋਂ ਵਧੀਆ ਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਇਕ ਅਜਿਹੀ ਇਲਾਜ-ਪ੍ਰਣਾਲੀ ਵਿਕਸਿਤ ਹੋਈ ਹੈ ਜਿਸ ਦਾ ਉਨ੍ਹਾਂ ਮਰੀਜ਼ਾਂ ਨੂੰ ਵੀ ਫਾਇਦਾ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਦੀ ਆਸ ਉਕਾ ਹੀ ਲਾਹ ਚੁੱਕੇ ਸਨ।

ਅਸਚਰਜ ਦੀ ਗੱਲ ਤਾਂ ਇਹ ਹੈ ਕਿ ਇਹ ਇਕ ਅਜਿਹਾ ਖੇਤਰ ਹੈ ਜਿਥੇ ਇਲਾਜ ਅਕਸਰ ਇਨ੍ਹਾਂ ਸ਼ਬਦਾਂ ਤੇ ਆ ਮੁਕਦਾ ਹੈ, "ਬੜੀ ਮਾੜੀ ਗੱਲ ਹੈ, ਬੜਾ ਅਫਸੋਸ ਹੈ"... **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਦੇ ਡਾਕਟਰ ਸਿਹੋਤਾ ਜਿਹੜੇ ਕੇਸ ਲੈਂਦੇ ਹਨ, ਉਨ੍ਹਾਂ ਦੀ ਸਫਲਤਾ ਪ੍ਰਤੀ ਇਨੇ ਪ੍ਰਤੀਬਧ ਹਨ ਕਿ ਉਹ ਆਪਣੇ ਮਰੀਜਾਂ ਨੂੰ "ਤਸੱਲੀ ਦੀ ਗਾਰੰਟੀ"* ਦਿੰਦੇ ਹਨ।

**ਜੇ ਤੁਹਾਡਾ ਅਸਹਿ/ਅਸਾਧ ਦਰਦ:** (1) ਕਮਰ ਦੇ ਹੇਠਲੇ ਪਾਸੇ (1, 3, 4 ਜਾਂ 5) ਹੈ, (2) ਤੁਹਾਡੇ ਚੂਲ੍ਹੇ ਵਿਚ ਹੈ (3) ਤੁਹਾਡੀ ਢੂੰਗੀ ਵਿਚ ਹੈ (4) ਲੱਤ ਦੇ ਹੇਠਾਂ ਪਿੰਨੀਆਂ ਵਿਚ ਹੈ (5) ਤੁਹਾਡੀ ਗਰਦਨ ਵਿਚ (ਸੀ 3, 4, 5 ਜਾਂ 7) ਹੈ (6) ਤੁਹਾਡੀ ਬਾਂਹ ਤੋਂ ਹੇਠਾਂ ਵਲ ਹੈ (7) ਚੀਸਾਂ ਉਠਦੀਆਂ ਹਨ, ਛੁਰੀਆਂ ਚਲਦੀਆਂ ਹਨ ਜਾਂ ਸਾੜ ਪੈਂਦਾ ਹੈ (8) ਦਾੜ੍ਹ ਦੇ ਦਰਦ ਵਾਂਗ ਉਠਦੀ ਹੈ (9) ਹਰਨੀਆ ਦੀ ਡਿਸਕ ਪੀੜ ਵਰਗੀ ਹੈ (10) ਸਲਿਪ ਡਿਸਕ ਤੋਂ ਹੈ (11) ਤਰੇੜੀ ਹੋਈ ਡਿਸਕ ਤੋਂ ਹੈ (12) ਸੁਕੜੇਵੇਂ ਤੋਂ ਹੈ (13) ਜੋੜਾਂ ਦੇ ਦਰਦ ਤੋਂ ਹੈ (14) ਅਜੇ ਪੀੜ ਦੇ ਕਾਰਨ ਦਾ ਪਤਾ ਨਹੀਂ ਲਗਿਆ...

ਤਾਂ ਤੁਸੀਂ ਚੀਰ-ਫਾੜ ਰਹਿਤ ਅਤੇ ਦਵਾ ਰਹਿਤ ਕਮਰ ਦਰਦ ਨਿਵਾਰਨ ਸਿਸਟਮ ਦੇ ਲਈ ਸਹੀ ਉਮੀਦਵਾਰ ਹੋ। ਇਹ ਪਤਾ ਲਾਉਣ ਲਈ ਕਿ ਤੁਸੀਂ ਆਪਣੀ ਕਮਰ ਦਰਦ ਦੀ ਇਸ ਬਿਪਤਾ ਤੋਂ ਹਮੇਸ਼ਾਂ ਹਮੇਸ਼ਾਂ ਲਈ ਛੁਟਕਾਰਾ ਪਾ ਸਕਦੇ ਹੋ ਤੇ ਉਹ ਇਲਾਜ ਹਾਸਲ ਕਰਨਾ ਚਾਹੁੰਦੇ ਜਿਸ ਦੀ ਤੁਹਾਨੂੰ ਚਿਰਾਂ ਤੋਂ ਤਾਂਘ ਸੀ ਤਾਂ

# ਅਜ ਹੀ ਫੋਨ 209-464-7738 'ਤੇ ਕਾਲ ਕਰੋ।

ਇਹ ਲੇਖ ਪੜ੍ਹ ਕੇ ਕਾਲ ਕਰਨ ਵਾਲੇ ਮਰੀਜ਼ਾਂ ਪ੍ਰਤੀ ਵਿਸ਼ੇਸ਼ ਲਿਹਾਜ ਵਜੋਂ **ਐਕਸੀਡੈਂਟ ਐਂਡ ਇੰਜਰੀ ਕਲੀਨਿਕ** ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਅਗਲੇ ਦਸਾਂ ਦਿਨਾਂ ਵਿਚ 11 ਮਰੀਜਾਂ ਨੂੰ ਮੁਫਤ ਨਿਜੀ ਯੋਗਤਾ ਮੁਆਇਨਾ/ਸਲਾਹ-ਮਸ਼ਵਰਾ ਦੇਣਗੇ ਤਾਂ ਜੋ ਪਾਠਕ ਇਹ ਫੈਸਲਾ ਕਰ ਸਕਣ ਕਿ ਵਾਕਿਆ ਹੀ ਆਪਣੀ ਬਰਦਾਸ਼ਤ ਬਾਹਰੀ/ਸਖਤ ਕਮਰ ਦਰਦ ਤੋਂ ਛੁਟਕਾਰਾ ਹਮੇਸ਼ਾਂ-ਹਮੇਸ਼ਾਂ ਲਈ ਪਾਇਆ ਜਾ ਸਕਦਾ ਹੈ। ਇਸ ਯੋਗਤਾ ਮੁਆਇਨੇ/ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਇਹ ਪੇਸ਼ਕਸ਼ ਇਸ ਗੱਲ ਦਾ ਖਿਆਲ ਕਰਦਿਆਂ ਵਾਕਿਆ ਹੀ ਖੁਲ੍ਹਦਿਲੀ ਹੈ ਕਿ ਅਕਸਰ ਕਮਰ ਦਰਦ ਦੇ ਮਰੀਜ਼ਾਂ ਨੂੰ ਹਜਾਰਾਂ ਡਾਲਰ ਖਰਚ ਕੇ ਵੀ ਬਹੁਤ ਮਾਮੂਲੀ ਫਾਇਦਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਇਸ ਮਾਮਲੇ ਵਿਚ ਘਟੋ-ਘੱਟ ਇਹ ਤਾਂ ਹੈ ਨਾ ਇਲਾਜ ਉਤੇ ਸਮਾਂ ਅਤੇ ਪੈਸਾ ਬਰਬਾਦ ਕਰਨ ਤੋਂ ਪਹਿਲਾਂ ਇਕ ਨਵੀਨ ਮੁਲਾਂਕਣ ਪ੍ਰਕ੍ਰਿਆ ਦੇ ਆਧਾਰ ਉਤੇ ਸਿੱਧਾ ਅਤੇ ਸਪਸ਼ਟ ਦਸ ਦਿਤਾ ਜਾਂਦਾ ਹੈ ਕਿ ਤੁਸੀਂ ਇਸ ਨਿਵੇਕਲੇ ਕਮਰ ਦਰਦ ਨਿਵਾਰਨ ਸਿਸਟਮ ਵਾਸਤੇ ਸਹੀ ਉਮੀਦਵਾਰ ਹੋ ਜਾਂ ਨਹੀਂ।

**ਸੋ, ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਲਈ ਸਾਰੇ ਹੀਲੇ-ਵਸੀਲੇ ਮੁਕ ਗਏ ਹਨ ਜਾਂ ਤੁਹਾਨੂੰ ਹੋਰ ਬਹੁਤ ਸਾਰੇ ਲੋਕਾਂ ਵਾਂਗ ਸਾਰੇ ਹੀਲੇ-ਵਸੀਲੇ ਮੁਕ ਜਾਣ ਦਾ ਡਰ ਹੈ...ਜੇ ਤੁਸੀਂ ਸਰਜਰੀ ਤੋਂ ਬਚਣ ਲਈ ਹਰ ਹੀਲਾ ਵਰਤ ਰਹੇ ਹੋ ਜਾਂ ਦਵਾਈਆਂ ਅਤੇ ਟੀਕਿਆਂ ਦੀ ਥਾਂ ਕਮਰ ਦਰਦ ਦਾ ਕੋਈ ਪੱਕਾ ਇਲਾਜ ਲੱਭਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰਨ ਤੋਂ ਹਿਚਕਿਚਾਓ ਨਹੀਂ।**

### ਸਾਡੀ ਕਲੀਨਿਕ

**2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੋਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ। ਬਿਨਾ ਕਿਸੇ ਫੀਸ ਤੋਂ ਆਪਣੇ ਮੁਲਾਂਕਣ ਅਤੇ ਸਲਾਹ-ਮਸ਼ਵਰੇ ਲਈ **ਫੋਨ ਕਰੋ: 209-464-7738**

ਤੁਹਾਨੂੰ ਡਾਕਟਰ ਨਾਲ ਗੱਲ ਕਰਨ ਅਤੇ ਇਹ ਪਤਾ ਲਾਉਣ ਦਾ ਮੌਕਾ ਮਿਲੇਗਾ ਕਿ ਤੁਹਾਡੀ ਦਰਦ ਦੀ ਅਸਲ ਹਾਲਤ ਕੀ ਹੈ ਅਤੇ ਕੀ ਤੁਹਾਨੂੰ ਇਸ ਇਲਾਜ ਦਾ ਫਾਇਦਾ ਹੋ ਸਕਦਾ ਹੈ?

**ਨੋਟ (1):** ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟਿਆਂ ਅੰਦਰ ਜਾਂ ਇਸ ਤੋਂ ਵੀ ਪਹਿਲਾਂ ਆਪਣੀ ਅਪੁਆਇੰਟਮੈਂਟ ਮਿਲ ਜਾਏਗੀ। ਤੁਹਾਨੂੰ ਇਹ ਜਾਣ ਕੇ ਵੀ ਤਸੱਲੀ ਹੋਵੇਗੀ ਕਿ ਅਸੀਂ "ਕੋਈ ਇੰਤਜਾਰ ਨਹੀਂ" ਦੀ ਪਾਲਸੀ 'ਤੇ ਚਲਦੇ ਹਾਂ।

**ਨੋਟ (2):** ਜੇ ਤੁਸੀਂ ਆਪਣੀ ਅਪੁਆਇੰਟਮੈਂਟ 10 ਜੁਲਾਈ ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਤੁਹਾਨੂੰ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)।

*ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

Copyright 2009 CMC, LLC


# ਬੱਬੂ ਮਾਨ ਦੇ ਪੁਤਲੇ ਸਾੜਨ ਵਾਲੇ ਇਤਿਹਾਸ ਤੋਂ ਅਣਜਾਣ-ਅਮੈਰੀਕਨ ਸਿੱਖ ਆਰਗੇਨਾਈਜੇਸ਼ਨ

**ਨਿਊ ਯਾਰਕ:** ਭਾਰਤ ਦੀ ਅਜਾਦੀ ਲਈ ਵੱਖ-ਵੱਖ ਲਹਿਰਾਂ ਦੇ ਮੋਢੀ ਜਿਨ੍ਹਾਂ ਵਿਚ ਬੱਬਰ ਅਕਾਲੀ ਲਹਿਰ ਦੇ ਮੁੱਖੀ ਜਥੇਦਾਰ ਕਿਸ਼ਨ ਸਿੰਘ ਗੜਗੱਜ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ, ਅਤੇ ਹੋਰ ਅਨੇਕਾਂ ਸ਼ਹੀਦਾਂ, ਜਿਨ੍ਹਾਂ ਨੂੰ ਬਗਾਵਤ ਬਦਲੇ ਅੰਗ੍ਰੇਜ਼ ਸਾਮਰਾਜ ਵਲੋਂ ਫਾਂਸੀਆਂ ਤੇ ਲਟਕਾਇਆ ਗਿਆ, ਨੂੰ ਮੰਨੂਵਾਦੀਆਂ ਨੇ ਕਦੀ ਯਾਦ ਤੱਕ ਨਹੀਂ ਕੀਤਾ ਕਿਉਂਕਿ ਉਹ ਸਿੱਖ ਸਨ ਪਰ ਦਿਲ ਦਾ ਦੌਰਾ ਪੈਣ ਕਰ ਕੇ ਮਰੇ ਲਾਲਾ ਲਾਜਪਤ ਰਾਏ ਨੂੰ ਕੌਮੀ ਸ਼ਹੀਦ ਕਰਾਰ ਦੇਣ ਵਿਚ ਕੋਈ ਕਸਰ ਬਾਕੀ ਨਹੀਂ ਛਡੀ ਜਾਂਦੀ।

ਹਾਲ ਹੀ ਵਿਚ ਵਿਵਾਦਪੂਰਨ ਗਾਇਕ ਬੱਬੂ ਮਾਨ ਵਲੋਂ ਲਾਲਾ ਲਾਜਪਤ ਰਾਏ ਬਾਰੇ ਕੀਤੀਆਂ ਟਿਪਣੀਆਂ ਉਤੇ ਕੁਝ ਧਿਰਾਂ ਵਲੋਂ ਪ੍ਰਗਟਾਏ ਗਏ ਸਖਤ ਰੋਸ ਉਤੇ ਪ੍ਰਤੀਕਰਮ ਦਿੰਦਿਆਂ ਅਮੈਰੀਕਨ ਸਿੱਖ ਆਰਗੇਨਾਈਜੇਸ਼ਨ ਨੇ ਇਥੇ ਜਾਰੀ ਇਕ ਬਿਆਨ ਵਿਚ ਇਹ ਟਿਪਣੀ ਕਰਦਿਆਂ ਕਿਹਾ ਹੈ ਕਿ 1928 ਵਿਚ ਜਦੋਂ ਸਾਇਮਨ ਕਮਿਸ਼ਨ ਭਾਰਤ ਆਇਆ, ਤਾਂ ਲਾਹੌਰ ਰੇਲਵੇ ਸਟੇਸ਼ਨ ਤੇ ਉਸਦਾ ਵਿਰੋਧ ਕੀਤਾ ਗਿਆ ਤਾਂ ਚਸ਼ਮਦੀਦ ਗਵਾਹ ਸਿਰਦਾਰ ਕਪੂਰ ਸਿੰਘ ਅਤੇ ਰੋਜਾਨਾ ਅਜੀਤ ਦੇ ਬਾਨੀ ਸੰਪਾਦਕ ਸਾਧੂ ਸਿੰਘ ਹਮਦਰਦ ਅਨੁਸਾਰ ਅੰਗ੍ਰੇਜ਼ ਅਫਸਰ ਮਿਸਟਰ ਹੈਮਿਲਟਨ ਹਾਰਡਿੰਗ ਦੇ ਹੱਥ ਵਿਚ ਤਿੰਨ ਚਾਰ ਫੁੱਟ ਦੀ ਬੈਂਤ ਦੀ ਸੋਟੀ ਸੀ, ਉਸਨੇ ਵਿਰੋਧੀਆਂ ਨੂੰ ਪਿੱਛੇ ਹਟਾਉਣ ਲਈ ਸੋਟੀ ਨੂੰ ਉਤੇ ਉਲਾਰਿਆ, ਜੋ ਅਚਾਨਕ ਲਾਲਾ ਲਾਜਪੱਤ ਦੀ ਛੱਤਰੀ ਤੇ ਲੱਗ ਗਈ, ਪਹਿਲਾਂ ਤੋਂ ਦਿਲ ਦਾ ਮਰੀਜ਼ ਹੋਣ ਕਰਕੇ ਸਹਿਮੇ ਲਾਲਾ ਲਾਜਪਤ ਰਾਏ ਦੀ ਤਿੰਨ ਹਫਤੇ ਬਾਅਦ ਮੌਤ ਹੋ ਗਈ। ਬਿਪਰ ਇਤਿਹਾਸਕਾਰਾਂ ਨੇ ਬੜੇ ਯੋਜਨਾਬੱਧ ਤਰੀਕੇ ਨਾਲ ਲਾਲਾ ਲਾਜਪਤ ਰਾਏ ਨੂੰ ਉਸ ਕਾਂਡ ਦਾ ਹੀਰੋ ਬਣਾ ਕੇ ਪੇਸ਼ ਕੀਤਾ ਜੋ ਕਿ ਸਰਾਸਰ ਗਲਤ ਹੈ।

ਜਥੇਬੰਦੀ ਨੇ ਬੱਬੂ ਮਾਨ ਵਲੋਂ ਲੰਡਨ ਵਿਖੇ ਲਾਲਾ ਲਾਜਪਤ ਰਾਏ ਦੀ ਅਸਲੀਅਤ ਜੱਗ ਜਾਹਿਰ ਕਰਨ 'ਤੇ ਉਸ ਦੇ ਪੁਤਲੇ ਸਾੜਨ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਸ ਹਕੀਕਤ ਨੂੰ ਜੇਕਰ ਬੱਬੂ ਮਾਨ ਨੇ ਲੋਕਾਂ ਦੇ ਰੂ-ਬ-ਰੂ ਕਰ ਦਿੱਤਾ ਤਾਂ ਉਸਨੇ ਸੱਚ ਹੀ ਬੋਲਿਆ ਹੈ, ਕੋਈ ਗੁਨਾਹ ਨਹੀਂ ਕੀਤਾ। ਬਿਆਨ ਅਨੁਸਾਰ ਕੌਮ ਦਾ ਦਰਦ ਸੀਨੇ ਅੰਦਰ ਸੰਭਾਲੀ ਬੈਠਾ ਬੱਬੂ ਮਾਨ ਕਦੇ ਨਾ ਕਦੇ

ਸਿੱਖ ਮਸਲਿਆ ਨੂੰ ਛੋਹ ਕੇ ਪੰਥ ਪ੍ਰਤੀ ਆਪਣੀ ਵਫਾਦਾਰੀ ਨਿਭਾ ਦਿੰਦਾ ਹੈ। ਬੱਬੂ ਮਾਨ ਵਲੋਂ ਫਿਲਮ ਹਵਾਏਂ, ਏਕਮ, ਗਾਂਧੀ ਦੀ ਅਸਲੀਅਤ, ਡੇਰਾਵਾਦ ਅਤੇ ਹੁਣ ਅਖੌਤੀ ਸ਼ਹੀਦ ਲਾਲਾ ਲਾਜਪਤ ਰਾਏ ਖਿਲਾਫ ਉਠਾਈ ਅਵਾਜ ਇਕ ਇੱਕ ਕਾਬਲੇਗੌਰ ਸੁਨੇਹਾ ਦਿੰਦੀ ਹੈ। ਜਥੇਬੰਦੀ ਨੇ ਜਿਥੇ ਇਸ ਲਈ ਬੱਬੂ ਮਾਨ ਦੀ ਸ਼ਲਾਘਾ ਕੀਤੀ ਉਥੇ ਪੁਤਲੇ ਸਾੜਨ ਵਾਲਿਆਂ ਨੂੰ ਕਿਹਾ ਕਿ ਉਹ ਅਸਲੀਅਤ ਨੂੰ ਸਮਝ ਕੇ ਸਸਤੀ ਚਾਪਲੂਸੀ ਤੋਂ ਉਤੇ ਉਠਣ।



## ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???

## ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



- ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States


# ਅਮਰੀਕਾ ਵਿਚ ਕਬੱਡੀ ਫੈਡਰੇਸ਼ਨ ਦਾ ਗਠਨ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਾ ਵਿਚ ਵਖ ਵਖ ਖੇਡ ਕਲੱਬਾਂ ਵਲੋਂ ਇਕ ਸਾਂਝੀ ਫੈਡਰੇਸ਼ਨ ਬਣਾਉਣ ਦੇ ਪਿਛਲੇ ਲੰਮੇ ਸਮੇਂ ਤੋਂ ਹੋ ਰਹੇ ਯਤਨਾਂ ਨੂੰ ਉਸ ਸਮੇਂ ਬੂਰ ਪਿਆ ਜਦੋਂ ਇਥੇ ਪਿਛਲੇ ਹਫਤੇ ਹੋਏ ਪੰਜਾਬੀ ਮੇਲੇ ਵਿਚ ਇਸ ਦੇ ਗਠਨ ਦਾ ਐਲਾਨ ਕਰਦਿਆਂ ਸੈਂਟਾ ਕਲਾਰਾ ਸਪੋਰਟਸ ਕਲੱਬ ਦੇ ਆਗੂ ਅਤੇ ਆਪਣੇ ਸਮੇਂ ਦੇ ਚੰਗੇ ਕਬੱਡੀ ਖਿਡਾਰੀ ਸੁਰਿੰਦਰ ਸਿੰਘ ਅਟਵਾਲ ਨੂੰ ਫੈਡਰੇਸ਼ਨ ਦਾ ਪ੍ਰਧਾਨ ਅਤੇ ਯੂਨਾਈਟਡ ਸਪੋਰਟਸ ਕਲੱਬ ਦੇ ਜਨਰਲ ਸਕੱਤਰ ਗੁਰਦਾਵਰ ਸਿੰਘ ਮਹੇੜੂ ਨੂੰ ਇਸ ਦਾ ਜਨਰਲ ਸਕੱਤਰ ਬਣਾਉਣ ਦਾ ਐਲਾਨ ਕੀਤਾ ਗਿਆ।

ਉਘੇ ਕਬੱਡੀ ਪ੍ਰਮੋਟਰ ਅਤੇ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ, ਜਿਨ੍ਹਾਂ ਨੇ ਫੈਡਰੇਸ਼ਨ ਦੇ ਗਠਨ ਵਿਚ ਅਹਿਮ ਭੂਮਿਕਾ ਨਿਭਾਈ, ਨੇ ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਫੈਡਰੇਸ਼ਨ ਦੇ ਗਠਨ ਨੂੰ ਚੰਗਾ ਕਦਮ ਕਰਾਰ ਦਿੱਤਾ ਅਤੇ ਕਿਹਾ ਕਿ ਇਸ ਨਾਲ ਕਬੱਡੀ ਨੂੰ ਉਤਸ਼ਾਹ ਮਿਲੇਗਾ। ਸਾਰੇ ਕਲੱਬਾਂ ਨੂੰ ਹਰ ਇਕ ਮੇਲੇ ਵਿਚ ਫੈਡਰੇਸ਼ਨ ਦੇ ਤਹਿਤ ਜਾਣ ਦਾ ਹੱਕ ਹੋਵੇਗਾ।

ਉਧਰ ਸ੍ਰੀ ਅਟਵਾਲ ਨੇ ਕਿਹਾ ਹੈ ਕਿ ਛੇਤੀ ਹੀ ਸਾਰੇ ਕਲੱਬਾਂ ਦੀ ਇਕ ਸਾਂਝੀ ਮੀਟਿੰਗ ਕਰਕੇ ਹਰ ਕਲੱਬ ਦੇ ਦੋ ਦੋ ਨੁਮਾਇੰਦੇ ਲਏ ਜਾਣਗੇ ਅਤੇ ਸਭ ਦੀ ਸਲਾਹ ਨਾਲ ਫੈਡਰੇਸ਼ਨ ਦੇ ਬਾਈਲਾਅਜ਼ ਤਿਆਰ ਕੀਤੇ ਜਾਣਗੇ।

ਸੂਤਰਾਂ ਅਨੁਸਾਰ ਫੈਡਰੇਸ਼ਨ ਵਿਚ ਸ਼ਾਮਲ ਹੋਣ ਲਈ ਹਰ ਕਲੱਬ ਤੋਂ ਤਿੰਨ ਹਜ਼ਾਰ ਡਾਲਰ ਦੀ ਫੀਸ ਲਈ ਜਾਏਗੀ ਅਤੇ ਇਸ ਦੇ ਅਹੁਦਿਆਂ ਦੀ ਮਿਆਦ ਤਿੰਨ ਸਾਲ ਹੋਵੇਗੀ।

# ਭੁਪਾਲ ਗੈਸ ਕਾਂਡ ਪੀੜਤਾਂ ਲਈ 15 ਸੌ ਕਰੋੜ ਦੀ ਸਿਫਾਰਿਸ਼

*(ਸਫਾ ਇਕ ਦੀ ਬਾਕੀ)*

ਸਾਫ਼ ਕਰਨ ਲਈ 300 ਕਰੋੜ ਰੁਪਏ ਖ਼ਰਚੇ ਜਾਣਗੇ। ਸੂਤਰਾਂ ਨੇ ਇਹ ਵੀ ਦੱਸਿਆ ਕਿ ਮੰਤਰੀ ਸਮੂਹ ਨੇ ਇਸ ਤ੍ਰਾਸਦੀ ਤੋਂ ਬਾਅਦ ਗਠਿਤ ਕੀਤੇ ਗਏ ਭੁਪਾਲ ਮੈਮੋਰੀਅਲ ਟਰਸਟ ਹਸਪਤਾਲ ਦਾ ਕੰਟਰੋਲ ਆਪਣੇ ਹੱਥ 'ਚ ਲੈਣ ਦੀ ਸਿਫ਼ਾਰਸ਼ ਵੀ ਕੀਤੀ ਹੈ। ਮੰਤਰੀ ਸਮੂਹ ਨੇ ਇਸ ਹਸਪਤਾਲ ਦੇ ਆਧੁਨਿਕੀਕਰਨ ਲਈ 230 ਕਰੋੜ ਰੁਪਏ ਖ਼ਰਚਣ ਦੀ ਗੱਲ ਕਹੀ ਹੈ। ਮੰਤਰੀ ਸਮੂਹ ਨੇ ਜਿੱਥੇ ਪੂਰੇ ਮਾਮਲੇ 'ਚ ਡਾਊ ਕੈਮੀਕਲ ਦੀ ਜ਼ਿੰਮੇਵਾਰੀ ਤੈਅ ਕਰਨ ਦੀ ਗੱਲ ਕਹੀ ਹੈ, ਉਥੇ ਹੀ ਡਾਊ ਕੈਮੀਕਲ ਖ਼ਿਲਾਫ਼ ਹਾਈ ਕੋਰਟ 'ਚ ਕੇਸ ਅੱਗੇ ਵਧਾਉਣ ਲਈ ਕਿਹਾ ਹੈ।

ਮੰਤਰੀ ਸਮੂਹ ਨੇ ਕੇਂਦਰ ਅਤੇ ਰਾਜ ਸਰਕਾਰ ਨੂੰ ਮਿਲ ਕੇ ਰਸਾਇਣਕ ਕਚਰਾ ਹਟਾਉਣ, ਯੂਨੀਅਨ ਕਾਰਬਾਈਡ ਦੇ ਉਸ ਸਮੇਂ ਦੇ ਮੁਖੀ ਵਾਰੇਨ ਐਂਡਰਸਨ ਦੀ ਸਪੁਰਦਗੀ ਕਰਾਉਣ ਅਤੇ ਦੁਨੀਆਂ ਦੀ ਸਭ ਤੋਂ ਵੱਡੀ ਉਦਯੋਗਿਕ ਤ੍ਰਾਸਦੀ ਦੀ ਅਪਰਾਧਿਕ ਜ਼ਿੰਮੇਵਾਰੀ ਤੈਅ ਕਰਨ ਲਈ ਸੁਪਰੀਮ ਕੋਰਟ 'ਚ ਸੋਧ ਅਰਜ਼ੀ ਦਾਇਰ ਕਰਨ ਦੀ ਸਿਫਾਰਸ਼ ਕੀਤੀ ਹੈ। ਇਸ ਕਾਂਡ 'ਚ ਦੋਸ਼ੀਆਂ ਨੂੰ ਮਿਲੀ ਸਿਰਫ਼ 2 ਸਾਲ ਦੀ ਸਜ਼ਾ ਨੂੰ ਘੱਟ ਦੱਸਦਿਆਂ ਕੇਂਦਰ ਨੂੰ ਇਸ ਖ਼ਿਲਾਫ਼ ਸੁਪਰੀਮ ਕੋਰਟ 'ਚ ਜਾਣ ਦੀ ਸਿਫਾਰਸ਼ ਕੀਤੀ ਗਈ ਹੈ।

ਦੱਸਣਾ ਬਣਦਾ ਹੈ ਕਿ 9 ਮੈਂਬਰੀ ਮੰਤਰੀਆਂ ਦੇ ਸਮੂਹ ਨੇ ਲਗਾਤਾਰ ਮੀਟਿੰਗਾਂ ਕਰ ਕੇ ਭੁਪਾਲ ਗੈਸ ਕਾਂਡ ਨਾਲ ਜੁੜੇ ਸਾਰੇ ਵਿਚਾਰ ਅਧੀਨ ਮੁੱਦਿਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਸੋਮਵਾਰ ਆਪਣੀਆਂ ਸਿਫ਼ਾਰਸ਼ਾਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਸੂਤਰਾਂ ਅਨੁਸਾਰ ਮੰਤਰੀ ਸਮੂਹ ਦੀ ਇਹ ਰਾਏ ਬਣੀ ਹੈ ਕਿ ਐਂਡਰਸਨ ਨੂੰ ਅਮਰੀਕਾ ਤੋਂ ਭਾਰਤ ਲਿਆਉਣ ਲਈ ਨਵੇਂ ਸਿਰੇ ਤੋਂ ਯਤਨ ਕੀਤਾ ਜਾਣਾ ਚਾਹੀਦਾ ਹੈ।


## BIG RIG TIRE & SERVICE

954 Glenwood Ave, Turlock, CA 95380
Ph 209-669-6989, 209-678-6176

ਇਥੇ ਕਾਰਾਂ, ਟਰੱਕ-ਟਰੇਲਰ, ਫਾਰਮ ਟਰੈਕਟਰ ਅਤੇ RV ਦੇ ਟਾਇਰ ਵਧੀਆ ਅਤੇ ਸਸਤੀ ਕੀਮਤ ਉਪਰ ਮਿਲਦੇ ਹਨ।
ਇਸ ਤੋਂ ਇਲਾਵਾ ਅਸੀਂ ਟਰੱਕ ਟਰੇਲਰ ਅਤੇ ਰੀਫਰ ਦੀ ਰਿਪੇਅਰ ਅਤੇ ਸਰਵਿਸ ਦਾ ਕੰਮ ਤਸੱਲੀਬਖਸ਼ ਤਰੀਕੇ ਨਾਲ ਕਰਦੇ ਹਾਂ।



24 Hours Road Service
NEW & USED TIRE SALE & SERVICE
ਸਪੈਸ਼ਲ : ਅਸੀਂ ਟਰੱਕਾਂ ਦੇ ਹਰ ਤਰਾਂ ਦੇ ਸਾਈਨ ਵੀ ਬਣਾਉਂਦੇ ਹਾਂ

CENTRAL VALLET TRUCK SCHOOL
Re-Opens
SCHOOL @ SAME PLACE

## Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD Millennium



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

Gurbans Gill 209-815-1869

## ਗਦਰ ਲਹਿਰ ਬਾਰੇ ਪਰਚਾ ਲਿਖਣਾ ਮੇਰੇ ਜੀਵਨ ਦਾ ਸੁਨਹਿਰੀ ਮੌਕਾ-ਪ੍ਰੋ. ਸੁੱਚਾ ਸਿੰਘ ਗਿੱਲ

ਸੈਕਰਾਮੈਂਟੋ: ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰਿਕਾ ਵਲੋਂ ਕਰਵਾਈ ਜਾ ਰਹੀ ਗਦਰ ਮੈਮੋਰੀਅਲ ਪੰਜਾਬੀ ਕਾਨਫਰੰਸ ਵਿਚ "ਗਦਰੀ ਬਾਬਿਆਂ ਦੇ ਸੁਪਨਿਆਂ ਦਾ ਭਾਰਤ ਅਤੇ ਪੰਜਾਬ" ਵਿਸ਼ੇ ਉਤੇ ਪਰਚਾ ਪੇਸ਼ ਕਰਨਾ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸੁਨਹਿਰੀ ਮੌਕਾ ਹੈ। ਇਹ ਵਿਚਾਰ ਉਘੇ ਅਰਥ ਸ਼ਾਸਤਰੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਡੀਨ ਅਤੇ ਹੁਣ ਆਰਥਿਕ ਵਿਭਾਗ ਦੇ ਮੁਖੀ ਪ੍ਰੋ. ਸੁੱਚਾ ਸਿੰਘ ਨੇ ਇਥੇ ਪਹੁੰਚ ਕੇ ਪ੍ਰਗਟਾਏ। ਉਨ੍ਹਾਂ ਆਖਿਆ ਕਿ ਆਪਣੇ 38 ਸਾਲਾਂ ਦੇ ਅਧਿਆਪਕ ਜੀਵਨ ਵਿਚ ਉਹ ਅਮਰੀਕਾ, ਰੂਸ, ਇੰਗਲੈਂਡ, ਫਰਾਂਸ, ਸ੍ਰੀਲੰਕਾ ਅਤੇ ਭਾਰਤ ਦੇ ਵੱਖ ਵੱਖ ਸ਼ਹਿਰਾਂ ਵਿਚ ਤਿੰਨ ਦਰਜਨ ਕਾਨਫਰੰਸਾਂ ਵਿਚ ਆਪਣੇ ਖੋਜ ਪੱਤਰ ਪੇਸ਼ ਕਰ ਚੁੱਕੇ ਹਨ ਪਰ ਜੋ ਮਾਨਸਿਕ ਤਸੱਲੀ ਅਤੇ ਉਤਸ਼ਾਹ ਇਹ ਪੇਪਰ ਲਿਖਣ ਵੇਲੇ ਮਿਲੇ ਉਹ ਪਹਿਲਾਂ ਕਦੀ ਨਹੀਂ ਮਿਲੇ। ਉਨ੍ਹਾਂ ਆਖਿਆ ਕਿ ਮੇਰਾ ਇਹ ਪਰਚਾ ਭਾਰਤ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦਾਂ ਨੂੰ ਇਕ ਸ਼ਰਧਾਂਜਲੀ ਹੈ।

ਗਦਰ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ ਸ੍ਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਗੱਲ ਕਰਦਿਆਂ ਪ੍ਰੋ. ਗਿੱਲ ਨੇ ਆਖਿਆ ਕਿ ਆਜ਼ਾਦੀ ਦੀ ਲੜਾਈ ਵਿਚ ਗਦਰ ਲਹਿਰ ਇਕ ਅਜਿਹੀ ਲਹਿਰ ਹੈ ਜਿਸ ਦੇ ਸੂਰਮਿਆਂ ਨੇ ਆਪਣੀਆਂ ਜਾਨਾਂ ਦੇ ਨਾਲ ਨਾਲ ਆਪਣੀਆਂ ਜਾਇਦਾਦਾਂ ਅਤੇ ਘਰ ਵੀ ਦੇਸ਼ ਦੇ ਲੇਖੇ ਲਾ ਦਿੱਤੇ। ਉਨ੍ਹਾਂ ਕਿਹਾ ਕਿ ਗਦਰ ਲਹਿਰ ਦੇ ਇਤਿਹਾਸ ਅਤੇ ਪਿਛੋਕੜ ਬਾਰੇ ਅਜੇ ਬਹੁਤ ਕੰਮ ਕਰਨ ਵਾਲਾ ਬਾਕੀ ਹੈ। ਉਨ੍ਹਾਂ ਇਸ ਗੱਲ 'ਤੇ ਅਫਸੋਸ ਜਾਹਰ ਕੀਤਾ ਕਿ ਆਜ਼ਾਦੀ ਤੋਂ ਬਾਅਦ ਉਹੋ ਜਿਹਾ ਭਾਰਤ ਤਾਮੀਰ ਨਹੀਂ ਹੋ ਸਕਿਆ ਜਿਸ ਦਾ ਕਿ ਗਦਰੀ ਬਾਬਿਆਂ ਨੇ ਸੁਪਨਾ ਲਿਆ ਸੀ। ਆਪਣੇ ਇਸ ਪਰਚੇ ਵਿਚ ਉਨ੍ਹਾਂ ਭਾਰਤ ਅਤੇ ਪੰਜਾਬ ਦੇ ਸਿਆਸੀ, ਆਰਥਿਕ ਤੇ ਸਮਾਜਕ ਪੱਖੋਂ ਦੀਵਾਲੀਏਪਨ ਦੀ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਸੂਝਵਾਨ ਲੋਕ ਇਸ ਸਥਿਤੀ ਨੂੰ ਸੁਧਾਰਨ ਲਈ ਕੋਈ ਹੀਲਾ ਕਰ ਸਕਣ।

## ਮੱਕੜ ਦਾ ਦਿਮਾਗੀ ਸੰਤੁਲਨ ਵਿਗੜਿਆ-ਸਰਨਾ

**ਆਨੰਦਪੁਰ ਸਾਹਿਬ :** ਇਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਵਲੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਦੀ ਡਿਊੜੀ ਨੂੰ ਕੇਂਦਰ ਦੇ ਇਸ਼ਾਰੇ 'ਤੇ ਬੰਦ ਕਰਨ ਦੇ ਦਿੱਤੇ ਬਿਆਨ 'ਤੇ



ਪ੍ਰਤੀਕਰਮ ਦਿੰਦਿਆਂ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਜੇਕਰ ਮੱਕੜ ਇਹੋ ਜਿਹੀ ਗੱਲ ਸਾਬਤ ਕਰ ਦੇਵੇ ਤਾਂ ਮੈਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਵਾਂਗਾ, ਨਹੀਂ ਤਾਂ ਮੱਕੜ ਆਪਣੀ ਪ੍ਰਧਾਨਗੀ ਤੋਂ ਅਸਤੀਫਾ ਦੇ ਦੇਵੇ।

ਉਨ੍ਹਾਂ ਸਾਫ ਸ਼ਬਦਾਂ ਵਿਚ ਮੱਕੜ ਨੂੰ ਸਲਾਹ ਦਿੰਦੇ ਹੋਏ ਕਿਹਾ ਕਿ ਸਾਨੂੰ ਵਾਰ-ਵਾਰ ਕਾਂਗਰਸੀ ਏਜੰਟ ਦੱਸਣ ਵਾਲਾ ਮੱਕੜ ਦਿੱਲੀ ਆ ਕੇ ਦਿਮਾਗੀ ਸੰਤੁਲਨ ਵਿਗੜਨ ਦਾ ਇਲਾਜ ਕਰਾਵੇ, ਖਰਚਾ ਮੈਂ ਕਰਾਂਗਾ। ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਦੀ ਨਿਯਮਾਂਵਲੀ ਮੁਤਾਬਕ ਕੋਈ ਇਕ ਇੰਚ ਜ਼ਮੀਨ ਵੀ ਵੇਚ ਨਹੀਂ ਸਕਦਾ, ਗੁਰੂ ਘਰ ਦੀ ਜਗ੍ਹਾ ਸਮੁੱਚੀ ਕੌਮ ਦੀ ਜਾਇਦਾਦ ਹੈ ਜਿਸ ਨੂੰ ਵੇਚਣ ਬਾਰੇ ਸੋਚਣਾ ਵੀ ਪਾਪ ਹੈ। ਉਨ੍ਹਾਂ ਕਿਹਾ ਕਿ ਮੈਨੂੰ ਮੱਕੜ ਦੇ ਬਿਆਨ 'ਤੇ ਗੁੱਸਾ ਨਹੀਂ ਸਗੋਂ ਤਰਸ ਆ ਰਿਹਾ ਹੈ। ਉਨ੍ਹਾਂ ਮੱਕੜ ਨੂੰ ਸਲਾਹ ਦਿੱਤੀ ਕਿ ਆਪਣੀ ਉਮਰ ਅਤੇ ਅਹੁਦੇ ਨੂੰ ਧਿਆਨ ਵਿਚ ਰਖਦਿਆਂ ਝੂਠੀ ਬਿਆਨਬਾਜ਼ੀ ਕਰਕੇ ਕੌਮ ਨੂੰ ਗੁੰਮਰਾਹ ਨਾ ਕਰਨ।

## ਵਿਸ਼ਵ ਕਬੱਡੀ ਕੱਪ ਅਦਾਲਤ 'ਚ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਕਰਵਾਏ ਵਿਸ਼ਵ ਕੱਪ ਕਬੱਡੀ ਟੂਰਨਾਮੈਂਟ ਨੂੰ ਲੈ ਕੇ ਕਈ ਸਵਾਲ ਖੜੇ ਹੋ ਗਏ ਹਨ। ਇਸ ਟੂਰਨਾਮੈਂਟ 'ਚ ਸਲੈਕਟ ਕੀਤੇ ਖਿਡਾਰੀਆਂ ਨੂੰ ਲੈ ਕੇ ਕਬੱਡੀ ਦੇ ਹੀ ਦੋ ਖਿਡਾਰੀਆਂ ਨੇ ਮਾਨਯੋਗ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ।

ਤਰਨ ਤਾਰਨ ਤੇ ਲੁਧਿਆਣਾ ਨਿਵਾਸੀ ਹਰਜਿੰਦਰ ਸਿੰਘ ਤੇ ਅਜੀਤਪਾਲ ਸਿੰਘ ਨੇ ਦਾਖਲ ਪਟੀਸ਼ਨ 'ਚ ਦੋਸ਼ ਲਾਇਆ ਹੈ ਕਿ ਇਸ ਟੂਰਨਾਮੈਂਟ 'ਚ ਉਨ੍ਹਾਂ ਖਿਡਾਰੀਆਂ ਨੂੰ ਹੀ ਚੁਣਿਆ ਗਿਆ, ਜਿਨ੍ਹਾਂ ਦੇ ਰਾਜਨੀਤਕ ਸੰਬੰਧ ਸਨ, ਜਾਂ ਜੋ ਫੰਡ ਦੇਣ ਵਾਲੀਆਂ ਕੰਪਨੀਆਂ ਲਿਆਉਂਦੇ ਸਨ। ਉਨ੍ਹਾਂ ਕਿਹਾ ਕਿ ਭਾਵੇਂ ਸਾਨੂੰ ਟੀਮ 'ਚ ਤਾਂ ਥਾਂ ਦਿੱਤੀ ਗਈ ਸੀ, ਪ੍ਰੰਤੂ ਸਪੇਅਰ ਖਿਡਾਰੀ ਹੀ ਰੱਖਿਆ ਗਿਆ। ਅਦਾਲਤ ਨੇ ਕਬੱਡੀ ਟੂਰਨਾਮੈਂਟ ਕਮੇਟੀ ਦੇ ਡਾਇਰੈਕਟਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

# ਜ਼ਮੀਨੀ ਝਗੜਿਆਂ ਕਾਰਨ ਮੌਤਾਂ ਦਾ ਸਿਲਸਿਲਾ ਵਧਿਆ

**ਜਲੰਧਰ:** ਪੰਜਾਬ ਵਿਚ ਜਮੀਨ ਕਾਰਨ ਆਪਣਿਆਂ ਦੇ ਆਪਣਿਆਂ ਹੱਥੋਂ ਹੀ ਕਤਲ ਹੋਣ ਦਾ ਰੁਝਾਨ ਵਧਦਾ ਜਾ ਰਿਹਾ ਹੈ। ਬੀਤੀ 16 ਜੂਨ ਨੂੰ ਖਮਾਣੋਂ ਅਤੇ ਪੱਟੀ ਵਿਚ ਅਜਿਹੇ ਦੋ ਮਾਮਲੇ ਸਾਹਮਣੇ ਆਏ ਜਿਨ੍ਹਾਂ ਵਿਚ ਭਰਾ ਨੇ ਭਰਾ ਨੂੰ ਹੀ ਕਤਲ ਕਰ ਦਿਤਾ। ਖਮਾਣੋ ਦੇ ਪਿੰਡ ਹਵਾਰਾ ਵਿਖੇ ਪਿਤਾ ਨੇ ਅਪਣੇ ਪੁੱਤਰਾਂ ਨਾਲ ਮਿਲ ਕੇ ਅਪਣੇ ਹੀ ਸਕੇ ਭਰਾ ਨੂੰ ਕਤਲ ਕਰ ਦਿਤਾ।

ਜਾਣਕਾਰੀ ਅਨੁਸਾਰ ਮ੍ਰਿਤਕ ਸੇਵਾ-ਮੁਕਤ ਫ਼ੌਜੀ ਜੋਗਾ ਸਿੰਘ ਪੁੱਤਰ ਕਰਤਾਰ ਸਿੰਘ ਜੋ ਅਪਣੇ ਖੇਤ ਵਿਚ ਮੂੰਗੀ ਦੀ ਫ਼ਸਲ ਤੋੜ ਰਿਹਾ ਸੀ, ਨੂੰ ਉਸ ਦੇ ਭਰਾ ਮੋਦਨ ਸਿੰਘ ਅਤੇ ਉਸ ਦੇ ਪੁੱਤਰਾਂ ਗੁਰਮੇਲ ਸਿੰਘ ਅਤੇ ਰਣਧੀਰ ਸਿੰਘ ਨੇ ਪੁਰਾਣੇ ਜ਼ਮੀਨੀ ਝਗੜੇ ਕਾਰਨ ਖੇਤ ਵਿਚ ਮੌਤ ਦੇ ਘਾਟ ਉਤਾਰ ਦਿਤਾ। ਡੀ.ਐਸ.ਪੀ. ਖਮਾਣੋ ਸ. ਬਲਵਿੰਦਰ ਸਿੰਘ ਰੰਧਾਵਾ ਅਤੇ ਐਸ.ਐਚ.ਓ. ਪਲਵਿੰਦਰ ਸਿੰਘ ਘਟਨਾ ਸਥਾਨ ਉਤੇ ਪੁੱਜੇ। ਮ੍ਰਿਤਕ ਜੋਗਾ ਸਿੰਘ ਦੇ ਪੁੱਤਰ ਗੁਰਨਾਮ ਸਿੰਘ ਨੇ ਪੁਲਿਸ ਨੂੰ ਲਿਖਵਾਈ ਰੀਪੋਰਟ ਵਿਚ ਦਸਿਆ ਕਿ ਉਹ ਦੁਪਹਿਰ ਸਮੇਂ ਅਪਣੇ ਪਿਤਾ ਨੂੰ ਚਾਹ ਦੇਣ ਗਿਆ ਸੀ। ਉਸ ਨੇ ਦੇਖਿਆ ਕਿ ਉਸ ਦਾ ਚਾਚਾ ਅਤੇ ਉਸ ਦੇ ਦੋਵੇਂ ਲੜਕੇ ਉਸ ਦੇ ਪਿਤਾ ਦੀ ਕੁੱਟ ਮਾਰ ਕਰ ਰਹੇ ਸਨ। ਰੌਲਾ ਪਾਉਣ ਪਿੱਛੋਂ ਉਹ ਤਿੰਨੇ ਉਸ ਦੇ ਪਿਤਾ ਨੂੰ ਅੱਧ ਮਰਿਆ ਕਰ ਕੇ ਦੌੜ ਗਏ। ਕੁਝ ਸਮੇਂ ਬਾਅਦ ਹੀ ਉਸ ਦੀ ਮੌਤ ਹੋ ਗਈ। ਪੁਲਿਸ ਨੇ ਦੋਸ਼ੀਆਂ ਮੋਦਨ ਸਿੰਘ, ਗੁਰਮੇਲ ਸਿੰਘ ਅਤੇ ਰਣਧੀਰ ਸਿੰਘ ਵਿਰੁਧ ਮਾਮਲਾ ਦਰਜ ਕਰ ਲਿਆ ਹੈ।

ਇਸੇ ਤਰ੍ਹਾਂ ਹੀ ਪੱਟੀ ਤਹਿਸੀਲ ਦੇ ਪਿੰਡ ਘਰਿਆਲਾ ਵਿਖੇ ਬੀਤੀ 16 ਜੂਨ ਨੂੰ ਇਕ ਵਿਅਕਤੀ ਨੇ ਅਪਣੇ ਸਕੇ ਭਰਾ ਨੂੰ ਹੀ ਗੋਲੀਆਂ ਨਾਲ ਭੁੰਨ ਦਿਤਾ। ਇਸ ਝਗੜੇ ਦਾ ਕਾਰਨ ਵੀ ਜ਼ਮੀਨ ਦਾ ਵਿਵਾਦ ਹੀ ਹੈ। ਜਾਣਕਾਰੀ ਅਨੁਸਾਰ ਬਲਦੇਵ ਸਿੰਘ ਜੋ ਖੇਤੀਬਾੜੀ ਦਾ ਕੰਮ ਕਰਦਾ ਸੀ ਅਤੇ ਉਹ ਪੰਜ ਭਰਾ ਸਨ। ਸਾਰੇ ਭਰਾ ਇਕੱਠੇ ਰਹਿੰਦੇ ਸਨ। ਮ੍ਰਿਤਕ ਬਲਦੇਵ ਸਿੰਘ ਦਾ ਅਪਣੇ ਭਰਾ ਗੁਰਦੇਵ ਸਿੰਘ ਨਾਲ ਜ਼ਮੀਨੀ ਝਗੜਾ ਚੱਲ ਰਿਹਾ ਸੀ। ਬਲਦੇਵ ਸਿੰਘ ਅਪਣੀ ਮਾਂ ਨੂੰ ਮਿਲ ਕੇ ਵਾਪਸ ਜਾਣ ਲੱਗਾ ਤਾਂ ਰਸਤੇ 'ਚ ਹੀ ਦੋਹਾਂ ਭਰਾਵਾਂ ਦਾ ਟਾਕਰਾ ਹੋ ਗਿਆ। ਗੁਰਦੇਵ ਸਿੰਘ ਦੌੜ ਕੇ ਅਪਣੇ ਘਰ ਜਾ ਵੜਿਆ ਅਤੇ ਅਪਣੀ ਬੰਦੂਕ ਲੈ ਆਇਆ। ਝਗੜੇ ਵਾਲੀ ਥਾਂ 'ਤੇ ਮੌਜੂਦ ਲੋਕਾਂ ਵਲੋਂ ਵਾਰ-ਵਾਰ ਸਮਝਾਉਣ ਦੇ ਬਾਵਜੂਦ ਗੁਰਦੇਵ ਸਿੰਘ ਨੇ ਕਿਸੇ ਦੀ ਨਾ ਸੁਣੀ ਅਤੇ ਆਉਂਦਿਆਂ ਹੀ ਅਪਣੇ ਭਰਾ ਦੀ ਪੰਜ ਗੋਲੀਆਂ ਮਾਰ ਕੇ ਹਤਿਆ ਕਰ ਦਿਤੀ। ਚੌਕੀ ਘਰਿਆਲਾ ਦੀ ਪੁਲਿਸ ਨੇ ਮੌਕੇ ਉਤੇ ਪਹੁੰਚ ਕੇ ਖੋਲ ਅਤੇ ਹੋਰ ਸਬੂਤ ਇਕੱਠੇ ਕਰ ਲਏ। ਵਲਟੋਹਾ ਦੇ ਐਸ.ਐਚ.ਓ. ਨਿਰਮਲ ਸਿੰਘ ਨੇ ਕਿਹਾ ਕਿ ਲਾਸ਼ ਪੋਸਟਮਾਰਟਮ ਲਈ ਹਸਪਤਾਲ ਭੇਜ ਦਿਤੀ ਹੈ। ਪਤਾ ਲੱਗਾ ਹੈ ਕਿ ਦੋਸ਼ੀ ਗੁਰਦੇਵ ਸਿੰਘ ਨੇ ਕਤਲ ਉਪਰੰਤ ਖ਼ੁਦ ਅਪਣੀ ਬੰਦੂਕ ਸਮੇਤ ਆਤਮ-ਸਮਰਪਣ ਕਰ ਦਿਤਾ ਹੈ। ਉਪਰੋਕਤ ਘਟਨਾ ਨੇ ਉਸ ਵੇਲੇ ਨਵਾਂ ਮੋੜ ਲੈ ਲਿਆ ਜਦੋਂ ਪੱਟੀ ਤੋਂ ਬਹੁਜਨ ਸਮਾਜ ਪਾਰਟੀ ਦੇ ਜਨਰਲ ਸਕੱਤਰ ਕਸ਼ਮੀਰ ਸਿੰਘ ਨਵਾਦਾਂ ਅਤੇ ਕੁਝ ਹੋਰ ਲੋਕਾਂ ਨੇ ਦੋਸ਼ ਲਾਇਆ ਕਿ ਪੁਲਿਸ ਚੌਕੀ ਅਲਗੋਂ ਦੇ ਇੰਚਾਰਜ ਅਜੀਤ ਸਿੰਘ ਨੇ ਅਪਣੀ ਪਿਛਲੀ ਦੁਸ਼ਮਣੀ ਕੱਢਣ ਲਈ ਗੁਰਦੇਵ ਸਿੰਘ ਨੂੰ ਹਵਾਲਾਤ ਵਿਚੋਂ ਕੱਢ ਕੇ ਉਸ ਉਤੇ ਗ਼ੈਰ-ਮਨੁੱਖੀ ਤਸ਼ੱਦਦ ਕੀਤਾ। ਬਸਪਾ ਆਗੂ ਨੇ ਕਿਹਾ ਕਿ ਗੁਰਦੇਵ ਸਿੰਘ ਨੇ ਆਤਮ-ਸਮਰਪਣ ਕੀਤਾ ਹੈ, ਇਸ ਲਈ ਉਸ ਨੂੰ ਤਸੀਹੇ ਦੇਣਾ ਚੰਗੀ ਗੱਲ ਨਹੀਂ। ਇਸ ਬਾਰੇ ਜਦੋਂ ਚੌਕੀ ਇੰਚਾਰਜ ਨਾਲ ਗੱਲ ਕੀਤੀ ਗਈ ਤਾਂ ਉਹ ਗੁੱਸੇ ਵਿਚ ਆ ਗਏ ਅਤੇ ਉਨ੍ਹਾਂ ਕਿਹਾ ਕਿ ਜੋ ਮਰਜ਼ੀ ਲਿਖ ਦਿਉ, ਮੈਨੂੰ ਕੋਈ ਪ੍ਰਵਾਹ ਨਹੀਂ। ਦਸਿਆ ਜਾ ਰਿਹਾ ਹੈ ਕਿ ਉਕਤ ਇੰਚਾਰਜ ਜਦੋਂ ਘਰਿਆਲਾ ਵਿਖੇ ਤਾਇਨਾਤ ਸੀ, ਉਸ ਸਮੇਂ ਤੋਂ ਹੀ ਗੁਰਦੇਵ ਸਿੰਘ ਨਾਲ ਉਸਦੀ ਕੋਈ ਲਾਗਡਾਟ ਹੈ। ਇਸੇ ਕਰ ਕੇ ਉਸ ਨੇ ਵਲਟੋਹਾ ਵਿਖੇ ਗੁਰਦੇਵ ਸਿੰਘ ਨਾਲ ਅਜਿਹਾ ਵਿਵਹਾਰ ਕੀਤਾ।

### ਭਰਾ ਹੱਥੋਂ ਭਰਾ ਤੇ ਚਾਚੇ ਵਲੋਂ ਭਤੀਜਾ ਕਤਲ

ਤਰਨ ਤਾਰਨ ਦੇ ਨਾਲ ਲਗਦੇ ਪਿੰਡ ਕੱਦ ਗਿੱਲ ਵਿਖੇ ਜ਼ਮੀਨ ਦੇ ਟੁਕੜੇ ਦੀ ਖਾਤਰ ਇਕ ਵਿਅਕਤੀ ਵਲੋਂ ਆਪਣੇ ਹੀ ਭਤੀਜੇ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ। ਮੌਕੇ ਤੇ ਡੀ.ਐਸ.ਪੀ. ਗੋਇੰਦਵਾਲ ਸਾਹਿਬ, ਥਾਣਾ ਸਦਰ ਦੇ ਮੁਖੀ ਸਬ ਇੰਸਪੈਕਟਰ ਚੰਦਰ ਭੂਸ਼ਨ ਪਹੁੰਚੇ ਅਤੇ ਮ੍ਰਿਤਕ ਦੀ ਲਾਸ਼ ਨੂੰ ਕਬਜ਼ ਵਿਚ ਲੈ ਕੇ ਤਫਤੀਸ਼ ਸ਼ੁਰੂ ਕਰ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਸਾਧੂ ਸਿੰਘ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਨ੍ਹਾਂ ਨਾਲ ਸਾਂਝੀ ਜ਼ਮੀਨ ਨੂੰ ਲੈ ਕੇ ਰਿਸ਼ਤੇ ਵਿਚੋਂ ਉਸ ਦਾ ਭਰਾ ਲਗਦਾ ਜਸਬੀਰ ਸਿੰਘ ਉਰਫ ਮੱਦੂ ਪਿਛਲੇ ਕੁਝ ਦਿਨਾਂ ਤੋਂ ਤਕਰਾਰ ਕਰ ਰਿਹਾ ਸੀ। ਇਸ ਝਗੜੇ ਸਬੰਧੀ ਪੰਚਾਇਤ ਵਲੋਂ ਹਾਲੇ ਇਕ ਦਿਨ ਪਹਿਲਾਂ ਹੀ ਸਮਝੌਤਾ ਵੀ ਕਰਵਾਇਆ ਗਿਆ ਸੀ ਜਿਸ ਨੂੰ ਤੋੜਦਿਆਂ ਜਸਬੀਰ ਸਿੰਘ ਨੇ ਬੀਤੀ 17 ਜੂਨ ਨੂੰ ਉਸ ਦੇ ਲੜਕੇ ਦਲਜੀਤ ਸਿੰਘ ਜੋ ਕਿ ਆਪਣੇ ਖੇਤਾਂ ਵਿਚ ਪਾਣੀ ਲਾਉਣ ਲਈ ਘਰੋਂ ਗਿਆ ਸੀ, ਨੂੰ ਰਸਤੇ ਵਿਚ ਰੋਕ ਕੇ ਆਪਣੀ 12 ਬੋਰ ਦੀ ਦੋਨਾਲੀ ਬੰਦੂਕ ਨਾਲ ਗੋਲੀ ਮਾਰ ਦਿੱਤੀ ਜਿਸ ਕਾਰਨ ਦਲਜੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸਾਧੂ ਸਿੰਘ ਨੇ ਦੱਸਿਆ ਕਿ ਜਸਬੀਰ ਸਿੰਘ ਦੇ ਨਾਲ ਉਸ ਦੇ ਤਿੰਨ ਹੋਰ ਸਾਥੀ ਵੀ ਸਨ। ਇਸ ਸਬੰਧੀ ਥਾਣਾ ਸਦਰ ਦੇ ਮੁਖੀ ਚੰਦਰ ਭੂਸ਼ਨ ਨੇ ਦੱਸਿਆ ਕਿ ਸਾਧੂ ਸਿੰਘ ਦੇ ਬਿਆਨਾਂ ਤੇ ਜਸਬੀਰ ਸਿੰਘ ਮੱਦੂ ਪੁੱਤਰ ਗੁਰਮੁਖ ਸਿੰਘ, ਦਰਸ਼ਨ ਸਿੰਘ ਅਤੇ ਸਾਹਿਬ ਸਿੰਘ ਪੁੱਤਰ ਦਰਸ਼ਨ ਸਿੰਘ ਤਿੰਨੋਂ ਵਾਸੀ ਪਿੰਡ ਕੱਦ ਗਿੱਲ ਅਤੇ ਮਿਲਖਾ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਪਿੰਡ ਪੰਡੋਰੀ ਗੋਲਾ ਖਿਲਾਫ ਕੇਸ ਦਰਜ ਕਰਕੇ ਕਥਿਤ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਛਾਪਾਮਾਰੀ ਸ਼ੁਰੂ ਕਰ ਦਿੱਤੀ ਗਈ ਹੈ।

ਇਸੇ ਸਿਲਸਿਲੇ 'ਚ ਹੀ ਗੁਰਦਾਸਪੁਰ ਜ਼ਿਲ੍ਹੇ ਵਿਚ ਦੋ ਵੱਖ-ਵੱਖ ਜ਼ਮੀਨੀ ਝਗੜਿਆਂ ਵਿਚ ਦੋ ਲੋਕਾਂ ਦੀ ਮੌਤ ਹੋ ਗਈ ਤੇ ਕੁਝ ਲੋਕ ਫੱਟੜ ਹੋ ਗਏ। ਪਿੰਡ ਭਾਮੜੀ ਵਿਚ ਹੋਏ ਜ਼ਮੀਨ ਦੇ ਝਗੜੇ ਦੌਰਾਨ ਇਕ ਦਾ ਕਤਲ ਅਤੇ 2 ਗੰਭੀਰ ਫੱਟੜ ਹੋ ਗਏ। ਜਾਣਕਾਰੀ ਅਨੁਸਾਰ ਸਾਧੂ ਸਿੰਘ ਪੁੱਤਰ ਮਹਿੰਦਰ ਸਿੰਘ ਅਤੇ ਬਲਜੀਤ ਸਿੰਘ, ਜਗਰੂਪ ਸਿੰਘ ਪੁੱਤਰ ਚਰਨਜੀਤ ਸਿੰਘ ਜੱਟ ਵਾਸੀ ਭਾਮੜੀ ਵਿਚਕਾਰ 2 ਕਨਾਲ 16 ਮਰਲੇ ਜ਼ਮੀਨ ਦਾ ਝਗੜਾ ਸੀ। ਇਸ ਦਾ ਪਿਛਲੇ ਦਿਨੀਂ ਰਾਜ਼ੀਨਾਮਾ ਹੋ ਚੁੱਕਾ ਸੀ ਜਿਸ ਵਿਚ ਜ਼ਮੀਨ ਸਾਧੂ ਸਿੰਘ ਨੂੰ ਮਿਲੀ ਸੀ। ਸਾਧੂ ਸਿੰਘ ਦੀ ਪਤਨੀ ਭੁਪਿੰਦਰ ਕੌਰ ਤੇ ਉਸ ਦੇ ਬੇਟੇ ਸੰਦੀਪ ਸਿੰਘ ਅਤੇ ਗਗਨਦੀਪ ਸਿੰਘ ਨੇ ਦੱਸਿਆ ਕਿ ਬੀਤੀ 16-17 ਜੂਨ ਦੀ ਰਾਤ 8 ਵਜੇ ਦੇ ਕਰੀਬ ਬਲਜੀਤ ਸਿੰਘ, ਜਗਰੂਪ ਸਿੰਘ ਪੁੱਤਰ ਚਰਨਜੀਤ ਵਾਸੀ ਭਾਮੜੀ ਆਪਣੇ ਨਾਲ 10-15 ਜਣਿਆਂ ਸਮੇਤ ਟਰੈਕਟਰ ਲੈ ਕੇ ਜ਼ਮੀਨ ਨੂੰ ਵਾਹੁਣ ਲੱਗ ਪਏ। ਰੋਕਣ 'ਤੇ ਉਨ੍ਹਾਂ ਨੇ ਮੇਰੇ ਪਤੀ ਅਤੇ 2 ਬੇਟਿਆਂ 'ਤੇ ਤੇਜ਼ ਹਥਿਆਰਾਂ ਨਾਲ ਵਾਰ ਕਰ ਦਿੱਤੇ, ਜਿਸ ਦੌਰਾਨ ਮੇਰੇ ਪਤੀ ਸਾਧੂ ਸਿੰਘ (50) ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਮੇਰੇ 2 ਬੇਟੇ ਭੱਜ ਕੇ ਬਚੇ। ਚੌਕੀ ਹਰਚੋਵਾਲ ਦੀ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ।

ਇਸੇ ਤਰ੍ਹਾਂ ਪਿੰਡ ਪੰਨਵਾਂ ਵਿਖੇ ਸਵੇਰ ਸਾਰ ਜ਼ਮੀਨੀ ਰਸਤੇ ਨੂੰ ਬਣਾਉਣ ਤੋਂ ਹੋਏ ਝਗੜੇ 'ਚ ਇਕ ਵਿਅਕਤੀ ਦੀ ਮੌਤ ਹੋ ਗਈ। ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਕੁਲਵੰਤ ਸਿੰਘ (68) ਦੇ ਪੁੱਤਰ ਨਰਿੰਦਰ ਸਿੰਘ ਅਤੇ ਉਸ ਦੀ ਨੂੰਹ ਲਖਵਿੰਦਰ ਕੌਰ ਵਾਸੀ ਪੰਨਵਾਂ ਨੇ ਦੱਸਿਆ ਕਿ ਸਵੇਰੇ 8 ਵਜੇ ਦੇ ਕਰੀਬ ਸਾਡੇ ਖੇਤ ਜਾਣ ਵਾਲੇ ਸਾਂਝੇ ਰਾਹ ਨੂੰ ਅਵਤਾਰ ਸਿੰਘ ਪੁੱਤਰ ਨੰਦ ਸਿੰਘ, ਪਰਮਜੀਤ ਸਿੰਘ, ਅਜੀਤ ਸਿੰਘ ਜੇ.ਸੀ.ਬੀ. ਮਸ਼ੀਨ ਨਾਲ ਮਿੱਟੀ ਪਾ ਕੇ ਉਚਾ ਕਰ ਰਹੇ ਸਨ ਤਾਂ ਅਸੀਂ ਆਪਣੇ ਪਿਤਾ ਕੁਲਵੰਤ ਸਿੰਘ ਸਮੇਤ ਮੌਕੇ 'ਤੇ ਜਾ ਕੇ ਉਨ੍ਹਾਂ ਨੂੰ ਆਪਣੀ ਜ਼ਮੀਨ ਵਲ ਮਿੱਟੀ ਪਾਉਣ ਤੋਂ ਰੋਕਿਆ ਤਾਂ ਲੜਾਈ ਹੋ ਗਈ ਤੇ ਧੱਕੇ-ਮੁੱਕੀ 'ਚ ਉਨ੍ਹਾਂ ਦੇ ਪਿਤਾ ਕੁਲਵੰਤ ਸਿੰਘ ਜ਼ਮੀਨ 'ਤੇ ਡਿੱਗ ਪਏ ਜਿਸ ਨਾਲ ਉਨ੍ਹਾਂ ਦੀ ਮੌਤ ਹੋ ਗਈ।

## ਬਿਜਲੀ ਦੀ ਮੰਗ ਤੇ ਪੂਰਤੀ 'ਚ 100 ਲੱਖ ਯੂਨਿਟ ਤੋਂ ਵੀ ਵਧ ਦਾ ਫ਼ਰਕ

**ਪਟਿਆਲਾ :** ਉਤਰੀ ਭਾਰਤ ਵਿਚ ਮੌਨਸੂਨ ਦੀ ਦੇਰੀ ਕਰਕੇ ਪਾਰਾ ਸਿਖਰਾਂ 'ਤੇ ਜਾ ਪੁੱਜਾ ਹੈ, ਜਿਸ ਕਾਰਨ ਪੰਜਾਬ ਪਾਵਰ ਕਾਮ ਅਧਿਕਾਰੀਆਂ ਨੂੰ ਲਗਾਤਾਰ ਬਿਜਲੀ ਦੀ ਵਧ ਰਹੀ ਮੰਗ ਕਾਰਨ ਬਿਜਲੀ ਕੱਟ ਲਾਉਣੇ ਪੈ ਰਹੇ ਹਨ ਤੇ ਜਨ-ਜੀਵਨ ਵਿਚ ਖੜੋਤ ਆ ਗਈ ਹੈ। ਝੋਨੇ ਦੀ ਬਿਜਾਈ ਲਈ 8 ਘੰਟੇ ਬਿਜਲੀ ਦੇਣ ਦੇ ਫੈਸਲੇ ਕਾਰਨ ਪੰਜਾਬ ਪਾਵਰਕਾਮ ਨੂੰ ਬਿਜਲੀ ਦੀ ਵਧ ਰਹੀ ਮੰਗ ਨੂੰ ਪੂਰਿਆਂ ਕਰਨ ਲਈ ਕਈ ਅਹਿਤਿਆਤੀ ਕਦਮ ਚੁੱਕਣੇ ਪਏ ਹਨ।

ਪਾਵਰਕਾਮ ਵਲੋਂ ਆਰਕ ਤੇ ਇੰਡਕਸ਼ਨ ਫਰਨੇਸ ਤੇ ਰੋਲਿੰਗ ਮਿੱਲਾਂ 'ਤੇ ਬੀਤੀ 21 ਜੂਨ ਤੋਂ ਦੋ ਦਿਨਾ ਹਫਤਾਵਾਰੀ ਨਾਗਾ ਲਗਾਇਆ ਗਿਆ ਹੈ। ਕੈਟਾਗਰੀ 2 ਤੋਂ ਬਿਜਲੀ ਪ੍ਰਾਪਤ ਕਰਨ ਵਾਲੇ ਜਨਰਲ ਉਦਯੋਗਾਂ 'ਤੇ ਇਕ ਦਿਨ ਦਾ ਹੀ ਨਾਗਾ ਲੱਗੇਗਾ। ਆਮ ਖਪਤਕਾਰਾਂ 'ਤੇ 2 ਤੋਂ 3 ਘੰਟੇ ਬਿਜਲੀ ਕੱਟ ਲਗਾਏ ਜਾਣਗੇ। ਜੇ ਵੇਖਿਆ ਜਾਵੇ ਤਾਂ ਬਿਜਲੀ ਕੱਟ 2-3 ਘੰਟੇ ਤੱਕ ਹੀ ਸੀਮਤ ਨਹੀਂ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੀਆਂ ਹਦਾਇਤਾਂ ਦੀ ਉਲੰਘਣਾ ਹੋ ਰਹੀ ਹੈ ਤੇ ਬਿਜਲੀ ਕੱਟ 6-6 ਘੰਟ ਨੂੰ ਪੁੱਜ ਗਏ ਹਨ। ਬਿਜਲੀ ਕੱਟਾਂ ਬਾਰੇ ਪਹਿਲਾਂ ਕੋਈ ਐਲਾਨ ਨਾ ਹੋਣ ਕਾਰਨ ਗੈਰ-ਯਕੀਨੀ ਵਾਲੀ ਸਥਿਤੀ ਬਣੀ ਹੋਈ ਹੈ।



**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.


**All disputes subject to Chicago jurisdiction.**

# ਫਾਂਸੀ ਦੇਣ ਦੀ ਥਾਂ ਜ਼ਹਿਰ ਦਾ ਟੀਕਾ ਲਾਉਣ ਦੀ ਤਜਵੀਜ਼

ਸਰਕਾਰ ਵਲੋਂ ਇਸ ਤਜਵੀਜ਼ ਦੇ ਬਦਲੇ ਮੌਤ ਦੀ ਸਜ਼ਾ ਨੂੰ ਹੀ ਖਤਮ ਕਰਨ ਦੀ ਕੀਤੀ ਪੇਸ਼ਕਸ਼ ਦੀ ਸ਼ਲਾਘਾ ਕਰਦਿਆਂ ਦਲ ਖਾਲਸਾ ਆਗੂ ਨੇ ਕਿਹਾ ਕਿ ਅਸੀਂ ਅਕਾਲੀ ਸਰਕਾਰ ਪਾਸੋਂ ਅਜਿਹੀ ਹੀ ਉਮੀਦ ਕਰਦੇ ਸਾਂ ਪਰ ਸ. ਬਾਦਲ ਨੇ ਪੰਜਾਬੀਆਂ ਦੀਆਂ ਇੱਛਾਵਾਂ ਅਤੇ ਲੋਕ ਆਵਾਜ਼ ਦੇ ਉਲਟ ਫੈਸਲਾ ਕਰਕੇ ਸਾਨੂੰ ਡਾਢਾ ਨਿਰਾਸ਼ ਕੀਤਾ ਹੈ।

ਦਲ ਖਾਲਸਾ ਆਗੂ ਨੇ ਪੰਜਾਬ ਸਰਕਾਰ ਨੂੰ ਮੁੜ ਅਪੀਲ ਕੀਤੀ ਕਿ ਉਹ ਸਮਾਂ ਰਹਿੰਦਿਆਂ ਕੇਂਦਰ ਸਰਕਾਰ ਨੂੰ ਫਾਂਸੀ ਦੀ ਸਜ਼ਾ ਰੱਦ ਕਰਨ ਲਈ ਨਵੇਂ ਸਿਰਿਓਂ ਤਜਵੀਜ਼ ਭੇਜੇ। ਉਨ੍ਹਾਂ ਕਿਹਾ ਕਿ ਤਾਮਿਲਨਾਡੂ ਵਾਂਗ ਪੰਜਾਬ ਵੀ ਆਪਣੇ ਵੱਖਰੇ ਅਤੇ ਆਜ਼ਾਦ ਵਿਚਾਰਾਂ ਦਾ ਪ੍ਰਗਟਾਵਾ ਕਰਨ ਦੀ ਦਲੇਰੀ ਦਿਖਾਵੇ।

ਜ਼ਿਕਰਯੋਗ ਹੈ ਕਿ ਇਕ ਪਾਸੇ ਇਸ ਵੇਲੇ ਦੁਨੀਆਂ ਵਿਚ ਫਾਂਸੀ ਦੀ ਸਜ਼ਾ ਖਤਮ ਕਰਨ ਵਿਰੁਧ ਇਕ ਮਜ਼ਬੂਤ ਲਹਿਰ ਚਲ ਰਹੀ ਹੈ, ਦੂਜੇ ਪਾਸੇ ਸਾਡੇ ਮੁਲਕ ਵਿਚ ਸਿੱਖਾਂ ਸਮੇਤ ਬਹੁਤ ਸਾਰੇ ਵਿਅਕਤੀ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਹਨ। ਮਨੁੱਖੀ ਅਧਿਕਾਰਾਂ ਦੇ ਰਾਖਿਆਂ ਵਲੋਂ ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਜੇ ਮਨੁੱਖ ਜ਼ਿੰਦਗੀ ਨਹੀਂ ਦੇ ਸਕਦਾ ਤਾਂ ਮੌਤ ਦੇਣ ਦਾ ਵੀ ਉਸ ਨੂੰ ਕੋਈ ਹੱਕ ਨਹੀਂ ਹੋਣਾ ਚਾਹੀਦਾ।




ਭਾਰਤ ਵਿਚ ਬਹੁਤ ਸਾਰੇ ਕੈਦੀ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਹਨ ਜਦਕਿ ਦੁਨੀਆਂ ਦੇ ਕੁੱਲ ਦੇਸ਼ਾਂ ਵਿਚੋਂ ਸਿਰਫ 58 ਦੇਸ਼ਾਂ ਵਿਚ ਹੀ ਮੌਤ ਦੀ ਸਜ਼ਾ ਦਿੱਤੀ ਜਾ ਰਹੀ ਹੈ। ਸੰਸਾਰ ਦੇ ਦੋ ਤਿਹਾਈ ਦੇਸ਼ ਜਾਂ ਤਾਂ ਮੌਤ ਦੀ ਸਜ਼ਾ ਖਤਮ ਕਰ ਚੁੱਕੇ ਹਨ ਜਾਂ ਪਿਛਲੇ 10 ਸਾਲਾਂ ਤੋਂ ਉਨ੍ਹਾਂ ਨੇ ਕਿਸੇ ਇਕ ਵੀ ਕੈਦੀ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ। ਜਿਹੜੇ ਦੇਸ਼ਾਂ ਨੇ ਮੌਤ ਦੀ ਸਜ਼ਾ ਖਤਮ ਕਰ ਦਿੱਤੀ ਹੈ, ਉਨ੍ਹਾਂ ਵਿਚੋਂ ਦੋ ਤਿਹਾਈ ਪਛਮੀ ਮੁਲਕ ਹਨ। ਯਾਦ ਰਹੇ ਦੁਨੀਆਂ ਦੀ 60 ਫੀਸਦੀ ਵਸੋਂ ਉਨ੍ਹਾਂ ਦੇਸ਼ਾਂ ਵਿਚ ਰਹਿੰਦੀ ਹੈ ਜਿਨ੍ਹਾਂ ਦੇਸ਼ਾਂ ਵਿਚ ਇਹ ਸਜ਼ਾ ਅਜੇ ਵੀ ਦਿੱਤੀ ਜਾਂਦੀ ਹੈ।

ਅਮਰੀਕਾ ਦੇ 50 ਰਾਜਾਂ ਵਿਚੋਂ 15 ਰਾਜਾਂ ਵਿਚ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਂਦੀ। ਉਥੋਂ ਦੇ ਜੁਰਮ ਦੇ ਅੰਕੜੇ ਉਨ੍ਹਾਂ ਰਾਜਾਂ ਦੇ ਤਕਰੀਬਨ ਬਰਾਬਰ ਹੀ ਹਨ ਜਿੱਥੇ ਫਾਂਸੀ ਦੀ ਸਜ਼ਾ ਬਹਾਲ ਹੈ। ਪਿਛਲੇ ਸਾਲ, ਦੁਨੀਆਂ ਦੇ 18 ਦੇਸ਼ਾਂ ਵਿਚ 714 ਕੈਦੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਇਨ੍ਹਾਂ ਦੇਸ਼ਾਂ ਵਿਚ ਇਰਾਨ ਸਭ ਤੋਂ ਉਪਰ ਸੀ ਜਿਸ ਨੇ 388 ਕੈਦੀਆਂ ਨੂੰ ਮੌਤ ਦੀ ਸਜ਼ਾ ਦਿਤੀ। ਉਸ ਮਗਰੋਂ ਇਰਾਕ ਦਾ ਨੰਬਰ ਆਉਂਦਾ ਹੈ ਜਿਸ ਨੇ 120 ਕੈਦੀਆਂ ਨੂੰ, ਸਾਊਦੀ ਅਰਬ ਨੇ 69 ਅਤੇ ਅਮਰੀਕਾ ਨੇ 52 ਕੈਦੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਜਦਕਿ ਚੀਨ ਸਬੰਧੀ ਅੰਕੜੇ ਉਪਲਬਧ ਨਹੀਂ ਹਨ। ਭਾਰਤ ਵਿਚ ਉਂਜ ਇਹ ਮੰਗ ਜ਼ੋਰ ਫੜ ਰਹੀ ਹੈ ਕਿ ਦੇਸ਼ ਨੂੰ ਉਨ੍ਹਾਂ ਦੇਸ਼ਾਂ ਦੀ ਕਤਾਰ ਵਿਚ ਖੜੇ ਹੋ ਜਾਣਾ ਚਾਹੀਦਾ ਹੈ ਜੋ ਮੌਤ ਦੀ ਸਜ਼ਾ ਨੂੰ ਅਣਮਨੁੱਖੀ ਕਾਰਾ ਸਮਝਦੇ ਹਨ। ਇਸ ਵੇਲੇ 50 ਕੈਦੀਆਂ ਨੇ ਮੌਤ ਦੀ ਸਜ਼ਾ ਮਾਫ ਕਰਨ ਲਈ ਰਾਸ਼ਟਰਪਤੀ ਕੋਲ ਅਪੀਲ ਦਾਖਲ ਕੀਤੀ ਹੋਈ ਹੈ। ਜੇ ਤਰਸ ਦੀਆਂ ਅਪੀਲਾਂ ਪ੍ਰਵਾਨ ਨਹੀਂ ਹੁੰਦੀਆਂ ਤਾਂ ਫਾਂਸੀ ਦੇ ਦਿੱਤੀ ਜਾਵੇਗੀ।

# ਮੌਤ ਦੀ ਸਜ਼ਾਯਾਫਤਾ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਿਹਤ ਵਿਗੜੀ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਸਕੱਤਰ ਜਨਰਲ ਅਤੇ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਹਰਵਿੰਦਰ ਸਿੰਘ ਸਰਨਾ ਨੇ ਕਿਹਾ ਹੈ ਕਿ ਇਥੇ ਤਿਹਾੜ ਜੇਲ ਵਿਚ 16 ਸਾਲ ਤੋਂ ਬੰਦ ਪ੍ਰੋ. ਦੇਵਿੰਦਰਪਾਲ ਸਿੰਘ ਭੁੱਲਰ ਬਹੁਤ ਹੀ ਉਦਾਸ ਹੈ ਅਤੇ ਉਸ ਨੂੰ ਕਈ ਬੀਮਾਰੀਆਂ ਨੇ ਘੇਰ ਲਿਆ ਹੈ। ਉਸ ਦਾ ਸਰੀਰ ਬਹੁਤ ਹੀ ਨਿਢਾਲ ਹੋ ਗਿਆ ਹੈ। ਉਸ ਦੀਆਂ ਲੱਤਾਂ ਕੰਬਣ ਲਗੀਆਂ ਹਨ। ਵੇਖਣ ਅਤੇ ਸੁਣਨ ਦੀ ਸ਼ਕਤੀ ਵੀ ਕਮਜ਼ੋਰ ਹੁੰਦੀ ਜਾ ਰਹੀ ਹੈ। ਉਸ ਦੀ ਇਸ ਹਾਲਤ ਨੂੰ ਵੇਖਦਿਆਂ, ਉਸ ਨੂੰ ਤੁਰਤ ਹਸਪਤਾਲ ਵਿਚ ਦਾਖ਼ਲ ਕਰਵਾਉਣ ਦੀ ਲੋੜ ਹੈ। ਇਹ ਪ੍ਰਗਟਾਵਾ ਉਨ੍ਹਾਂ ਪ੍ਰੋ. ਭੁੱਲਰ ਨਾਲ ਜੇਲ੍ਹ ਵਿਚ ਇਕ ਮੁਲਾਕਾਤ ਤੋਂ ਬਾਅਦ ਕੀਤਾ। ਪ੍ਰੋ. ਭੁੱਲਰ ਨੂੰ ਕਾਂਗਰਸੀ ਆਗੂ ਮਨਿੰਦਰਜੀਤ ਸਿੰਘ ਬਿੱਟਾ ਉਪਰ ਇਕ ਹਮਲੇ ਦੇ ਕੇਸ ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ।



ਸ. ਸਰਨਾ ਨੇ ਦਸਿਆ ਕਿ ਪ੍ਰੋ. ਭੁੱਲਰ ਦੇ ਮਾਤਾ ਵੀ ਬਹੁਤ ਬਜ਼ੁਰਗ ਅਤੇ ਕਮਜ਼ੋਰ ਹੋ ਗਏ ਹੋਏ ਹਨ। ਇਸ ਕਾਰਨ ਉਹ ਅਪਣੇ ਪੁੱਤਰ ਨੂੰ ਮਿਲਣ ਲਈ ਦਿੱਲੀ ਆਉਣ ਤੋਂ ਅਸਮਰੱਥ ਹਨ। ਇਸ ਦਾ ਵੀ ਪ੍ਰੋ. ਭੁੱਲਰ ਦੀ ਸਿਹਤ ਉਤੇ ਮਾੜਾ ਅਸਰ ਪੈ ਰਿਹਾ ਹੈ। ਸ. ਸਰਨਾ ਨੇ ਦਸਿਆ ਪ੍ਰੋ. ਭੁੱਲਰ ਨੇ ਆਪਣੀ ਅਤੇ ਮਾਤਾ ਦੀ ਸਿਹਤ ਖ਼ਰਾਬ ਹੋਣ ਕਾਰਨ ਉਸ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਤਬਦੀਲ ਕਰਨ ਦੀ ਮੰਗ ਕੀਤੀ ਸੀ। ਇਸ ਲਈ ਪੰਜਾਬ ਸਰਕਾਰ ਨੂੰ ਵੀ ਬੇਨਤੀ ਕੀਤੀ ਗਈ ਸੀ ਪਰ ਪੰਜਾਬ ਸਰਕਾਰ ਨੇ ਅਮਨ-ਕਾਨੂੰਨ ਦਾ ਬਹਾਨਾ ਬਣਾ ਕੇ ਉਸ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਰਖਣ ਤੋਂ ਇਨਕਾਰ ਕਰ ਦਿਤਾ। ਸ. ਸਰਨਾ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਅਖੌਤੀ 'ਪੰਥਕ ਸਰਕਾਰ' ਨੇ ਮਨੁੱਖੀ ਕਦਰਾਂ-ਕੀਮਤਾਂ 'ਤੇ ਆਧਾਰਤ ਪੰਥਕ ਮਾਨਤਾਵਾਂ ਨੂੰ ਵੀ ਅਣਗੋਲਿਆਂ ਕਰ ਦਿਤਾ ਹੈ। ਮੁਲਾਕਾਤ ਦੌਰਾਨ ਉਨ੍ਹਾਂ ਨਾਲ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਸ. ਇੰਦਰਜੀਤ ਸਿੰਘ ਮੌਂਟੀ ਤੋਂ ਇਲਾਵਾ ਸ. ਮਨਜੀਤ ਸਿੰਘ ਸਰਨਾ ਵੀ ਮੌਜੂਦ ਸਨ।

# ਫੈਜ਼ਲ ਸ਼ਹਿਜ਼ਾਦ

ਤੌਰ 'ਤੇ ਉਮਰ ਕੈਦ ਦੀ ਸਜ਼ਾ ਮੁਕੱਰਰ ਹੈ।

ਸ਼ਹਿਜ਼ਾਦ ਨੇ ਬਿਆਨ ਵਿਚ ਕਿਹਾ, ''ਮੈਂ ਗੁਨਾਹ ਕਬੂਲ ਕਰਨਾ ਚਾਹੁੰਦਾ ਹਾਂ। ਮੈਂ ਇਹ ਗੁਨਾਹ 100 ਵਾਰ ਕਬੂਲਾਂਗਾ ਕਿਉਂਕਿ ਜਦੋਂ ਤਕ ਅਮਰੀਕਾ, ਇਰਾਕ ਅਤੇ ਅਫ਼ਗਾਨਿਸਤਾਨ ਵਿਚੋਂ ਆਪਣੀਆਂ ਫੌਜਾਂ ਵਾਪਸ ਨਹੀਂ ਬੁਲਾਉਂਦਾ ਅਤੇ ਸੋਮਾਲੀਆ, ਯਮਨ ਅਤੇ ਪਾਕਿਸਤਾਨ ਵਿਚ ਡਰੋਨ ਹਮਲੇ ਬੰਦ ਨਹੀਂ ਕੀਤੇ ਜਾਂਦੇ ਅਤੇ ਮੁਸਲਿਮ ਸਰਜ਼ਮੀਨਾਂ ਮੁਕਤ ਨਹੀਂ ਹੁੰਦੀਆਂ, ਮੁਸਲਮਾਨਾਂ ਦੀ ਕਤਲੋਗਾਰਤ ਬੰਦ ਨਹੀਂ ਕੀਤੀ ਜਾਂਦੀ, ਉਦੋਂ ਤਕ ਅਸੀਂ ਅਮਰੀਕਾ ਉਤੇ ਹਮਲੇ ਕਰਦੇ ਰਹਾਂਗੇ ਅਤੇ ਮੈਂ ਇਹ ਗੁਨਾਹ ਕਬੂਲ ਕਰਦਾ ਹਾਂ।''

ਜ਼ਿਲ੍ਹਾ ਜੱਜ ਮਿਰੀਅਮ ਗੋਲਡਮੈਨ ਸਿਡਾਰਥਮ ਨੇ ਪਾਕਿਸਤਾਨੀ ਮੂਲ ਦੇ ਇਸ ਸ਼ੱਕੀ ਅਤਿਵਾਦੀ ਤੋਂ ਵਾਰ-ਵਾਰ ਪੁੱਛਿਆ ਕਿ ਕੀ ਉਸ ਨੇ ਟਾਈਮਜ਼ ਸਕੁਏਅਰ ਵਿਚ ਘੁੰਮਦੇ ਬੱਚਿਆਂ ਵੱਲ ਤੱਕਿਆ ਸੀ ਜਿੱਥੇ ਉਸ ਨੇ ਬੰਬ ਧਮਾਕਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਦੇ ਜੁਆਬ ਵਿਚ ਸ਼ਹਿਜ਼ਾਦ ਨੇ ਕਿਹਾ, ''ਕਿਸੇ ਨੂੰ ਸਮਝਣਾ ਪਵੇਗਾ ਕਿ ਮੈਂ ਕਿੱਥੋਂ ਆਇਆ ਹਾਂ, ਮੈਂ ਆਪਣੇ ਆਪ ਨੂੰ ਮੁਸਲਿਮ ਮੁਜਾਹਿਦ ਸਮਝਦਾ ਹਾਂ। ਸੁਣੋ, ਤੁਸੀਂ ਅਫ਼ਗਾਨਿਸਤਾਨ ਵਿਚ ਬੱਚਿਆਂ 'ਤੇ ਡਰੋਨਾਂ ਨਾਲ ਹਮਲੇ ਕਰਦੇ ਹੋ। ਮੈਂ ਜੋ ਕੀਤਾ ਮੈਂ ਉਸ ਨੂੰ ਗੁਨਾਹ ਨਹੀਂ ਮੰਨਦਾ। ਮੈਂ ਜਾਣਦਾ ਹਾਂ ਕਿ ਇਹ ਅਮਰੀਕੀ ਕਾਨੂੰਨ ਦੀ ਉਲੰਘਣਾ ਹੈ ਪਰ ਮੈਂ ਅਮਰੀਕੀ ਕਾਨੂੰਨਾਂ ਦੀ ਪ੍ਰਵਾਹ ਨਹੀਂ ਕਰਦਾ।''

ਅਦਾਲਤ ਵਿਚ ਪੇਸ਼ ਹੁੰਦਿਆਂ ਸ਼ਹਿਜ਼ਾਦ ਨੇ ਜੱਜ ਨੂੰ ਬੇਖੌਫ਼ ਹੋ ਕੇ ਦੱਸਿਆ ਕਿ ਅਮਰੀਕੀ ਨਾਗਰਿਕ ਬਣਨ ਪਿੱਛੋਂ ਉਹ ਪਿਛਲੇ ਸਾਲ ਜੂਨ ਵਿਚ ਪਾਕਿਸਤਾਨ ਗਿਆ ਸੀ। ਪਹਿਲਾਂ ਉਹ ਆਪਣੇ ਪਰਿਵਾਰ ਨਾਲ ਰਿਹਾ ਬਾਅਦ ਵਿਚ ਉਹ ਪੇਸ਼ਾਵਰ ਰਵਾਨਾ ਹੋ ਗਿਆ, ਜਿਥੇ ਉਸ ਨੇ ਬੰਬ ਚਲਾਉਣ ਦੀ ਸਿਖਲਾਈ ਲਈ। ਇਹ ਸਿਖਲਾਈ ਉਸ ਨੇ ਤਹਿਰੀਕ-ਏ-ਤਾਲਿਬਾਨ ਤੋਂ ਹਾਸਲ ਕੀਤੀ। ਇਥੇ ਉਸ ਨੂੰ ਪੈਸਾ ਵੀ ਦਿੱਤਾ ਗਿਆ। ਫਰਵਰੀ ਵਿਚ ਉਹ ਅਮਰੀਕਾ ਵਾਪਸ ਆ ਗਿਆ, ਮਾਰਚ ਅਤੇ ਅਪਰੈਲ ਵਿਚ ਹੋਰ ਪੈਸਾ ਉਸ ਨੂੰ ਭੇਜਿਆ ਗਿਆ। ਸ਼ਾਹਿਜ਼ਾਦ ਨੇ ਆਪਣੇ ਘਰ ਵਿਚ ਹੀ ਤਿੰਨ ਬੰਬ ਬਣਾਉਣ ਦੀ ਗੱਲ ਵੀ ਕਬੂਲੀ। ਉਸ ਨੇ ਕਿਹਾ, "ਉਹ ਨਹੀਂ ਜਾਣਦਾ ਕਿ ਇਹ ਬੰਦ ਮੌਕੇ 'ਤੇ ਫਟੇ ਕਿਉਂ ਨਹੀਂ? ਮੇਰੇ ਕੰਨ ਧਮਾਕੇ ਦੀ ਆਵਾਜ਼ ਉਡੀਕਦੇ ਰਹੇ ਪਰ ਧਮਾਕਾ ਹੋਇਆ ਹੀ ਨਹੀਂ।''

# ਪੂਰਬੀਆਂ ਦੀ ਘਾਟ ਕਾਰਨ ਪੰਜਾਬੀ ਮਜ਼ਦੂਰਾਂ ਦਾ ਮੁੱਲ ਪਿਆ

***ਝੋਨੇ ਦੀ ਪਨੀਰੀ ਬਿਮਾਰੀ ਦੀ ਮਾਰ ਹੇਠ *ਪਾਣੀ ਦੀ ਘਾਟ ਵੀ ਫ਼ਸਲ ਨੂੰ ਪ੍ਰਭਾਵਿਤ ਕਰਨ ਲੱਗੀ**

**ਕਲਾਨੌਰ:** ਪੰਜਾਬ ਦੀ ਮੌਜੂਦਾ ਅਕਾਲੀ ਭਾਜਪਾ ਸਰਕਾਰ ਵਲੋਂ ਪੰਜਾਬ ਵਿਚ ਪਾਣੀ ਦੇ ਡਿੱਗੇ ਪੱਧਰ ਨੂੰ ਉੱਚਾ ਚੁੱਕਣ ਲਈ 'ਪੰਜਾਬ ਪ੍ਰੀਜ਼ਰਵੇਸ਼ਨ ਆਫ਼ ਸਬ ਸੋਇਲ ਵਾਟਰ ਐਕਟ 2009' ਨੂੰ ਲਾਗੂ ਕਰਕੇ ਪੰਜਾਬ ਵਿਚ ਝੋਨੇ ਦੀ ਬਿਜਾਈ 10 ਜੂਨ ਤੋਂ ਬਾਅਦ ਕਰਨ ਦੇ ਆਦੇਸ਼ ਜਾਰੀ ਕਰਨ ਕਾਰਨ ਹੁਣ ਝੋਨੇ ਦੀ ਲੁਆਈ ਪੂਰੇ ਜ਼ੋਰਾਂ 'ਤੇ ਚੱਲ ਰਹੀ ਹੈ, ਪਰੰਤੂ ਮਾਝਾ ਖੇਤਰ 'ਚ ਪਰਵਾਸੀ ਮਜ਼ਦੂਰਾਂ ਦੀ ਵੱਡੀ ਕਿੱਲਤ ਹੋਣ ਕਾਰਨ ਮਾਝੇ ਦੀਆਂ ਤੀਵੀਆਂ ਤੇ ਛੋਟੇ-ਛੋਟੇ ਬੱਚੇ ਝੋਨੇ ਦੀ ਲੁਆਈ ਕਰ ਰਹੇ ਹਨ।

ਭਾਵੇਂ ਕਿ ਅਜੇ ਤੱਕ ਮੌਸਮ ਅਨੁਕੂਲ ਹੋਣ ਕਾਰਨ ਕਿਸਾਨ ਕੇਵਲ ਬਿਜਲੀ ਨਾਲ ਚੱਲਣ ਵਾਲੇ ਟਿਊਬਵੈੱਲਾਂ ਰਾਹੀਂ ਹੀ ਝੋਨੇ ਦੀ ਬਿਜਾਈ ਕਰ ਰਹੇ ਹਨ ਪਰੰਤੂ ਇਸ ਦੇ ਬਾਵਜੂਦ ਕਿਸਾਨਾਂ ਨੂੰ ਪਰਵਾਸੀ ਮਜ਼ਦੂਰਾਂ ਦੀ ਘੱਟ ਆਮਦ ਦਿਨ ਬ-ਦਿਨ ਸਤਾ ਰਹੀ ਹੈ ਅਤੇ ਜੇਕਰ ਆਉਣ ਵਾਲੇ ਦਿਨਾਂ ਵਿਚ ਬਾਰਸ਼ ਆ ਜਾਂਦੀ ਹੈ ਤਾਂ ਝੋਨੇ ਦੀ ਬਿਜਾਈ ਦਾ ਕੰਮ ਪੂਰੇ ਸਿਖਰਾਂ 'ਤੇ ਪਹੁੰਚ ਜਾਵੇਗਾ ਜਿਸ ਕਾਰਨ ਪਰਵਾਸੀ ਮਜ਼ਦੂਰਾਂ ਦੀ ਘਾਟ ਕਾਰਨ ਕਿਸਾਨਾਂ ਨੂੰ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ। ਉਂਝ ਇਸ ਘਾਟ ਦਾ ਹਾਂ ਪੱਖ ਇਹ ਹੈ ਕਿ ਪੰਜਾਬ ਦੇ ਦੇਸੀ ਮਜ਼ਦੂਰ ਪਰਿਵਾਰਾਂ ਨੂੰ ਕੰਮ ਮਿਲਣ ਲੱਗਾ ਹੈ ਅਤੇ ਉਨ੍ਹਾਂ ਨੂੰ ਕੰਮ ਦੇ ਪੈਸੇ ਵੀ ਜ਼ਿਆਦਾ ਮਿਲਣ ਲੱਗੇ ਹਨ।

ਖੇਤੀਬਾੜੀ ਮਾਹਰਾਂ ਵਲੋਂ ਇਕੱਤਰ ਅੰਕੜਿਆਂ ਅਨੁਸਾਰ ਜ਼ਿਲ੍ਹਾ ਗੁਰਦਾਸਪੁਰ 'ਚ ਕੁੱਲ ਤਿੰਨ ਲੱਖ ਪੰਜਾਹ ਹਜ਼ਾਰ ਹੈਕਟੇਅਰ ਦੇ ਕਰੀਬ ਰਕਬਾ ਹੈ। ਇਸ ਵਿਚੋਂ 1 ਲੱਖ 91 ਹਜ਼ਾਰ ਹੈਕਟੇਅਰ ਦੇ ਕਰੀਬ ਰਕਬਾ ਝੋਨੇ ਦੀ ਬਿਜਾਈ ਹੇਠ ਆਉਂਦਾ ਅਤੇ ਝੋਨੇ ਦੀ ਲੁਆਈ ਲਈ ਕਰੀਬ 10 ਹਜ਼ਾਰ ਦੇ ਕਰੀਬ ਖੇਤ ਮਜ਼ਦੂਰਾਂ ਦੀ ਜ਼ਰੂਰਤ ਪੈਂਦੀ ਹੈ। ਜਦ ਕਿ ਇਸ ਵਾਰ ਝੋਨੇ ਦਾ ਸੀਜ਼ਨ ਸ਼ੁਰੂ ਹੋਣ ਤੋਂ ਲੈ ਕੇ ਹੁਣ ਤਕ ਬਾਹਰੀ ਸੂਬਿਆਂ ਤੋਂ ਆਉਣ ਵਾਲੇ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਨਾਮਾਤਰ ਹੈ।

ਇਸਦਾ ਮੁੱਖ ਕਾਰਨ ਕੇਂਦਰ ਸਰਕਾਰ ਵਲੋਂ ਵੱਖ-ਵੱਖ ਸੂਬਿਆਂ ਵਿਚ ਪਿੰਡ ਪੱਧਰ 'ਤੇ ਸ਼ੁਰੂ ਕੀਤੀ ਗਈ ਨਰੇਗਾ ਸਕੀਮ ਅਧੀਨ ਹੋ ਰਹੇ ਕੰਮਾਂ ਦੌਰਾਨ ਮਿਲੇ ਰੋਜ਼ਗਾਰ ਨੂੰ ਮੰਨਿਆ ਜਾ ਰਿਹਾ ਹੈ। ਇਸੇ ਕਾਰਨ ਮਾਝੇ ਦੀਆਂ ਦਲਿਤ ਬਰਾਦਰੀਆਂ ਅਤੇ ਛੋਟੇ ਕਿਸਾਨ ਮਜ਼ਦੂਰਾਂ ਵਲੋਂ ਆਪਣੇ ਪਰਿਵਾਰਾਂ ਸਮੇਤ ਝੋਨੇ ਦੀ ਲਵਾਈ ਕੀਤੀ ਜਾ ਰਹੀ ਹੈ।

ਕਿਉਂਕਿ ਝੋਨੇ ਦੀ ਲੁਆਈ ਦਾ ਪਿਛਲੇ ਸਾਲ ਪ੍ਰਤੀ ਏਕੜ ਰੇਟ 1000 ਰੁਪਏ ਤੋਂ 1200 ਰੁਪਏ ਸੀ ਪਰ ਪਰਵਾਸੀ ਮਜ਼ਦੂਰਾਂ ਦੀ ਕਿਲਤ ਕਾਰਨ ਹੁਣ ਇਹ ਰੇਟ 1500 ਰੁਪਏ ਤੋਂ ਲੈ ਕੇ 2000 ਰੁਪਏ ਤੱਕ ਪਹੁੰਚ ਚੁੱਕਾ ਹੈ। ਪਰੰਤੂ ਇਸ ਦੇ ਬਾਵਜੂਦ ਕਿਸਾਨ ਇਨ੍ਹਾਂ ਮਜ਼ਦੂਰਾਂ ਕੋਲੋਂ ਆਪਣੇ ਝੋਨੇ ਦੀ ਲੁਆਈ ਲਈ ਤਰਲੇ ਕੱਢ ਰਹੇ ਹਨ।

ਇਸ ਮੌਕੇ 'ਤੇ ਝੋਨੇ ਦੀ ਬਿਜਾਈ ਕਰ ਰਹੀਆਂ ਔਰਤਾਂ ਨੇ ਦੱਸਿਆ ਕਿ ਇਸ ਵਾਰ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਘੱਟ ਆਉਣ ਕਾਰਨ ਪਿੰਡਾਂ ਦੇ ਕਿਸਾਨ ਉਨ੍ਹਾਂ ਕੋਲੋਂ ਪਹਿਲ ਦੇ ਆਧਾਰ 'ਤੇ ਝੋਨੇ ਦੀ ਲੁਆਈ ਕਰਾ ਰਹੇ ਹਨ ਜਿਸ ਕਾਰਨ ਉਨ੍ਹਾਂ ਨੂੰ ਆਪਣੇ ਪਰਿਵਾਰ ਸਮੇਤ ਕੰਮ ਕਰਕੇ ਚੋਖੀ ਕਮਾਈ ਹੋ ਰਹੀ ਹੈ

ਪਾਣੀ ਦੀ ਭਾਰੀ ਕਿੱਲਤ ਦੇ ਚਲਦਿਆਂ ਸਰਹੱਦੀ ਖੇਤਰ ਦੇ ਸੈਂਕੜੇ ਪਿੰਡਾਂ ਦੇ ਕਿਸਾਨਾਂ ਦੀ ਝੋਨੇ ਦੀ ਪਨੀਰੀ ਸੁੱਕ ਜਾਣ ਕਾਰਨ ਛੋਟੀ ਕਿਸਾਨੀ ਲਈ ਨਵੀਂ ਮੁਸੀਬਤ ਪੈਦਾ ਹੋ ਗਈ ਹੈ। ਇਸ ਦੇ ਨਾਲ ਹੀ ਛੋਟੇ ਨਾਲਿਆਂ, ਦਰਿਆਵਾਂ ਅਤੇ ਰਜਬਾਹਿਆਂ ਵਿਚ ਲੋੜੀਂਦਾ ਪਾਣੀ ਨਾ ਪਹੁੰਚਣ ਕਾਰਨ ਲੱਗੇ ਝੋਨੇ ਦੇ ਪੂਰੀ ਤਰ੍ਹਾਂ ਪ੍ਰਫੁਲਤ ਨਾ ਹੋਣ ਅਤੇ ਅਗਾਂਹ ਝੋਨੇ ਦੀ ਲੁਆਈ ਦੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਵਾਲੀਆਂ ਸੰਭਾਵਨਾਵਾਂ ਬਣਦੀਆਂ ਨਜ਼ਰ ਆ ਰਹੀਆਂ ਹਨ।

ਸਰਹੱਦੀ ਖੇਤਰ ਦੇ ਸੈਂਕੜੇ ਪਿੰਡਾਂ ਦੇ ਕਿਸਾਨਾਂ ਦੀ ਝੋਨੇ ਦੀ ਪਨੀਰੀ ਉਪਰੋਂ ਸੁੱਕ ਗਈ ਹੈ। ਖੇਤੀਬਾੜੀ ਵਿਭਾਗ ਦੇ ਸੂਤਰਾਂ ਮੁਤਾਬਕ ਪਾਣੀ ਪੂਰਾ ਨਾ ਮਿਲਣ ਕਾਰਨ ਅਤੇ ਮੌਸਮ ਦੇ ਵਿਗੜਦੇ ਮਿਜ਼ਾਜ ਕਾਰਨ ਇਹ ਪਨੀਰੀ ਫੰਗਸ ਰੋਗ ਦਾ ਸ਼ਿਕਾਰ ਹੋ ਗਈ ਹੈ। ਚਿੰਤਾ ਦੀ ਗੱਲ ਇਹ ਹੈ ਕਿ ਜੇਕਰ ਇਹ ਕਿਸਾਨ ਦੁਬਾਰਾ ਪਨੀਰੀ ਬੀਜਦੇ ਹਨ ਤਾਂ ਝੋਨੇ ਦੀ ਲੁਆਈ ਸਮੇਂ ਸਿਰ ਸੰਭਵ ਨਹੀਂ ਹੋਵੇਗੀ। ਇਸ ਲਈ ਕੁਝ ਕਿਸਾਨ ਜੰਮੂ ਕਸ਼ਮੀਰ ਦੇ ਜ਼ਿਲ੍ਹਾ ਕਠੂਆ ਤੋਂ ਪਨੀਰੀ ਦਾ ਇੰਤਜ਼ਾਮ ਕਰਨ ਬਾਰੇ ਸੋਚ ਰਹੇ ਹਨ। ਕੁਝ ਅਸਰ ਰਸੂਖ ਵਾਲੇ ਕਿਸਾਨ ਇਕ ਦੂਜੇ ਤੋਂ ਗੁਜ਼ਾਰੇ ਮੁਤਾਬਕ ਪਨੀਰੀ ਮੰਗ ਕੇ ਡੰਗ ਟਪਾ ਰਹੇ ਹਨ।

ਇਸ ਤਰ੍ਹਾਂ ਪਾਣੀ ਦੇ ਸੰਕਟ ਨੇ ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਤੋਂ ਪਹਿਲਾਂ ਹੀ ਤਬਾਹੀ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਜੇਕਰ ਬਿਜਲੀ ਵਿਭਾਗ ਵਲੋਂ ਪੂਰੀ ਬਿਜਲੀ ਦਿੱਤੀ ਜਾਂਦੀ ਤਾਂ ਇਸ ਸੰਕਟ ਤੋਂ ਛੁਟਕਾਰਾ ਪਾਇਆ ਜਾ ਸਕਦਾ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਭਾਰਤ ਨੇ ਮੁੰਬਈ ਹਮਲਿਆਂ ਦੇ ਮਾਮਲੇ 'ਚ ਪਾਕਿਸਤਾਨ ਨੂੰ ਕਾਰਵਾਈ ਲਈ ਕਿਹਾ

**ਦਿੱਲੀ :** ਭਾਰਤ-ਪਾਕਿ ਵਿਚਾਲੇ ਦੋ ਧਿਰੀ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਹੋਣ ਤੋਂ ਪਹਿਲਾਂ ਭਾਰਤ ਨੇ ਮੰਗ ਕੀਤੀ ਕਿ ਪਾਕਿਸਤਾਨ ਮੁੰਬਈ ਹਮਲਿਆਂ ਦੇ ਮਾਮਲੇ 'ਚ ਭਰੋਸੇਯੋਗ ਕਾਰਵਾਈ ਕਰੇ।

ਵਿਦੇਸ਼ ਸਕੱਤਰ ਨਿਰੂਪਮਾ ਰਾਓ ਨੇ ਕਿਹਾ ਕਿ ਇਸ ਮੁੱਦੇ 'ਤੇ ਰਾਸ਼ਟਰ ਦੀਆਂ ਚਿੰਤਾਵਾਂ 'ਤੇ ਧਿਆਨ ਦਿੱਤਾ ਜਾਣਾ ਗੁਆਂਢੀ ਦੇਸ਼ ਦੇ ਨਾਲ ਹੋਣ ਵਾਲੀ ਗੱਲਬਾਤ ਦਾ ਹਿੱਸਾ ਰਹੇਗਾ। ਉਨ੍ਹਾਂ ਕਿਹਾ ਕਿ ਭਾਰਤ ਇਸ ਗੱਲ 'ਤੇ ਜ਼ੋਰ ਦੇ ਰਿਹਾ ਹੈ ਕਿ ਪਾਕਿ ਮੁੰਬਈ ਹਮਲਿਆਂ 'ਚ ਸ਼ਾਮਲ ਦਹਿਸ਼ਤਗਰਦਾਂ ਖ਼ਿਲਾਫ਼ ਸੌਂਪੇ ਗਏ ਸਬੂਤਾਂ ਦੇ ਆਧਾਰ 'ਤੇ ਭਰੋਸੇਯੋਗ ਕਾਰਵਾਈ ਕਰੇ। ਜ਼ਿਕਰਯੋਗ ਹੈ ਕਿ ਨਿਰੂਪਮਾ ਰਾਓ ਪਾਕਿਸਤਾਨੀ ਵਿਦੇਸ਼ ਸਕੱਤਰ ਨਾਲ ਗੱਲਬਾਤ ਕਰਨ ਲਈ ਬੀਤੀ 23 ਜੂਨ ਨੂੰ ਰਵਾਨਾ ਹੋਏ। ਸਰਹੱਦ ਪਾਰ ਤੋਂ ਜੰਗਬੰਦੀ ਦੀ ਉਲੰਘਣਾ ਵਰਗੀਆਂ ਘਟਨਾਵਾਂ ਨੂੰ ਨਿਰੂਪਮਾ ਰਾਓ ਨੇ ਮੰਦਭਾਗੀਆਂ ਅਤੇ ਗੰਭੀਰ ਕਰਾਰ ਦਿੱਤਾ।

ਇਸ ਤੋਂ ਪਹਿਲਾਂ ਬੀਤੀ 21 ਜੂਨ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੇ ਕਿਹਾ ਕਿ ਦੋਹਾਂ ਦੇਸ਼ਾਂ ਨੂੰ ਅਹਿਮ ਮੁੱਦੇ ਨਜਿੱਠਣ ਲਈ ਗੱਲਬਾਤ ਨੂੰ ਅੱਗੇ ਤੋਰਨਾ ਚਾਹੀਦਾ ਹੈ, ਕਿਉਂਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ। ਪਾਕਿ ਪ੍ਰਧਾਨ ਮੰਤਰੀ ਨੇ ਕਿਹਾ ਕਿ ਦੋਹਾਂ ਦੇਸ਼ਾਂ ਲਈ ਜੰਗ ਖ਼ਤਰਨਾਕ ਹੈ ਕਿਉਂਕਿ ਇਹ ਦੇਸ਼ ਗ਼ਰੀਬੀ, ਬੇਰੁਜ਼ਗਾਰੀ ਤੇ ਦਹਿਸ਼ਤਵਾਦ ਵਰਗੀਆਂ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਜਨਾਬ ਗਿਲਾਨੀ ਨੇ ਕਿਹਾ ਕਿ ਲੰਘੇ ਐਤਵਾਰ ਮੈਨੂੰ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਲਿਖਿਆ ਇਕ ਪੱਤਰ ਮਿਲਿਆ, ਜਿਸ ਵਿਚ ਉਨ੍ਹਾਂ ਪਹਿਲਾਂ ਦੀ ਤਰਜ਼ 'ਤੇ ਗੱਲਬਾਤ ਜਾਰੀ ਰੱਖਣ ਦੀ ਗੱਲ ਕਹੀ ਹੈ।

*Visit us on the web:*
***punjabtimesusa.com***

# ਪੰਜਾਬ 'ਚ ਹੁਣ ਕਤਲਾਂ, ਡਾਕਿਆਂ ਤੇ ਸੰਨ੍ਹਾਂ ਦਾ ਬੋਲਬਾਲਾ

### *ਪੁਲਿਸ ਦੀ ਨਰਮੀ, ਲੁਟੇਰਿਆਂ ਦੀ ਸਰਗਰਮੀ *30 ਫ਼ੀਸਦੀ ਮਾਮਲਿਆਂ 'ਚ ਹੀ ਮਿਲਦੀ ਹੈ ਸਜ਼ਾ

**ਪਠਾਨਕੋਟ:** ਭਾਵੇਂ ਸਰਕਾਰ ਨੇ ਲੁੱਟਮਾਰ ਲਈ ਕਾਨੂੰਨ ਦੇ ਢਿੱਲੇ ਪੇਚਾਂ ਨੂੰ ਕਸ ਕੇ ਸਸਤੀ ਸ਼ੋਹਰਤ ਹਾਸਲ ਕਰਨ ਵਾਲਾ ਸਿਆਸੀ ਕਦਮ ਪੁੱਟਿਆ ਹੈ, ਪਰ ਕਤਲਾਂ, ਡਾਕਿਆਂ, ਸੰਨ੍ਹਾਂ ਅਤੇ ਅਗਵਾ ਕਰਨ ਵਾਲੇ ਕੇਸਾਂ ਵਿਚ ਕੋਈ ਕਮੀ ਨਹੀਂ ਆਈ। ਨਾ ਤਾਂ ਪੁਲਿਸ ਅਪਰਾਧੀ ਮਾਨਸਿਕਤਾ ਵਾਲੇ ਲੋਕਾਂ ਵਿਚ ਕਾਨੂੰਨ ਦਾ ਖੌਫ਼ ਹੀ ਪੈਦਾ ਕਰਨ ਵਿਚ ਸਫ਼ਲ ਹੋਈ ਹੈ ਅਤੇ ਨਾ ਹੀ ਸਰਕਾਰੀ ਨੀਤੀਆਂ ਲੋਕਾਂ ਦਾ ਕਾਨੂੰਨ 'ਚ ਵਿਸ਼ਵਾਸ ਪੈਦਾ ਕਰਨ ਵਿਚ ਕਾਮਯਾਬ ਹੋਈਆਂ ਹਨ। ਪਿਛਲੇ 25 ਸਾਲਾਂ ਤੋਂ ਇੱਥੇ 'ਹਨੇਰ ਨਗਰੀ ਚੌਪਟ ਰਾਜਾ, ਟਕੇ ਸਿਰ ਭਾਜੀ, ਟਕੇ ਸਿਰ ਖਾਜਾ' ਵਾਲਾ ਆਲਮ ਬਣਿਆ ਹੋਇਆ ਹੈ।

ਉਪਲਬਧ ਪੁਲਿਸ ਰਿਕਾਰਡ ਮੁਤਾਬਕ 1970 ਵਿਚ ਕੁੱਲ 574 ਕਤਲ ਹੋਏ ਸਨ, ਜੋ 1980 ਵਿਚ ਵਧ ਕੇ 620 ਤੱਕ ਜਾ ਪਹੁੰਚੇ। ਖਾੜਕੂ ਲਹਿਰ ਦੌਰਾਨ ਅਰਥਾਤ 1990 ਵਿਚ ਇਨ੍ਹਾਂ ਕਤਲਾਂ ਵਿਚ ਬੇਤਹਾਸ਼ਾ ਵਾਧਾ ਹੋਇਆ ਤੇ ਇਹ ਕਤਲ 2813 ਤਕ ਪਹੁੰਚ ਗਏ। 2000 ਵਿਚ ਇਨ੍ਹਾਂ ਦੀ ਗਿਣਤੀ 797 ਸੀ, ਜਿਹੜੀ 2008 ਵਿਚ 769 ਰਹਿ ਗਈ। ਇਹ ਰੁਝਾਨ ਇਸੇ ਤਰ੍ਹਾਂ ਜਾਰੀ ਹੈ।

ਕਤਲ ਵਰਗੇ ਸੰਗੀਨ ਜ਼ੁਰਮਾਂ ਵਿਚ ਵੀ ਪੁਲਿਸ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿਚ ਵੱਡੇ ਪੱਧਰ 'ਤੇ ਨਾਕਾਮ ਰਹੀ ਹੈ। 1970 ਵਿਚ 62 ਫ਼ੀਸਦੀ ਕੇਸਾਂ ਵਿਚ ਸਜ਼ਾ ਹੋਈ। ਖਾੜਕੂ ਲਹਿਰ ਦੌਰਾਨ ਇਹ ਦਰ ਸਿਰਫ਼ 26 ਫੀਸਦੀ ਹੀ ਰਹਿ ਗਈ। ਅੱਜਕੱਲ੍ਹ ਇਹ ਦਰ 48 ਫ਼ੀਸਦੀ ਚਲ ਰਹੀ ਹੈ।

ਪੁਲਿਸ ਸੂਤਰਾਂ ਮੁਤਾਬਕ ਸਿਆਸੀ ਦਖਲ ਕਾਰਨ ਵਧੇਰੇ ਕੇਸਾਂ ਵਿਚ ਪੁਲਿਸ ਨੂੰ ਬੇਅਸਰ ਕੀਤਾ ਜਾਂਦਾ ਹੈ, ਬਰੀ ਹੋਣ ਵਾਲੇ ਵਧੇਰੇ ਕੇਸਾਂ ਵਿਚ ਸਿਆਸੀ ਲੀਡਰਾਂ ਨਾਲ ਜੁੜੇ ਅਪਰਾਧੀ ਸ਼ਾਮਲ ਹੁੰਦੇ ਹਨ। ਸੰਨ੍ਹਾਂ ਲਾਉਣ, ਚੋਰੀਆਂ ਕਰਨ ਅਤੇ ਲੋਕਾਂ ਨੂੰ ਅਗਵਾ ਕਰਨ ਦੇ ਰੁਝਾਨ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਨਕਸਲੀਆਂ ਦੇ ਪ੍ਰਭਾਵ ਕਾਰਨ 1970 ਵਿਚ ਅਗਵਾ ਕਰਨ ਦੀਆਂ ਵਾਰਦਾਤਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਸੀ। ਇਸ ਸਮੇਂ ਦੌਰਾਨ ਅਜਿਹੇ 301 ਮਾਮਲੇ ਸਾਹਮਣੇ ਆਏ। 1990 ਤੋਂ ਬਾਅਦ ਅਗਵਾ ਕਰਨ ਦੀਆਂ ਘਟਨਾਵਾਂ ਵਿਚ ਹੈਰਾਨੀਜਨਕ ਦਰ ਨਾਲ ਵਾਧਾ ਹੋਇਆ। 2000 ਵਿਚ 464, 2007 ਵਿਚ 760, ਜਦੋਂ ਕਿ 2008 ਵਿਚ 718 ਮਾਮਲੇ ਅਗਵਾ ਕਰਨ ਦੇ ਸਾਹਮਣੇ ਆਏ।

ਇਥੇ ਧਿਆਨ ਦੇਣ ਯੋਗ ਹੈ ਕਿ ਅਕਾਲੀਆਂ ਦੇ ਸੱਤਾ ਵਿਚ ਆਉਣ ਸਾਰ ਹੀ ਅਗਵਾ ਕਰਨ ਦੇ ਮਾਮਲਿਆਂ ਵਿਚ ਬੜੀ ਤੇਜ਼ੀ ਨਾਲ ਵਾਧਾ ਹੋਇਆ। ਅਜਿਹੇ ਮਾਮਲਿਆਂ ਵਿਚ ਪੁਲਿਸ ਦੀ ਕਾਰਗੁਜ਼ਾਰੀ ਬੜੀ ਹੈਰਾਨ ਕਰਨ ਵਾਲੀ ਹੈ। 1970 ਵਿਚ 33 ਫ਼ੀਸਦੀ ਕੇਸਾਂ ਵਿਚ ਪੁਲਿਸ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿਚ ਕਾਮਯਾਬ ਹੁੰਦੀ ਸੀ, ਜਦਕਿ 2008 ਵਿਚ ਇਹ ਦਰ ਸਿਰਫ਼ 20 ਫ਼ੀਸਦੀ ਰਹਿ ਗਈ। ਪੁਲਿਸ ਜਾਂਚ ਦੀ ਸਥਿਤੀ ਵੀ ਸੰਤੋਸ਼ਜਨਕ ਨਹੀਂ ਹੈ। 2007 ਵਿਚ ਅਜਿਹੇ 760 ਮਾਮਲੇ ਸਾਹਮਣੇ ਆਏ, ਜਦੋਂ ਕਿ 2008 ਵਿਚ 718 ਮਾਮਲੇ ਦਰਜ ਕੀਤੇ ਗਏ। 2008 ਵਿਚ ਜਾਂਚ ਲਈ 514 ਕੇਸ ਪੈਂਡਿੰਗ ਸਨ। ਅਖ਼ੀਰਲੇ ਮਹੀਨਿਆਂ ਤੱਕ ਜਾਂਚ 518 ਕੇਸਾਂ ਦੀ ਹੋਈ ਅਰਥਾਤ ਸਿਰਫ਼ 4 ਨਵੇਂ ਕੇਸਾਂ ਦੀ ਜਾਂਚ ਸ਼ੁਰੂ ਹੋਈ, ਬਾਕੀ 714 ਮਾਮਲੇ ਅਗਲੇ ਸਾਲ ਲਈ ਲਟਕਦੇ ਰਹਿ ਗਏ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਜਿਨ੍ਹਾਂ ਖੇਤਰਾਂ ਵਿਚ ਸਿਆਸੀ ਆਗੂ ਸਰਗਰਮ ਸਨ ਜਾਂ ਜਿੱਥੇ-ਜਿੱਥੇ ਨਕਸਲੀ ਜਾਂ ਖਾੜਕੂ ਸਰਗਰਮ ਰਹੇ ਹਨ, ਉਥੇ-ਉਥੇ ਹੁਣ ਵੀ ਕਤਲ ਅਤੇ ਅਗਵਾ ਕਰਨ ਦੀਆਂ ਘਟਨਾਵਾਂ ਵਧੇਰੇ ਹੋ ਰਹੀਆਂ ਹਨ। ਮਿਸਾਲ ਦੇ ਤੌਰ 'ਤੇ ਜਲੰਧਰ ਰੇਂਜ ਪੁਲਿਸ ਖੇਤਰ ਵਿਚ ਕੁੱਲ 718 ਕੇਸਾਂ (2008) ਵਿਚੋਂ ਸਭ ਤੋਂ ਵਧ 162 ਕੇਸ ਦਰਜ ਕੀਤੇ ਗਏ। ਕੁੱਲ 769 ਕਤਲਾਂ ਵਿਚੋਂ ਸਭ ਤੋਂ ਵਧ ਕੇਸ ਫਿਰੋਜ਼ਪੁਰ ਮੰਡਲ ਵਿਚ ਦਰਜ ਕੀਤੇ ਗਏ, ਇੱਥੇ 152 ਕੇਸ ਦਰਜ ਕੀਤੇ ਗਏ।

ਲੁਧਿਆਣਾ ਮੰਡਲ ਵਿਚ 166, ਜਦੋਂ ਕਿ ਬਾਰਡਰ ਰੇਂਜ ਵਿਚ ਅਗਵਾ ਦੇ 138 ਕੇਸ ਦਰਜ ਕੀਤੇ ਗਏ। ਕਤਲਾਂ ਦੇ ਮਾਮਲੇ ਵਿਚ ਪਟਿਆਲਾ ਮੰਡਲ ਦੂਜੇ ਨੰਬਰ 'ਤੇ ਹੈ ਅਰਥਾਤ 151 ਮਾਮਲੇ ਇੱਥੇ ਦਰਜ ਕੀਤੇ ਗਏ। ਜਲੰਧਰ ਰੇਂਜ ਵਿਚ 1489, ਬਾਰਡਰ ਰੇਂਜ ਵਿਚ 140, ਜਦੋਂ ਕਿ ਲੁਧਿਆਣਾ ਮੰਡਲ ਵਿਚ 119 ਕਤਲ ਕੇਸ ਰਿਪੋਰਟ ਕੀਤੇ ਗਏ। ਇਸੇ ਤਰ੍ਹਾਂ ਸੰਨ੍ਹਾਂ ਲਾਉਣ ਤੇ ਚੋਰੀਆਂ ਕਰਨ ਦੇ ਮਾਮਲੇ ਬੜੀ ਤੇਜ਼ੀ ਨਾਲ ਵਧ ਰਹੇ ਹਨ। 1980 ਵਿਚ 1207 ਕੇਸ ਸੰਨ੍ਹਾਂ ਲਾਉਣ ਦੇ ਸਾਹਮਣੇ ਆਏ ਸਨ, ਜਿਹੜੇ 2006 ਵਿਚ ਵਧ ਕੇ 2277 ਹੋ ਗਏ ਅਤੇ 2008 ਵਿਚ ਇਨ੍ਹਾਂ ਦੀ ਗਿਣਤੀ 2621 ਹੋ ਗਈ ਹੈ। ਇਸੇ ਤਰ੍ਹਾਂ ਚੋਰੀ ਦੀਆਂ ਘਟਨਾਵਾਂ ਵਿਚ ਵੀ ਲਗਭਗ 60 ਪ੍ਰਤੀਸ਼ਤ ਦੀ ਦਰ ਨਾਲ ਵਾਧਾ ਹੋਇਆ ਹੈ।

1980 ਵਿਚ 2300 ਦੇ ਲਗਭਗ ਕੇਸ ਚੋਰੀ ਦੇ ਸਾਹਮਣੇ ਆਏ ਸਨ। ਅਕਾਲੀ ਸਰਕਾਰ ਦੇ ਆਉਂਦਿਆਂ ਇਨ੍ਹਾਂ ਦੀ ਗਿਣਤੀ 3900 ਤੋਂ ਇਕਦਮ ਵਧ ਕੇ 5173 ਤਕ ਪਹੁੰਚ ਗਈ। 2008 ਵਿਚ ਚੋਰੀ ਦੇ ਕੇਸਾਂ ਦੀ ਗਿਣਤੀ 5563 ਹੋ ਗਈ। ਇਸੇ ਤਰ੍ਹਾਂ ਜਾਅਲੀ ਕਰੰਸੀ ਬਣਾਉਣ ਦੇ ਕੇਸਾਂ ਵਿਚ ਵੀ ਬੜੀ ਤੇਜ਼ੀ ਨਾਲ ਵਾਧਾ ਹੋਇਆ ਹੈ। 1980 ਵਿਚ ਜਿੱਥੇ 3 ਮਾਮਲੇ ਦਰਜ ਕੀਤੇ ਗਏ। 2006 ਵਿਚ ਇਨ੍ਹਾਂ ਦੀ ਗਿਣਤੀ 77, ਜਦੋਂ ਕਿ 2008 ਵਿਚ ਜਾਅਲੀ ਕਰੰਸੀ ਬਣਾਉਣ ਦੇ 78 ਮਾਮਲੇ ਸਾਹਮਣੇ ਆਏ।

ਅਜਿਹਾ ਨਹੀਂ ਹੈ ਕਿ ਜਿਨ੍ਹਾਂ ਖੇਤਰਾਂ ਵਿਚ ਵਧੇਰੇ ਸੰਗੀਨ ਜੁਰਮ ਹੋ ਰਹੇ ਹਨ, ਉਥੇ ਥਾਣਿਆਂ ਦੀ ਗਿਣਤੀ ਘੱਟ ਹੈ। ਥਾਣਿਆਂ ਦੀ ਗਿਣਤੀ ਨੂੰ ਸੰਤੋਸ਼ਜਨਕ ਕਿਹਾ ਜਾ ਸਕਦਾ ਹੈ। ਮਿਸਾਲ ਦੇ ਤੌਰ 'ਤੇ ਬਾਰਡਰ ਰੇਂਜ ਵਿਚ 60 ਪੁਲਿਸ ਥਾਣੇ ਅਤੇ 41 ਪੁਲਿਸ ਚੌਕੀਆਂ ਹਨ। ਜਲੰਧਰ ਰੇਂਜ ਵਿਚ 59 ਪੁਲਿਸ ਸਟੇਸ਼ਨ ਅਤੇ 23 ਪੁਲਿਸ ਚੌਕੀਆਂ ਹਨ। ਲੁਧਿਆਣਾ ਮੰਡਲ ਵਿਚ 32 ਪੁਲਿਸ ਸਟੇਸ਼ਨ, ਜਦੋਂ ਕਿ 09 ਪੁਲਿਸ ਚੌਕੀਆਂ ਹਨ। ਫਿਰੋਜ਼ਪੁਰ ਮੰਡਲ ਵਿਚ 60 ਪੁਲਿਸ ਸਟੇਸ਼ਨ ਜਦੋਂ ਕਿ 29 ਪੁਲਿਸ ਚੌਕੀਆਂ ਹਨ। ਇਸ ਵੇਲੇ ਕੁਝ ਹੋਰ ਥਾਣਿਆਂ ਦੀ ਗਿਣਤੀ ਵਧਾਉਣ ਅਤੇ ਕੁਝ ਪੁਲਿਸ ਚੌਕੀਆਂ ਨੂੰ ਪੁਲਿਸ ਸਟੇਸ਼ਨਾਂ ਵਿਚ ਬਦਲਣ 'ਤੇ ਵਿਚਾਰ ਹੋ ਰਿਹਾ ਹੈ।

ਪੁਲਿਸ ਫੋਰਸ ਦੀ ਗਿਣਤੀ ਦੇ ਲਿਹਾਜ ਨਾਲ ਵੀ ਇਸ ਵਿਚ ਬੜੀ ਤੇਜ਼ੀ ਨਾਲ ਵਾਧਾ ਹੋਇਆ ਹੈ। ਪੰਜਾਬ ਪੱਧਰ ਦੇ ਅਧਿਕਾਰੀਆਂ ਦੀ ਗਿਣਤੀ ਵਿਚ ਲਗਭਗ 7 ਗੁਣਾਂ ਵਾਧਾ ਕੀਤਾ ਗਿਆ ਹੈ। 1980 ਵਿਚ ਪੰਜਾਬ ਵਿਚ ਡਾਇਰੈਕਟਰ ਜਨਰਲ, ਐਡੀਸ਼ਨਲ ਡਾਇਰੈਕਟਰ ਜਨਰਲ, ਇੰਸਪੈਕਟਰ ਜਨਰਲ ਰੈਂਕ ਦੇ 7 ਅਧਿਕਾਰੀ ਸਨ, ਜਿਹੜੇ ਖਾੜਕੂ ਲਹਿਰ ਦੌਰਾਨ ਵਧ ਕੇ 27 ਹੋ ਗਏ। ਖਾੜਕੂ ਲਹਿਰ ਖ਼ਤਮ ਹੋਣ ਤੋਂ ਬਾਅਦ ਇਨ੍ਹਾਂ ਦੀ ਗਿਣਤੀ ਲਗਭਗ 48 ਪ੍ਰਤੀਸ਼ਤ ਵਧਕੇ 52 'ਤੇ ਪਹੁੰਚ ਗਈ, ਜਦਕਿ 2009 ਵਿਚ ਇਨ੍ਹਾਂ ਦੀ ਗਿਣਤੀ 45 ਸੀ। ਐਸ ਪੀ ਤੇ ਐਸ ਐਸ ਪੀ ਰੈਂਕ ਦੇ ਅਧਿਕਾਰੀ 1980 ਵਿਚ 196 ਸਨ। 1990 ਵਿਚ 400 ਹੋਏ, 2009 ਵਿਚ 402 ਤਕ ਪਹੁੰਚ ਗਏ। ਇਸੇ ਤਰ੍ਹਾਂ ਬਾਕੀ ਅਧਿਕਾਰੀਆਂ ਦੀ ਗਿਣਤੀ ਵਿਚ ਵੀ ਲਗਭਗ 65 ਪ੍ਰਤੀਸ਼ਤ ਵਾਧਾ ਹੋਇਆ ਹੈ, ਜਿਹੜੇ ਖਾੜਕੂ ਲਹਿਰ ਦੌਰਾਨ ਪੰਜਾਬ ਵਿਚ ਡੈਪੂਟੇਸ਼ਨ 'ਤੇ ਆਏ ਸਨ। ਉਨ੍ਹਾਂ ਨੂੰ ਵਾਪਸ ਨਹੀਂ ਭੇਜਿਆ ਗਿਆ। ਇਸ ਦੇ ਬਾਵਜੂਦ ਸਥਿਤੀ ਵਿਚ ਕੋਈ ਸੁਧਾਰ ਆਉਂਦਾ ਦਿਖਾਈ ਨਹੀਂ ਦੇ ਰਿਹਾ।


ਇਕ ਹੋਰ ਰਿਪੋਰਟ ਅਨੁਸਾਰ ਪੰਜਾਬ ਸਰਕਾਰ ਨੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਨਕੇਲ ਪਾਉਣ ਲਈ ਭਾਵੇਂ ਭਾਰਤੀ ਦੰਡ ਕਾਨੂੰਨ ਨੂੰ ਹੋਰ ਸਖ਼ਤ ਬਣਾਉਣ ਦਾ ਫ਼ੈਸਲਾ ਕੀਤਾ ਹੈ, ਪਰ ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਦਾ ਰਿਕਾਰਡ ਇਸ ਗੱਲ ਦਾ ਗਵਾਹ ਹੈ ਕਿ ਪੁਲਿਸ ਦੀ ਚੁਸਤ-ਦਰੁਸਤ ਕਾਰਜ ਪ੍ਰਣਾਲੀ ਅਤੇ ਸਿਆਸੀ ਦਖ਼ਲਅੰਦਾਜ਼ੀ ਬੰਦ ਹੋਣ ਤੋਂ ਬਿਨਾਂ ਇਹ ਵਰਤਾਰਾ ਰੁਕਣ ਦੇ ਕੋਈ ਆਸਾਰ ਨਹੀਂ ਹਨ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

National Truck Driving School



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838



Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property
and for Loans in Sacramento area

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public

e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਪਿੰਡ ਬਾਦਲ ਦੇ ਰਸੂਖ ਵਾਲੇ ਪਰਿਵਾਰਾਂ ਨੇ ਬੁਢਾਪਾ ਪੈਨਸ਼ਨ ਲੁੱਟੀ

**ਡੱਬਵਾਲੀ:**ਪੰਜਾਬ ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਜੱਦੀ ਪਿੰਡ ਬਾਦਲ 'ਚ ਬੁਢਾਪਾ, ਵਿਧਵਾ, ਅੰਗਹੀਣ ਅਤੇ ਆਸ਼ਰਿਤ ਪੈਨਸ਼ਨਾਂ ਦੀ ਵੰਡ ਵਿਚ ਵੱਡੇ ਪੱਧਰ 'ਤੇ ਘਪਲੇਬਾਜ਼ੀ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਪਿੰਡ ਵਿਚ ਕਈ ਸਾਲ ਪਹਿਲਾਂ ਮਰੇ ਲੋਕਾਂ ਦੇ ਨਾਂ 'ਤੇ ਪੈਨਸ਼ਨ ਜਾਰੀ ਹੁੰਦੀ ਰਹੀ ਹੈ। ਪਿੰਡ ਦੇ ਬਹੁਤ ਸਾਰੇ ਪੈਨਸ਼ਨ ਧਾਰਕ ਅਜਿਹੇ ਵੀ ਹਨ, ਜਿਨ੍ਹਾਂ ਨੂੰ ਸ਼ਾਇਦ ਹੀ ਕਦੇ ਪੈਨਸ਼ਨ ਮਿਲੀ ਹੋਵੇ, ਪਰ ਰਿਕਾਰਡ ਵਿਚ ਉਨ੍ਹਾਂ ਨੂੰ ਪੈਨਸ਼ਨ ਲਗਾਤਾਰ ਦਿੱਤੀ ਜਾ ਰਹੀ ਹੈ। ਪਿੰਡ ਦੀ ਪੰਚਾਇਤ ਦੇ ਘੱਟ ਉਮਰ ਵਾਲੇ ਪੰਚ ਬੁਢਾਪਾ ਪੈਨਸ਼ਨ ਲੈ ਰਹੇ ਹਨ, ਜਦਕਿ ਪਿੰਡ ਦੇ ਅੰਗਹੀਣ ਬਜ਼ੁਰਗ ਤੇ ਬੇਸਹਾਰਾ ਲੋਕ ਪੈਨਸ਼ਨ ਤੋਂ ਵਾਂਝੇ ਹਨ।

ਪਿੰਡ ਬਾਦਲ ਵਿਚ ਪੈਨਸ਼ਨ ਦੀ ਵੰਡ 'ਚ ਘਪਲੇਬਾਜ਼ੀ ਦਾ ਇਹ ਮਾਮਲਾ ਦਲਜੀਤ ਸਿੰਘ ਪੁੱਤਰ ਸੂਰਜ ਪ੍ਰਕਾਸ਼ ਵਾਸੀ ਪਿੰਡ ਬਾਦਲ ਵਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਸਮਾਜਿਕ ਸੁਰੱਖਿਆ ਵਿਭਾਗ ਮੁਕਤਸਰ ਤੋਂ 1 ਅਪ੍ਰੈਲ 2008 ਤੋਂ 31 ਮਾਰਚ 2010 ਤਕ ਦੇ ਸਮੇਂ ਦੀ ਹਾਸਲ ਕੀਤੀ ਗਈ ਜਾਣਕਾਰੀ ਅਨੁਸਾਰ ਸਾਹਮਣੇ ਆਇਆ ਹੈ। ਇਸ ਤਹਿਤ ਪਿੰਡ ਬਾਦਲ ਜਿੱਥੇ 60 ਸਾਲ ਤੋਂ ਘੱਟ ਉਮਰ ਵਾਲੇ ਕਈ ਮੌਜੂਦਾ ਮੈਂਬਰ ਵੀ ਬੁਢਾਪਾ ਪੈਨਸ਼ਨ ਲੈ ਰਹੇ ਹਨ। ਦਲਜੀਤ ਸਿੰਘ ਵਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਵਿਚ ਪਿਛਲੇ ਸਮਿਆਂ ਦੌਰਾਨ ਮਰੇ ਲੋਕਾਂ ਦੀ ਪੈਨਸ਼ਨ ਵੀ ਕਈ-ਕਈ ਮਹੀਨੇ ਖਾਣ ਉਪਰੰਤ ਬੰਦ ਕੀਤੀ ਜਾਂਦੀ ਹੈ। ਪਿੰਡ ਦੇ 9 ਅਜਿਹੇ ਲੋਕ ਹਨ, ਜਿਨ੍ਹਾਂ ਦੀ ਮੌਤ ਉਪਰੰਤ ਕਈ-ਕਈ ਮਹੀਨਿਆਂ ਤਕ ਪੈਨਸ਼ਨ ਲਗਾਤਾਰ ਆਉਂਦੀ ਰਹੀ ਹੈ ਤੇ ਸਰਕਾਰੀ ਰਿਕਾਰਡ ਅਨੁਸਾਰ ਅੰਗੂਠਾ ਲਗਾ ਕੇ ਇਹ ਪੈਨਸ਼ਨ ਵੀ ਕਥਿਤ ਤੌਰ 'ਤੇ ਹੜੱਪੀ ਜਾਂਦੀ ਰਹੀ ਹੈ। ਅਮਰ ਨਾਥ ਪੁੱਤਰ ਤਾਰਾ ਚੰਦ ਦੀ 19 ਜੁਲਾਈ 2009 ਨੂੰ ਮੌਤ ਹੋ ਗਈ, ਜਦਕਿ ਸੂਚਨਾ ਅਧਿਕਾਰ ਕਾਨੂੰਨ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਮੁਤਾਬਕ ਉਸਦੀ ਪੈਨਸ਼ਨ 7 ਅਕਤੂਬਰ 2009 ਨੂੰ ਵੀ ਜਾਰੀ ਕੀਤੀ ਦਰਸਾਈ ਗਈ ਹੈ। ਇਸੇ ਤਰ੍ਹਾਂ ਮੁਹੰਮਦ ਸਦੀਕ ਪੁੱਤਰ ਮੋਹਨ ਖਾਨ ਦੀ 13 ਅਗਸਤ 2009 ਨੂੰ, ਰਾਮ ਚੰਦ ਪੁੱਤਰ ਰੌਸ਼ਨ ਲਾਲ ਦੀ 6 ਫਰਵਰੀ 2008 ਨੂੰ, ਪਨੂੰ ਖਾਨ ਪੁੱਤਰ ਸਜਾਖਲ ਖਾਨ ਦੀ 8 ਸਤੰਬਰ 2008, ਜੀਤੋ ਪੁੱਤਰੀ ਗੁਰਦੇਵ ਸਿੰਘ, ਜੋ ਅੰਗਹੀਣ ਸੀ, ਦੀ 3 ਜੂਨ 2009 ਨੂੰ ਮਰਨ ਉਪਰੰਤ ਵੀ ਕਾਗਜ਼ਾਂ ਵਿਚ ਪੈਨਸ਼ਨ ਮਿਲਦੀ ਰਹੀ। ਲਾਲ ਚੰਦ ਪੁੱਤਰ ਨੇਕ ਰਾਮ ਦੀ 4 ਦਸੰਬਰ 2008, ਗੁਰਮੀਤ ਕੌਰ ਪਤਨੀ ਸਰਦਾਰਾ ਸਿੰਘ ਦੀ 17 ਨਵੰਬਰ 2008 ਅਤੇ ਸੁਖਦੇਵ ਸਿੰਘ ਪਤਨੀ ਗੁਰਤੇਜ ਸਿੰਘ ਦੀ 29 ਦਸੰਬਰ 2008 ਵਿਚ ਮੌਤ ਹੋਈ ਸੀ, ਪਰ ਇਨ੍ਹਾਂ ਵਿਚੋਂ ਅਮਰ ਨਾਥ ਅਤੇ ਮੁਹੰਮਦ ਸਦੀਕ ਨੂੰ ਮਰਨ ਤੋਂ ਦੋ-ਦੋ ਮਹੀਨੇ ਬਾਅਦ ਪੈਨਸ਼ਨ ਜਾਰੀ ਹੁੰਦੀ ਰਹੀ। ਜਦਕਿ ਰਾਮ ਚੰਦ ਨੂੰ ਮਰਨ ਦੇ 8 ਮਹੀਨੇ ਬਾਅਦ ਤਕ ਪੈਨਸ਼ਨ ਮਿਲਦੀ ਰਹੀ। ਇਨ੍ਹਾਂ ਵਿਚ ਘਾਟੇ ਵਿਚ ਪਨੂੰ ਖਾਨ ਰਿਹਾ, ਜਿਸ ਨੂੰ ਮਰਨ ਉਪਰੰਤ ਸਿਰਫ਼ 1 ਮਹੀਨੇ ਦੀ ਪੈਨਸ਼ਨ ਹੀ ਹਾਸਲ ਹੋ ਸਕੀ। ਜਦਕਿ ਲਾਲ ਚੰਦ ਨੂੰ ਰਿਕਾਰਡ ਅਨੁਸਾਰ 5 ਮਹੀਨੇ ਪੈਨਸ਼ਨ ਮਿਲੀ। 1 ਜੂਨ 2008 ਨੂੰ ਸਵਰਗ ਸਿਧਾਰ ਚੁੱਕੀ ਭਗਵਾਨ ਕੌਰ ਪਤਨੀ ਕਰਤਾਰ ਸਿੰਘ ਨੂੰ 31 ਮਾਰਚ 2010 ਤਕ 5 ਮਹੀਨੇ ਪੈਨਸ਼ਨ ਲਗਾਤਾਰ ਜਾਰੀ ਹੁੰਦੀ ਰਹੀ। ਪਿੰਡ ਦੇ ਚੌਕੀਦਾਰ ਨੇ ਵੀ ਉਕਤ ਮੌਤਾਂ ਬਾਰੇ ਪੁਸ਼ਟੀ ਕੀਤੀ ਹੈ।

ਇਸ ਪਿੰਡ ਦੀ ਪੰਚਾਇਤ ਦੇ ਘੱਟ ਉਮਰ ਦੇ ਨੁਮਾਇੰਦੇ ਵੀ ਬੁਢਾਪਾ ਪੈਨਸ਼ਨ ਦਾ ਸੁਖ ਮਾਣ ਰਹੇ ਹਨ। ਪਿੰਡ ਦੇ ਸੱਤਾ ਪੱਖ ਨਾਲ ਸਬੰਧਤ ਮੌਜੂਦਾ ਪੰਚ ਨੈਬ ਸਿੰਘ ਪੁੱਤਰ ਚੰਨਣ ਸਿੰਘ (ਪੀਐਲਏ ਨੰਬਰ 106850), ਗੁਰਦਰਸ਼ਨ ਸਿੰਘ ਪੁੱਤਰ ਮਿੱਠੂ ਸਿੰਘ (ਪੀਐਲਏ ਨੰਬਰ 106851) ਅਤੇ ਦੁਰਗਾ ਸਿੰਘ ਪੁੱਤਰ ਹਰੀ ਸਿੰਘ (ਪੀਐਲਏ ਨੰਬਰ 106860) ਨੂੰ 250-250 ਰੁਪਏ ਪ੍ਰਤੀ ਮਹੀਨਾ ਬੁਢਾਪਾ ਪੈਨਸ਼ਨ ਮਿਲ ਰਹੀ ਹੈ, ਜਦਕਿ ਪਿੰਡ ਦਾ 66 ਸਾਲਾ ਸਾਬਕਾ ਚੌਕੀਦਾਰ ਰਾਮ ਕਿਸ਼ਨ ਅਜੇ ਤਕ ਪੈਨਸ਼ਨ ਲਈ ਦਰ-ਦਰ ਭਟਕ ਰਿਹਾ ਹੈ। ਇਸੇ ਪਿੰਡ ਦੇ 40 ਫ਼ੀਸਦੀ ਅੰਗਹੀਣ ਛਿੰਦਰਪਾਲ ਪੁੱਤਰੀ ਕੌਰ ਚੰਦ ਨੂੰ ਵਾਰ-ਵਾਰ ਗੁਹਾਰ ਲਗਾਉਣ ਦੇ ਬਾਵਜੂਦ ਕਿਸੇ ਨੇ ਪੈਨਸ਼ਨ ਦੇਣ ਦੀ ਜ਼ਰੂਰਤ ਨਹੀਂ ਸਮਝੀ। ਇਹ ਵੀ ਵਿਚਾਰਨਯੋਗ ਮਾਮਲਾ ਹੈ ਕਿ ਉਕਤ ਪੰਚਾਂ ਵਲੋਂ ਹੋਰਾਂ ਨੂੰ ਪੈਨਸ਼ਨ ਵੰਡਣ ਸਮੇਂ ਆਪਣੇ ਦਸਤਖ਼ਤ ਕੀਤੇ ਗਏ ਹਨ, ਜਦੋਂਕਿ ਉਨ੍ਹਾਂ ਦੇ ਨਾਂ 'ਤੇ ਜਾਰੀ ਹੋਈ ਪੈਨਸ਼ਨ 'ਤੇ ਦਸਤਖ਼ਤਾਂ ਦੀ ਜਗ੍ਹਾ ਅੰਗੂਠੇ ਲਗਾਏ ਗਏ ਹਨ।

ਇਹ ਵੀ ਹੈਰਾਨੀਜਨਕ ਗੱਲ ਹੈ ਕਿ ਚਾਰ ਦਹਾਕਿਆਂ ਤੋਂ ਪੰਜਾਬ ਦੀ ਸਿਆਸਤ 'ਤੇ ਲਗਾਤਾਰ ਸਰਦਾਰੀ ਬਣਾਏ ਰੱਖਣ ਵਾਲੇ ਪਿੰਡ ਬਾਦਲ ਦੇ 95 ਤੋਂ 97 ਫ਼ੀਸਦੀ ਬੁਢਾਪਾ, ਵਿਧਵਾ ਅਤੇ ਅੰਗਹੀਣ ਪੈਨਸ਼ਨਧਾਰਕਾਂ ਵਲੋਂ ਪੈਨਸ਼ਨ ਲੈਣ ਸਮੇਂ ਦਸਤਖ਼ਤ ਕਰਨ ਦੀ ਬਜਾਏ ਅੰਗੂਠਾ ਲਗਾਉਣ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ।

ਦਲਜੀਤ ਸਿੰਘ ਨੇ ਦੱਸਿਆ ਕਿ ਇਹ ਵੀ ਸਿਆਸੀ ਵਿਤਕਰੇਬਾਜ਼ੀ ਦਾ ਅਜਬ ਵਰਤਾਰਾ ਹੈ ਕਿ ਮੋਹਣ ਸਿੰਘ ਪੁੱਤਰ ਨਾਜਰ ਸਿੰਘ (ਪੀਐਲਏ ਨੰਬਰ 105184), ਮੰਦਰ ਸਿੰਘ ਪੁੱਤਰ ਛੋਟੂ ਸਿੰਘ (ਪੀਐਲਏ ਨੰਬਰ 106869), ਰਣਜੀਤ ਕੌਰ ਪਤਨੀ ਗੁਰਦੀਪ ਸਿੰਘ (ਪੀਐਲਏ ਨੰਬਰ 106856), ਗੁਰਦੇਵ ਕੌਰ ਦੇ ਪੋਤੇ ਤੇ ਪੋਤਰੀ ਨੂੰ ਆਸ਼ਰਿਤ ਕੋਟੇ ਦੀ ਪੈਨਸ਼ਨ ਵੀ ਨਹੀਂ ਮਿਲ ਰਹੀ। ਵਿਧਵਾ ਦੀਪਿਕਾ ਦੇ ਪਰਿਵਾਰ ਨੂੰ ਦੋ ਪੈਨਸ਼ਨਾਂ ਵਿਚੋਂ ਇੱਕ ਪੈਨਸ਼ਨ ਹੀ ਮਿਲ ਰਹੀ ਹੈ।

ਸੂਚਨਾ ਅਧਿਕਾਰ ਤਹਿਤ ਜਾਣਕਾਰੀ ਲੈਣ ਉਪਰੰਤ ਪੈਨਸ਼ਨਾਂ ਦੀ ਵੰਡ ਵਿਚ ਘੁਟਾਲਾ ਸਾਹਮਣੇ ਆਉਣ ਤੇ ਪਿੰਡ ਦੀ ਪੰਚਾਇਤ ਨੂੰ ਭਾਜੜਾਂ ਪੈ ਗਈਆਂ ਤੇ ਪੰਚਾਇਤ ਨੇ ਧੜਾ-ਧੜ ਲੋਕਾਂ ਨੂੰ ਘਰੋ-ਘਰ ਜਾ ਕੇ ਦੋ-ਦੋ ਮਹੀਨਿਆਂ ਦੀ ਪੈਨਸ਼ਨ ਵੰਡ ਦਿੱਤੀ। ਇਹ ਵੀ ਪਤਾ ਲੱਗਾ ਹੈ ਕਿ ਪੰਚਾਇਤ ਨੇ ਸੁਰਜੀਤ ਸਿੰਘ ਪੁੱਤਰ ਹਰਬੰਸ ਸਿੰਘ (ਪੀਐਲਏ ਨੰਬਰ 105188) ਨੂੰ 500 ਰੁਪਏ ਫੜਾ ਦਿੱਤੇ, ਜਦਕਿ ਸਾਲ ਪਹਿਲਾਂ ਤੋਂ ਉਸ ਨੂੰ ਪੈਨਸ਼ਨ ਨਹੀਂ ਮਿਲੀ। ਇਸੇ ਤਰ੍ਹਾਂ ਗੁਰਨਾਮ ਸਿੰਘ ਪੁੱਤਰ ਮੇਹਰ ਸਿੰਘ ਨੂੰ ਗਲੀ ਵਿਚ ਤੁਰੇ ਜਾਂਦੇ ਸਮੇਂ ਸਰਪੰਚ ਦੇ ਇੱਕ ਨੇੜਲੇ ਸਰਕਾਰੀ ਕਰਮਚਾਰੀ ਨੇ 500 ਰੁਪਏ ਪੈਨਸ਼ਨ ਫੜਾ ਦਿੱਤੀ ਗਈ। ਗੁਰਨਾਮ ਸਿੰਘ ਨੇ ਦੱਸਿਆ ਕਿ ਪੈਨਸ਼ਨ ਦੇਣ ਸਮੇਂ ਉਸ ਨੂੰ ਆਖਿਆ ਗਿਆ ਕਿ 'ਆ ਲੈ ਫੜ ਪੈਨਸ਼ਨ, ਦਸਤਖ਼ਤ ਤੇਰੇ ਅਸੀਂ ਆਪੇ ਕਰ ਦੇਵਾਂਗੇ।' ਪਿੰਡ ਬਾਦਲ ਦੇ ਮਹਿੰਦਰ ਸਿੰਘ ਪੁੱਤਰ ਹਜ਼ੂਰਾ ਸਿੰਘ ਦਾ ਪੈਨਸ਼ਨ ਦੇ ਕਾਗਜ਼ਾਂ ਵਿਚ ਤਕਨੀਕੀ ਗਲਤੀ ਕਰਕੇ ਨਾਂ ਮਹਿੰਦਰ ਕੌਰ ਛਪ ਗਿਆ। ਉਸ ਵਲੋਂ ਪੰਚਾਇਤ ਕੋਲ ਆਪਣੀ ਪੈਨਸ਼ਨ ਦਾ ਤਕਾਜ਼ਾ ਕਰਨ 'ਤੇ ਉਸਨੂੰ ਭੁਲੇਖੇ ਵਿਚ ਰੱਖਦਿਆਂ ਕਿਹਾ ਕਿ ਅਜੇ ਤਕ ਤੁਹਾਡੀ ਪੈਨਸ਼ਨ ਆਈ ਨਹੀਂ।

ਦਲਜੀਤ ਸਿੰਘ ਨੇ ਦੋਸ਼ ਲਗਾਇਆ ਕਿ ਨੈਸ਼ਨਲ ਓਲਡ ਏਜ਼ ਪੈਨਸ਼ਨ (ਐਨਓਪੀ) ਦੇ ਤਹਿਤ ਪਿੰਡ ਦੇ ਲਾਭਪਾਤਰੀਆਂ ਨੂੰ ਸਹੀ ਢੰਗ ਨਾਲ ਰਕਮ ਨਹੀਂ ਵੰਡੀ ਗਈ। ਪਿੰਡ ਦੇ ਵਸਨੀਕ ਬਲਰਾਜ ਸਿੰਘ ਹੁਰਾਂ ਨੇ ਕਿਹਾ ਕਿ ਉਨ੍ਹਾਂ ਨੂੰ 22 ਸਤੰਬਰ 2009 ਵਾਲੇ ਕਾਗਜ਼ਾਂ ਵਿਚ 2000 ਰੁਪਏ ਮਿਲੇ ਸਨ, ਜਿਸ 'ਤੇ ਉਨ੍ਹਾਂ ਨੇ ਅੰਗੂਠਾ ਲਗਾਇਆ, ਜਦਕਿ 24 ਦਸੰਬਰ 2009 ਵਾਲੇ 800 ਰੁਪਏ ਪੈਨਸ਼ਨ 'ਤੇ ਅੰਗੂਠੇ ਨੂੰ ਬਲਰਾਜ ਸਿੰਘ ਨੇ ਝੂਠਾ ਕਰਾਰ ਦਿੰਦਿਆਂ ਪੱਤਰਕਾਰਾਂ ਨੂੰ ਮੌਕੇ 'ਤੇ ਆਪਣੇ ਅੰਗੂਠੇ ਦਾ ਨਿਸ਼ਾਨ ਲਗਾ ਕੇ ਵਿਖਾਇਆ।

ਦਲਜੀਤ ਸਿੰਘ ਮੁਤਾਬਕ ਸੂਚਨਾ ਅਧਿਕਾਰ ਕਾਨੂੰਨ ਤਹਿਤ ਮਿਲੀ ਜਾਣਕਾਰੀ ਨੇ ਪੰਚਾਇਤ ਦੇ ਸਾਰੇ ਕਾਰਨਾਮੇ ਦਾ ਕੱਚਾ ਚਿੱਠਾ ਖੋਲ੍ਹ ਕੇ ਰੱਖ ਦਿੱਤਾ ਹੈ। ਇਸ ਲਈ ਸਰਕਾਰ ਨੂੰ ਪਿੰਡ ਬਾਦਲ ਦੀ ਪੰਚਾਇਤ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।

ਦੂਜੇ ਪਾਸੇ ਇਸ ਵੀ ਆਈ ਪੀ ਪਿੰਡ ਦੇ ਸਰਪੰਚ ਸੁਖਦੇਵ ਸਿੰਘ ਨੇ ਪਿੰਡ ਦੇ ਲੋਕਾਂ ਵਲੋਂ ਲਾਏ ਗਏ ਦੋਸ਼ਾਂ ਨੂੰ ਸਿਆਸੀ ਖਹਿਬਾਜ਼ੀ ਤੋਂ ਪ੍ਰੇਰਿਤ ਕਰਾਰ ਦਿੱਤਾ। ਉਂਝ ਉਨ੍ਹਾਂ ਇਹ ਵੀ ਮੰਨਿਆ ਕਿ ਪਿੰਡ ਦੇ ਕੁਝ ਘੱਟ ਉਮਰ ਦੇ ਪੰਚ ਬੁਢਾਪਾ ਪੈਨਸ਼ਨ ਲੈ ਰਹੇ ਹਨ, ਜਿਸ ਨੂੰ ਚੈਕ ਕਰਵਾ ਕੇ ਕਟਵਾ ਦਿੱਤਾ ਜਾਵੇਗਾ। ਅਪਾਹਜ ਛਿੰਦਰਪਾਲ ਨਾਂ ਦੇ ਵਿਅਕਤੀ ਨੂੰ ਪੈਨਸ਼ਨ ਦੀ ਸਹੂਲਤ ਨਾ ਮਿਲਣ ਬਾਰੇ ਪੁੱਛੇ ਜਾਣ 'ਤੇ ਸਰਪੰਚ ਸੁਖਦੇਵ ਸਿੰਘ ਨੇ ਕਿਹਾ ਕਿ ਅਸੀਂ ਬਾਦਲ ਸਾਹਿਬ ਦੀ ਰਹਿਨੁਮਾਈ ਹੇਠ ਪਿੰਡ ਦਾ ਬਹੁਪੱਖੀ ਵਿਕਾਸ ਕਰਵਾ ਰਹੇ ਹਾਂ ਤੇ ਪਿੰਡ ਵਿਚ ਕੋਈ ਵਿਅਕਤੀ ਪੈਨਸ਼ਨ ਤੋਂ ਵਾਂਝਾ ਨਹੀਂ ਰਹੇਗਾ।

# ਕਾਂਗਰਸ ਦੀ ਪ੍ਰਧਾਨਗੀ ਨੂੰ ਲੈ ਕੇ ਕੁਝ ਵੀ ਸਪਸ਼ਟ ਨਹੀਂ



ਜਗਮੀਤ ਬਰਾੜ, ਬੀਬੀ ਭੱਠਲ, ਬ੍ਰਹਮ ਮਹਿੰਦਰਾ, ਬਾਜਵਾ, ਲਾਲ ਸਿੰਘ ਜਾਂ ਮਨੀਸ਼ ਤਿਵਾੜੀ 'ਤੇ ਪੈ ਸਕਦੈ ਗੁਣਾ

**ਚੰਡੀਗੜ੍ਹ:**ਪੰਜਾਬ ਕਾਂਗਰਸ ਦੇ ਪ੍ਰਧਾਨ ਦੀ ਚੋਣ ਦਾ ਮਾਮਲਾ ਸਤੰਬਰ ਤਕ ਲਟਕਣ ਦੇ ਆਸਾਰ ਦਿਖਾਈ ਦੇ ਰਹੇ ਹਨ, ਜਦੋਂਕਿ ਕਾਂਗਰਸ ਹਾਈ ਕਮਾਂਡ ਵਲੋਂ ਜੁਲਾਈ ਤਕ ਸੂਬਾ ਪ੍ਰਧਾਨ ਤੇ ਸਟੇਟ ਬਾਡੀ ਦੀ ਚੋਣ ਲਈ ਸਮਾਂ ਨਿਰਧਾਰਤ ਕੀਤਾ ਹੋਇਆ ਹੈ।

ਕਾਂਗਰਸ ਪਾਰਟੀ ਦੇ ਇਕ ਸੀਨੀਅਰ ਆਗੂ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਜੁਲਾਈ 'ਚ ਪਾਰਟੀ ਦੇ ਬਲਾਕ ਪੱਧਰ ਤੇ ਜ਼ਿਲ੍ਹਾ ਪੱਧਰ ਦੇ ਡੈਲੀਗੇਟ ਚੁਣੇ ਜਾਣਗੇ, ਜੋ ਜ਼ਿਲ੍ਹਾ ਪ੍ਰਧਾਨ ਦੀ ਚੋਣ ਕਰਨਗੇ। ਜ਼ਿਲ੍ਹਾ ਪ੍ਰਧਾਨ ਸੂਬਾ ਕਾਰਜਕਾਰਨੀ ਦੀ ਚੋਣ ਕਰਨਗੇ, ਸੂਬੇ 'ਚ ਕਰੀਬ 25-30 ਹਜ਼ਾਰ ਡੈਲੀਗੇਟ ਚੁਣੇ ਜਾਣੇ ਹਨ। ਜ਼ਿਕਰਯੋਗ ਹੈ ਕਿ ਸਤੰਬਰ ਦੇ ਅਖੀਰ 'ਚ ਕਾਂਗਰਸ ਪਾਰਟੀ ਦਾ 125ਵਾਂ ਸਥਾਪਨਾ ਦਿਵਸ ਮੁਹਾਲੀ 'ਚ ਮਨਾਇਆ ਜਾ ਰਿਹਾ ਹੈ, ਜਿਸ ਲਈ ਮੌਜੂਦਾ ਲੀਡਰਸ਼ਿਪ ਤਿਆਰੀਆਂ 'ਚ ਲੱਗੀ ਹੋਈ ਹੈ। ਪੰਜਾਬ ਦੇਸ਼ ਦਾ ਅਜਿਹਾ ਪਹਿਲਾ ਸੂਬਾ ਹੈ, ਜਿੱਥੇ ਸੂਬਾ ਕਾਂਗਰਸ ਪ੍ਰਧਾਨ ਦੀ ਕੁਰਸੀ 'ਤੇ ਚੁਣਿਆ ਹੋਇਆ ਆਗੂ ਹੀ ਬੈਠੇਗਾ। ਇਸ ਤੋਂ ਪਹਿਲਾਂ ਯੂਥ ਕਾਂਗਰਸ ਦੇ ਪ੍ਰਧਾਨ ਦੀ ਚੋਣ ਵੀ ਲੋਕਤੰਤਰੀ ਢੰਗ ਨਾਲ ਕੀਤੀ ਗਈ ਸੀ, ਹੁਣ ਸੂਬਾ ਪ੍ਰਧਾਨ ਦੀ ਚੋਣ ਵੀ ਲੋਕਤੰਤਰੀ ਢੰਗ ਨਾਲ ਕਰਕੇ ਕਾਂਗਰਸ ਲੋਕਾਂ 'ਚ ਇਹ ਸੰਦੇਸ਼ ਦੇਣਾ ਚਾਹੁੰਦੀ ਹੈ ਕਿ ਇਸ ਪਾਰਟੀ 'ਚ ਪੈਰਾਸ਼ੂਟ ਰਾਹੀਂ ਨੇਤਾਵਾਂ ਦੀ ਚੋਣ ਨਹੀਂ ਹੁੰਦੀ। ਪਾਰਟੀ ਦੇ 35 ਲੱਖ ਦੇ ਕਰੀਬ ਮੈਂਬਰ ਅਗਲੇ ਮਹੀਨੇ ਡੈਲੀਗੇਟ ਚੁਣਨਗੇ, ਜਿਸ ਨਾਲ ਪ੍ਰਧਾਨਗੀ ਲਈ ਚੋਣ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ। ਸੂਬੇ 'ਚ 2012 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਇਸ ਲਈ ਕਾਂਗਰਸ ਪਾਰਟੀ ਇਸੇ ਸਾਲ ਸੂਬਾ ਪ੍ਰਧਾਨ ਨਿਯੁਕਤ ਕਰਨਾ ਚਾਹੁੰਦੀ ਹੈ। ਕੈਪਟਨ ਅਮਰਿੰਦਰ ਸਿੰਘ ਪਹਿਲਾਂ ਹੀ ਸੂਬਾ ਪ੍ਰਧਾਨ ਦੀ ਚੋਣ ਲੜਨ ਸੰਬੰਧੀ ਐਲਾਨ ਕਰ ਚੁੱਕੇ ਹਨ।

ਪਤਾ ਲੱਗਾ ਹੈ ਕਿ ਸੂਬਾ ਕਾਂਗਰਸ ਦੇ ਬੂਥ ਪਧਰੀ ਡੈਲੀਗੇਟਾਂ ਦੀ ਚੋਣ, ਬਲਾਕ ਤੇ ਤਹਿਸੀਲ ਪੱਧਰ ਦੇ ਅਹੁਦੇਦਾਰਾਂ ਦੀ ਨਿਸ਼ਾਨਦੇਹੀ ਦਾ ਮਾਮਲਾ ਅਤੇ ਜ਼ਿਲ੍ਹਾ ਪੱਧਰ ਤਕ ਹੋਰ ਆਗੂਆਂ ਦੀ ਚੋਣ ਦਾ ਕੰਮ ਜੁਲਾਈ-ਅਗਸਤ ਤਕ ਪੂਰਾ ਕਰਨ ਦੀ ਹਦਾਇਤ, ਇਥੇ ਤਾਇਨਾਤ ਬੀਬੀ ਊਸ਼ਾ ਠੱਕਰ ਨੂੰ ਮਿਲ ਗਈ ਹੈ। ਸੂਬਾ ਪ੍ਰਧਾਨ ਦੀ ਚੋਣ ਦਾ ਕੰਮ ਸਤੰਬਰ ਪਿੱਛੋਂ ਹੀ ਹੋਵੇਗਾ। ਇਸ ਹਦਾਇਤ ਨਾਲ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਅੰਮ੍ਰਿਤਸਰ, ਪਟਿਆਲਾ ਅਤੇ ਹੋਰ ਥਾਵਾਂ 'ਤੇ ਕੀਤੇ ਜਾ ਰਹੇ ਇਕੱਠਾਂ ਸਮੇਤ ਹੋਰ ਜੋਸ਼ ਤੇ ਜ਼ਸਨਾਂ ਦਾ ਕੰਮ ਵੀ ਠੰਢਾ ਪੈ ਗਿਆ ਹੈ। ਕਾਂਗਰਸੀ ਸੂਤਰ ਦਸਦੇ ਹਨ ਕਿ ਮੁਹਾਲੀ ਦੀ ਕਨਵੈਨਸ਼ਨ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਟੈਸਟ ਕਰਨ ਅਤੇ ਸਹਿਯੋਗ ਦੇਣ ਵਾਸਤੇ ਪਰਖ ਵਜੋਂ ਕੀਤੀ ਜਾਵੇਗੀ। ਇਸ ਵੱਡੇ ਇਕੱਠ ਵਾਸਤੇ ਕੀਤੀਆਂ ਜਾਣ ਵਾਲੀਆਂ ਬੈਠਕਾਂ 'ਚ ਜੇ ਸਾਬਕਾ ਮੁੱਖ ਮੰਤਰੀ ਹਾਜ਼ਰ ਨਹੀਂ ਹੁੰਦੇ ਤਾਂ ਉਨ੍ਹਾਂ ਦਾ ਪ੍ਰਭਾਵ ਬਹੁਤ ਮਾੜਾ ਪੈ ਸਕਦਾ ਹੈ।

ਇਕ ਪਾਸੇ ਕੈਪਟਨ ਵਿਰੋਧੀ ਧੜਾ ਪੰਜਾਬ 'ਚ ਇਹ ਪ੍ਰਚਾਰ ਕਰ ਰਿਹਾ ਹੈ ਕਿ ਸੁਪਰੀਮ ਕੋਰਟ ਵਲੋਂ ਉਨ੍ਹਾਂ ਦੀ ਸੀਟ ਦੀ ਬਹਾਲੀ ਵਾਲੇ ਫ਼ੈਸਲੇ ਨੂੰ, ਸਾਬਕਾ ਮੁੱਖ ਮੰਤਰੀ ਕੈਸ਼ ਕਰਨ ਲੱਗਾ ਹੋਇਆ ਹੈ ਜਦਕਿ ਪਾਰਟੀ ਦੀਆਂ ਮੀਟਿੰਗਾਂ ਮੌਕੇ ਜਾਂ ਕਾਂਗਰਸੀ ਵਰਕਰਾਂ ਵਿਰੁਧ ਹੋ ਰਹੀ ਧੱਕੇਸ਼ਾਹੀ ਮੌਕੇ ਕਦੇ ਨਹੀਂ ਢੁਕਦਾ ਤੇ ਨਾ ਹੀ ਕੋਈ ਬਿਆਨ ਦਿੰਦਾ ਹੈ। ਵਿਰੋਧੀ ਧੜਾ ਇਹ ਵੀ ਕਹਿੰਦਾ ਹੈ ਕਿ ਕੈਪਟਨ ਨੂੰ ਸਿਰਫ ਮੁੱਖ ਮੰਤਰੀ ਬਣਨ ਦੀ ਲਾਲਸਾ ਹੈ। ਗੱਦੀ ਤੇ ਬੈਠਣ ਮਗਰੋਂ ਪਾਰਟੀ ਵਰਕਰਾਂ ਦੀ ਬਾਤ ਨਹੀਂ ਪੁੱਛੀ ਜਾਂਦੀ। ਦੂਜੇ ਪਾਸੇ ਕੈਪਟਨ ਪੱਖੀ ਧੜਾ ਦੁਹਾਈ ਦੇ ਰਿਹਾ ਹੈ ਕਿ ਆਉਂਦੀਆਂ ਚੋਣਾਂ 'ਚ ਬਾਦਲਾਂ ਦਾ ਮੁਕਾਬਲਾ ਕਰਨ ਲਈ ਪਾਰਟੀ ਵਰਕਰਾਂ 'ਚ ਨਵੀਂ ਰੂਹ ਫੂਕਣ ਵਾਸਤੇ ਅਤੇ ਪ੍ਰਚਾਰ ਮੁਹਿੰਮ ਨੂੰ ਟੀਸੀ 'ਤੇ ਲਿਜਾਣ ਲਈ ਪੰਜਾਬ 'ਚ ਕੋਈ ਹੋਰ ਆਗੂ ਨਹੀਂ ਹੈ। ਇਸ ਧੜੇ ਦਾ ਇਹ ਵੀ ਕਹਿਣਾ ਹੈ ਕਿ ਕਾਂਗਰਸੀ ਡੈਲੀਗੇਟਾਂ, ਅਹੁਦੇਦਾਰਾਂ ਅਤੇ ਜ਼ਿਲ੍ਹਾ ਪ੍ਰਧਾਨਾਂ ਦੀ ਚੋਣ ਕਰਾਉਣ ਦਾ ਕੰਮ ਐਵੇਂ ਇਕ ਫੋਕੀ ਜਿਹੀ ਰਸਮ ਹੈ। ਬੀਬੀ ਸੋਨੀਆ ਗਾਂਧੀ ਦੀ ਮਿਹਰ ਦੀ ਨਜ਼ਰ ਜਿਸ 'ਤੇ ਹੋਣੀ ਹੈ, ਉਸ ਦੇ ਪਿਛੇ ਸਾਰੇ ਵਰਕਰ ਇਕੱਠੇ ਹੋ ਜਾਣਗੇ।

ਦਿੱਲੀ ਤੋਂ ਮਿਲੀਆਂ ਖ਼ਬਰਾਂ ਅਨੁਸਾਰ ਕੇਂਦਰੀ ਕੈਬਨਿਟ ਦੀ ਅਦਲਾ ਬਦਲੀ ਹੋਣ ਦੀ ਸੰਭਾਵਨਾ ਹੈ ਜਿਸ 'ਚ ਪੰਜਾਬ ਤੋਂ ਮਹਿੰਦਰ ਸਿੰਘ ਕੇ.ਪੀ ਨੂੰ ਮੰਤਰੀ ਦਾ ਅਹੁਦਾ ਮਿਲ ਸਕਦਾ ਹੈ। ਇਸ ਦੇ ਫਲਸਰੂਪ ਪ੍ਰਤਾਪ ਸਿੰਘ ਬਾਜਵਾ, ਬੀਬੀ ਭੱਠਲ, ਜਗਮੀਤ ਬਰਾੜ, ਲਾਲ ਸਿੰਘ, ਬ੍ਰਹਮ ਮਹਿੰਦਰਾ ਜਾਂ ਮਨੀਸ਼ ਤਿਵਾੜੀ ਚੋਂ ਕਿਸੇ ਇਕ 'ਤੇ ਗੁਣਾ ਪੈ ਸਕਦਾ ਹੈ। ਡੈਲੀਗੇਟਾਂ ਦੀਆਂ ਚੋਣਾਂ ਦਾ ਨੁਕਤਾ ਰਾਹੁਲ ਗਾਂਧੀ ਨੇ ਬੜੀ ਗੰਭੀਰਤਾ ਨਾਲ ਲਿਆ ਹੈ। ਹੋ ਸਕਦਾ ਹੈ ਕਿ ਰਵਨੀਤ ਬਿੱਟੂ, ਵਿਜੇਇੰਦਰ ਸਿੰਗਲਾ ਤੇ ਮਨੀਸ਼ ਤਿਵਾੜੀ 'ਚੋਂ ਕਿਸੇ ਇਕ ਨੂੰ ਅੱਗੇ ਲਿਆ ਕੇ ਸੁਖਬੀਰ ਸਿੰਘ ਬਾਦਲ ਦੀ ਨੀਂਦ ਹਰਾਮ ਕੀਤੀ ਜਾਵੇ।

ਇਸ ਕਾਨਫਰੰਸ ਦੇ ਸੁਖਾਵੇਂ ਮਾਹੌਲ ਦੇ ਹੁੰਦਿਆਂ ਪੰਜਾਬ ਤੋਂ ਹਰ ਕਿਸਮ ਦੇ ਤਜਰਬੇਕਾਰ ਤੇ ਨਵੇਂ ਆਗੂ ਦਿੱਲੀ ਦੇ ਗੇੜਿਆਂ ਵਿਚ ਰੁੱਝੇ ਹੋਏ ਹਨ। ਉਧਰ ਕਾਂਗਰਸ ਵਿਧਾਇਕ ਦਲ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਹੈ ਕਿ ਅਕਾਲੀ ਦਲ ਬਾਦਲ ਵਲੋਂ ਪਾਣੀਆਂ ਦੇ ਮੁੱਦੇ 'ਤੇ ਕੀਤੀ ਜਾ ਰਹੀ ਰਾਜਨੀਤੀ ਅਤੇ ਰਾਇਲਟੀ ਦੇ ਮੁੱਦੇ ਨੂੰ ਵਿਚਾਰਨ ਲਈ ਪਾਰਟੀ ਨੇ ਕਾਂਗਰਸ ਦੀ ਕਾਰਜਕਾਰਨੀ ਅਤੇ ਵਿਧਾਇਕ ਦਲ ਦੀ ਮੀਟਿੰਗ 21 ਜੂਨ ਨੂੰ ਕੀਤੀ ਸੀ। ਇਸ ਮੀਟਿੰਗ ਵਿਚ ਕਾਂਗਰਸ ਪਾਰਟੀ ਨੇ ਕੈਪਟਨ ਸਰਕਾਰ ਵਲੋਂ ਪੰਜਾਬ ਦੇ ਦਰਿਆਈ ਪਾਣੀਆਂ ਸੰਬੰਧੀ ਪਿਛਲੇ ਸਮਝੌਤੇ ਰੱਦ ਕਰਨ ਦੇ ਕੀਤੇ ਗਏ ਫੈਸਲੇ ਨਾਲ ਡਟ ਕੇ ਖਲੋਣ ਦਾ ਫੈਸਲਾ ਕੀਤਾ ਹੈ। ਕਾਂਗਰਸ ਨੇ ਇਸ ਮੁੱਦੇ ਨੂੰ ਲੈ ਕੇ ਸਰਬ ਪਾਰਟੀ ਮੀਟਿੰਗ ਸੱਦਣ ਦੀ ਅਪੀਲ ਵੀ ਬਾਦਲ ਨੂੰ ਕੀਤੀ ਹੈ। ਅਮਰਿੰਦਰ ਸਿੰਘ ਨੇ ਵੀ ਕਿਹਾ ਹੈ ਕਿ ਬਾਦਲ ਨੂੰ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨੀ ਚਾਹੀਦੀ ਹੈ।

# ਅਕਾਲੀ ਦਲ ਦੇ ਸੀਨੀਅਰ ਆਗੂ ਸੁਖਬੀਰ ਨੂੰ ਮੁੱਖ ਮੰਤਰੀ ਬਣਾਉਣ ਦੇ ਹੱਕ ਵਿਚ

**ਚੰਡੀਗੜ੍ਹ:**ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਸੀਨੀਅਰ ਆਗੂ, ਮੰਤਰੀ ਅਤੇ ਵਿਧਾਇਕ ਸ. ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਉਣ ਦੇ ਹੱਕ ਵਿਚ ਹਨ ਪਰ ਉਨ੍ਹਾਂ ਨੂੰ ਵੱਡੀ ਗੱਦੀ 'ਤੇ ਕਦੋਂ ਬਿਠਾਉਣਾ ਹੈ, ਇਹ ਸ. ਪ੍ਰਕਾਸ਼ ਸਿੰਘ ਬਾਦਲ 'ਤੇ ਨਿਰਭਰ ਕਰਦਾ ਹੈ। ਇਹ ਪ੍ਰਗਟਾਵਾ ਇਕ ਸੀਨੀਅਰ ਅਕਾਲੀ ਮੰਤਰੀ ਨੇ ਕੀਤਾ।

ਉਨ੍ਹਾਂ ਕਿਹਾ ਕਿ ਸ. ਸੁਖਬੀਰ ਸਿੰਘ ਬਾਦਲ ਨੇ ਪਿਛਲੇ ਸਾਲਾਂ ਵਿਚ ਕੰਮ ਕਰ ਕੇ ਵਿਖਾਇਆ ਹੈ ਤੇ ਉਹ ਇਸ ਅਹੁਦੇ ਦੇ ਪੂਰੀ ਤਰ੍ਹਾਂ ਕਾਬਲ ਹਨ। ਜਦੋਂ ਉਨ੍ਹਾਂ ਨੂੰ ਪੁਛਿਆ ਗਿਆ ਕਿ ਪਾਰਟੀ ਦੇ ਸੀਨੀਅਰ ਆਗੂ ਇਕ ਜੂਨੀਅਰ ਆਗੂ ਨੂੰ ਮੁੱਖ ਮੰਤਰੀ ਬਣਾਉਣਾ ਪ੍ਰਵਾਨ ਕਰਨਗੇ ਤਾਂ ਉਨ੍ਹਾਂ ਕਿਹਾ ਕਿ ਇਹ ਹਕੀਕਤ ਹੈ। ਜਦੋਂ ਸੋਨੀਆ ਗਾਂਧੀ, ਜਿਹੜੇ ਚੰਗੀ ਤਰ੍ਹਾਂ ਹਿੰਦੀ ਵੀ ਨਹੀਂ ਬੋਲ ਸਕਦੇ ਤੇ ਨਾ ਹੀ ਚੰਗੀ ਤਰ੍ਹਾਂ ਇਥੋਂ ਦੇ ਸਭਿਆਚਾਰ ਨੂੰ ਸਮਝਦੇ ਹਨ, ਨੂੰ ਸਮੁੱਚੇ ਕਾਂਗਰਸੀਆਂ ਨੇ ਪਾਰਟੀ ਪ੍ਰਧਾਨ ਮੰਨ ਲਿਆ ਤਾਂ ਫਿਰ ਸੁਖਬੀਰ ਸਿੰਘ ਬਾਦਲ ਜਿਹੜੇ ਕਿ ਸਿੱਖ ਧਰਮ ਤੇ ਸਿਆਸਤ ਨੂੰ ਚੰਗੀ ਤਰ੍ਹਾਂ ਸਮਝਦੇ ਹਨ, ਉਹ ਕਿਉਂ ਨਹੀਂ ਮੁੱਖ ਮੰਤਰੀ ਬਣ ਸਕਦੇ?

ਜਦੋਂ ਉਨ੍ਹਾਂ ਨੂੰ ਪੁਛਿਆ ਗਿਆ ਕਿ ਕੀ ਸੁਖਬੀਰ ਸਿੰਘ ਬਾਦਲ ਸੀਨੀਅਰ ਅਕਾਲੀ ਆਗੂਆਂ ਦਾ ਸਨਮਾਨ ਕਰਦੇ ਹਨ ਤਾਂ ਉਨ੍ਹਾਂ ਕਿਹਾ ਕਿ ਉਹ ਪੂਰਾ ਮਾਣ ਦਿੰਦੇ ਹਨ। ਫਿਰ ਸ. ਪ੍ਰਕਾਸ਼ ਸਿੰਘ ਬਾਦਲ ਪਾਰਟੀ ਦੇ ਸਰਪ੍ਰਸਤ ਹਨ ਜੇ ਕਿਸੇ ਮੋੜ 'ਤੇ ਕੋਈ ਗ਼ਲਤ ਗੱਲ ਹੁੰਦੀ ਹੈ ਤਾਂ ਉਹ ਦਖ਼ਲ ਦੇ ਸਕਦੇ ਹਨ।

ਇਕ ਹੋਰ ਮੰਤਰੀ ਨਾਲ ਗੱਲਬਾਤ ਹੋਈ ਤਾਂ ਉਸ ਨੇ ਕਿਹਾ ਕਿ ਹੁਣ ਪੂਰੀ ਪਾਰਟੀ ਸ. ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਉਣ ਦੀ ਵਕਾਲਤ ਕਰਦੀ ਹੈ। ਉਨ੍ਹਾਂ ਕਿਹਾ ਕਿ ਉਹ ਖੁਲ੍ਹ ਕੇ ਇਸ ਕਰ ਕੇ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਉਣ ਦੀ ਵਕਾਲਤ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਪਿਛਲੇ 4-5 ਸਾਲਾਂ ਵਿਚ ਪਾਰਟੀ ਵਿਚ ਅਹਿਮ ਭੂਮਿਕਾ ਨਿਭਾਈ ਹੈ ਤੇ ਪਾਰਟੀ ਨੂੰ ਨਵੀਂ ਸੇਧ ਦਿਤੀ ਹੈ। ਜਦੋਂ ਉਨ੍ਹਾਂ ਨੂੰ ਪੁਛਿਆ ਗਿਆ ਕਿ ਜੇ ਸਾਰੀ ਪਾਰਟੀ ਚਾਹੁੰਦੀ ਹੈ ਤਾਂ ਵੱਡੇ ਬਾਦਲ ਉਨ੍ਹਾਂ ਨੂੰ ਮੁੱਖ ਮੰਤਰੀ ਕਿਉਂ ਨਹੀਂ ਬਣਾਉਂਦੇ ਤਾਂ ਉਨ੍ਹਾਂ ਕਿਹਾ ਕਿ ਵੱਡੇ ਬਾਦਲ ਹੰਢੇ ਹੋਏ ਸਿਆਸਤਦਾਨ ਹਨ, ਉਹ ਖ਼ੁਦ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਣਾਉਣਾ ਨਹੀਂ ਚਾਹੁੰਦੇ ਸਗੋਂ ਉਹ ਚਾਹੁੰਦੇ ਹਨ ਕਿ ਸੁਖਬੀਰ ਸਿੰਘ ਬਾਦਲ ਨੂੰ ਉਦੋਂ ਮੁੱਖ ਮੰਤਰੀ ਬਣਾਇਆ ਜਾਵੇ ਜਦੋਂ ਸਾਰੀ ਪਾਰਟੀ ਤੇ ਲੋਕ ਵੀ ਇਹ ਕਹਿਣ ਲੱਗ ਜਾਣ ਕਿ ਵੱਡੇ ਬਾਦਲ ਨੂੰ ਮੁੱਖ ਮੰਤਰੀ ਦੀ ਕੁਰਸੀ ਛੋਟੇ ਬਾਦਲ ਲਈ ਖ਼ਾਲੀ ਕਰ ਦੇਣੀ ਚਾਹੀਦੀ ਹੈ।

# ਯੂਰੇਨੀਅਮ ਪੀੜਤ ਲੋਕਾਂ ਦੀ ਸਹਾਇਤਾ 'ਚ ਕੇਂਦਰ ਅੜਿੱਕਾ

**ਫਰੀਦਕੋਟ :** ਜਰਮਨ ਦੀ ਲੈਬੋਰੇਟਰੀ ਵਲੋਂ ਪੰਜਾਬ ਦੀ ਧਰਤੀ, ਪਾਣੀ ਅਤੇ ਮਨੁੱਖੀ ਸਰੀਰ ਵਿਚ ਯੂਰੇਨੀਅਮ ਸਮੇਤ ਹਾਨੀਕਾਰਕ ਤੱਤਾਂ ਦੀ ਮੌਜੂਦਗੀ ਬਾਰੇ ਰਿਪੋਰਟ ਜਨਤਕ ਕਰਨ ਤੋਂ ਬਾਅਦ ਕੇਂਦਰ ਸਰਕਾਰ ਨੇ ਇਸ ਮਹਾਂਮਾਰੀ ਤੋਂ ਪੀੜਤ ਲੋਕਾਂ ਦੀ ਸਹਾਇਤਾ ਨੂੰ ਗੰਭੀਰਤਾ ਨਾਲ ਨਹੀਂ ਲਿਆ ਬਲਕਿ ਇਨ੍ਹਾਂ ਪਰਿਵਾਰਾਂ ਦੀ ਹੋ ਰਹੀ ਸਹਾਇਤਾ ਵਿਚ ਅੜਿੱਕਾ ਲਾਇਆ ਜਾ ਰਿਹਾ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਜਰਮਨ ਦੀ ਇਕ ਸੰਸਥਾ ਨੇ ਪੀੜਤ ਲੋਕਾਂ ਲਈ 66 ਹਜ਼ਾਰ ਰੁਪਏ ਦੀ ਵਿਸ਼ੇਸ਼ ਦਵਾਈ ਭੇਜੀ ਸੀ ਜਿਸ ਨੂੰ ਕਸਟਮ ਅਧਿਕਾਰੀਆਂ ਨੇ ਹਵਾਈ ਅੱਡੇ 'ਤੇ ਹੀ ਰੋਕ ਲਿਆ ਅਤੇ ਇਸ 'ਤੇ 40 ਹਜ਼ਾਰ ਰੁਪਏ ਕਸਟਮ ਡਿਊਟੀ ਦੇਣ ਲਈ ਕਿਹਾ ਜਦੋਂਕਿ ਕੁੱਲ ਹਿੰਦ ਮਹਿਲਾ ਕਾਂਗਰਸ ਦੀ ਜਨਰਲ ਸਕੱਤਰ ਨੇ ਫਾਈਨਾਂਸ ਵਿਭਾਗ ਨੂੰ ਪੱਤਰ ਲਿਖ ਕੇ ਇਹ ਦਵਾਈਆਂ ਛੱਡਣ ਦੀ ਬੇਨਤੀ ਕੀਤੀ ਸੀ ਅਤੇ ਕਿਹਾ ਸੀ ਕਿ ਇਹ ਦੇਸ਼ ਦੇ ਲੋੜਵੰਦ ਬੱਚਿਆਂ ਲਈ ਸਹਾਇਤਾ ਦੇ ਰੂਪ ਵਿਚ ਆਈਆਂ ਹਨ, ਇਸ ਕਰਕੇ ਇਨ੍ਹਾਂ 'ਤੇ ਕਸਟਮ ਡਿਊਟੀ ਨਹੀਂ ਲਗਾਈ ਜਾ ਸਕਦੀ।

ਜਰਮਨ ਦੇ ਡਾ. ਬੁਲਾਰਕ ਬੁਸ਼ ਨੇ ਫਾਈਨਾਂਸ ਵਿਭਾਗ ਨੂੰ ਅਗਸਤ 2008 ਵਿਚ ਪੱਤਰ ਲਿਖ ਕੇ ਕਿਹਾ ਸੀ ਕਿ ਉਹ ਪੰਜਾਬ ਦੇ ਪੀੜਤ ਬੱਚਿਆਂ ਲਈ 18 ਕਰੋੜ ਰੁਪਏ ਸਹਾਇਤਾ ਵਜੋਂ ਖਰਚਣੇ ਚਾਹੁੰਦੇ ਹਨ ਅਤੇ ਇਹ ਭੇਜੀ ਗਈ ਦਵਾਈ ਇਕ ਨਮੂਨੇ ਵਜੋਂ ਹੈ। ਉਨ੍ਹਾਂ ਆਪਣੇ ਪੱਤਰ ਵਿਚ ਭਾਰਤ ਦੇ ਵਿਤ ਵਿਭਾਗ ਨੂੰ ਬੇਨਤੀ ਕੀਤੀ ਸੀ ਕਿ ਉਨ੍ਹਾਂ ਵਲੋਂ ਲੋੜਵੰਦਾਂ ਨੂੰ ਭੇਜੀਆਂ ਦਵਾਈਆਂ ਬਿਨਾਂ ਟੈਕਸ ਲੋਕਾਂ ਤਕ ਪਹੁੰਚਾ ਦਿੱਤੀਆਂ ਜਾਣ ਤਾਂ ਜੋ ਉਹ 18 ਕਰੋੜ ਰੁਪਏ ਦੀ ਹੋਰ ਸਹਾਇਤਾ ਭੇਜ ਸਕਣ।

ਡਾ. ਬੁਸ਼ ਨੇ ਆਪਣੇ ਪੱਤਰ ਵਿਚ ਆਖਿਆ ਸੀ ਕਿ ਜੇਕਰ ਕਸਟਮ ਵਿਭਾਗ ਨੇ ਇਹ ਦਵਾਈਆਂ ਨਾ ਛੱਡੀਆਂ ਤਾਂ 18 ਕਰੋੜ ਰੁਪਏ ਦਾ ਬਜਟ ਕਿਸੇ ਹੋਰ ਦੇਸ਼ ਵਿਚ ਖਰਚਿਆ ਜਾਵੇਗਾ ਪਰ ਕਸਟਮ ਵਿਭਾਗ ਅਤੇ ਕੇਂਦਰੀ ਵਿਤ ਵਿਭਾਗ ਨੇ ਇਸ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਿਸ ਕਾਰਨ ਯੂਰੇਨੀਅਮ ਤੋਂ ਪੀੜਤ ਬੱਚਿਆਂ ਲਈ ਆਉਣ ਵਾਲੀ 18 ਕਰੋੜ ਰੁਪਏ ਦੀ ਰਾਸ਼ੀ ਲੋੜਵੰਦਾਂ ਨੂੰ ਨਹੀਂ ਮਿਲ ਸਕੀ।

ਸਰਕਾਰ ਦੇ ਇਸ ਰਵੱਈਏ ਤੋਂ ਪੀੜਤ ਪਰਿਵਾਰਾਂ ਨੂੰ ਕਾਫੀ ਨਿਰਾਸ਼ਤਾ ਹੋਈ ਹੈ ਕਿਉਂਕਿ ਯੂਰੇਨੀਅਮ ਅਤੇ ਹੋਰ ਦੂਸ਼ਿਤ ਤੱਤਾਂ ਦੀ ਮਾਰ ਹੇਠ ਆਏ ਪਰਿਵਾਰ ਆਰਥਿਕ ਤੌਰ 'ਤੇ ਕਾਫੀ ਕਮਜ਼ੋਰ ਹਨ ਅਤੇ ਉਨ੍ਹਾਂ ਕੋਲ ਇਲਾਜ ਕਰਵਾਉਣ ਦਾ ਕੋਈ ਸਾਧਨ ਨਹੀਂ ਹੈ।

# ਵਿਦੇਸ਼ਾਂ 'ਚ ਪੰਜਾਬੀਆਂ ਦੇ ਕਤਲ ਜਾਰੀ-ਪ੍ਰੇਸ਼ਾਨੀਆਂ ਵਧੀਆਂ

**ਨਿਊ ਯਾਰਕ:** ਵਾਸ਼ਿੰਗਟਨ ਡੀ.ਸੀ. ਵਿਖੇ ਚੈਕ ਕੈਸ਼ਿੰਗ ਅਤੇ ਲਾਟਰੀ ਦੀ ਦੁਕਾਨ ਚਲਾ ਰਹੇ ਗੁਰਸਿੱਖ ਪਰਿਵਾਰ ਦੇ ਸ. ਪ੍ਰਿਤਪਾਲ ਸਿੰਘ ਦੇ ਸਪੁੱਤਰ ਪ੍ਰਭਜੋਤ ਸਿੰਘ ( 28 ਸਾਲ) ਦੀ ਲੁਟੇਰਿਆਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਭਰੋਸੇਯੋਗ ਸੂਤਰਾਂ ਅਨੁਸਾਰ ਕਾਲੇ ਬਸ਼ਿੰਦਿਆਂ ਦੇ ਇਲਾਕੇ ਵਿਚ ਚੈਕ ਕੈਸ਼ਿੰਗ ਦਾ ਸਟੋਰ ਲੁੱਟਣ ਦੀ ਨੀਅਤ 'ਤੇ ਲੁਟੇਰਿਆਂ ਨੇ ਪਹਿਲਾਂ ਪ੍ਰਿਤਪਾਲ ਸਿੰਘ ਦੀ ਕੁੱਟਮਾਰ ਕੀਤੀ, ਜਦੋਂ ਉਸ ਦਾ ਜਵਾਨ ਪੁੱਤਰ ਪ੍ਰਭਜੋਤ ਉਸ ਦੀ ਮਦਦ ਲਈ ਆਇਆ ਤਾਂ ਉਸ ਨੂੰ ਗੋਲੀ ਮਾਰਕੇ ਥਾਂ 'ਤੇ ਹੀ ਢੇਰੀ ਕਰ ਦਿੱਤਾ। ਆਂਢ-ਗੁਆਂਢ ਰਹਿਣ ਵਾਲੇ ਲੋਕਾਂ ਨੇ ਦੱਸਿਆ ਕਿ ਲੋਕਾਂ ਨਾਲ ਪ੍ਰਭਜੋਤ ਸਿੰਘ ਤੇ ਉਸਦੇ ਪਿਤਾ ਪ੍ਰਿਤਪਾਲ ਸਿਘ ਦਾ ਵਰਤਾਰਾ ਬਹੁਤ ਨੇਕ ਸੀ।

ਇਸ ਦੌਰਾਨ ਪਤਾ ਲਗਾ ਹੈ ਕਿ ਜਾਰਜੀਆ ਵਿਚ ਬੀਤੇ ਹਫਤੇ ਬੁੱਧਵਾਰ ਨੂੰ ਇਕ ਨੌਜਵਾਨ ਦੀ ਕਥਿਤ ਤੌਰ 'ਤੇ ਮਾਲਕ ਮਕਾਨ ਦੀ ਲਾਪ੍ਰਵਾਹੀ ਕਾਰਨ ਕਰੰਟ ਲੱਗਣ ਨਾਲ ਮੌਤ ਹੋ ਗਈ।

ਮਿਲੀ ਜਾਣਕਾਰੀ ਮੁਤਾਬਿਕ 24 ਸਾਲਾ ਗੁਰਜੀਵਨ ਸਿੰਘ ਪੁੱਤਰ ਸੁਖਦੇਵ ਸਿੰਘ ਪਿੰਡ ਮਾਛੀਕੇ ਨਿਹਾਲ ਸਿੰਘ ਵਾਲਾ ਬੀਤੀ 10 ਜੂਨ ਨੂੰ ਪੜ੍ਹਾਈ ਕਰਨ ਲਈ ਜਾਰਜੀਆ ਆਇਆ ਸੀ। ਉਸ ਨੇ ਜਦੋਂ ਬੁੱਧਵਾਰ ਸਵੇਰੇ ਨਹਾਉਣ ਵੇਲੇ ਸ਼ਾਵਰ ਚਲਾਇਆ ਤਾਂ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਲਈ ਉਸ ਦਾ ਮਾਲਕ ਮਕਾਨ ਜ਼ਿੰਮੇਵਾਰ ਹੈ ਕਿਉਂਕਿ ਉਸ ਨੇ ਗੀਜ਼ਰ ਦੀ ਮੁਰੰਮਤ ਕਰਵਾਉਣ ਪਿੱਛੋਂ ਇਸ ਗੱਲ ਦਾ ਧਿਆਨ ਨਹੀਂ ਰੱਖਿਆ ਕਿ ਸ਼ਾਵਰ ਵਿਚ ਕਰੰਟ ਆ ਗਿਆ ਹੈ। ਉਸਦੀ ਮੌਤ ਕਾਰਨ ਇਥੇ ਵਿਦਿਆਰਥੀਆਂ ਵਿਚ ਬਹੁਤ ਰੋਸ ਹੈ। ਜਾਰਜੀਆ ਵਿਚ ਭਾਰਤੀ ਦੂਤਘਰ ਨਾ ਹੋਣ ਕਾਰਨ ਉਸ ਦੀ ਮ੍ਰਿਤਕ ਦੇਹ ਭਾਰਤ ਨਹੀਂ ਆ ਸਕਦੀ। ਉਸ ਦੀ ਮੌਤ ਕਾਰਨ ਨਿਹਾਲ ਸਿਘ ਵਾਲਾ ਖੇਤਰ ਵਿਚ ਸੋਗ ਦੀ ਲਹਿਰ ਦੌੜ ਗਈ ਹੈ।

ਇਸ ਵਿਚਕਾਰ ਆਸਟਰੇਲੀਆ ਦੇ ਸ਼ਹਿਰ ਸਿਡਨੀ 'ਚ ਇੱਕ ਭਾਰਤੀ ਨੌਜਵਾਨ ਦੀ ਮੌਤ ਹੋ ਜਾਣ ਦਾ ਸਮਾਚਾਰ ਮਿਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦੀਪ ਹੇਮਾਂਤ ਕੁਮਾਰ ਗੈਲਾਨੀ ਨਾਮ ਦਾ ਇਹ ਨੌਜਵਾਨ ਪਿਛਿਓਂ ਭਾਰਤ ਦੇ ਪ੍ਰਾਂਤ ਗੁਜਰਾਤ ਦੇ ਸ਼ਹਿਰ ਰਾਜਕੋਟ ਤੋਂ ਸੰਨ 2008 'ਚ ਵਿਦਿਆਰਥੀ ਵੀਜ਼ਾ ਲੈ ਕੇ ਆਸਟਰੇਲੀਆ ਪੜ੍ਹਨ ਆਇਆ ਸੀ ਤੇ ਇੱਥੋਂ ਦੀ ਸੈਂਟਰਲ ਕੁਈਨਜ਼ਲੈਂਡ ਯੂਨੀਵਰਸਿਟੀ 'ਚ ਪੜ੍ਹ ਰਿਹਾ ਸੀ। ਬੀਤੇ ਐਤਵਾਰ ਦੀਪ ਅਤੇ ਉਸ ਦੇ ਕੁਝ ਦੋਸਤ ਟਰੇਨ 'ਚ ਸਵਾਰ ਹੋ ਕੇ 'ਕਿਆਮਾ' ਨਾਮੀਂ ਕਸਬੇ 'ਚ ਘੁੰਮਣ ਫਿਰਨ ਲਈ ਗਏ ਤੇ ਉੱਥੇ ਹੀ ਇਹ ਹਾਦਸਾ ਵਾਪਰ ਗਿਆ।

ਦੀਪ ਦੇ ਰਿਸ਼ਤੇਦਾਰ ਜਲਪਾ ਮਾਵਾਨੀ ਮੁਤਾਬਿਕ ਜਦੋਂ ਦੀਪ ਤੇ ਉਸ ਦੇ ਕੁਝ ਦੋਸਤਾਂ ਨਾਲ ਕਿਆਮਾ ਵਿਖੇ ਘੁੰਮ ਫਿਰ ਰਹੇ ਸਨ ਤਾਂ ਉਹ ਸਾਰੇ ਥੱਕ ਕੇ ਉੱਥੇ ਪੱਥਰਾਂ 'ਤੇ ਬੈਠ ਕੇ ਆਰਾਮ ਕਰਨ ਲੱਗੇ ਪ੍ਰੰਤੂ ਮ੍ਰਿਤਕ ਦੀਪ ਗੈਲਾਨੀ ਕੁਝ ਦੇਰ ਮਗਰੋਂ ਹੋਰ ਘੁੰਮਣ ਲਈ ਇਕੱਲਾ ਹੀ ਹੋਰ ਅੱਗੇ ਚਲਾ ਗਿਆ। ਜਦੋਂ ਉਹ ਕਾਫੀ ਦੇਰ ਵਾਪਿਸ ਨਾ ਆਇਆ ਤਾਂ ਉਸ ਦੇ ਦੋਸਤ ਉਸ ਨੂੰ ਲੱਭਣ ਲਈ ਕਾਫੀ ਅੱਗੇ ਚਲੇ ਪ੍ਰੰਤੂ ਉਨ੍ਹਾਂ ਨੂੰ ਦੀਪ ਨਹੀਂ ਲੱਭਿਆ ਤੇ ਫਿਰ ਉਹ ਸਾਰੇ ਇਹ ਸੋਚ ਕੇ ਵਾਪਿਸ ਆ ਗਏ ਕਿ ਸ਼ਾਇਦ ਉਹ ਵਾਪਿਸ ਮੁੜ ਆਇਆ ਹੋਵੇਗਾ ਪ੍ਰੰਤੂ ਦੀਪ ਵਾਪਿਸ ਨਹੀਂ ਆਇਆ। ਕਾਫੀ ਦੇਰ ਲੱਭਣ ਤੋਂ ਬਾਅਦ ਦੀਪ ਦੇ ਦੋਸਤਾਂ ਨੇ ਉਸ ਦੇ ਗੁੰਮ ਹੋਣ ਦੀ ਖਬਰ ਪੁਲਿਸ ਨੂੰ ਦਿੱਤੀ। ਜਲਪਾ ਮੁਤਾਬਿਕ ਪੁਲਿਸ ਵਲੋਂ ਮੌਕੇ 'ਤੇ ਪਹੁੰਚ ਕੇ ਉਨ੍ਹਾਂ ਸਾਰਿਆਂ ਤੋਂ ਕੁਝ ਸਵਾਲ ਕੀਤੇ ਤੇ ਬਿਨਾਂ ਦੀਪ ਦੀ ਭਾਲ ਕੀਤਿਆਂ ਹੀ ਵਾਪਿਸ ਚਲੀ ਗਈ। ਇਸ ਤੋਂ ਬਾਅਦ ਦੀਪ ਦੇ ਦੋਸਤਾਂ ਨੇ ਇਹ ਖ਼ਬਰ ਭਾਰਤੀ ਦੂਤਘਰ ਦੇ ਕੌਂਸਲ ਅਮਿਤ ਗੁਪਤਾ ਨੂੰ ਦਿੱਤੀ ਤੇ ਫਿਰ ਪੁਲਿਸ ਨੇ ਉਨ੍ਹਾਂ ਨੂੰ ਦੂਜੇ ਦਿਨ ਸਵੇਰੇ ਫੋਨ ਕੀਤਾ ਤੇ ਉਨ੍ਹਾਂ ਦੇ ਗੁੰਮ ਹੋਏ ਦੋਸਤ ਦੀ ਭਾਲ ਸ਼ੁਰੂ ਕਰ ਦਿੱਤੀ। ਦੀਪ ਦੇ ਰਿਸ਼ਤੇਦਾਰ ਜਲਪਾ ਨੂੰ ਉਸ ਦੇ ਗੁੰਮ ਹੋਣ ਦੀ ਖਬਰ ਦੂਜੇ ਦਿਨ ਦੀਪ ਦੇ ਕਿਸੇ ਦੋਸਤ ਵਲੋਂ ਸਵੇਰੇ 10 ਵਜੇ ਦਿੱਤੀ ਗਈ। ਉਹ ਕਰੀਬ 2 ਵਜੇ 'ਕਿਆਮਾ' ਪੁਲਿਸ ਸਟੇਸ਼ਨ ਚਲਾ ਗਿਆ। ਜਲਪਾ ਨੇ ਦੱਸਿਆ ਕਿ ਪੁਲਿਸ ਨੇ ਉਸ ਨੂੰ ਕਰੀਬ 4 ਕੁ ਵਜੇ ਦੱਸਿਆ ਕਿ ਦੀਪ ਗੈਲਾਨੀ ਦੀ ਲਾਸ਼ ਪਾਣੀ ਵਿਚੋਂ ਮਿਲੀ ਹੈ।

**ਵਿਦੇਸ਼ੀ ਵਿਦਿਆਰਥੀਆਂ 'ਤੇ ਹਮਲਿਆਂ ਕਾਰਨ ਆਸਟਰੇਲੀਆ ਨੂੰ 40 ਕਰੋੜ ਡਾਲਰ ਦਾ ਨੁਕਸਾਨ :** ਆਸਟਰੇਲੀਆ ਵਿਚ ਭਾਰਤੀ ਵਿਦਿਆਰਥੀਆਂ ਉਤੇ ਹਮਲਿਆਂ, ਜਾਅਲਸਾਜ਼ੀ ਕਰਨ ਵਾਲੇ ਨਿੱਜੀ ਕਾਲਜਾਂ ਉਤੇ ਛਾਪਿਆਂ ਅਤੇ ਆਸਟਰੇਲਿਆਈ ਡਾਲਰ ਦੀ ਕੀਮਤ ਵਧਣ ਕਾਰਨ ਆਸਟਰੇਲੀਆ ਨੂੰ 40 ਕਰੋੜ ਡਾਲਰ ਦਾ ਨੁਕਸਾਨ ਹੋਇਆ ਹੈ।

ਯੂਨੀਵਰਸਿਟੀਆਂ ਦੇ ਕੰਮਕਾਜ ਉਤੇ ਨਜ਼ਰਸਾਨੀ ਕਰਨ ਵਾਲੀ ਬਾਡੀ 'ਯੂਨੀਵਰਸਿਟੀਜ਼ ਆਸਟਰੇਲੀਆ (ਯੂ.ਏ.)' ਨੇ ਪੁਸ਼ਟੀ ਕੀਤੀ ਹੈ ਕਿ ਉਚ ਸਿੱਖਿਆ ਲਈ ਵੀਜ਼ਿਆ ਦੀ ਮੰਗ 16 ਤੋਂ 20 ਫੀਸਦੀ ਘਟਣ ਦੀ ਸੰਭਾਵਨਾ ਹੈ। ਯੂ.ਏ. ਮੁਖੀ ਗਲੈਨ ਵਿਦਰਜ਼ ਨੇ ਕਿਹਾ ਕਿ ਵਿਦੇਸ਼ੀ ਵਿਦਿਆਰਥੀਆਂ ਨੂੰ ਦਿੱਤੇ ਵੀਜ਼ਿਆਂ ਵਿਚ ਇਸ ਵਿੱਤੀ ਸਾਲ ਦੇ ਪਹਿਲੇ ਨੌਂ ਮਹੀਨਿਆਂ ਦੌਰਾਨ ਬੀਤੇ ਸਾਲ ਦੇ ਇਸ ਸਮੇਂ ਦੇ ਮੁਕਾਬਲੇ 20 ਫੀਸਦੀ ਕਮੀ ਆਈ ਹੈ। ਵਿਦੇਸ਼ੀ ਵਿਦਿਆਰਥੀਆਂ ਲਈ ਨਵੇਂ ਆਵਾਸ ਨਿਯਮਾਂ ਕਾਰਨ ਮੁਲਕ ਦੇ ਸਿੱਖਿਆ ਅਤੇ ਇਮੀਗਰੇਸ਼ਨ ਅਧਿਕਾਰੀਆਂ ਦਰਮਿਆਨ ਟਕਰਾਅ ਦੀ ਸੰਭਾਵਨਾ ਸਬੰਧੀ ਰਿਪੋਰਟਾਂ ਆਈਆਂ ਸਨ। ਰਿਪੋਰਟਾਂ ਮੁਤਾਬਕ ਬੀਤੇ ਹਫਤੇ ਸਿਖਿਆ ਮੰਤਰੀ ਜੂਲੀਆ ਗਿਲਡਰ ਨੂੰ ਮਾਮਲੇ ਵਿਚ ਦਖਲ ਦੇਣ ਦੀ ਬੇਨਤੀ ਵੀ ਕੀਤੀ ਗਈ ਸੀ।

## Matrimonials

### Bridegroom Wanted

Wanted suitable boy US Citizen/Green Card/HIB Holder for jatt sikh girl 5'7", 27.5, M Tech. Comp. sci, pursuing Masters in Analytics, contact 704-930-1734 sandhu3200@gmail.com

*107-26-4*

**ਵਰ ਦੀ ਲੋੜ**

ਰਾਮਗੜੀਆ ਸਿੱਖ, 30 ਸਾਲ, ਇੰਗਲੈਂਡ ਵਿਚ ਪੜ੍ਹਦੀ ਲੜਕੀ ਲਈ ਸਿੱਖੀ ਸਰੂਪ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਵਡੀ ਭੈਣ ਕੈਲੀਫੋਰਨੀਆ ਵਸਦੀ ਹੈ। ਕੈਲੀਫੋਰਨੀਆ ਦੇ ਲੜਕੇ ਨੂੰ ਤਰਜੀਹ। ਸੰਪਰਕ ਕਰੋ: 209-470-3732

*106-22-4*

### Bride Wanted

Ramgariah Family from Chicago area seeking suitable well educated Ramgariah match for their son, Doctor of Podiatric Medicine, 29, 5' 8". Send photo/ Biodata to angelhavok@aol.com

*105-25-4*

Khatri Sikh family looking for a qualified match for their US citizen son, 29, 5'-5", undergraduate in biology, good job. e-mail: ninakr4@yahoo.com

*103-22-4*

Need pretty, educated USA settled family girl for Ramgharia Sikh cleanshaved boy, 28, 5'10", M.S (USA), permanent job in MI. Call 425-773-9030 or email: psingh03850@gmail.com.

*101-22-4*


**Live-in Nanny Wanted**

Live-in Nanny needed for full-time care of 16 month old and newborn boys. Duties will also include light housekeeping. Must have experience in childcare. Private Room, bathroom, and salary will be provided. Start immediately. Prefer punjabi/urdu/hindi speaking. Located in El Dorado Hills, CA (near Sacramento).

*ਸੈਕਰਾਮੈਂਟੋ ਵਿਚ ਦੋ ਨਿੱਕੇ ਬੱਚਿਆਂ ਦੀ ਸੰਭਾਲ ਲਈ ਘਰ ਵਿਚ ਹੀ ਰਹਿਣ ਵਾਲੀ ਖਿਡਾਵੀ ਦੀ ਲੋੜ ਹੈ। ਪੰਜਾਬੀ-ਹਿੰਦੀ ਬੋਲਣ ਵਾਲੇ ਨੂੰ ਤਰਜ਼ੀਹ*

**Call for further details 916-662-2995**

**(No Calls After 9PM Please)**



**MRP TRAVEL**

*Lowest International and Domestic Fares*

A·R·C **FLY ANY AIRLINE OF YOUR CHOICE** IATA

*Providing the lowest Airfare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com

2123 Port Way, San Jose, CA 95133

*CST: 2097308-40*



**We Also Offer Notary Service**



**B & Sons Travel**

➢All Airlines ➢International and Domestic

➢Wholesale Fares Around the World

**We Will Beat or Match any Fare !**

Office Hours
Mon-Fri:
9am -6pm
Saturday
9am-5pm



CST. REG. # 2092042-40

President : Avtar Singh

**Tel:707-703-1451, Cell:707-688-6094**

Fax : (707) 427-6573, Email:bsonstravel@yahoo.com

1652 West Texas St. Suite 205, Fairfield, CA 94533

We Also Have Special Vacation Packages

Contact any time from anywhere



*To Advertise with us*
*Call: 847-359-0746*
*Fax:847-705-9388*

*e-mial:*
*punjabtimes1@sbcglobal.net*

*Visit us on the web:*
*punjabtimesusa.com*



NCP College of Nursing

Educate | Grow | Succeed


100% NCLEX-PN Pass Rate!

Affordable Payment Plans!

Start your career now!

Full Time
Part Time
Day & Evening

Start Your Nursing Career Today!



12 Month LVN Program • 20 Day CNA Program

- LVN Vocational Nursing Program
- CNA Nursing Assistant Training
- CNA Acute Care Training
- IV Therapy & Blood Withdrawal Certification Course
- NCLEX-PN Test Preparation Workshop
- CPR
- Medical Terminology
- Continuing Education for RNs

Peninsula Campus
1.800.339.5145

East Bay Campus
1.800.611.4054

Choose which is right for you...
Your career is a call away. Call today!

www.ncpcollegeofnursing.com



FARMERS INSURANCE GROUP
Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella

*Business Work Comp.

Duabba Insurance Agency



2450 Peralta Blvd Suite 120, Fremont CA 94536

Phone: 510-797-7989 Fax: 510-794-7398

visit us@ farmers.com

Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਪ੍ਰੋ. ਦਰਸ਼ਨ ਸਿੰਘ ਅਕਾਲ ਤਖ਼ਤ 'ਤੇ ਪੇਸ਼ ਹੋਣ ਲਈ ਰਾਜ਼ੀ?

**ਅੰਮ੍ਰਿਤਸਰ :** ਅਕਾਲ ਤਖ਼ਤ ਦੇ ਸਾਬਕਾ ਮੁੱਖ ਸੇਵਾਦਾਰ ਪ੍ਰੋ. ਦਰਸ਼ਨ ਸਿੰਘ ਜਿਨ੍ਹਾਂ ਨੂੰ 19 ਜਨਵਰੀ ਨੂੰ ਜਥੇਦਾਰ ਸਾਹਿਬਾਨ ਨੇ ਛੇਕ ਦਿਤਾ ਸੀ, ਹੁਣ ਅਕਾਲ ਤਖ਼ਤ 'ਤੇ ਪੇਸ਼ ਹੋਣ ਲਈ ਕਾਹਲੇ ਹੋਏ ਬੈਠੇ ਹਨ।



ਬੀਤੀ 19 ਜੂਨ ਨੂੰ ਭੇਜੇ ਈ-ਮੇਲ ਸੁਨੇਹੇ ਵਿਚ ਪ੍ਰੋ. ਦਰਸ਼ਨ ਸਿੰਘ ਨੇ ਪੰਥਕ ਹਿਤਾਂ ਅਤੇ ਅਕਾਲ ਤਖ਼ਤ ਦੀ ਮਾਣ ਮਰਿਆਦਾ ਬਣਾਈ ਰੱਖਣ ਲਈ ਮਿਲ ਬੈਠ ਕੇ ਵਿਚਾਰ ਕਰਨ ਦਾ ਸੱਦਾ ਭੇਜਿਆ ਹੈ। ਪਰ ਨਾਲ ਹੀ ਦਸਮ ਗ੍ਰੰਥ 'ਤੇ ਉਨ੍ਹਾਂ ਆਪਣਾ ਸਟੈਂਡ ਬਰਕਰਾਰ ਰੱਖਿਆ ਹੈ।

ਪ੍ਰੋ. ਦਰਸ਼ਨ ਸਿੰਘ ਦੇ ਇਸ ਬਿਆਨ ਵਿਚ ਉਨ੍ਹਾਂ ਨੇ ਹੋਰਨਾਂ ਨੂੰ ਵੀ ਜਥੇਦਾਰ ਸਾਹਿਬਾਨ ਸਾਹਮਣੇ ਪੇਸ਼ ਹੋਣ ਲਈ ਪ੍ਰੇਰਿਤ ਕੀਤਾ ਹੈ। ਪ੍ਰੋ. ਦਰਸ਼ਨ ਸਿੰਘ ਵਲੋਂ ਈ-ਮੇਲ ਰਾਹੀਂ ਭੇਜੇ ਇਕ ਪ੍ਰੈਸ ਨੋਟ ਅਨੁਸਾਰ ਉਨ੍ਹਾਂ ਨੇ ਇਸ ਪ੍ਰਵਾਨਗੀ ਨੂੰ ਅਕਾਲ ਤਖ਼ਤ ਦੀ ਮਾਣ ਮਰਿਆਦਾ ਦੀ ਬਹਾਲੀ ਅਤੇ ਵਡੇਰੇ ਪੰਥਕ ਹਿਤਾਂ ਵਿਚ ਦਸਦਿਆਂ ਸਾਰਿਆਂ ਨੂੰ ਭੁੱਲਾਂ ਬਖਸ਼ਾਉਣ ਦਾ ਸੱਦਾ ਦਿਤਾ ਹੈ।

ਉਨ੍ਹਾਂ ਕਿਹਾ, "ਦਾਸ ਨੂੰ ਅਕਾਲ ਤਖ਼ਤ 'ਤੇ ਪੇਸ਼ ਹੋਣ ਲਈ ਸੱਦਾ ਆਇਆ । ਮੈਂ ਅਕਾਲ ਤਖ਼ਤ ਦੀ ਮਾਣ ਮਰਿਆਦਾ ਅਨੁਸਾਰ ਸੰਗਤਾਂ ਅਤੇ ਮੀਡੀਆ ਸਾਹਮਣੇ ਪੇਸ਼ ਹੋਇਆ। 'ਜਥੇਦਾਰ' ਫਿਰ ਵੀ ਕਹਿ ਰਹੇ ਹਨ ਕਿ ਇਹ ਅਕਾਲ ਤਖ਼ਤ ਉਤੇ ਪੇਸ਼ ਨਹੀਂ ਹੋਇਆ, ਇਸ ਲਈ ਤਨਖ਼ਾਹੀਆ ਹੈ।"

ਪ੍ਰੋ. ਦਰਸ਼ਨ ਸਿੰਘ ਨੇ ਉਕਤ ਪੱਤਰ ਵਿਚ ਕਿਹਾ, "6 ਜੂਨ 2008 ਨੂੰ ਅਕਾਲ ਤਖ਼ਤ ਦੇ ਹੁਕਮਨਾਮੇ ਅਨੁਸਾਰ ਦਸਮ ਪਾਤਸ਼ਾਹ ਵਲੋਂ ਦਸਮ ਗ੍ਰੰਥ ਨੂੰ ਗੁਰਗੱਦੀ ਨਹੀਂ ਦਿਤੀ ਗਈ ਸੀ, ਉਹ ਗੁਰੂ ਨਹੀਂ ਅਤੇ ਉਸ ਗ੍ਰੰਥ ਦਾ ਪ੍ਰਕਾਸ਼ ਗੁਰੂ ਗ੍ਰੰਥ ਦੇ ਬਰਾਬਰ ਨਹੀਂ ਕੀਤਾ ਜਾ ਸਕਦਾ।" ਇਸ ਹੁਕਮ ਦੇ ਚਾਰ ਮਹੀਨੇ ਬਾਅਦ 31 ਅਕਤੂਬਰ 2008 ਨੂੰ ਗੁਰਤਾ ਗੱਦੀ ਸਮਾਗਮ ਦੌਰਾਨ ਹਜ਼ੂਰ ਸਾਹਿਬ ਵਿਖੇ ਪਾਠ ਬੋਧ ਸਮਾਗਮ ਹੋਏ, ਉਥੇ ਅਖੌਤੀ ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਦਾ ਅੰਗ ਆਖਣ ਦਾ ਅਪਰਾਧ ਕੀਤਾ ਗਿਆ। ਉਨ੍ਹਾਂ ਸਵਾਲ ਕੀਤਾ ਕਿ ਕੀ ਅਕਾਲ ਤਖ਼ਤ ਦੇ ਹੁਕਮਾਂ ਦੀ ਬੇਅਦਬੀ ਕਰਨ ਵਾਲੇ 'ਜਥੇਦਾਰ' ਤਨਖ਼ਾਹੀਏ ਨਹੀਂ? ਉਨ੍ਹਾਂ ਇਕ ਵਾਰ ਫਿਰ ਕਿਹਾ, "ਮੈਂ ਨਿਰਦੋਸ਼ ਹੁੰਦਿਆਂ ਵੀ ਅਕਾਲ ਤਖ਼ਤ ਦੀ ਮਾਣ ਮਰਿਆਦਾ ਦੀ ਬਹਾਲੀ ਅਤੇ ਵਡੇਰੇ ਹਿਤਾਂ ਲਈ ਪਹਿਲ ਕਰਦਿਆਂ ਸੱਦਾ ਦਿੰਦਾ ਹਾਂ ਕਿ ਕੋਈ ਤਰੀਕ ਨਿਸ਼ਚਿਤ ਕਰ ਕੇ ਦਿੱਲੀ, ਲੁਧਿਆਣਾ ਜਾਂ ਚੰਡੀਗੜ੍ਹ ਵਿਖੇ ਇਕੱਠੇ ਹੋ ਜਾਂਦੇ ਹਾਂ। 6 ਜੂਨ 2008 ਦੇ ਹੁਕਮ ਤੋਂ ਮੁਨਕਰ ਹੋ ਕੇ ਤਨਖ਼ਾਹੀਏ ਹੋਏ 'ਜਥੇਦਾਰ' ਵੀ ਆ ਜਾਣ।"

ਪ੍ਰੋ. ਦਰਸ਼ਨ ਸਿੰਘ ਨੇ ਕਿਹਾ ਕਿ ਜੇ ਸਮਝ ਆ ਜਾਵੇ ਤਾਂ ਆ ਜਾਉ, ਅਸੀਂ ਵੀ ਆ ਜਾਵਾਂਗੇ। ਸਾਰੇ ਚਲ ਕੇ ਨਿਮਾਣੇ ਸਿੱਖ ਵਾਂਗ ਅਕਾਲ ਤਖ਼ਤ 'ਤੇ ਪੇਸ਼ ਹੋਵਾਂਗੇ ਅਤੇ ਭੁੱਲਾਂ ਬਖ਼ਸ਼ਾਵਾਂਗੇ। ਉਥੇ ਪ੍ਰਣ ਕਰਾਂਗੇ ਕਿ ਅੱਗੋਂ ਲਈ ਅਸੀਂ ਗੁਰੂ ਗ੍ਰੰਥ ਸਾਹਿਬ ਤੋਂ ਬਗ਼ੈਰ ਕਿਸੇ ਹੋਰ ਗ੍ਰੰਥ, ਮੂਰਤੀ, ਦੇਹਧਾਰੀ ਨੂੰ ਗੁਰੂ ਨਹੀਂ ਆਖਾਂਗੇ। ਜਾਣਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਕੀਰਤਨ ਪ੍ਰੋਗਰਾਮ ਬੀਤੇ ਸਮੇਂ ਦੇ ਅਕਾਲ ਤਖਤ ਦੇ ਹੁਕਮਾਂ ਕਾਰਨ ਕਾਫੀ ਪ੍ਰਭਾਵਤ ਹੋਏ ਹਨ।

# ਦਸਵੇਂ ਪਾਤਸ਼ਾਹ ਦੀਆਂ ਨਿੱਜੀ ਵਸਤਾਂ ਡੱਬਾਬੰਦ ਕਰਕੇ ਚਾਬੀਆਂ ਪੰਜਾਬ ਸਰਕਾਰ ਦੇ ਸਪੁਰਦ

**ਪਟਿਆਲਾ :** ਸ਼ਾਹੀ ਸ਼ਹਿਰ ਪਟਿਆਲਾ 'ਚ ਕਰੀਬ ਪੌਣੇ ਵਰ੍ਹੇ ਤੋਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਤ ਸੱਤ ਇਤਿਹਾਸਕ ਵਸਤਾਂ ਧਾਰਮਿਕ ਮਰਿਯਾਦਾ ਤੋਂ ਵਿਰਵੀਆਂ ਹੋ ਕੇ ਡੱਬੇ ਵਿਚ ਬੰਦ ਪਈਆਂ ਹਨ। ਇਨ੍ਹਾਂ ਵਸਤਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਰ ਦੇ ਵਾਲ (ਕੇਸ) ਵੀ ਸ਼ਾਮਿਲ ਹਨ। ਇਨ੍ਹਾਂ ਇਤਿਹਾਸਕ ਤੇ ਪਵਿੱਤਰ ਵਸਤਾਂ ਵਾਲੇ ਡੱਬੇ ਨੂੰ ਜਿੰਦਰਾ ਜੜਿਆ ਹੋਇਆ ਹੈ। ਇਸ ਜਿੰਦਰੇ ਦੀਆਂ ਚਾਬੀਆਂ ਪੰਜਾਬ ਸਰਕਾਰ ਕੋਲ ਹਨ।

ਪੰਥਕ ਰਹੁ ਰੀਤ ਮੁਤਾਬਕ ਗੁਰੂ ਸਾਹਿਬਾਨ ਨਾਲ ਸਬੰਧਤ ਹਰੇਕ ਵਸਤੂ ਜਾਂ ਸ਼ਾਸਤਰ ਦੀ ਸਿੱਖ ਰਹਿਤ ਮਰਿਯਾਦਾ ਤਹਿਤ ਪੂਰੀ ਸੰਭਾਲ ਹੁੰਦੀ ਹੈ। ਸਿੱਖ ਸੰਗਤ ਗੁਰੂ ਸਾਹਿਬਾਨ ਨਾਲ ਜੁੜੀਆਂ ਚੀਜ਼ਾਂ ਦੇ ਦੀਦਾਰ ਨੂੰ ਗੁਰੂ ਸਾਹਿਬ ਦੇ ਦਰਸ਼ਨ ਸਮਾਨ ਹੀ ਸਮਝਦੀ ਹੈ ਪਰ ਪਟਿਆਲਾ ਦੇ ਕਿਲ੍ਹਾ ਮੁਬਾਰਕ ਵਿਚ ਸਥਿਤ ਬੁਰਜ ਬਾਬਾ ਆਲਾ ਸਿੰਘ ਵਿਖੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸੱਤ ਵਸਤਾਂ ਪੂਰੀ ਤਰ੍ਹਾਂ ਪੰਥਕ ਮਰਿਯਾਦਾ ਤੋਂ ਵਿਰਵੀਆਂ ਹਨ। ਬੁਰਜ ਬਾਬਾ ਆਲਾ ਸਿੰਘ ਆਮ ਲੋਕਾਂ ਲਈ ਬੰਦ ਰਹਿੰਦਾ ਹੈ। ਇਸ ਕਾਰਨ ਸੰਗਤਾਂ ਉਥੇ ਪਈਆਂ ਗੁਰੂ ਸਾਹਿਬ ਦੀਆਂ ਇਤਿਹਾਸਕ ਵਸਤਾਂ ਦੇ ਦੀਦਾਰ ਤੋਂ ਵਾਂਝੀਆਂ ਹਨ।

ਬੇਗਾਨਗੀ ਦੀ ਹਾਲਤ ਵਿਚ ਡੱਬੇ ਵਿਚ ਬੰਦ ਪਈਆਂ ਇਨ੍ਹਾਂ ਵਸਤਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਚੋਲਾ, ਸਿਰ ਦੇ ਵਾਲ (ਕੇਸ), ਕੰਘਾ, ਤਿੰਨ ਕਿਰਪਾਨਾਂ (ਵੱਡੀਆਂ) ਤੇ ਇਕ ਹੱਥ ਲਿਖਤ ਗੁਟਕਾ ਸ਼ਾਮਲ ਹਨ। ਸਾਰੀਆਂ ਵਸਤਾਂ ਡੱਬੇ ਵਿਚ ਸੀਲਬੰਦ ਹਨ। ਇਨ੍ਹਾਂ ਇਤਿਹਾਸਕ ਵਸਤਾਂ ਨੂੰ ਇਕ ਡੱਬੇ ਵਿਚ ਢਕ ਕੇ ਵੱਡੀ ਅਲਮਾਰੀ ਵਿਚ ਰੱਖ ਕੇ ਜਿੰਦਰਾ ਜੜਿਆ ਹੋਇਆ ਹੈ। ਭਾਵੇਂ ਬੁਰਜ ਬਾਬਾ ਆਲਾ ਸਿੰਘ ਵਿਖੇ ਪੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹਨ ਤੇ ਸਵੇਰੇ-ਸ਼ਾਮ ਬਕਾਇਦਾ ਨਿੱਤਨੇਮ ਹੁੰਦਾ ਹੈ ਪਰ ਇਸ ਬੁਰਜ ਵਿਚ ਹੀ ਤਾਲੇ ਵਿਚ ਬੰਦ ਪਈਆਂ ਗੁਰੂ ਸਾਹਿਬ ਦੀਆਂ ਇਤਿਹਾਸਕ ਵਸਤਾਂ ਪੰਥਕ ਮਰਿਆਦਾ ਤੋਂ ਅਸਲੋਂ ਹੀ ਟੁੱਟੀਆਂ ਪਈਆਂ ਹਨ, ਸਿੱਟੇ ਵਜੋਂ ਸੰਗਤਾਂ ਵਿਚ ਰੋਸ ਹੈ।

ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਇਕ ਆਦੇਸ਼ ਤਹਿਤ ਇਨ੍ਹਾਂ ਪਵਿੱਤਰ ਵਸਤਾਂ ਨੂੰ ਜੜੇ ਗਏ ਜਿੰਦਰੇ ਦੀਆਂ ਚਾਬੀਆਂ ਪੰਜਾਬ ਸਰਕਾਰ ਦੇ ਸਪੁਰਦ ਹਨ। ਪੌਣੇ ਵਰ੍ਹੇ ਤੋਂ ਪੰਜਾਬ ਸਰਕਾਰ ਵਲੋਂ ਅਜੇ ਤੱਕ ਅਜਿਹਾ ਕੋਈ ਹੰਭਲਾ ਨਹੀਂ ਮਾਰਿਆ ਗਿਆ ਕਿ ਇਹ ਵਿਰਾਸਤੀ ਨਿਸ਼ਾਨੀਆਂ ਤੇ ਕੇਸ ਡੱਬੇ ਵਿਚੋਂ ਬਾਹਰ ਹੋ ਸਕਣ। ਇਸ ਸਬੰਧੀ ਪੁਰਾਲੇਖ ਤੇ ਅਜਾਇਬ ਘਰ ਵਿਭਾਗ ਪੰਜਾਬ ਦੇ ਡਾਇਰੈਕਟਰ ਹੁਸਨ ਲਾਲ ਨੇ ਕਿਹਾ ਕਿ ਗੁਰੂ ਸਾਹਬਾਨ ਨਾਲ ਸੰਬੰਧਿਤ ਇਨ੍ਹਾਂ ਇਤਿਹਾਸਕ ਵਸਤਾਂ ਨੂੰ ਢੁਕਵੀਂ ਥਾਂ ਸੁਸ਼ੋਭਿਤ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਅਗਲੇ ਦੋ-ਤਿੰਨ ਮਹੀਨਿਆਂ ਵਿਚ ਫੈਸਲਾ ਹੋ ਜਾਣ ਦੀ ਸੰਭਾਵਨਾ ਹੈ ਕਿ ਇਹ ਵਸਤਾਂ ਕਿਸ ਅਜਾਇਬ ਘਰ ਜਾਂ ਕਿਸ ਖੁੱਲ੍ਹੇ ਥਾਂ 'ਤੇ ਸੁਸ਼ੋਭਿਤ ਕਰਨੀਆਂ ਹਨ।

ਜਾਣਕਾਰੀ ਮੁਤਾਬਕ ਇਤਿਹਾਸਕ ਵਸਤਾਂ ਪਿਛਲੇ ਸਾਲ ਨਵੰਬਰ ਦੀ ਸ਼ੁਰੂਆਤ ਵਿਚ ਸਿਰਫ ਪੰਦਰਾਂ-ਵੀਹ ਦਿਨ ਲਈ ਆਰਜ਼ੀ ਤੌਰ 'ਤੇ ਹੀ ਬੁਰਜ ਬਾਬਾ ਆਲਾ ਸਿੰਘ ਵਿਖੇ ਰੱਖੀਆਂ ਗਈਆਂ ਹਨ। ਪੰਜਾਬ ਤੇ ਹਰਿਆਣਾ ਹਾਈਕੋਰਟ ਵਲੋਂ ਇਨ੍ਹਾਂ ਵਸਤਾਂ ਤੇ ਸ਼ਾਸਤਰਾਂ ਦੀ ਸੰਭਾਲ ਤੇ ਰੱਖਣ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਨੂੰ ਸੌਂਪੀ ਗਈ ਸੀ ਪਰ ਲੰਮਾ ਸਮਾਂ ਲੰਘਣ ਦੇ ਬਾਵਜੂਦ ਸਰਕਾਰ ਸਿੱਖ ਇਤਿਹਾਸ ਦੀਆਂ ਇਨ੍ਹਾਂ ਵਸਤਾਂ ਨੂੰ ਸੰਗਤਾਂ ਲਈ ਖੁੱਲ੍ਹੇ ਦਰਸਨ ਕਰਵਾਉਣ ਵਿਚ ਨਾਕਾਮ ਰਹੀ ਹੈ।

# ਗੁਰਦੁਆਰਾ ਕਮਿਸ਼ਨ ਵਲੋਂ ਵੋਟ ਫਾਰਮ 'ਚ ਤਬਦੀਲੀ ਰੱਦ

***ਚੋਣਾਂ ਗੁਰਦੁਆਰਾ ਐਕਟ ਮੁਤਾਬਿਕ ਹੀ ਹੋਣਗੀਆਂ ***
**ਹਰਿਆਣਾ 'ਚ ਵੋਟਾਂ ਬਣਾਉਣ ਦਾ ਕੰਮ ਠੰਢੇ ਬਸਤੇ ਵਿਚ**

**ਚੰਡੀਗੜ੍ਹ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਲਈ ਵੋਟਰ ਬਣਨ ਬਾਰੇ ਵੰਡੇ ਗਏ ਫਾਰਮਾਂ ਵਿਚ ਗੁਰਦੁਆਰਾ ਚੋਣ ਕਮਿਸ਼ਨ ਨੇ ਅਕਾਲੀ ਧੜਿਆਂ ਦੀ ਮੰਗ 'ਤੇ ਸੋਧ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਕਿਹਾ ਕਿ ਚੋਣਾਂ ਗੁਰਦੁਆਰਾ ਐਕਟ ਮੁਤਾਬਕ ਹੀ ਕਰਵਾਈਆਂ ਜਾਣਗੀਆਂ। ਇਹ ਜਾਣਕਾਰੀ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ (ਰਿਟਾ.) ਹਰਫੂਲ ਸਿੰਘ ਬਰਾੜ ਨੇ ਦਿੱਤੀ ਹੈ।

ਪਿਛਲੇ ਦਿਨੀਂ ਅਕਾਲੀ ਦਲਾਂ ਦੇ ਵੱਖ-ਵੱਖ ਧੜਿਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਲਈ ਵੋਟਰ ਬਣਨ ਵਾਸਤੇ ਵੰਡੇ ਫਾਰਮਾਂ 'ਤੇ ਕਈ ਇਤਰਾਜ਼ ਲਾਏ ਸਨ। ਇਥੋਂ ਤੱਕ ਕਿ ਕਈ ਆਗੂਆਂ ਨੇ ਮੰਗ ਨਾ ਮੰਨੇ ਜਾਣ ਦੀ ਸੂਰਤ ਵਿਚ ਅਦਾਲਤ ਵਿਚ ਜਾਣ ਦੀ ਚਿਤਾਵਨੀ ਦਿੱਤੀ ਸੀ। ਕਈ ਧੜੇ ਵੋਟ ਵਾਲੇ ਫਾਰਮ 'ਤੇ ਵੋਟਰ ਦੀ ਫੋਟੋ ਲਾਉਣ ਦੀ ਮੰਗ ਕਰ ਰਹੇ ਹਨ। ਕਈਆਂ ਵਲੋਂ ਮੰਗ ਕੀਤੀ ਗਈ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਰ ਬਣਨ ਵਾਲੇ ਵੋਟਰਾਂ ਦੇ ਨਾਂਅ ਪਿੱਛੇ ਸਿੰਘ ਜਾਂ ਕੌਰ ਸ਼ਬਦ ਹੋਣਾ ਚਾਹੀਦਾ ਹੈ। ਇਸ ਦਲੀਲ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਸਿੰਘ ਜਾਂ ਕੌਰ ਸ਼ਬਦ ਨਾ ਹੋਣ ਦੀ ਸੂਰਤ ਵਿਚ ਜਾਅਲੀ ਵੋਟਾਂ ਬਣਨ ਦਾ ਖਦਸ਼ਾ ਹੈ। ਇਸੇ ਤਰ੍ਹਾਂ ਤੰਬਾਕੂ ਦਾ ਸੇਵਨ ਕਰਨ ਵਾਲੇ ਵਿਅਕਤੀ ਦੀ ਵੋਟ ਨਾ ਬਣਨ ਬਾਰੇ ਵਧੇਰੇ ਸਖਤੀ ਹੋਣੀ ਚਾਹੀਦੀ ਹੈ। ਇਨ੍ਹਾਂ ਮਾਮਲਿਆਂ ਨੂੰ ਲੈ ਕੇ ਵੋਟਰ ਬਣਨ ਲਈ ਵੰਡੇ ਫਾਰਮਾਂ ਵਿਚ ਸੋਧ ਦੀ ਮੰਗ ਕੀਤੀ ਜਾ ਰਹੀ ਹੈ। ਇਸ ਵੇਲੇ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਲਈ ਵੋਟਰ ਬਣਨ ਵਾਸਤੇ ਗੁਰਦੁਆਰਾ ਕਮਿਸ਼ਨ ਵਲੋਂ ਸੰਬੰਧਿਤ ਅਧਿਕਾਰੀਆਂ ਨੂੰ ਫਾਰਮ ਵੰਡੇ ਜਾ ਚੁੱਕੇ ਹਨ ਅਤੇ ਵੋਟਰ ਬਣਨ ਦੀ ਪ੍ਰਕਿਰਿਆ ਵੀ ਸ਼ੁਰੂ ਹੋ ਚੁੱਕੀ ਹੈ।

ਮੁੱਖ ਕਮਿਸ਼ਨਰ ਜਸਟਿਸ ਹਰਫੂਲ ਸਿੰਘ ਬਰਾੜ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣ ਬਾਕਾਇਦਾ ਐਕਟ ਮੁਤਾਬਿਕ ਹੀ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਨਿਯਮਾਂ ਮੁਤਾਬਕ ਕਮੇਟੀ ਦੀ ਚੋਣ ਕਰਵਾਉਣ ਦੀ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਪਰ ਬਗੈਰ ਕਾਨੂੰਨ ਵਿਚ ਸੋਧ ਦੇ ਉਹ ਫਾਰਮ ਵਿਚ ਆਪਣੇ ਆਪ ਕੋਈ ਤਬਦੀਲੀ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜ਼ਿੰਮੇਵਾਰੀ ਤਾਂ ਨਿਰਪੱਖ ਅਤੇ ਆਜ਼ਾਦ ਚੋਣ ਕਰਵਾਉਣੀ ਹੈ ਪਰ ਜੇਕਰ ਕੋਈ ਸੋਧ ਕਰਵਾਉਣੀ ਹੈ ਤਾਂ ਇਹ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਰਨੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਵੋਟ ਬਣਨ ਵਾਲੇ ਫਾਰਮ ਲਈ ਫੋਟੋ ਦੀ ਕੋਈ ਲੋੜ ਨਹੀਂ ਹੈ।

ਸ੍ਰੀ ਬਰਾੜ ਨੇ ਇਕ ਸਵਾਲ ਦੇ ਜੁਆਬ ਵਿਚ ਕਿਹਾ ਕਿ ਵੋਟਰ ਲਈ ਐਕਟ ਅਨੁਸਾਰ ਨਾਂਅ ਪਿੱਛੇ ਕੌਰ ਜਾਂ ਸਿੰਘ ਲੱਗਣਾ ਜ਼ਰੂਰੀ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਐਕਟ ਅਨੁਸਾਰ ਕੇਸਾਧਾਰੀ ਦੀ ਸ਼ਰਤ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਉਹ ਤਾਂ ਐਕਟ ਅਨੁਸਾਰ ਹੀ ਕਾਰਵਾਈ ਕਰਨਗੇ। ਕਈ ਡਿਪਟੀ ਕਮਿਸ਼ਨਰਾਂ ਵਲੋਂ ਵੋਟਰ ਲਈ ਫੋਟੋ ਦੀ ਸ਼ਰਤ ਵਾਲੀਆਂ ਪਹਿਲੀਆਂ ਹਦਾਇਤਾਂ ਵਾਪਸ ਹੋ ਗਈਆਂ ਹਨ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਚੋਣਾਂ ਲਈ ਕੋਈ ਵੀ ਗਰੁੱਪ ਜਾਂ ਵਿਅਕਤੀ ਆ ਕੇ ਉਨ੍ਹਾਂ ਨੂੰ ਸੁਝਾਅ ਦੇ ਸਕਦਾ ਹੈ ਪਰ ਉਸ ਬਾਰੇ ਅਮਲ ਕਰਨ ਦਾ ਫੈਸਲਾ ਕਮਿਸ਼ਨ ਦਾ ਆਪਣਾ ਹੈ।

ਉਧਰ ਹਰਿਆਣਾ ਦੇ ਅੱਠ ਜ਼ਿਲ੍ਹਿਆਂ ਵਿਚ 10 ਜੁਲਾਈ ਤੱਕ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਅਤੇ ਝੋਨੇ ਦੀ ਲੁਆਈ ਸ਼ੁਰੂ ਹੋਣ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਬਣਾਉਣ ਵਿਚ ਪ੍ਰੇਸ਼ਾਨੀਆਂ ਆ ਰਹੀਆਂ ਹਨ। ਪ੍ਰਸ਼ਾਸਨ ਦਾ ਸਾਰਾ ਧਿਆਨ ਤੇ ਜ਼ੋਰ ਪੰਚਾਇਤੀ ਅਦਾਰਿਆਂ ਦੀਆਂ ਚੋਣਾਂ ਵਲ ਲੱਗਿਆ ਹੋਇਆ ਹੈ।

ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਆਗੂਆਂ ਦਾ ਕਹਿਣਾ ਹੈ ਕਿ ਹਰਿਆਣਾ ਸਰਕਾਰ ਨੇ ਜਿਸ ਸਮੇਂ ਰਾਜ ਵਿਚ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਲਈ ਵੋਟਾਂ ਬਣਾਉਣ ਲਈ ਸਹਿਮਤੀ ਦਿੱਤੀ ਤਾਂ ਉਸ ਸਮੇਂ ਸਰਕਾਰ ਨੂੰ ਪਤਾ ਸੀ ਕਿ ਰਾਜ ਵਿਚ ਪੰਚਾਇਤੀ ਅਦਾਰਿਆਂ ਦੀਆਂ ਚੋਣਾਂ ਚੱਲ ਰਹੀਆਂ ਹੋਣਗੀਆਂ ਤੇ ਇਸ ਲਈ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਹਰਿਆਣਾ ਕਮੇਟੀ ਦੇ ਇਕ ਧੜੇ ਦੇ ਕਾਰਜਕਾਰੀ ਪ੍ਰਧਾਨ ਤੇ ਜਨਰਲ ਸਕੱਤਰ ਦੀਦਾਰ ਸਿੰਘ ਨਲਵੀ ਨੇ ਰਾਜ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਇਸ ਨੇ ਗਿਣੀ ਮਿਥੀ ਸਾਜ਼ਿਸ਼ ਤਹਿਤ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਹਾਮੀ ਭਰੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਚਾਹੁੰਦੀ ਹੈ ਕਿ ਰਾਜ ਦੇ ਸਾਰੇ ਸਿੱਖ ਆਪਣੀਆਂ ਵੋਟਾਂ ਨਾ ਬਣਾ ਸਕਣ ਤੇ ਇਸ ਨਾਲ ਰਾਜ ਵਿਚ ਸਿੱਖਾਂ ਦੀ ਅਸਲ ਵਸੋਂ ਦਾ ਪਤਾ ਨਹੀਂ ਲੱਗੇਗਾ। ਇਸ ਲਈ ਸਰਕਾਰ ਨੇ ਪੰਚਾਇਤੀ ਚੋਣਾਂ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀਆਂ ਆਮ ਚੋਣਾਂ ਲਈ ਵੋਟਾਂ ਬਣਾਉਣ ਦੀ ਸਹਿਮਤੀ ਦਿੱਤੀ। ਉਨ੍ਹਾਂ ਕਿਹਾ ਕਿ ਇਕ ਪਾਸੇ ਪੰਚਾਇਤ ਚੋਣਾਂ ਤੇ ਦੂਜੇ ਪਾਸੇ ਝੋਨੇ ਦੀ ਲੁਆਈ ਕਰਕੇ ਪੇਂਡੂ ਵਸੋਂ ਦਾ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਵਲ ਬਹੁਤ ਘੱਟ ਧਿਆਨ ਹੈ। ਪ੍ਰਸ਼ਾਸ਼ਨ ਨੂੰ ਚਾਹੀਦਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਸਬੰਧੀ ਹੇਠਲੇ ਪੱਧਰ ਤੱਕ ਜਾਣਕਾਰੀ ਦਿੱਤੀ ਜਾਵੇ ਅਤੇ ਪਟਵਾਰੀਆਂ ਨੂੰ ਪਿੰਡਾਂ ਵਿਚ ਫਾਰਮ ਦੇਣ ਦੀ ਹਦਾਇਤ ਕੀਤੀ ਜਾਵੇ। ਸ੍ਰੀ ਨਲਵੀ ਨੇ ਕਿਹਾ ਕਿ ਸੀਨੀਅਰ ਅਧਿਕਾਰੀਆਂ ਤਕ ਨੂੰ ਪਤਾ ਨਹੀਂ ਹੈ ਕਿ ਸ਼੍ਰੋਮਣੀ ਕਮੇਟੀ ਦੇ ਹਰੇਕ ਵੋਟਰ ਦੀ ਵੋਟ ਨਵੇਂ ਸਿਰੇ ਤੋਂ ਬਣਨੀ ਹੁੰਦੀ ਹੈ। ਉਹ ਸੋਚਦੇ ਹਨ ਕਿ ਦੂਜੀਆਂ ਚੋਣਾਂ ਵਾਂਗ ਹੀ ਨਵੇਂ ਵੋਟਰਾਂ ਦੀਆਂ ਵੋਟਾਂ ਬਣਨੀਆਂ ਹਨ। ਇਸ ਲਈ ਵੋਟ ਫਾਰਮ ਦੇਣ ਲਈ ਕੋਈ ਤਵੱਜੋਂ ਨਹੀਂ ਦਿੱਤੀ ਜਾ ਰਹੀ। ਹਰਿਆਣਾ ਕਮੇਟੀ ਦੇ ਦੂਜੇ ਧੜੇ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਦਾ ਕਹਿਣਾ ਹੈ ਕਿ ਸਰਕਾਰੀ ਮਸ਼ੀਨਰੀ ਨੇ ਵੋਟਾਂ ਦੇ ਸਾਰੇ ਫਾਰਮ ਨਾਮਜ਼ਦ ਗੁਰਦੁਆਰਿਆਂ ਨੂੰ ਦੇ ਦਿੱਤੇ ਹਨ ਤੇ ਇਹ ਸਾਰੇ ਗੁਰਦੁਆਰੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਹਨ। ਸਾਰੇ ਚਾਰ ਲੱਖ ਫਾਰਮ ਮੁੱਖ ਮੰਤਰੀ ਬਾਦਲ ਦੇ ਹਮਾਇਤੀਆਂ ਨੇ ਆਪਣੇ ਕਬਜ਼ੇ ਵਿਚ ਲੈ ਲਏ ਹਨ। ਇਸ ਲਈ ਫਾਰਮ ਲੈਣ ਵਿਚ ਮੁਸ਼ਕਿਲਾਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਰਾਜ ਦੇ ਅੱਠ ਜ਼ਿਲ੍ਹਿਆਂ ਵਿਚ ਪੰਚਾਇਤੀ ਚੋਣਾਂ ਹੋਣ ਕਰਕੇ ਪਿੰਡਾਂ ਦੇ ਲੋਕਾਂ ਦਾ ਧਿਆਨ ਉਧਰ ਲੱਗਿਆ ਹੋਇਆ ਹੈ। ਇਸ ਲਈ ਪੰਚਾਇਤ ਚੋਣਾਂ ਖਤਮ ਹੋਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਲਈ ਹਰਿਆਣਾ ਦੇ ਸਿੱਖਾਂ ਨੂੰ ਇਕ ਮਹੀਨੇ ਦਾ ਹੋਰ ਸਮਾਂ ਮਿਲਣਾ ਚਾਹੀਦਾ ਹੈ।



SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR,



JET AIRWAYS
DELTA, AIR INDIA,
For Emergency
Call anytime at
EARLY BIRD SALE!!!!
India $545



Realtor & Mortgage Specialist
Bay Area & Central Valley
ਚੰਗੀ ਜੁਗਤਤ-ਚਿੰਤਾ ਮੁਕਤਤ
ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।
Doing Short Sale is much better than Forclosure home.
RAJ SINGH
Cell:510-452-7370
MISSIONPEAK
3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ
46560 Fremont Blvd.,
Suite #111 Fremont, CA 94538
singhrajpaul@yahoo.com

## ਕਤਲੇਆਮ ਦੇ ਸ਼ਿਕਾਰ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲਿਆ

**ਚੰਡੀਗੜ੍ਹ:** ਉਤਰ ਪ੍ਰਦੇਸ਼ ਤੋਂ ਅਲੱਗ ਬਣੇ ਰਾਜ ਉਤਰਾਖੰਡ ਦੇ ਸਿੱਖ ਅੱਜ ਵੀ ਇਨਸਾਫ਼ ਲਈ ਤੜਪ ਰਹੇ ਹਨ ਪਰ ਕਿਸੇ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ। ਚਾਹੇ ਪੰਜਾਬ ਦੀ ਅਕਾਲੀ ਸਰਕਾਰ ਹੋਵੇ ਜਾਂ ਫਿਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਕਿਸੇ ਨੂੰ ਕੋਈ ਪ੍ਰਵਾਹ ਨਹੀਂ। ਇਨਸਾਫ਼ ਤੇ ਮੁਆਵਜ਼ੇ ਲਈ ਇਹ ਲੜਾਈ ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਵਲੋਂ ਪਿਛਲੇ 26 ਸਾਲਾਂ ਤੋਂ ਲੜੀ ਜਾ ਰਹੀ ਹੈ।

ਇਸ ਸਬੰਧੀ ਸੰਸਥਾ ਦੇ ਪ੍ਰਧਾਨ ਅਮੀਰ ਸਿੰਘ ਵਿਰਕ ਜੋ ਪੰਜਾਬ ਦੇ ਦੌਰੇ ਉਤੇ ਆਏ ਹੋਏ ਹਨ, ਨੇ ਕਿਹਾ , ''ਰਾਜ ਸਰਕਾਰ ਅਤੇ ਕੇਂਦਰ ਸਰਕਾਰ 26 ਸਾਲ ਤੋਂ ਧੋਖਾ ਕਰਦੀਆਂ ਆ ਰਹੀਆਂ ਹਨ। ਇਨਸਾਫ਼ ਦੀ ਲੜਾਈ ਵਿਚ ਕਿਸੇ ਨੇ ਕੋਈ ਸਾਥ ਨਹੀਂ ਦਿਤਾ। ਅਸੀਂ ਪੰਜਾਬ ਤੋਂ ਬਾਹਰ ਬੈਠੇ ਸਿੱਖ ਪੰਜਾਬ ਲਈ ਮਤਰੇਏ ਹਾਂ। ਇਸ ਕਰ ਕੇ ਕੋਈ ਸਾਡੀ ਬਾਂਹ ਨਹੀਂ ਫੜਦਾ।'' ਸ. ਵਿਰਕ ਨੇ ਦਸਿਆ ਕਿ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਅਤੇ ਬਣਦਾ ਮੁਆਵਜ਼ਾ ਲੈਣ ਲਈ 97 ਅਲੱਗ-ਅਲੱਗ ਪਟੀਸ਼ਨਾਂ ਪਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਮੁਆਵਜ਼ੇ ਤੋਂ ਪਹਿਲਾਂ ਉਹ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਲੜਾਈ ਲੜ ਰਹੇ ਹਨ। ਜੇ ਦੋਸ਼ੀਆਂ ਨੂੰ ਸਜ਼ਾ ਮਿਲ ਗਈ ਤਾਂ ਮੁਆਵਜ਼ਾ ਤੇ ਇਨਸਾਫ਼ ਆਪੇ ਹੀ ਮਿਲ ਜਾਣਾ ਹੈ। ਉਨ੍ਹਾਂ ਦਸਿਆ ਕਿ ਪਹਿਲਾਂ ਉੱਤਰ ਪ੍ਰਦੇਸ਼ ਸਰਕਾਰ ਧੋਖਾ ਕਰਦੀ ਰਹੀ ਅਤੇ ਹੁਣ ਉਤਰਾਖੰਡ ਵਿਚ ਵੀ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲਿਆ।

ਉਨ੍ਹਾਂ ਦਸਿਆ ਕਿ ਸਰਕਾਰੀ ਰਿਕਾਰਡ ਅਨੁਸਾਰ 6747 ਪੀੜਤ ਹਨ, ਜੋ ਇਨਸਾਫ਼ ਤੇ ਮੁਆਵਜ਼ੇ ਲਈ ਸਰਕਾਰਾਂ ਦੇ ਸ਼ਿਕਾਰ ਹੋ ਰਹੇ ਹਨ। ਸ. ਵਿਰਕ ਅਨੁਸਾਰ ਨਾਨਾਵਤੀ ਕਮਿਸ਼ਨ ਦੀ ਰੀਪੋਰਟ ਨੂੰ ਵੀ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਉਤਰਾਖੰਡ ਸਰਕਾਰ ਨੇ ਸਿੱਖ ਕਤਲੇਆਮ ਵਿਚ ਮਾਰੇ ਗਏ ਸਿੱਖਾਂ ਦਾ ਮੁਲ 50 ਹਜ਼ਾਰ ਰੁਪਏ, ਪੂਰੀ ਤਰ੍ਹਾਂ ਨਕਾਰਾ ਹੋ ਚੁੱਕੇ ਸਿੱਖ ਦਾ ਮੁਲ 12,500 ਰੁਪਏ, ਜ਼ਖ਼ਮੀ ਦਾ 1250 ਰੁਪਏ, ਜਾਇਦਾਦ ਦਾ 5000 ਰੁਪਏ ਅਤੇ ਮਕਾਨ ਦਾ 1250 ਰੁਪਏ ਮੁਲ ਪਾਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕਤਲ ਹੋਏ ਸਿੱਖਾਂ ਦਾ ਕੌਡੀਆਂ ਦੇ ਬਰਾਬਰ ਮੁਲ ਪਾਇਆ ਹੈ ਜਦਕਿ ਨਾਨਾਵਤੀ ਕਮਿਸ਼ਨ ਅਨੁਸਾਰ 9 ਗੁਣਾ ਜ਼ਿਆਦਾ ਮੁਆਵਜ਼ਾ ਦੇਣਾ ਬਣਦਾ ਹੈ। ਉਨ੍ਹਾਂ ਦਸਿਆ ਕਿ ਗੁਰੂ ਨਾਨਕ ਮਿਸ਼ਨ ਵਲੋਂ ਇਨਸਾਫ਼ ਲੈਣ ਲਈ ਯੂ.ਐਨ.ਓ. ਦਾ ਦਰਵਾਜ਼ਾ ਖੜਕਾਇਆ ਗਿਆ ਹੈ। ਯੂ.ਐਨ.ਓ. ਨੇ ਭਾਰਤ ਸਰਕਾਰ ਨੂੰ ਨੋਟਿਸ ਜਾਰੀ ਕਰ ਦਿਤਾ ਹੈ।

# ਸੁਖਦੇਵ ਸਿੰਘ ਸੁੱਖਾ ਤੇ ਨਿਸ਼ਾਨ ਸਿੰਘ ਧਮਾਕਾਖੇਜ਼ ਸਮੱਗਰੀ ਸਣੇ ਕਾਬੂ

**ਅੰਮ੍ਰਿਤਸਰ:** ਪੰਜਾਬ ਸਟੇਟ ਅਪਰੇਸ਼ਨ ਸੈਲ ਨੇ ਅੰਮ੍ਰਿਤਸਰ ਕਾਰ ਮਾਮਲੇ 'ਚ ਲੋੜੀਂਦੇ ਦਹਿਸ਼ਤਗਰਦ ਸੁਖਦੇਵ ਸਿੰਘ ਸੁੱਖਾ ਨੂੰ ਧਮਾਕਾਖੇਜ਼ ਸਮੱਗਰੀ ਅਤੇ ਅਸਲੇ ਸਮੇਤ ਫੜਨ ਦਾ ਦਾਅਵਾ ਕੀਤਾ ਹੈ। ਅਪਰੇਸ਼ਨ ਸੈਲ ਦੇ ਐਸ ਪੀ ਮਨਮਿੰਦਰ ਸਿੰਘ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਸੁਖਦੇਵ ਸਿੰਘ ਸੁੱਖਾ, ਸੁਰ ਸਿੰਘ (ਤਰਨ ਤਾਰਨ) ਦਾ ਰਹਿਣ ਵਾਲਾ ਅਤੇ ਇਕ ਡੇਰੇ ਦਾ ਸੰਚਾਲਕ ਵੀ ਹੈ। ਉਨ੍ਹਾਂ ਦੱਸਿਆ ਕਿ ਇਹ ਦਹਿਸ਼ਤਗਰਦ ਪਿਛਲੇ ਦਿਨੀਂ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੇ ਮਨਸ਼ੇ ਨਾਲ ਸਰਕਟ ਹਾਊਸ ਦੇ ਨਜ਼ਦੀਕ ਇਕ ਮਾਰੂਤੀ ਕਾਰ 'ਚ 1.7 ਕਿਲੋ ਆਰ ਡੀ ਐਕਸ, ਗੈਸ ਸਿਲੰਡਰ ਤੇ ਦੋ ਬੈਟਰੀਆਂ ਛੱਡ ਕੇ ਫਰਾਰ ਹੋ ਗਿਆ ਸੀ।

ਐਸ ਪੀ ਨੇ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਪੁਲਿਸ ਨੇ ਖਡੂਰ ਸਾਹਿਬ ਰੋਡ 'ਤੇ ਸਥਿਤ ਕਸਬਾ ਰਤਨਗੜ੍ਹ ਵਿਖੇ ਨਾਕਾ ਲਾਇਆ ਹੋਇਆ ਸੀ। ਇਸੇ ਦੌਰਾਨ ਖਡੂਰ ਸਾਹਿਬ ਵਲੋਂ ਇਕ ਮਹਿੰਦਰਾ ਜੀਪ ਆਈ, ਜਿਸ ਨੂੰ ਪੁਲਿਸ ਨੇ ਸ਼ੱਕ ਪੈਣ 'ਤੇ ਰੋਕ ਲਿਆ।

ਉਨ੍ਹਾਂ ਦੱਸਿਆ ਕਿ ਸੁਖਦੇਵ ਸਿੰਘ ਸੁੱਖਾ ਪੁੱਤਰ ਗੁਰਦਿਆਲ ਸਿੰਘ ਇਸ ਜੀਪ 'ਚ ਡਰਾਈਵਰ ਦੇ ਨਾਲ ਦੀ ਸੀਟ 'ਤੇ ਬੈਠਾ ਸੀ, ਜਿਸ ਨੂੰ ਪੁਲਿਸ ਨੇ ਤੁਰੰਤ ਗ੍ਰਿਫ਼ਤਾਰ ਕਰ ਲਿਆ। ਐਸ ਪੀ ਨੇ ਦੱਸਿਆ ਕਿ ਤਲਾਸ਼ੀ ਲੈਣ ਸਮੇਂ ਗੱਡੀ 'ਚੋਂ ਕੁਝ ਵੀ ਬਰਾਮਦ ਨਹੀਂ ਹੋਇਆ, ਪਰ ਪੁੱਛਗਿੱਛ ਦੌਰਾਨ ਇਕ ਘਰ 'ਚੋਂ ਉਕਤ ਦਹਿਸ਼ਤਗਰਦ ਦੀ ਨਿਸ਼ਾਨਦੇਹੀ 'ਤੇ ਇਕ ਏਕੇ 74 ਰਾਈਫਲ, ਇਕ ਕਿਲੋ 400 ਗਰਾਮ ਆਰ ਡੀ ਐਕਸ ਅਤੇ ਹੋਰ ਅਸਲ੍ਹਾ ਬਰਾਮਦ ਹੋਇਆ। ਪੁਲਿਸ ਨੇ ਸਟੇਟ ਸਪੈਸ਼ਲ ਆਪਰੇਸ਼ਨ ਸੈਲ ਪੰਜਾਬ ਅੰਮ੍ਰਿਤਸਰ ਦੇ ਪੁਲਿਸ ਥਾਣਾ ਵਿਖੇ ਸੁਖਦੇਵ ਸਿੰਘ ਸੁੱਖਾ ਖਿਲਾਫ਼ ਵੱਖ-ਵੱਖ ਧਾਰਾਵਾਂ ਹੇਠ ਮੁਕੱਦਮਾ ਦਰਜ ਕਰ ਲਿਆ ਹੈ।

**ਬੱਬਰ ਖ਼ਾਲਸਾ ਦਾ ਖਾੜਕੂ ਨਿਸ਼ਾਨ ਸਿੰਘ ਮੁੰਬਈ ਤੋਂ ਗ੍ਰਿਫਤਾਰ :** ਉੱਤਰੀ-ਪੂਰਬੀ ਮੁੰਬਈ ਦੇ ਚੈਂਬੂਰ ਇਲਾਕੇ ਦੇ ਡਾਇਮੰਡ ਗਾਰਡਨ ਖੇਤਰ 'ਚੋਂ ਬੀਤੀ 19 ਜੂਨ ਨੂੰ ਮੁੰਬਈ ਦੇ ਅੱਤਵਾਦ ਵਿਰੋਧੀ ਦਸਤੇ ਨੇ ਅੰਮ੍ਰਿਤਸਰ ਸ਼ਹਿਰ ਦੇ ਰੇਲਵੇ ਸਟੇਸ਼ਨ ਦੇ ਬਾਹਰ ਆਰ.ਡੀ.ਐਕਸ. ਵਾਲੀ ਕਾਰ ਖੜੀ ਕਰਨ ਦੀ ਵਾਰਦਾਤ 'ਚ ਸ਼ਾਮਿਲ ਬੱਬਰ ਖਾਲਸਾ ਦੇ ਮਸ਼ਕੂਕ ਖਾੜਕੂ ਨਿਸ਼ਾਨ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਨਿਸ਼ਾਨ ਸਿੰਘ ਦੇ ਪੰਜ ਸ਼ੱਕੀ ਮਦਦਗਾਰਾਂ ਨੂੰ ਵੀ ਹਿਰਾਸਤ 'ਚ ਲਿਆ ਹੈ ਪਰ ਉਨ੍ਹਾਂ ਦੀ ਪਛਾਣ ਗੁਪਤ ਰੱਖੀ ਗਈ ਹੈ। ਅੱਤਵਾਦ ਵਿਰੋਧੀ ਦਸਤੇ ਦੇ ਮੁਖੀ ਸ੍ਰੀ ਰਾਕੇਸ਼ ਮਾਰਿਆ ਨੇ ਕਿਹਾ ਕਿ ਫੜੇ ਗਏ ਖਾੜਕੂਆਂ ਦੀਆਂ ਤਸਵੀਰਾਂ ਸ਼ਨਾਖਤ ਲਈ ਪੰਜਾਬ ਪੁਲਿਸ ਨੂੰ ਭੇਜੀਆਂ ਜਾ ਰਹੀਆਂ ਹਨ। ਨਿਸ਼ਾਨ ਸਿੰਘ ਦੇ ਕਬਜ਼ੇ 'ਚੋਂ 2 ਪਿਸਤੌਲ, ਇਕ ਬੰਦੂਕ ਤੇ 18 ਰਾਊਂਦ ਵੀ ਬਰਾਮਦ ਕੀਤੇ ਗਏ ਹਨ। ਦੱਸਣਯੋਗ ਹੈ ਕਿ ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਬਾਹਰ 8



ਸੁਖਦੇਵ ਸਿੰਘ ਸੁੱਖਾ ਹਿਰਾਸਤ ਵਿਚ

ਮਈ ਨੂੰ 2 ਕਿਲੋ ਆਰ.ਡੀ.ਐਕਸ. ਵਾਲੀ ਕਾਰ ਬਰਾਮਦ ਹੋਈ ਸੀ ਪਰ ਸਮੇਂ ਸਿਰ ਇਸ ਦਾ ਪਤਾ ਲੱਗਣ ਕਾਰਨ ਧਮਾਕਾ ਹੋਣ ਤੋਂ ਬਚਾਅ ਹੋ ਗਿਆ ਸੀ। 19 ਜੂਨ ਸ਼ਾਮ ਨੂੰ ਅੱਤਵਾਦ ਵਿਰੋਧੀ ਦਸਤੇ ਨੇ ਨਿਸ਼ਾਨ ਸਿਘ ਨੂੰ ਇਕ ਸਥਾਨਕ ਅਦਾਲਤ 'ਚ ਪੇਸ਼ ਕੀਤਾ ਜਿਥੇ ਮਾਣਯੋਗ ਜੱਜ ਨੇ ਉਸ ਨੂੰ 28 ਜੂਨ ਤੱਕ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ।

ਅੱਤਵਾਦ ਵਿਰੋਧੀ ਦਸਤੇ ਦੇ ਮੁਖੀ ਰਾਕੇਸ਼ ਮਾਰਿਆ ਨੇ ਦੱਸਿਆ ਕਿ ਨਿਸ਼ਾਨ ਸਿੰਘ ਤੇ ਉਸ ਦੇ ਸਾਥੀਆਂ ਨੂੰ ਉਦੋਂ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਨਾਂਦੇੜ ਤੋਂ ਇਕ ਕਾਰ ਰਾਹੀਂ ਮੁੰਬਈ ਆ ਰਹੇ ਸਨ। ਉਨ੍ਹਾਂ ਦੱਸਿਆ ਕਿ ਉਸ ਵੇਲੇ ਨਿਸ਼ਾਨ ਸਿੰਘ ਨਾਲ ਕਾਰ 'ਚ 5 ਹੋਰ ਵਿਅਕਤੀ ਵੀ ਸਵਾਰ ਸਨ ਪਰ ਉਨ੍ਹਾਂ ਨੂੰ ਦੋਸ਼ੀ ਨਹੀਂ ਬਣਾਇਆ ਗਿਆ ਕਿਉਂਕਿ ਉਨ੍ਹਾਂ ਨੇ ਆਪਣੀ ਸਫਾਈ 'ਚ ਕਿਹਾ ਕਿ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਨਿਸ਼ਾਨ ਸਿੰਘ ਨੇ ਗੱਡੀ 'ਚ ਹਥਿਆਰ ਰੱਖੇ ਹੋਏ ਹਨ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਕਾਰ ਬੰਬ ਮਾਮਲੇ 'ਚ ਪੰਜਾਬ ਪੁਲਿਸ ਨੇ ਸੁਖਦੇਵ ਸਿੰਘ ਤੇ ਜੋਗਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਸੀ ਪਰ ਨਿਸ਼ਾਨ ਸਿੰਘ ਉਕਤ ਮਾਮਲੇ 'ਚ ਫਰਾਰ ਸੀ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤਾ ਗਿਆ ਖਾੜਕੂ ਨਿਸ਼ਾਨ ਸਿੰਘ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨਾਲ ਵੀ ਜੁੜਿਆ ਰਿਹਾ ਹੈ ਅਤੇ ਫਰਵਰੀ 2009 'ਚ ਨਾਰਕੋਟਿਕਸ ਵਿਭਾਗ ਦੀ ਇਕ ਟੀਮ ਜਦੋਂ ਉਸ ਨੂੰ ਫੜਨ ਗਈ ਤਾਂ ਉਸਨੇ ਟੀਮ 'ਤੇ ਗੋਲੀਆਂ ਚਲਾ ਦਿੱਤੀਆਂ ਤੇ ਫਰਾਰ ਹੋ ਗਿਆ। ਮਹਾਰਾਸ਼ਟਰ ਦਾ ਅੱਤਵਾਦ ਵਿਰੋਧੀ ਦਸਤਾ ਨਿਸ਼ਾਨ ਸਿੰਘ ਤੋਂ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਉਹ ਨਾਂਦੇੜ ਕਿਉਂ ਗਿਆ ਸੀ ਤੇ ਮੁੰਬਈ ਹਥਿਆਰ ਲਿਆਉਣ ਪਿੱਛੇ ਉਸ ਦੀ ਕੀ ਮਨਸ਼ਾ ਹੈ।

## ਵਿਤਕਰੇ ਤੋਂ ਅਮਰੀਕੀ ਸਿੱਖ ਤੰਗ

**ਵਾਸ਼ਿੰਗਟਨ:** ਅਮਰੀਕਾ ਵਿਚ ਵਸਦੇ ਸਿੱਖ ਆਗੂਆਂ ਨੇ ਅਮਰੀਕੀ ਸੰਸਦ ਮੈਂਬਰਾਂ ਨੂੰ ਸ਼ਿਕਾਇਤ ਕੀਤੀ ਹੈ ਕਿ 9/11 ਦੀ ਘਟਨਾ ਤੋਂ ਬਾਅਦ ਉਨ੍ਹਾਂ ਨੂੰ ਹਰ ਥਾਂ 'ਤੇ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਿੱਖ ਜਥੇਬੰਦੀ 'ਸਿੱਖ ਕੁਲੀਸ਼ਨ' ਦੇ ਡਾਇਰੈਕਟਰ ਅਮਰਜੀਤ ਸਿੰਘ ਨੇ ਵਿਧਾਨ, ਸਮਾਜਕ ਹੱਕਾਂ ਅਤੇ ਸਮਾਜਕ ਆਜ਼ਾਦੀ ਬਾਰੇ ਨਿਆਂਇਕ ਸਬ ਕਮੇਟੀ ਸਾਹਮਣੇ ਕਿਹਾ ਕਿ ਇਹ ਚੰਗਾ ਨਹੀਂ ਹੈ। ਉਨ੍ਹਾਂ ਵਿਤਕਰਾ ਰੋਕਣ ਲਈ ਅਸਰਦਾਰ ਕਦਮ ਚੁੱਕਣ ਦੀ ਮੰਗ ਕੀਤੀ। ਕਮੇਟੀ ਸਾਹਮਣੇ ਸਿੱਖਾਂ ਦਾ ਪੱਖ ਪੇਸ਼ ਕਰਦਿਆਂ ਅਮਰਜੀਤ ਸਿੰਘ ਨੇ ਆਖਿਆ, ''ਮੇਰੇ ਧਰਮ ਦੇ ਲੋਕਾਂ ਨੂੰ ਲਗਾਤਾਰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਇਹ ਸਭ ਰੋਕਣ ਲਈ ਕੋਈ ਪੁਖਤਾ ਕਾਨੂੰਨ ਵੀ ਲਾਗੂ ਨਹੀਂ ਹੈ। ਸਾਨੂੰ ਇਕ ਸਬ ਕਮੇਟੀ ਦੀ ਲੋੜ ਹੈ ਜੋ ਦੋਸ਼ੀਆਂ ਵਿਰੁਧ ਕਾਰਵਾਈ ਕਰ ਸਕੇ ਅਤੇ ਸੰਸਦ ਵਿਚ ਸਿੱਖਾਂ ਵਿਚ ਆਵਾਜ਼ ਬੁਲੰਦ ਕਰੇ।'' ਕੈਲੇਫੋਰਨੀਆ ਤੋਂ ਸੰਸਦ ਮੈਂਬਰ ਜੂਡੀ ਚੂ ਨੇ ਸਿੱਖਾਂ ਦੀ ਇਕ ਹੋਰ ਜਥੇਬੰਦੀ 'ਯੂਨਾਈਟਿਡ ਸਿੱਖਜ਼' ਵਲੋਂ ਨਸਲੀ ਵਿਤਕਰੇ ਦੀਆਂ ਚਿੰਤਾਵਾਂ ਬਾਰੇ ਜਾਣੂ ਕਰਵਾਇਆ।


Wraich Transport LLC
North American Truck Stop
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ
*We have trailer engine for carrier and thermo king *North american truck stop offer all kind of truck repair @ economy price. *We have special deal on oil change $189 +
ਤੁਰਤ ਕਾਲ ਕਰੋ:800-746-6201, 909-350-3310



ਆਪਣਾ ਕਰੈਡਿਟ ਬਚਾਉ / FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE



Manjit Gill
President
CA Lic#0B23990
• AUTO
• HOME
• LIFE
• HEALTH
• LIQUOR STORES
• GAS STATIONS
• TRUCK INSURANCE
EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law
Law Offices Of Jaspreet Singh
37-18, 73 Street, Suite 401 (Near Subzi Mandi) Jackson Hts, NY-11372 Ph:718-533-8444 Fax: 718-533-8460
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440

# ਇੱਜ਼ਤ ਬਚਾਉਣ ਲਈ ਕਿ ਇੱਜ਼ਤ ਹਰਨ ਲਈ ਕੀਤਾ ਕਤਲ?

**ਡਾ. ਗੁਰਨਾਮ ਕੌਰ**

5 ਜੂਨ ਸਨਿਚਰਵਾਰ ਦੇ ਅੰਗਰੇਜ਼ੀ ਅਖ਼ਬਾਰ "ਟੋਰਾਂਟੋ ਸਨ" ਵਿਚ ਰਿਪੋਰਟਰ ਮਿਸ਼ੈਲ ਮੈਂਡਲ ਦੀ ਰਿਪੋਰਟ ਛਪੀ "ਕਿਲਰ" ਜਸਟ ਸੌਰੀ"। ਲਿਖਿਆ ਸੀ, ਨੂੰਹ ਦੇ ਜ਼ਾਲਮਾਨਾ ਕਤਲ ਲਈ ਕਾਤਲ ਨੇ ਆਪਣੇ ਆਪ ਨੂੰ ਦੋਸ਼ੀ ਕਬੂਲ ਕੀਤਾ। ਇਸ ਦੇ ਨਾਲ ਹੀ ਕਮਿਕਰ ਸਿੰਘ ਢਿੱਲੋਂ ਦੀ ਉਹ ਪੁਰਾਣੀ ਤਸਵੀਰ ਸੀ ਜਦੋਂ ਪੁਲਿਸ ਉਸਨੂੰ ਬਰੈਂਪਟਨ ਥਾਣੇ ਵਿਚ ਲੈ ਕੇ ਜਾ ਰਹੀ ਸੀ। ਖ਼ਬਰ ਅਨੁਸਾਰ ਉਸਨੇ ਸੰਤਰੀ ਰੰਗ ਦੀ ਪੱਗ ਬੰਨੀ ਹੋਈ ਸੀ ਅਤੇ ਬਰਗੰਡੀ ਰੰਗ ਦਾ ਟਰੈਕ ਸੂਟ ਪਾਇਆ ਸੀ। ਇਹ ਵੀ ਕਿ ਢਿੱਲੋਂ ਨੇ "ਸਿਰਫ ਅਫ਼ਸੋਸ (ਜਸਟ ਸੌਰੀ)" ਕਿਹਾ ਅਤੇ ਇਸ ਕਤਲ ਨੂੰ ਇੱਜ਼ਤ ਬਚਾਉਣ ਲਈ ਕੀਤਾ ਕਤਲ ਕਿਹਾ।

ਅਠਤਾਲੀ ਸਾਲ ਦੇ ਢਿੱਲੋਂ ਦੇ ਚਿਹਰੇ ਅਤੇ ਵਰਤਾਉ ਤੋਂ ਭੋਰਾ ਵੀ ਅਫ਼ਸੋਸ ਜ਼ਾਹਰ ਨਹੀਂ ਸੀ ਹੁੰਦਾ। ਰਿਪੋਰਟ ਅਨੁਸਾਰ ਅਸਲ ਵਿਚ 2009 ਦੇ ਨਵੇਂ ਸਾਲ ਦੇ ਦਿਨ ਤੋਂ ਜਦੋਂ ਤੋਂ ਉਸਨੇ ਆਪਣੀ 22 ਸਾਲਾ ਨੂੰਹ ਅਮਨਦੀਪ ਦਾ ਕਤਲ ਕੀਤਾ ਹੈ, ਉਸ ਨੂੰ ਕੋਈ ਪਛਤਾਵਾ ਨਹੀਂ ਹੈ। ਸਗੋਂ ਉਹ ਜ਼ੋਰ ਪਾ ਕੇ ਕਹਿੰਦਾ ਰਿਹਾ ਹੈ ਕਿ ਉਸ ਦਾ ਵਿਸ਼ਵਾਸ ਹੈ ਕਿ ਉਸ ਨੇ ਕਿਸੇ ਹੋਰ ਦੀ ਖਾਤਰ ਉਸਦੇ ਪੁੱਤਰ ਨੂੰ ਛੱਡ ਕੇ ਚਲੀ ਜਾਣਾ ਸੀ।

ਪੁਲਿਸ ਵਲੋਂ ਕੀਤੀ ਗਈ ਪੁੱਛਗਿੱਛ ਦੌਰਾਨ ਉਸਨੇ ਜ਼ੋਰ ਪਾ ਕੇ ਕਿਹਾ ਹੈ ਕਿ ਉਸਦੇ ਪੁੱਤਰ ਤੋਂ ਅਮਨਦੀਪ ਦਾ ਅਲਗ ਹੋਣਾ ਉਸ ਦੇ ਪਰਿਵਾਰ ਦੀ ਬਦਨਾਮੀ ਦਾ ਵੱਡਾ ਕਾਰਨ ਬਣਦਾ ਜਿਸ ਕਰਕੇ ਉਸ ਦਾ ਖ਼ੂਨ ਕਰਨਾ ਜਾਇਜ਼ ਸੀ। ਉਸ ਦੇ ਬਚਾਉ ਪੱਖ ਦਾ ਵਕੀਲ ਵੀ ਪੁਲਿਸ ਨੂੰ ਵਾਰ ਵਾਰ ਦਸਦਾ ਰਿਹਾ ਕਿ ਅਜਿਹੇ ਹਾਲਾਤ ਵਿਚ ਉਸ ਨੂੰ ਮਾਰ ਦੇਣਾ ਹੀ ਵਾਜਬ ਸੀ। ਅਖ਼ਬਾਰ ਦੀ ਰਿਪੋਰਟ ਅਨੁਸਾਰ ਅਮਨਦੀਪ ਦੇ ਕਾਤਲ ਨੇ ਉਸ 'ਤੇ ਚਿੱਕੜ ਉਛਾਲਿਆ ਹੈ ਕਿਉਂਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਅਮਨਦੀਪ ਦਾ ਕਿਸੇ ਨਾਲ ਚੱਕਰ ਸੀ। ਉਸ (ਢਿੱਲੋਂ) ਨੇ ਇਹ ਵੀ ਦੋਸ਼ ਲਾਇਆ ਹੈ ਕਿ ਉਸ ਜੁਆਨ ਮਾਂ ਨੇ (ਉਸ ਦਾ 3 ਸਾਲ ਦਾ ਬੱਚਾ ਹੈ) ਉਸ ਨੂੰ ਹਮਬਿਸਤਰ ਹੋਣ ਲਈ ਆਪਣੇ ਆਪ ਨੂੰ ਪੇਸ਼ ਕੀਤਾ ਸੀ ਪਰ ਉਸ (ਕਾਤਲ) ਨੇ ਇਨਕਾਰ ਕਰ ਦਿਤਾ ਸੀ (ਇਸ ਦੀ ਪ੍ਰੋੜ੍ਹਤਾ ਲਈ ਵੀ ਕੋਈ ਸਬੂਤ ਨਹੀਂ ਮਿਲਦਾ)। ਅਮਨਦੀਪ ਨੇ ਆਪਣੇ ਸਹੁਰੇ ਘਰ ਜਿਹੜੇ ਥੋੜੇ ਜਿਹੇ ਵਰ੍ਹੇ ਗੁਜ਼ਾਰੇ ਉਸ 'ਤੇ ਲਾਏ ਗਏ ਦੋਸ਼ਾਂ ਦੀ ਇਹ ਇਕ ਹੋਰ ਉਦਾਸ ਉਦਾਹਰਣ ਹੈ।

ਰਿਪੋਰਟ ਅਨੁਸਾਰ 2005 ਵਿਚ ਪੰਜਾਬ ਵਿਚ ਉਸ ਦਾ ਵਿਆਹ ਕਰਦਿਆਂ ਮਾਂ-ਬਾਪ ਨੇ ਉਸ ਨੂੰ ਖ਼ੂਬ ਦਾਜ ਦਿਤਾ (ਜਦੋਂ ਕਤਲ ਹੋਇਆ ਸੀ ਉਦੋਂ ਵੀ ਅਖ਼ਬਾਰਾਂ ਵਿਚ ਛਪਿਆ ਸੀ ਕਿ ਉਸ ਦੇ ਘਰਦਿਆਂ ਨੇ ਸ਼ਾਇਦ ਚਾਲੀ ਲੱਖ ਰੁਪਿਆ ਦਿੱਤਾ ਸੀ ਜਿਸ ਨਾਲ ਸਟੋਰ ਖੋਲ੍ਹਿਆ ਗਿਆ)। ਦੂਜੇ ਸ਼ਬਦਾਂ ਵਿਚ ਉਨ੍ਹਾਂ ਨੇ ਆਪਣੀ ਧੀ ਮਿਸੀਸਾਗਾ ਦੇ ਇਕ ਅਜਨਬੀ ਨਾਲ ਸ਼ਾਦੀ ਵਿਚ ਇਸ ਆਸ ਵਿਚ ਵੇਚ ਦਿਤੀ ਕਿ ਉਹ ਸਾਰੇ ਕੈਨੇਡਾ ਜਾ ਸਕਣਗੇ। ਇਹ ਇਕ ਡਰਾਉਣੇ ਖ਼ੁਆਬ ਵਿਚ ਪੂੰਜੀ ਲਾਉਣ ਵਾਲੀ ਗੱਲ ਸੀ।

ਵਿਆਹ ਪਿਛੋਂ ਅਮਨਦੀਪ ਸਹੁਰੇ ਘਰ ਆ ਕੇ ਕਦੇ ਖ਼ੁਸ਼ ਨਾ ਰਹਿ ਸਕੀ। ਉਸ ਦੀ ਜ਼ਿੰਦਗੀ ਵਿਚ ਇੱਕੋ ਇੱਕ ਖ਼ੁਸ਼ੀ 2007 ਵਿਚ ਪੈਦਾ ਹੋਇਆ ਉਸ ਦਾ ਲੜਕਾ ਸੀ ਪਰ ਉਸ ਨੂੰ ਉਸ ਦੀ ਮਰਜ਼ੀ ਦੇ ਖਿਲਾਫ ਭਾਰਤ ਭੇਜ ਦਿਤਾ ਗਿਆ। ਉਸ ਦਾ ਸਾਰਾ ਦਿਨ ਉਸ ਇੰਡੀਅਨ ਗਰੋਸਰੀ ਸਟੋਰ ਵਿਚ ਗੁਜ਼ਰਦਾ ਜਿਥੇ ਉਸ ਦਾ ਕਤਲ ਹੋਇਆ। ਉਸ



ਅਮਨਦੀਪ ਕੌਰ ਆਪਣੇ ਪੁੱਤਰ ਨਾਲ

ਦੀ ਦੁਨੀਆਂ ਆਪਣੇ ਉਸ ਸਹੁਰੇ ਨਾਲ ਸਾਰਾ ਦਿਨ ਸਟੋਰ ਵਿਚ ਕੰਮ ਕਰਨ ਤੱਕ ਸੁੰਗੜ ਕੇ ਰਹਿ ਗਈ, ਜਿਥੇ ਉਸ ਦੀ ਹਰ ਹਰਕਤ ਨੂੰ ਕੰਟਰੋਲ ਵਿਚ ਰਖਿਆ ਗਿਆ।

ਰਿਪੋਰਟ ਅਨੁਸਾਰ ਅਮਨਦੀਪ ਗੁਸਲਖਾਨੇ ਵਿਚ ਪਾਈ ਗਈ, ਉਸ ਦਾ ਗਲਾ ਕਟਿਆ ਹੋਇਆ ਸੀ। ਚਿਹਰੇ, ਸਿਰ ਅਤੇ ਸਰੀਰ ਦੇ ਉਪਰਲੇ ਹਿੱਸੇ 'ਤੇ ਛੁਰੇ ਦੇ ਅਨੇਕਾਂ ਜ਼ਖ਼ਮ ਸਨ। ਉਸ ਦੇ ਸਹੁਰੇ ਨੇ ਇਸ ਨੂੰ ਲੁੱਟ ਦੀ ਘਟਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਆਪਣੇ ਵੀ ਛੁਰੇ ਨਾਲ ਜ਼ਖ਼ਮ ਕਰ ਲਏ ਅਤੇ ਪੁਲਿਸ ਨੂੰ ਕਿਹਾ ਕਿ ਅਮਨਦੀਪ ਨੂੰ 5 ਨਕਾਬਪੋਸ਼ ਲੁਟੇਰਿਆਂ ਨੇ ਅਗਵਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਪੜਤਾਲੀਆਂ ਨੂੰ ਕੈਸ਼-ਰਜਿਸਟਰ ਵਿਚ ਨਕਦੀ ਮਿਲ ਗਈ ਅਤੇ ਸਟੋਰ ਦੀ ਬੇਸਮੈਂਟ ਵਿਚੋਂ ਖ਼ੂਨ ਨਾਲ ਲਿਬੜਿਆ ਛੁਪਾਇਆ ਹੋਇਆ ਚਾਕੂ ਵੀ ਮਿਲ ਗਿਆ ਜੋ ਵਾਰਦਾਤ ਲਈ ਵਰਤਿਆ ਗਿਆ ਸੀ।

ਮੁਲਜ਼ਿਮ ਨੇ ਪੁੱਛਗਿੱਛ ਦੌਰਾਨ ਛੇਤੀ ਹੀ ਜੁਰਮ ਦਾ ਇਕਬਾਲ ਕਰ ਲਿਆ ਪ੍ਰੰਤੂ ਉਸ ਨੂੰ ਇਸ ਗੱਲ

**ਨਜ਼ਰੀਆ**

ਦਾ ਪੱਕ ਸੀ ਕਿ ਅਮਨਦੀਪ ਦੇ ਕਤਲ ਦਾ ਉਸਨੂੰ ਹਰ ਅਧਿਕਾਰ ਸੀ ਅਤੇ ਇਹ ਕਤਲ ਬਿਲਕੁਲ ਵਾਜਬ ਸੀ ਕਿਉਂਕਿ ਉਸ ਨੇ ਉਸ ਦੇ ਪਰਿਵਾਰ ਦੀ ਬਦਨਾਮੀ ਦਾ ਕਾਰਨ ਬਣ ਜਾਣਾ ਸੀ।

ਪਾਠਕ ਸੋਚ ਸਕਦੇ ਹਨ ਕਿ ਮੈਂ ਇਸ ਰਿਪੋਰਟ ਨੂੰ ਇਸ ਤਰ੍ਹਾਂ ਪੰਜਾਬੀ ਵਿਚ ਦੁਬਾਰਾ ਛਾਪ ਕੇ ਉਨ੍ਹਾਂ ਦਾ ਸਮਾਂ ਕਿਉਂ ਖ਼ਰਾਬ ਕਰ ਰਹੀ ਹਾਂ? ਪਰ ਇਸ ਕਤਲ ਮੇਰੇ ਮਨ ਵਿਚ ਬਹੁਤ ਸਾਰੇ ਸ਼ੰਕੇ ਅਤੇ ਸਵਾਲ ਪੈਦਾ ਕਰਦਾ ਹੈ। ਇਕ ਇਸਤਰੀ ਅਤੇ ਧਰਮ ਅਧਿਐਨ ਦੇ ਖੇਤਰ ਵਿਚ ਯੂਨੀਵਰਸਿਟੀ ਦੀ ਸੇਵਾ-ਮੁਕਤ ਪ੍ਰੋਫੈਸਰ ਹੋਣ, ਔਰਤ ਦੇ ਹੱਕਾਂ ਅਤੇ ਮਜਬੂਰੀਆਂ ਪ੍ਰਤੀ ਚੇਤੰਨ ਹੋਣ ਦੇ ਨਾਤੇ ਮੈਂ ਇਹ ਸ਼ੰਕੇ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦੀ ਹਾਂ, ਖਾਸ ਕਰਕੇ ਭਾਈਚਾਰੇ ਦੇ ਚੇਤੰਨ ਲੋਕਾਂ ਨਾਲ।

ਪੱਤਰਕਾਰਾਂ ਨੇ ਲਿਖਿਆ ਸੀ ਕਿ ਅਮਨਦੀਪ ਦੇ ਮਾਪਿਆਂ ਨੇ ਉਸ ਨੂੰ ਆਪ ਕੈਨੇਡਾ ਆਉਣ ਦੇ ਲਾਲਚ ਵਿਚ ਵੇਚਿਆ। ਇਹ ਸਹੀ ਹੈ ਕਿ ਮਾਪਿਆਂ ਨੇ ਉਸ ਨੂੰ ਰੱਜ ਕੇ ਦਾਜ ਦਿਤਾ ਅਤੇ ਜਿਵੇਂ ਕਿ ਕਤਲ ਤੋਂ ਬਾਅਦ ਅਖ਼ਬਾਰਾਂ ਵਿਚ ਛਪਿਆ ਵੀ, ਉਸ ਦੇ ਮਾਪਿਆਂ ਨੇ ਪਿਛੋਂ ਵੀ ਬਹੁਤ ਸਾਰਾ ਪੈਸਾ ਦਿਤਾ ਪਰ ਇਸ ਨੂੰ ਵੇਚਣਾ ਨਹੀਂ ਕਹਿੰਦੇ ਸਗੋਂ ਅਮਨਦੀਪ ਦੇ ਮਾਪਿਆਂ ਨੇ ਕੈਨੇਡਾ ਦੇ ਲਾਲਚ ਵਿਚ ਇਕ ਘਟੀਆ ਜੁਆਈ ਖਰੀਦਿਆ। ਧੀ ਨੂੰ ਵੇਚਣਾ ਪੰਜਾਬੀ ਸਮਾਜ ਵਿਚ ਉਸ ਨੂੰ ਕਹਿੰਦੇ ਹਨ ਜਦੋਂ ਕੁੜੀ ਦੇ ਬਦਲੇ ਪੈਸੇ ਲਏ ਜਾਂਦੇ ਹਨ। ਇਹ ਅੱਜ ਕਲ੍ਹ ਨਹੀਂ ਵਾਪਰਦਾ। ਅੱਜ ਕਲ੍ਹ ਤਾਂ ਮੁੰਡੇ ਵਾਲਿਆਂ ਦੇ ਮੂੰਹ ਨੂੰ ਏਨਾ ਲਹੂ ਲੱਗ ਚੁੱਕਿਆ ਹੈ ਕਿ ਉਹ ਕੁੜੀ ਵਾਲਿਆਂ ਦੀ ਰੱਤ ਤੱਕ ਨਿਚੋੜ ਲੈਣਾ ਚਾਹੁੰਦੇ ਹਨ। ਦਾਜ ਦੇ ਲਾਲਚ ਵਿਚ ਵਿਆਹੇ ਹੋਏ ਲੋਕ ਵੀ ਭਾਰਤ ਜਾ ਕੇ ਬਿਨਾਂ ਤਲਾਕ ਦਿੱਤੇ ਕਈ ਕਈ ਵਿਆਹ ਕਰ ਲੈਂਦੇ ਹਨ।

ਦੂਸਰੀ ਗੱਲ ਇਹ ਹੈ ਕਿ ਪੰਜਾਬੀ ਸਮਾਜ ਦਾ ਆਮ ਮਾਨਸਿਕ ਵਰਤਾਰਾ ਹੈ ਕਿ ਜੇ ਨੂੰਹ ਦੇ ਚਾਲ ਚਲਣ 'ਤੇ ਜ਼ਰਾ ਵੀ ਸ਼ੱਕ ਹੋਵੇ ਤਾਂ ਸਹੁਰੇ ਉਸਨੂੰ ਮਾਰਦੇ ਨਹੀਂ, ਸਗੋਂ ਛੱਡ ਦਿੰਦੇ ਹਨ। ਇਹੀ ਨਹੀਂ ਜੇ ਨੂੰਹ ਨੂੰ ਛੱਡਣਾ ਹੋਵੇ ਤਾਂ ਠੀਕ ਚਾਲ-ਚਲਣ ਹੋਣ 'ਤੇ ਵੀ ਇਹ ਹੀ ਬਹਾਨਾ ਬਣਾਇਆ ਜਾਂਦਾ ਹੈ ਕਿਉਂਕਿ ਇਹ ਬਹੁਤ ਹੀ ਆਸਾਨ ਤਰੀਕਾ ਹੈ। ਲੋਕ ਇੱਜ਼ਤ ਲਈ ਕਤਲ ਧੀਆਂ ਦਾ ਕਰਦੇ ਹਨ ਜਿਹੜਾ ਉਨਾ ਹੀ ਗਲਤ ਹੈ, ਨੂੰਹਾਂ ਦਾ ਨਹੀਂ। ਨੂੰਹਾਂ ਦਾ ਕਤਲ ਹੋਰ ਦਾਜ ਲੈਣ ਲਈ ਕੀਤਾ ਜਾਂਦਾ ਹੈ। ਫਿਰ ਇਹ ਕਤਲ ਵੀ ਛੁਰੇ ਜਾਂ ਚਾਕੂ ਨਾਲ ਨਹੀਂ, ਸਗੋਂ ਕਿਸੇ ਸਟੋਵ ਜਾਂ ਗੈਸ ਨੂੰ ਅੱਗ ਲਗਦੀ ਹੈ ਜਾਂ ਫਿਰ ਵਹੁਟੀ ਨੂੰ ਜ਼ਹਿਰ ਦੇ ਕੇ ਆਤਮਹਤਿਆ ਦਾ ਡਰਾਮਾ ਰਚਿਆ ਜਾਂਦਾ ਹੈ। ਅਜਿਹੇ ਕਤਲ ਸਹੁਰਾ ਨਹੀਂ ਕਰਦਾ, ਇਹ ਪ੍ਰੰਨ ਕੋਈ ਸੱਸ, ਨਨਾਣ, ਜਠਾਣੀ ਆਦਿ ਹੀ ਖੱਟਦੀਆਂ ਹਨ। ਬੰਦਿਆਂ ਨੂੰ ਇਸ ਤੋਂ ਦੂਰ ਹੀ ਰੱਖਿਆ ਜਾਂਦਾ ਹੈ।

ਜਾਪਦਾ ਹੈ ਕਿ ਅਮਨਦੀਪ ਦਾ ਕਤਲ ਬੜੀ ਸੋਚੀ ਸਮਝੀ ਵਿਉਂਤ ਨਾਲ ਕੀਤਾ ਗਿਆ ਹੈ। ਜਿਥੋਂ ਤੱਕ ਮੈਨੂੰ ਯਾਦ ਹੈ ਉਦੋਂ ਦੀਆਂ ਅਖ਼ਬਾਰਾਂ ਵਿਚ ਖ਼ਬਰ ਛਪੀ ਸੀ ਕਿ ਉਸ ਦਾ ਬੱਚਾ ਅਤੇ ਪਤੀ ਦੋਵੇਂ ਭਾਰਤ ਗਏ ਹੋਏ ਸਨ। ਸਵਾਲ ਪੈਦਾ



ਕਮਿੱਕਰ ਸਿੰਘ ਢਿੱਲੋਂ

ਹੁੰਦਾ ਹੈ ਕਿ ਪਤੀ ਦੀ ਗੈਰਹਾਜ਼ਰੀ ਵਿਚ ਸਹੁਰੇ ਨੇ ਕਤਲ ਕਿਉਂ ਕੀਤਾ? ਅਤੇ ਗੁਸਲਖਾਨੇ ਵਿਚ ਹੀ ਕਿਉਂ? ਅਗਲਾ ਸਵਾਲ ਇਹ ਹੈ ਕਿ ਜਦੋਂ ਅਮਨਦੀਪ ਦਾ ਕਤਲ (ਜਨਵਰੀ 2009) ਕੀਤਾ ਉਦੋਂ ਉਸਦੀ ਉਮਰ 22 ਸਾਲ ਸੀ, 2007 ਵਿਚ ਬੱਚਾ ਹੋਇਆ, 2005 ਵਿਚ ਜਦੋਂ ਉਸਦਾ ਵਿਆਹ ਹੋਇਆ ਉਹ ਮਸੀਂ 18 ਸਾਲ ਦੀ ਸੀ। ਸਹੁਰੇ ਦੀ ਸਖ਼ਤ ਨਿਗਰਾਨੀ ਵਿਚ ਸਾਰਾ ਦਿਨ ਕੰਮ ਕਰਨ ਵਾਲੀ ਛੋਟੀ ਉਮਰ ਦੀ ਕੁੜੀ ਦੇ ਇਸ਼ਕ ਲੜਾਉਣ ਦੀ ਕਿੰਨੀ ਕੁ ਸੰਭਾਵਨਾ ਹੈ? ਕੀ ਕਿਸੇ ਸਮਝਦਾਰ ਬੰਦੇ ਨੂੰ ਇਹ ਗੱਲ ਹਜ਼ਮ ਹੋ ਸਕਦੀ ਹੈ? ਭਾਰਤ ਤੋਂ ਨਵੀਂ ਆਈ ਕੁੜੀ ਨੂੰ ਤਾਂ ਏਨਾ ਕੁ ਸਮਾਂ ਕੈਨੇਡਾ ਵਰਗੇ ਮੁਲਕ ਨੂੰ ਸਮਝਣ ਨੂੰ ਹੀ ਲੱਗ ਜਾਂਦਾ ਹੈ। ਕੀ ਇਹ ਗੱਲ ਸਹੀ ਜਾਪਦੀ ਹੈ ਕਿ ਉਸ ਦਾ ਕਤਲ ਘਰ ਦੀ ਇੱਜ਼ਤ ਬਚਾਉਣ ਲਈ ਕੀਤਾ ਗਿਆ? ਕੀ ਇਹ ਸੰਭਾਵਨਾ ਨਹੀਂ ਹੈ ਕਿ ਉਹ ਆਦਮੀ ਜਿਹੜਾ 44 ਕੁ ਸਾਲ ਦੀ ਉਮਰ ਵਿਚ ਹੀ ਸਹੁਰਾ ਬਣ ਗਿਆ ਹੋਵੇ ਅਤੇ ਛੋਟੀ ਉਮਰ ਦੀ ਨੂੰਹ ਸਾਰਾ ਦਿਨ ਉਸ ਦੇ ਸਾਹਮਣੇ ਕੰਮ ਕਰਦੀ ਹੋਵੇ, ਜਿਸ ਦਾ ਕੋਈ ਪਰਦੇਸ ਵਿਚ ਸਹਾਰਾ ਵੀ ਨਾ ਹੋਵੇ, ਉਸ ਦੀ ਨਿਗਾਹ ਮੈਲੀ ਹੋ ਗਈ ਹੋਵੇ? ਕੀ ਇਹ ਨਹੀਂ ਹੋ ਸਕਦਾ ਕਿ ਆਪਣੇ ਮੁੰਡੇ ਦੀ ਗੈਰਹਾਜ਼ਰੀ ਦਾ ਉਹ ਨਾਜਾਇਜ਼ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ? ਅਤੇ ਨੂੰਹ ਨੇ ਅਗੋਂ ਵਿਰੋਧ ਕੀਤਾ ਹੋਵੇ ਜਿਸ ਕਰਕੇ ਇਕ ਕਸਾਈ ਜਿਵੇਂ ਬੱਕਰੇ ਨੂੰ ਕੋਹ ਕੋਹ ਕੇ ਮਾਰਦਾ ਹੈ, ਇਸ ਤਰ੍ਹਾਂ ਉਸ ਨੂੰ ਮਾਰਿਆ ਗਿਆ ਹੋਵੇ?

ਇੱਜ਼ਤ ਲਈ ਕਤਲ ਲੋਕ ਆਮ ਤੌਰ 'ਤੇ ਲੁਕਵਾਂ ਕਰਦੇ ਹਨ ਤਾਂ ਕਿ ਘਰ ਦੀ ਗੱਲ ਬਾਹਰ ਨਾ ਨਿਕਲੇ। ਇਸ ਤਰ੍ਹਾਂ ਕੋਹ ਕੋਹ ਕੇ ਨਹੀਂ ਮਾਰਦੇ। ਜਿਸ ਕਿਸਮ ਦੀ ਫੋਟੋ ਇਸ ਬੰਦੇ ਦੀ ਅਖ਼ਬਾਰ ਵਿਚ ਛਪੀ ਹੈ, ਜਿਵੇਂ ਉਹ ਟੇਢਾ ਝਾਕ ਰਿਹਾ ਹੈ ਜ਼ਰੂਰ ਦਾਲ ਵਿਚ ਕੁਝ ਕਾਲਾ ਹੈ। ਕਾਸ਼ ਅਮਨਦੀਪ ਮਰਨ ਤੋਂ ਪਹਿਲਾਂ ਕੋਈ ਬਿਆਨ ਦੇ ਸਕਦੀ ਹੁੰਦੀ ਜਿਸ ਨਾਲ ਅਸਲੀਅਤ ਸਾਹਮਣੇ ਆ ਜਾਂਦੀ? ਅਮਨਦੀਪ ਦੀ ਸੱਸ ਦਾ ਕੋਈ ਬਿਆਨ ਅਖ਼ਬਾਰਾਂ ਵਿਚ ਨਹੀਂ ਛਪਿਆ, ਨਾ ਹੀ ਉਸ ਦੇ ਪਤੀ ਦਾ ਕੋਈ ਬਿਆਨ ਆਇਆ ਹੈ। ਕਿਉਂ? ਇਸ ਦੀ ਇਕ ਸੰਭਾਵਨਾ ਇਹ ਵੀ ਹੋ ਸਕਦੀ ਹੈ ਕਿ ਆਮ ਤੌਰ 'ਤੇ ਅਜਿਹੇ ਸਹੁਰੇ ਅੱਗੇ ਸੱਸਾਂ ਵੀ ਹੱਥਲ ਹੁੰਦੀਆਂ ਹਨ ਅਤੇ ਅਜਿਹੇ ਆਦਮੀਆਂ ਦੇ ਪੁੱਤਰ ਰੀੜ੍ਹ ਦੀ ਹੱਡੀ ਤੋਂ ਬਿਨਾਂ ਹੀ ਹੁੰਦੇ ਹਨ।

ਛਾਣਬੀਣ ਕਰਨ ਵਾਲੀਆਂ ਏਜੰਸੀਆਂ ਨੂੰ ਇਹ ਵੀ ਖੋਜਣਾ ਚਾਹੀਦਾ ਹੈ ਕਿ ਸਟੋਰ ਕਿਸ ਦੇ ਨਾਂ ਸੀ? ਜੇ ਅਮਨਦੀਪ ਦਾ ਜੀਵਨ ਬੀਮਾ ਹੋਇਆ ਸੀ ਅਤੇ ਉਸ ਦੀ ਮੌਤ ਤੋਂ ਬਾਅਦ ਇਹ ਰਕਮ ਕਿਸ ਨੂੰ ਮਿਲਣੀ ਸੀ? ਅਮਨਦੀਪ ਨੂੰ ਤਾਂ ਕਤਲ ਕਰ ਦਿੱਤਾ ਗਿਆ ਪਰ ਅਮਨਦੀਪ ਵਰਗੀਆਂ ਬਹੁਤ ਸਾਰੀਆਂ ਪੰਜਾਬੀ ਕੁੜੀਆਂ ਚੁਪਚਾਪ ਅਜਿਹੇ ਸਹੁਰਿਆਂ ਹਥੋਂ ਰੋਜ਼ ਜ਼ਲੀਲ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਦੇ ਮਾਂ-ਬਾਪ ਪਿਛੇ ਭਾਰਤ ਵਿਚ ਹਨ ਉਨ੍ਹਾਂ ਦੀ ਵਾਈ-ਧਾਈ ਕਰਨ ਵਾਲਾ ਕੋਈ ਨਹੀਂ ਹੈ। ਕਮਿਕਰ ਸਿੰਘ ਨੇ ਬੜੇ ਅਰਾਮ ਨਾਲ ਅਮਨਦੀਪ ਤੇ ਇਲਜ਼ਾਮ ਲਾ ਦਿਤਾ ਕਿਉਂਕਿ ਉਸ ਦੇ ਹੱਕ ਵਿਚ ਬੋਲਣ ਵਾਲਾ ਉਸਦਾ ਕੋਈ ਨਹੀਂ ਸੀ। ਜੇ ਉਹ ਪੰਜਾਬ ਵਿਚ ਹੁੰਦਾ ਤਾਂ ਇਸਤਰੀ-ਜਥੇਬੰਦੀਆਂ ਅਤੇ ਮਹੱਲਾ-ਕਮੇਟੀਆਂ ਨੇ ਉਸ ਨੂੰ ਕਚਿਹਰੀ ਵਿਚ ਹੀ ਘੇਰ ਲੈਣਾ ਸੀ, ਉਸ ਦੀ ਗਲੀ ਵਿਚ ਸੱਥਰ ਵਿਛਾ ਦੇਣਾ ਸੀ ਅਮਨਦੀਪ ਨੂੰ ਨਿਸਾਫ ਦੁਆਉਣ ਲਈ। ਸਾਡੇ ਭਾਈਚਾਰੇ ਦੇ ਲੀਡਰ, ਮਨੁੱਖੀ-ਅਧਿਕਾਰ ਸੰਗਠਨ ਅਤੇ ਹੋਰ ਜਥੇਬੰਦੀਆਂ ਜੋ ਕੁਝ ਭਾਰਤ ਵਿਚ ਵਾਪਰਦਾ ਹੈ ਉਸ ਲਈ ਤਾਂ ਬਹੁਤ ਜਤਨ ਕਰਦੀਆਂ ਹਨ ਪਰ ਇਥੇ ਜੋ ਕੁਝ ਸਾਡੀਆਂ ਕੁੜੀਆਂ ਨਾਲ ਵਾਪਰ ਰਿਹਾ ਹੈ ਕੀ ਉਸ ਲਈ ਉਨ੍ਹਾਂ ਦਾ ਕੋਈ ਫਰਜ਼ ਨਹੀਂ ਬਣਦਾ? ਕਿਉਂ ਅਸੀਂ ਗੁਰੂ ਘਰਾਂ ਦੀ ਸ਼ਕਤੀ ਸਿਰਫ ਉਨ੍ਹਾਂ ਤੇ ਕਬਜ਼ੇ ਕਰਨ ਲਈ ਹੀ ਵਰਤਦੇ ਹਾਂ, ਉਸ ਨੂੰ "ਨਾਨਕ ਤਿਨ ਕੈ ਸੰਗਿ ਸਾਥਿ" ਲਈ ਕਿਉਂ ਨਹੀਂ ਵਰਤਦੇ? ਸਾਡੀਆਂ ਬੀਬੀਆਂ ਸੋਹਣੀਆਂ ਦਸਤਾਰਾਂ ਸਜਾ ਕੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਦਾ ਕੀਰਤਨ ਰੋਕਣ ਲਈ ਗੁਰਦੁਆਰੇ ਵਿਚ ਹੋ ਰਹੇ ਖ਼ੂਨ-ਖ਼ਰਾਬੇ ਵਿਚ ਤਾਂ ਸ਼ਾਮਲ ਹੋ ਸਕਦੀਆਂ ਹਨ ਪਰ ਬੇਸਹਾਰਾ ਕੁੜੀਆਂ ਲਈ, ਜਿਨ੍ਹਾਂ ਬਾਰੇ ਗੁਰੂ ਨਾਨਕ ਪਾਤਿਸ਼ਾਹ ਦਾ ਫੁਰਮਾਨ ਹੈ "ਸੋ ਕਿਉ ਮੰਦਾ ਆਖੀਐ" ਕੋਈ ਜਥੇਬੰਦੀ ਕਿਉਂ ਨਹੀਂ ਬਣਾ ਸਕਦੀਆਂ?

ਸਾਡੇ ਛੋਟੇ ਛੋਟੇ ਬੱਚੇ ਜਿਹੜੇ ਅੰਗਰੇਜ਼ੀ ਜ਼ੁਬਾਨ ਪੜ੍ਹ ਲੈਂਦੇ ਹਨ ਅਤੇ ਅਸੀਂ ਘਰਾਂ ਵਿਚ ਅਖ਼ਬਾਰਾਂ ਲਆਈਆਂ ਹਨ ਸਾਨੂੰ ਪੁਛਦੇ ਹਨ ਕਿ "ਔਨਰ ਕਿਲਿੰਗ" ਕੀ ਹੁੰਦੀ ਹੈ? ਟੀ ਵੀ ਦੇਖਣ ਕਰਕੇ ਉਨ੍ਹਾਂ ਨੂੰ "ਕਿਲਿੰਗ" ਦੇ ਅਰਥ ਤਾਂ ਪਤਾ ਹਨ ਪਰ "ਔਨਰ ਕਿਲਿੰਗ" ਦੇ ਅਰਥ ਉਹ ਨਹੀਂ ਜਾਣਦੇ। ਉਹ ਜਿਹੜੇ ਇਥੋਂ ਦੇ ਭਾਈਚਾਰੇ ਵਿਚ ਪਲ ਰਹੇ ਹਨ ਉਨ੍ਹਾਂ ਨੂੰ ਇਸ 21ਵੀਂ ਸਦੀ ਵਿਚ ਵਾਪਰਦੇ ਅਣਮਨੁੱਖੀ ਵਰਤਾਰੇ ਬਾਰੇ ਕਿਵੇਂ ਸਮਝਾਈਏ? ਗੁਰੂ ਘਰਾਂ ਦੀ ਚੌਧਰ ਲਈ ਲੜਨ ਨਾਲੋਂ ਅਸੀਂ ਭਾਈਚਾਰੇ ਦੇ ਕਮਜ਼ੋਰ ਵਰਗਾਂ ਅਤੇ ਅਮਨਦੀਪ ਵਰਗੀਆਂ ਮਾਸੂਮ ਜਿੰਦੜੀਆਂ ਲਈ ਕਾਰਜਸ਼ੀਲ ਹੋ ਕੇ ਗੁਰੂ ਦੀ ਮਿਹਰ ਦੇ ਪਾਤਰ ਜ਼ਿਆਦਾ ਹੋ ਸਕਦੇ ਹਾਂ। ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ: ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥

ਕਸਾਈਆਂ ਵਾਂਗ ਮਾਸੂਮ ਜਿੰਦ ਕੋਹ ਲੈਣ ਵਾਲਾ ਮਨੁਖ ਸਾਫ ਦਿਲ ਕਿਵੇਂ ਹੋ ਸਕਦਾ ਹੈ? ਜਾਪਦਾ ਹੈ ਕਿ ਉਸ ਦੀ ਆਪਣੀ ਕੋਈ ਧੀ ਨਹੀਂ ਹੋਣੀ। ਜੇ ਹੁੰਦੀ ਤਾਂ ਉਹ ਅਜਿਹਾ ਕਾਰਾ ਕਰਨ ਤੋਂ ਪਹਿਲਾਂ ਇਕ ਵਾਰ ਇਹ ਜ਼ਰੂਰ ਸੋਚਦਾ ਕਿ "ਜੇ ਕਲ੍ਹ ਨੂੰ ਮੇਰੀ ਧੀ ਨਾਲ ਏਦਾਂ ਵਾਪਰੇ"?

# ਮਹਿੰਗੀ ਬਿਜਲੀ ਨੇ ਪੰਜਾਬ ਦੀ ਸਨਅਤ ਦੇ ਕੜਿੱਲ ਕੱਢੇ

**ਚੰਡੀਗੜ੍ਹ** :ਹਾਲ ਹੀ ਵਿਚ ਬਿਜਲੀ ਉਤੇ ਟੈਕਸ ਵਧਾ ਕੇ 10 ਤੋਂ 13 ਫੀਸਦੀ ਕੀਤੇ ਜਾਣ ਨਾਲ ਪੰਜਾਬ ਬਿਜਲੀ ਪੱਖੋਂ ਦੇਸ਼ ਦਾ ਦੂਜਾ ਸਭ ਤੋਂ ਮਹਿੰਗਾ ਸੂਬਾ ਬਣ ਗਿਆ ਹੈ। ਪਹਿਲਾ ਸਥਾਨ ਗੁਜਰਾਤ ਸੂਬੇ ਦਾ ਹੈ। ਇਸ ਵਾਧੇ ਦਾ ਸਖ਼ਤ ਵਿਰੋਧ ਕਰਦਿਆਂ ਅਪੈਕਸ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ (ਏ.ਸੀ.ਸੀ.ਆਈ.) ਦੇ ਮੈਂਬਰਾਂ ਨੇ ਆਪਣੀਆਂ ਫੈਕਟਰੀਆਂ ਬੰਦ ਕਰ ਦੇਣ ਅਤੇ ਮੁਲਕ ਦੇ ਦੂਜੇ ਸੂਬਿਆਂ ਵਿਚ ਚਲੇ ਜਾਣ ਦੀ ਚਿਤਾਵਨੀ ਦਿਤੀ ਹੈ। ਇਸ ਵਾਧੇ ਦਾ ਉਂਜ ਤਾਂ ਸੂਬੇ ਦੀਆਂ ਬਹੁਤੀਆਂ ਸਨਅਤਾਂ ਉਤੇ ਮਾੜਾ ਅਸਰ ਪਿਆ ਹੈ, ਪਰ ਵੱਡੇ ਪੱਧਰ ਉਤੇ ਬਿਜਲੀ ਦੀ ਖਪਤ ਕਰਨ ਵਾਲੀਆਂ ਸਨਅਤਾਂ ਇਸ ਤੋਂ ਡਾਢੀਆਂ ਹੀ ਪ੍ਰਭਾਵਿਤ ਹੋਈਆਂ ਹਨ। ਇਨ੍ਹਾਂ ਵਿਚ 200 ਤੋਂ ਵਧ ਲੋਹਾ ਢਲਾਈ ਭੱਠੀਆਂ, 300 ਤੋਂ ਵਧ ਰੋਲਿੰਗ ਮਿੱਲਾਂ, ਮਿੰਨੀ ਸਟੀਲ ਪਲਾਂਟ ਅਤੇ ਵੱਡੀ ਗਿਣਤੀ ਕੱਪੜਾ ਮਿੱਲਾਂ ਸ਼ਾਮਿਲ ਹਨ।

ਉਤਰੀ ਭਾਰਤ ਇੰਡਕਸ਼ਨ ਫਰਨੇਸ ਐਸੋਸੀਏਸ਼ਨ ਦੇ ਪ੍ਰਧਾਨ ਕੇ.ਕੇ. ਗਰਗ ਨੇ ਕਿਹਾ, "ਪੰਜਾਬ ਵਿਚ ਢਲਾਈ ਭੱਠੀਆਂ ਸਮਰੱਥਾ ਦਾ 50 ਫੀਸਦੀ ਹੀ ਕੰਮ ਕਰ ਰਹੀਆਂ ਹਨ ਹਾਲਾਂਕਿ ਬਿਜਲੀ ਹੁਣ ਉਪਲਬਧ ਹੈ। ਪਲਾਂਟਾਂ ਨੂੰ ਪੂਰੀ ਸਮਰੱਥਾ ਵਿਚ ਚਲਾਉਣਾ ਮਾਲੀ ਤੌਰ 'ਤੇ ਫਾਇਦੇਮੰਦ ਨਹੀਂ ਰਿਹਾ। ਇਸ ਤਰ੍ਹਾਂ ਪੰਜਾਬ ਕਿਸੇ ਵੀ ਹਾਲਤ ਵਿਚ ਉਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਦਾ ਮੁਕਾਬਲਾ ਨਹੀਂ ਕਰ ਸਕਦਾ।" ਬੀਤੀ 16 ਜੂਨ ਨੂੰ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਏ.ਸੀ.ਸੀ.ਆਈ. ਦੇ ਪ੍ਰਧਾਨ ਪੀ.ਡੀ. ਸ਼ਰਮਾ ਨੇ ਦੋਸ਼ ਲਾਇਆ ਕਿ ਸਰਕਾਰ ਵਲੋਂ ਉਨ੍ਹਾਂ ਨੂੰ ਸਨਅਤ ਨੂੰ ਬੰਦ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਬਿਜਲੀ ਉਤੇ ਡਿਊਟੀ ਵਿਚ ਕੀਤਾ ਗਿਆ ਇਹ ਵਾਧਾ ਵਿਤ ਮੰਤਰੀ ਦਾ ਸਨਅਤ ਨੂੰ ਭਾਰੀ ਝਟਕਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਬਿਜਲੀ ਡਿਊਟੀ ਕਰੀਬ 25 ਸਾਲਾਂ ਤੱਕ 11 ਪੈਸੇ ਪ੍ਰਤੀ ਯੂਨਿਟ ਰਹੀ। ਉਨ੍ਹਾਂ ਕਿਹਾ, "ਫੇਰ ਇਸ ਨੂੰ 2005 ਵਿਚ ਉਦੋਂ ਦੇ ਵਿੱਤ ਮੰਤਰੀ ਸੁਰਿੰਦਰ ਸਿੰਗਲਾ ਨੇ ਅਚਾਨਕ ਵਧਾ ਕੇ 5 ਫੀਸਦੀ ਕਰ ਦਿੱਤਾ ਅਤੇ ਇਸ ਵਾਧੇ ਤੋਂ ਕੁਝ ਮਹੀਨਿਆਂ ਦੌਰਾਨ ਹੀ ਇਸ ਨੂੰ ਫੇਰ ਵਧਾ ਕੇ 10 ਫੀਸਦੀ ਕਰ ਦਿੱਤਾ। ਹੁਣ ਮਨਪ੍ਰੀਤ ਸਿੰਘ ਬਾਦਲ ਨੇ ਇਸ ਨੂੰ ਵਧਾ ਕੇ 13 ਫੀਸਦੀ ਕਰ ਦਿੱਤਾ ਹੈ।" ਏ.ਸੀ.ਸੀ.ਆਈ. ਮੈਂਬਰਾਂ ਨੇ ਦੱਸਿਆ ਕਿ ਹੁਣ ਪੰਜਾਬ ਵਿਚ ਸਨਅਤਾਂ ਨੂੰ ਬਿਜਲੀ ਦੀ ਇਕ ਯੂਨਿਟ 5.28 ਰੁਪਏ ਵਿਚ ਪੈ ਰਹੀ ਹੈ ਜਦੋਂਕਿ ਹਿਮਾਚਲ ਵਿਚ ਇਹ 3.61 ਰੁਪਏ ਅਤੇ ਉਤਰਾਖੰਡ ਵਿਚ 3.65 ਰੁਪਏ ਹੈ।" ਮੰਡੀ ਗੋਬਿੰਦਗੜ੍ਹ ਦੀ ਮਾਡਰਨ ਸਟੀਲਜ਼ ਦੇ ਅਮਰਜੀਤ ਭੋਗਲ ਨੇ ਕਿਹਾ, "ਗੁਜਰਾਤ ਹੀ ਇਕ ਅਜਿਹਾ ਰਾਜ ਹੈ ਜਿਥੇ ਬਿਜਲੀ ਦੀ ਕੀਮਤ ਪੰਜਾਬ ਨਾਲੋਂ ਵਧ ਹੈ ਜੋ ਪ੍ਰਤੀ ਯੂਨਿਟ 5.65 ਰੁਪਏ ਹੈ। ਪਰ ਗੁਜਰਾਤ ਵਿਚ ਇਹ ਫਾਇਦਾ ਹੈ ਕਿ ਉਥੇ ਬੰਦਰਗਾਹਾਂ ਲਾਗੇ ਹਨ ਤੇ ਕੁਦਰਤੀ ਵਸੀਲੇ ਸਥਾਨਕ ਤੌਰ 'ਤੇ ਉਪਲਬਧ ਹਨ। ਸਾਡੇ ਲਾਗੇ ਬੰਦਰਗਾਹਾਂ ਨਹੀਂ ਅਤੇ ਲਾਗਤਾਂ ਬਹੁਤ ਜ਼ਿਆਦਾ ਹਨ।" ਚੈਂਬਰ ਦੇ ਮੈਂਬਰਾਂ ਨੇ ਮੰਗ ਕੀਤੀ ਕਿ ਬਿਜਲੀ ਡਿਊਟੀ ਨੂੰ ਵੈਟ ਨਾਲ ਜੋੜਿਆ ਜਾਵੇ ਤਾਂ ਕਿ ਇਹ ਪੈਦਾਵਾਰੀ ਲਾਗਤ ਵਿਚ ਨਾ ਸ਼ਾਮਲ ਹੋਵੇ। ਮੰਡੀ ਗੋਬਿੰਦਗੜ੍ਹ ਇੰਡਕਸ਼ਨ ਫਰਨੇਸ ਐਸੋਸੀਏਸ਼ਨ ਦੇ ਪ੍ਰਧਾਨ ਮਹਿੰਦਰ ਗੁਪਤਾ ਨੇ ਕਿਹਾ, "ਇਸ ਤੋਂ ਲੋਹਾ ਸਨਅਤ ਨੂੰ ਸਭ ਤੋਂ ਵਧ ਤਕਲੀਫ ਹੋ ਰਹੀ ਹੈ ਕਿਉਂਕਿ ਇਸ ਵਿਚ 70 ਫੀਸਦੀ ਲਾਗਤ ਬਿਜਲੀ ਉਤੇ ਹੀ ਆਉਂਦੀ ਹੈ। ਅਸੀਂ ਹੁਣ ਨੁਕਸਾਨ ਸਹਿਣ ਦੇ ਕੰਢੇ ਉਤੇ ਪੁੱਜੇ ਹੋਏ ਹਾਂ ਤੇ ਇਕ ਜਾਂ ਵੱਧ ਤੋਂ ਵੱਧ ਦੋ ਸਾਲਾਂ ਵਿਚ ਸਾਨੂੰ ਦੁਕਾਨ ਬੰਦ ਕਰਨ ਲਈ ਮਜਬੂਰ ਹੋਣਾ ਪਵੇਗਾ।"

ਸਨਅਤਕਾਰਾਂ ਨੇ ਬਿਜਲੀ ਤੋਂ ਚੁੰਗੀ ਹਟਾਉਣ ਦੀ ਮੰਗ ਵੀ ਕੀਤੀ। ਲੁਧਿਆਣਾ ਤੋਂ ਏ.ਸੀ.ਸੀ.ਆਈ.ਦੇ ਮੈਂਬਰ ਜਗਦੀਸ਼ ਆਹੂਜਾ ਨੇ ਕਿਹਾ, "ਪੰਜਾਬ ਵਿਚ ਬਿਜਲੀ ਉਤੇ ਵੱਖਰੇ ਤੌਰ 'ਤੇ ਚੁੰਗੀ ਵਸੂਲੀ ਜਾ ਰਹੀਹੈ। ਹੋਰ ਸਾਰੀਆਂ ਵਸਤਾਂ ਲਈ ਚੁੰਗੀ ਨੂੰ ਵੈਟ ਵਿਚ ਮਿਲਾ ਦਿੱਤਾ ਗਿਆ ਹੈ। ਅਸੀਂ ਦੋਹਰਾ ਟੈਕਸ ਅਦਾ ਕਰ ਰਹੇ ਹਾਂ। ਜਦੋਂ ਅਸੀਂ ਵੈਟ ਅਦਾ ਕਰ ਰਹੇ ਹਾਂ ਤਾਂ ਅਸੀਂ ਵੱਖਰੇ ਤੌਰ 'ਤੇ ਚੁੰਗੀ ਕਿਉਂ ਦੇਈਏ?"

ਲੁਧਿਆਣਾ ਦੇ ਇਕ ਹੋਰ ਸਨਅਤਕਾਰ ਆਰ.ਸੀ. ਰਲਹਾਨ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਬਿਜਲੀ ਉਤੇ ਡਿਊਟੀ ਵਾਪਸ ਲਈ ਜਾਵੇਗੀ।

## ਕੈਬਨਿਟ ਵਲੋਂ ਨਵੀਂ ਬਿਜਲੀ ਨੀਤੀ ਨੂੰ ਪ੍ਰਵਾਨਗੀ

**ਚੰਡੀਗੜ੍ਹ:**ਇਥੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਬੀਤੀ 17 ਜੂਨ ਨੂੰ ਹੋਈ ਮੰਤਰੀ ਮੰਡਲ ਦੀ ਮੀਟਿੰਗ 'ਚ ਸੂਬੇ 'ਚ ਬਿਜਲੀ ਦੀ ਘਾਟ ਨੂੰ ਖ਼ਤਮ ਕਰਨ ਅਤੇ ਵਾਧੂ ਬਿਜਲੀ ਪੈਦਾ ਕਰਨ ਦੇ ਉਦੇਸ਼ ਨਾਲ ਨਵੀਂ ਬਿਜਲੀ ਨੀਤੀ-2010 ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਇਸ ਨਵੀਂ ਨੀਤੀ 'ਚ ਬਿਜਲੀ ਦੀ ਲਾਗਤ ਨੂੰ ਘੱਟ ਕਰਨਾ, ਪਾਵਰ ਸਟੇਸ਼ਨ ਸਥਾਪਤ ਕਰਨਾ ਅਤੇ ਪਾਵਰ ਪਲਾਂਟਾਂ ਨਾਲ ਸਬੰਧਤ ਉਦਯੋਗਿਕ ਕਾਰਖਾਨਿਆਂ ਨੂੰ ਪ੍ਰਫੁੱਲਤ ਕਰਨਾ ਸ਼ਾਮਲ ਹੋਵੇਗਾ। ਕੈਬਨਿਟ ਵਲੋਂ ਲਏ ਗਏ ਇਕ ਹੋਰ ਮਹੱਤਵਪੂਰਨ ਫੈਸਲੇ ਵਿਚ ਰਾਜ ਵਿਚ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਸਬੰਧੀ ਭਾਰਤੀ ਦੰਡ ਕਾਨੂੰਨ 1860 ਵਿਚ ਸੋਧ ਕਰਨ ਨੂੰ ਪ੍ਰਵਾਨਗੀ ਦਿੱਤੀ ਗਈ। ਸੋਧ ਅਨੁਸਾਰ ਲੁੱਟਾਂ-ਖੋਹਾਂ ਕਰਨ ਵਾਲੇ ਅਨਸਰਾਂ ਨੂੰ ਇਹ ਸਜ਼ਾ ਘੱਟ ਤੋਂ ਘੱਟ ਪੰਜ ਸਾਲ ਅਤੇ ਵਧ ਤੋਂ ਵਧ 10 ਸਾਲ ਤਕ ਹੋਵੇਗੀ। ਅਪਰਾਧੀ ਨੂੰ 10,000 ਰੁਪਏ ਦਾ ਜੁਰਮਾਨਾ ਵੀ ਕੀਤਾ ਜਾ ਸਕੇਗਾ ਅਤੇ ਸਜ਼ਾ ਤੇ ਜੁਰਮਾਨਾ ਦੋਵੇਂ ਵੀ ਕੀਤੇ ਜਾ ਸਕਦੇ ਹਨ।

# ਲੋਗਨ ਸਕੂਲ ਦੀ ਪੰਜਾਬੀ ਕਲਾਸ ਦੇ ਵਿਦਿਆਰਥੀ ਚਮਕੇ



*ਜਸਵੰਤ ਸਿੰਘ ਸਮਰਾ, ਕੀਰਤ ਉਪਲ ਅਤੇ ਮੈਰਿਟ ਲਿਸਟ ਵਿਚ ਆਏ ਉਨ੍ਹਾਂ ਦੇ ਕੁਝ ਹੋਰ ਸਾਥੀ ਪੰਜਾਬੀ ਦੇ ਆਪਣੇ ਅਧਿਆਪਕ ਸ. ਹਰਪਾਲ ਸਿੰਘ ਰਾਣਾ ਨਾਲ*

**ਫਰੀਮਾਂਟ:** ਲੋਗਨ ਹਾਈ ਸਕੂਲ ਦੇ ਲੰਘੇ ਸਨਿਚਰਵਾਰ ਹੋਏ ਗਰੈਜੂਏਸ਼ਨ ਸਮਾਗਮ ਵਿਚ ਸਕੂਲ ਦੇ 850 ਵਿਦਿਆਰਥੀਆਂ ਨੇ ਹਿੱਸਾ ਲਿਆ ਜਿਨ੍ਹਾਂ ਵਿਚੋਂ 337 ਵਿਦਿਆਰਥੀਆਂ ਦੇ ਨਾਂ ਲੋਗਨ ਮੈਰਿਟ ਲਿਸਟ ਵਿਚ ਹਨ।

ਲੋਗਨ ਸਕੂਲ ਦੇ ਪੰਜਾਬੀ ਦੇ ਅਧਿਆਪਕ ਸ. ਹਰਪਾਲ ਸਿੰਘ ਰਾਣਾ ਨੇ ਦੱਸਿਆ ਕਿ ਇਸ ਸਾਲ 61 ਵਿਦਿਆਰਥੀ (7 ਪ੍ਰਤੀਸ਼ਤ) ਪੰਜਾਬੀ ਭਾਈਚਾਰੇ ਦੇ ਹਨ। ਇਨ੍ਹਾਂ ਵਿਚੋਂ ਲੋਗਨ ਵਿਚ ਚਲ ਰਹੀ ਪੰਜਾਬੀ ਕਲਾਸ ਵਿਚ ਕੇਵਲ 34 ਵਿਦਿਆਰਥੀਆਂ (55 ਪ੍ਰਤੀਸ਼ਤ) ਨੇ ਪੰਜਾਬੀ ਕਲਾਸ ਲਈ ਸੀ। ਜਿਹੜੇ 337 ਵਿਦਿਆਰਥੀ ਮੈਰਿਟ ਲਿਸਟ ਵਿਚ ਆਏ ਹਨ ਉਨ੍ਹਾਂ ਵਿਚ 29 ਵਿਦਿਆਰਥੀ (8 ਪ੍ਰਤੀਸ਼ਤ) ਪੰਜਾਬੀ ਭਾਈਚਾਰੇ ਦੇ ਹਨ। ਮੈਰਿਟ ਲਿਸਟ ਵਿਚ ਆਏ ਵਿਦਿਆਰਥੀ ਜਸਵੰਤ ਸਿੰਘ ਸਮਰਾ, ਕੀਰਤ ਉਪਲ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਨੇ ਦੱਸਿਆ ਕਿ ਲੋਗਨ ਵਿਚ ਇਹ ਪਹਿਲੀ ਵਾਰੀ ਹੈ ਜਦੋਂ ਪੰਜਾਬੀ ਵਿਦਿਆਰਥੀ ਇੰਨੀ ਵੱਡੀ ਗਿਣਤੀ ਵਿਚ ਮੈਰਿਟ ਲਿਸਟ ਵਿਚ ਆਏ ਹਨ।

# ਗੁਰਦੁਆਰਾ ਭਾਈ ਤਾਰੂ ਸਿੰਘ ਦੀ ਜ਼ਮੀਨ ਮੁੜ ਸੌਂਪੀ

**ਅੰਮ੍ਰਿਤਸਰ :** ਲਾਹੌਰ ਦੇ ਨੌ ਲੱਖਾ ਬਾਜ਼ਾਰ ਸਥਿਤ ਗੁਰਦੁਆਰਾ ਭਾਈ ਤਾਰੂ ਸਿੰਘ ਦੀ ਜ਼ਮੀਨ, ਜਿਸ ਉਪਰ ਮੁਸਲਿਮ ਭਾਈਚਾਰੇ ਦੇ ਕੁਝ ਲੋਕਾਂ ਵਲੋਂ ਕਬਜ਼ਾ ਕਰਨ ਦਾ ਯਤਨ ਕੀਤਾ ਗਿਆ ਸੀ, ਪਾਕਿਸਤਾਨ ਔਕਾਫ ਬੋਰਡ ਵਲੋਂ ਮੁੜ ਗੁਰਦੁਆਰੇ ਨੂੰ ਸੌਂਪ ਦਿੱਤੀ ਗਈ ਹੈ ਅਤੇ ਇਸ ਗੁਰਦੁਆਰੇ ਦੀ ਖਸਤਾ ਹਾਲਤ ਇਮਾਰਤ ਦੀ ਸਾਂਭ ਸੰਭਾਲ ਦਾ ਵੀ ਭਰੋਸਾ ਦਿੱਤਾ ਹੈ।

ਇਹ ਜਾਣਕਾਰੀ ਸਿੱਖ ਸ਼ਰਧਾਲੂਆਂ ਦੇ ਪਾਕਿਸਤਾਨ ਤੋਂ ਪਰਤੇ ਜਥੇ ਵਲੋਂ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਗਏ ਸ਼ਰਧਾਲੂਆਂ ਦੇ ਇਸ ਜਥੇ ਦੀ ਅਗਵਾਈ ਕਰ ਰਹੇ ਸ਼੍ਰੋਮਣੀ ਕਮੇਟੀ ਮੈਂਬਰ ਰਘਬੀਰ ਸਿੰਘ ਸਹਾਰਨਮਾਜਰਾ ਨੇ ਦੱਸਿਆ ਕਿ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਨਾਏ ਗਏ ਸ਼ਹੀਦੀ ਦਿਹਾੜੇ ਸਮੇਂ ਉਥੇ ਪੁੱਜੇ ਪਾਕਿਸਤਾਨ ਔਕਾਫ ਬੋਰਡ ਦੇ ਮੀਤ ਚੇਅਰਮੈਨ ਨੁਸਰਤ ਅਲੀ ਨੇ ਭਰੋਸਾ ਦਿੱਤਾ ਕਿ ਗੁਰਦੁਆਰਾ ਭਾਈ ਤਾਰੂ ਸਿੰਘ ਦੀ ਸਾਂਭ-ਸੰਭਾਲ ਕੀਤੀ ਜਾਵੇਗੀ। ਇਸ ਮੌਕੇ ਪੀ.ਜੀ.ਪੀ.ਸੀ. ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਗੁਰਦੁਆਰਾ ਭਾਈ ਤਾਰੂ ਸਿੰਘ ਦੀ ਕਬਜ਼ੇ ਹੇਠਲੀ ਜ਼ਮੀਨ ਮੁੜ ਗੁਰਦੁਆਰਾ ਸਾਹਿਬ ਨੂੰ ਸੌਂਪਣ 'ਤੇ ਪਾਕਿਸਤਾਨ ਔਕਾਫ ਬੋਰਡ ਦਾ ਧੰਨਵਾਦ ਕੀਤਾ।





ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਲਿਟੀ ਅਤੇ ਸਸਤੀਆਂ ਦਰਾਂ ਤੇ

**ਮੈਡੀਕਲ ਇੰਸ਼ੋਰੈਂਸ**

ਅਤੇ ਲਾਈਫ ਇੰਸ਼ੋਰੈਂਸ


ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ

**ਮੇਜਰ ਸਿੰਘ ਚੌਹਾਨ**

**Sacramento Office**
2377 Gold Meadow Way,
Suite 157, Gold River CA 95670

**Bakersfield Office**
PO Box 40728
Bakersfield CA 93384

**Fremont Office**
39650 Liberty St. #200
Fremont CA 94538



**Cell: 916-337-1683**
**Off : 661-369-4865**
**Off : 916-983-4890**
**Fax : 916-984-0110**
**Fax : 888-327-6115**

**Major Singh Chauhan**
**AGENT**
CA Ins. Lic #0D36632
New York Life Insurance Company

**mc101048@gmail.com**

THE COMPANY YOU KEEP



**JAGDEEP SINGH**


**INSURANCE AGENCY**

ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ

ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ

*We Can Beat Any Rates*

ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ



*Jagdeep Singh*
CA Lic #0E42884

Ph : 559.277.5580
Fax : (888) 227-6988
email: jagdeep@jsinghagency.com
www.jsinghagency.com

**Fresno Location : 4491 W. Shaw Ave. #300A Fresno CA 93722**

**Our New Location : GOLD RIVER**

**Ph : 916-220-2128**

**2377 Gold Meadow, Ste #157, Gold River CA 95670**



**ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ**

ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜਿਹੜੇ ਕੈਲੀਫੋਰਨੀਆ ਤੋਂ ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ ਆਦਿ ਸ਼ਹਿਰਾਂ ਵਿਚ ਆ-ਜਾ ਸਕਦੇ ਹੋਣ।

*ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।*

*ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ*



**ਫੋਨ:(510) 881-8008**
**ਸੈਲ:408-896-4518**

**Email:** cctransinc@gmail.com

**C and C Trans Inc.**

**Hayward, CA**

# ਪੰਜਾਬ ਟਾਈਮਜ਼

**ਸਨਿਚਰਵਾਰ, 26 ਜੂਨ 2010**


ਦੋ ਧਿਰਾਂ 'ਚ ਸੰਬੰਧ ਸਵਾਰਥ ਨਾਲ ਨਹੀਂ, ਆਪਸੀ ਸਮਝ ਨਾਲ ਬਣਦੇ ਨੇ -ਵਿਲਸਨ

## ਦਰਿਆਈ ਪਾਣੀਆਂ ਦਾ ਰੇੜਕਾ

ਪੰਜਾਬ ਅਤੇ ਹਰਿਆਣਾ ਵਿਚਕਾਰ ਦਰਿਆਈ ਪਾਣੀਆਂ ਦੇ ਝਗੜੇ ਵਾਲਾ ਰੇੜਕਾ ਇਕ ਵਾਰ ਫਿਰ ਤੋਂ ਰੇੜ੍ਹੇ ਪੈ ਗਿਆ ਹੈ। ਹਾਲ ਹੀ ਵਿਚ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਸ ਮੁੱਦੇ ਨੂੰ ਲੈ ਕੇ ਕਈ ਬਿਆਨ ਦਿੱਤੇ ਹਨ ਅਤੇ ਪਿਛਲੇ ਦਿਨੀਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਦੌਰਾਨ ਵੀ ਇਹ ਮੁੱਦਾ ਉਠਾਇਆ ਸੀ। ਉਨ੍ਹਾਂ ਨਾਲ ਹੀ ਕਿਹਾ ਸੀ ਕਿ ਇਸ ਮਾਮਲੇ ਵਿਚ ਪੰਜਾਬ ਨਾਲ ਅਨਿਆਂ ਕੀਤੇ ਜਾਣ ਦੇ ਸਿੱਟੇ ਵਜੋਂ 84 ਵਾਲੀ ਹਾਲਤ ਮੁੜ ਕੇ ਪੈਦਾ ਹੋ ਸਕਦੀ ਹੈ ਅਤੇ ਇਸ ਨੂੰ ਸੰਭਾਲਣਾ ਸੌਖਾ ਨਹੀਂ ਹੋਵੇਗਾ। ਪੰਜਾਬ ਦੇ ਮੁੱਖ ਮੰਤਰੀ ਦੇ ਬਿਆਨ ਦੇ ਜਵਾਬ ਵਿਚ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਹੈ ਕਿ ਪੰਜਾਬ ਨੂੰ ਪਾਣੀ 'ਤੇ ਰਾਇਲਟੀ ਮੰਗਣ ਦੀ ਥਾਂ ਹਰਿਆਣਾ ਨੂੰ ਰਾਇਲਟੀ ਦੇਣੀ ਚਾਹੀਦੀ ਹੈ ਕਿਉਂਕਿ ਪੰਜਾਬ ਹਰਿਆਣਾ ਦੇ ਹਿੱਸੇ ਦਾ ਪਾਣੀ ਇਸਤੇਮਾਲ ਕਰ ਰਿਹਾ ਹੈ ਜਦੋਂਕਿ ਹਰਿਆਣਾ ਵਲੋਂ ਆਪਣੇ ਹਿੱਸੇ ਦੇ ਪਾਣੀ ਦੀ ਮੰਗ ਪਿਛਲੇ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਹੈ। ਇਸ ਦੌਰਾਨ ਹਰਿਆਣਾ ਦੇ ਸਿੰਚਾਈ ਮੰਤਰੀ ਕੈਪਟਨ ਅਜੈ ਸਿੰਘ ਯਾਦਵ ਨੇ ਵੀ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਪੰਜਾਬ ਦੀ ਬੱਦੂ ਹੋ ਚੁੱਕੀ ਸਰਕਾਰ ਲੋਕਾਂ ਦਾ ਧਿਆਨ ਖਿੱਚਣ ਲਈ ਅਜਿਹੇ ਬਿਆਨ ਜਾਰੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਵਿਚ ਬਾਦਲ ਸਰਕਾਰ ਲੋਕਾਂ ਦੇ ਮਨੋਂ ਲੱਥ ਚੁੱਕੀ ਹੈ ਅਤੇ ਇਸ ਸਰਕਾਰ ਵਲੋਂ ਕੁਝ ਵੀ ਲੋਕਾਂ ਦੇ ਹਿਤ ਵਿਚ ਨਹੀਂ ਕੀਤਾ ਗਿਆ। ਇਸ ਸਥਿਤੀ ਵਿਚ ਆਪਣੀ ਹਰਮਨਪਿਆਰਤਾ ਬਣਾਈ ਰੱਖਣ ਲਈ ਅਕਾਲੀ ਮੁੜ ਕੇ ਦਰਿਆਈ ਪਾਣੀਆਂ ਦਾ ਰਾਗ ਛੇੜ ਰਹੇ ਹਨ। ਉਨ੍ਹਾਂ ਇਸ ਮੰਗ ਨੂੰ ਹਾਸੋਹੀਣੀ ਕਰਾਰ ਦਿੱਤਾ ਕਿਉਂਕਿ ਪਾਣੀ ਹਿਮਾਚਲ ਪ੍ਰਦੇਸ਼ ਤੋਂ ਆ ਰਿਹਾ ਹੈ। ਉਨ੍ਹਾਂ ਹੋਰ ਕਿਹਾ ਕਿ ਹਰਿਆਣਾ ਕਿਉਂਕਿ ਪੁਰਾਣੇ ਪੰਜਾਬ ਦਾ ਹਿੱਸਾ ਸੀ, ਇਸ ਲਈ ਹਰਿਆਣਾ ਵੀ ਰਾਇਪੇਰੀਅਨ ਰਾਜ ਦਾ ਦਰਜਾ ਰੱਖਦਾ ਹੈ।

ਇੰਜ ਅਸੀਂ ਵੇਖਦੇ ਹਾਂ ਕਿ ਜਿਉਂ-ਜਿਉਂ ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਨੇੜੇ ਆ ਰਹੀਆਂ ਹਨ, ਅਕਾਲੀ ਦਲ ਆਪਣੀ ਵਿਸ਼ਵਾਸਯੋਗਤਾ ਬਣਾਈ ਰੱਖਣ ਲਈ ਪਾਣੀਆਂ ਦਾ ਮੁੱਦਾ ਮੁੜ ਤੋਂ ਚੁੱਕ ਰਿਹਾ ਹੈ। ਇਥੇ ਜ਼ਿਕਰਯੋਗ ਹੈ ਕਿ ਕੈਪਟਨ ਸਰਕਾਰ ਨੇ ਆਪਣੇ ਵੇਲੇ ਦਰਿਆਈ ਪਾਣੀਆਂ ਦੇ ਮਾਮਲੇ 'ਤੇ ਗੁਆਂਢੀ ਰਾਜਾਂ ਨਾਲ ਸਮਝੌਤਿਆਂ ਨੂੰ ਰੱਦ ਕਰਦਾ ਇਕ ਕਾਨੂੰਨ ਪਾਸ ਕਰਵਾਇਆ ਸੀ। ਇਸ ਕਾਨੂੰਨ ਤੋਂ ਬਾਅਦ ਦੇਸ਼ ਭਰ ਵਿਚ ਇਸ ਮਸਲੇ ਨੂੰ ਲੈ ਕੇ ਵੱਡਾ ਵਿਵਾਦ ਉਠਿਆ ਸੀ। ਇਸ ਕਾਨੂੰਨ ਦੇ ਪਾਸ ਹੋਣ ਨਾਲ ਮਾਲਵੇ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਵੱਡੀ ਪੱਧਰ 'ਤੇ ਭੱਲ ਬਣ ਗਈ ਸੀ ਅਤੇ ਇਸ ਦਾ ਲਾਭ ਉਨ੍ਹਾਂ ਨੂੰ ਚੋਣਾਂ ਵਿਚ ਵੀ ਮਿਲਿਆ ਸੀ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਪਾਸ ਹੋਏ ਉਪਰੋਕਤ ਕਾਨੂੰਨ ਵਿਚ ਧਾਰਾ 5 ਤਹਿਤ ਗੁਆਂਢੀ ਰਾਜਾਂ ਨੂੰ ਉਸ ਸਮੇਂ ਜਾ ਰਹੇ ਪਾਣੀ ਨੂੰ ਉਸੇ ਤਰ੍ਹਾਂ ਜਾਰੀ ਰਹਿਣ ਦਾ ਪ੍ਰਬੰਧ ਕੀਤਾ ਗਿਆ ਹੈ। ਕਾਨੂੰਨ ਪਾਸ ਹੋਣ ਤੋਂ ਬਾਅਦ ਵਿਦਵਾਨਾਂ ਨੇ ਕੈਪਟਨ ਸਰਕਾਰ ਵਲੋਂ ਕਾਨੂੰਨ ਵਿਚ ਰੱਖੀ ਗਈ ਇਸ ਕਮਜ਼ੋਰੀ ਵਲ ਧਿਆਨ ਦਿਵਾਇਆ ਸੀ ਅਤੇ ਅਕਾਲੀਆਂ ਨੇ ਵੀ ਕਾਨੂੰਨ ਦੀ ਇਸ ਕਮਜ਼ੋਰੀ ਨੂੰ ਆਪਣੇ ਬਿਆਨਾਂ ਵਿਚ ਵਰਤਿਆ ਸੀ। ਪਿਛੋਂ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ (ਬਾਦਲ) ਨੇ ਆਪਣੇ ਚੋਣ ਵਾਅਦਿਆਂ ਵਿਚ ਧਾਰਾ 5 ਨੂੰ ਖ਼ਤਮ ਕਰਨ ਦਾ ਵਾਅਦਾ ਵੀ ਕੀਤਾ ਸੀ ਪਰ ਸੱਤਾ ਵਿਚ ਆਉਣ ਤੋਂ ਪਿਛੋਂ ਅਕਾਲੀ ਦਲ ਇਸ ਧਾਰਾ ਨੂੰ ਖ਼ਤਮ ਕਰਨ ਦੇ ਮੁੱਦੇ 'ਤੇ ਪੂਰੀ ਤਰ੍ਹਾਂ ਟਾਲਾ ਵੱਟ ਗਿਆ ਸੀ।

ਹੁਣ ਆਪਣੀ ਸਰਕਾਰ ਦੇ ਬਹੁਤੇ ਖੇਤਰਾਂ ਵਿਚ ਅਸਫਲ ਰਹਿਣ ਤੋਂ ਪਿਛੋਂ ਜਦੋਂ ਅਕਾਲੀ ਦਲ (ਬਾਦਲ) ਨੇ ਅਗਲੀਆਂ ਵਿਧਾਨ ਸਭਾ ਚੋਣਾਂ ਦਾ ਸਾਹਮਣਾ ਕਰਨਾ ਹੈ ਤਾਂ ਉਸ ਨੇ ਦਰਿਆਈ ਪਾਣੀਆਂ ਦੇ ਮੁੱਦੇ ਨੂੰ ਮੁੜ ਕੇ ਉਠਾਉਣਾ ਸ਼ੁਰੂ ਕਰ ਦਿੱਤਾ ਹੈ। ਸ. ਸੁਖਬੀਰ ਸਿੰਘ ਬਾਦਲ ਭਾਵੇਂ ਇਸ ਮੁੱਦੇ ਨੂੰ ਲੈ ਕੇ ਗਾਹੇ-ਬਗਾਹੇ ਬੋਲਦਾ ਰਿਹਾ ਹੈ ਪਰ ਵੱਡੇ ਬਾਦਲ ਨੇ ਤਾਂ ਪਹਿਲਾਂ ਇਸ ਮਸਲੇ ਉਪਰ ਪੂਰੀ ਤਰ੍ਹਾਂ ਚੁੱਪ ਧਾਰੀ ਹੋਈ ਸੀ। ਹੁਣ ਪਿਛਲੇ ਕੁਝ ਦਿਨਾਂ ਤੋਂ ਵੱਡੇ ਬਾਦਲ ਨੇ ਹੀ ਇਸ ਮਸਲੇ ਉਪਰ ਮੁਹਿੰਮ ਵਿੱਢ ਰੱਖੀ ਹੈ। ਇਸ ਤੋਂ ਸਪੱਸ਼ਟ ਹੈ ਕਿ ਅਕਾਲੀ ਦਲ (ਬਾਦਲ) ਆਉਂਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਕੋਈ ਨਾ ਕੋਈ ਕਦਮ ਚੁੱਕਣ ਲਈ ਮਜ਼ਬੂਰ ਹੋਵੇਗਾ ਬਸ਼ਰਤੇ ਇਸ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਇਸ ਨੂੰ ਅਜਿਹਾ ਕਰਨ ਦੇਵੇ। ਭਾਵੇਂ ਅਕਾਲੀ ਦਲ ਵਲੋਂ ਇਹ ਕਦਮ ਚੁੱਕਿਆ ਵੋਟ ਸਿਆਸਤ ਦੀ ਮਜਬੂਰੀ ਵਿਚ ਹੀ ਜਾਵੇਗਾ, ਫਿਰ ਵੀ ਇਸ ਦਾ ਪੰਜਾਬ ਨੂੰ ਲਾਭ ਲਾਜ਼ਮੀ ਹੋਵੇਗਾ।

ਇਥੇ ਇਹ ਤੱਥ ਵੀ ਜ਼ਿਕਰਯੋਗ ਹੈ ਕਿ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਖੱਬੇਪੱਖੀਆਂ ਦੇ ਕਈ ਗੂੜ੍ਹ ਵਿਦਵਾਨਾਂ ਤੇ ਸਿੱਖ ਵਿਦਵਾਨਾਂ ਵਿਚ ਲਗਭਗ ਸਹਿਮਤੀ ਹੈ ਕਿ ਇਸ ਮਸਲੇ ਨੂੰ ਲੈ ਕੇ ਪੰਜਾਬ ਨਾਲ ਸ਼ਰੀਂਹਣ ਧੱਕਾ ਕੀਤਾ ਗਿਆ ਹੈ। ਵਿਧਾਨਕ ਰੂਪ ਵਿਚ ਦਰਿਆਈ ਪਾਣੀ ਸੰਬੰਧਤ ਰਾਜਾਂ ਦੀ ਮਾਲਕੀ ਹਨ ਅਤੇ ਦਰਿਆਈ ਪਾਣੀਆਂ ਸੰਬੰਧੀ ਫੈਸਲੇ ਕਰਦਿਆਂ ਇਸ ਮਾਲਕੀ ਨੂੰ ਬਰਕਰਾਰ ਰੱਖਿਆ ਗਿਆ ਹੈ ਪਰ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਾਮਲੇ ਵਿਚ ਅਜਿਹੀ ਸੰਵਿਧਾਨਕ ਵਿਵਸਥਾ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਸ ਮਾਮਲੇ ਨੂੰ ਸਿਆਸੀ ਪੱਧਰ 'ਤੇ ਨਜਿੱਠਿਆ ਗਿਆ ਹੈ। ਕੇਂਦਰ ਵਿਚ ਰਾਜ ਕਰਦੀ ਰਹੀ ਕਾਂਗਰਸ ਪਾਰਟੀ ਪੰਜਾਬ ਦੇ ਕਾਂਗਰਸੀਆਂ ਨੂੰ ਆਪਣੇ ਦਬਾਅ ਹੇਠ ਲਿਆ ਕੇ ਦਰਿਆਈ ਪਾਣੀਆਂ ਦੇ ਮਾਮਲੇ ਵਿਚ ਹਮੇਸ਼ਾ ਪੰਜਾਬ ਦੇ ਉਲਟ ਭੁਗਤਾਉਂਦੀ ਰਹੀ ਹੈ। ਅਕਾਲੀ ਆਪਣੀ ਪੰਜਾਬ ਪੱਖੀ ਪੁਜੀਸ਼ਨ ਦੇ ਬਾਵਜੂਦ ਅਕਸਰ ਸਮਝੌਤੇ ਕਰਦੇ ਰਹੇ ਹਨ। ਇੰਜ ਮਾਮਲੇ ਨੂੰ ਉਲਝਾਉਣ ਵਿਚ ਦੋਨੋਂ ਧਿਰਾਂ ਜ਼ਿੰਮੇਵਾਰ ਹਨ, ਭਾਵੇਂ ਕੇਂਦਰ ਸਰਕਾਰ ਅਤੇ ਦੋਨੋਂ ਵੱਡੀਆਂ ਕੌਮੀ ਪਾਰਟੀਆਂ ਨੇ ਮਾਮਲੇ ਨੂੰ ਵਿਗਾੜਨ ਵਿਚ ਵਧੇਰੇ ਮਾਰੂ ਭੂਮਿਕਾ ਅਦਾ ਕੀਤੀ ਹੈ। ਹੁਣ ਇਹੋ ਠੀਕ ਹੈ ਕਿ ਦੋਨੋਂ ਧਿਰਾਂ ਮਾਮਲੇ ਨੂੰ ਸੰਜੀਦਗੀ ਤੇ ਇਨਸਾਫ ਆਧਾਰਤ ਢੰਗ ਨਾਲ ਨਜਿੱਠਣ।

## ਠਾਹ-ਸੋਟਾ


-ਚਾਚਾ ਬੇਲਿਹਾਜ਼

### ਵੋਟਰ ਸ਼੍ਰੋਮਣੀ ਕਮੇਟੀ ਦੇ?

ਜਿਥੇ 'ਐਕਟ' ਨੂੰ ਕੀਤਾ ਅਣਡਿੱਠ ਜਾਵੇ, ਉਥੇ ਪੈਣੀਆਂ ਪੱਲੇ ਖੁਆਰੀਆਂ ਵੀ।
'ਮੈਂਬਰ ਸਾਹਿਬ' ਬਣ ਜਾਣਾ ਏ ਗੱਲ ਪੱਕੀ, ਨਸ਼ੇਖੋਰਾਂ ਤੇ ਸ਼ਰਾਬ ਵਪਾਰੀਆਂ ਵੀ।
ਨਹੀਓਂ ਲੱਭਣਾ ਗੁਹਿਣ 'ਸ਼੍ਰੋਮਣੀ' ਤੋਂ, ਵਧ ਜਾਣੀਆਂ ਕੌਮੀ ਦੁਸ਼ਵਾਰੀਆਂ ਵੀ।
ਵਾਂਗ ਰਿਓੜੀਆਂ ਵੰਡ ਕੇ ਵੋਟ-ਫਾਰਮ, ਬਾਦਲਕਿਆਂ ਦੇ ਬੰਦੇ ਸਰਕਾਰੀਆਂ ਵੀ।
ਨਾਂ ਵਿਚ 'ਸਿੰਘ ਤੇ ਕੌਰ' ਦੀ ਲੋੜ ਨਹੀਂ, ਮੰਨ ਲੈਣਾ ਏ ਹੁਕਮ ਪਟਵਾਰੀਆਂ ਵੀ।
ਵੋਟਰ ਬਣਨ ਲਈ ਹੋਏ ਤਿਆਰ ਸੱਭੇ, 'ਚੰਦਰਭਾਨ' ਤੇ 'ਰਾਮ ਦੁਲਾਰੀਆ' ਵੀ!

# ਸਿੰਘ ਸਾਹਿਬਾਨ ਦੀ ਪੇਸ਼ਕਸ਼ ਨਾਲ ਪੰਜਾਬ 'ਚ ਹਲਚਲ

**ਏ.ਐਸ. ਪਰਾਸ਼ਰ**



**ਸਿੰਘ ਸਾਹਿਬ ਵਲੋਂ ਇਹ ਪੇਸ਼ਕਸ਼ ਉਸ ਸਮੇਂ ਕੀਤੀ ਗਈ ਹੈ, ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੇੜੇ ਆ ਗਈਆਂ ਹਨ। ਸ਼੍ਰੋਮਣੀ ਕਮੇਟੀ 'ਤੇ ਪਿਛਲੇ ਲੰਬੇ ਸਮੇਂ ਤੋਂ ਪ੍ਰਕਾਸ਼ ਸਿੰਘ ਬਾਦਲ ਅਤੇ ਹੁਣ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਹੀ ਕਾਬਜ਼ ਹੈ। ਅਕਾਲੀਆਂ ਦਾ ਦਾਅਵਾ ਹੈ ਕਿ ਇਸ ਵਾਰ ਵੀ ਸ਼੍ਰੋਮਣੀ ਕਮੇਟੀ ਦੇ ਚੋਣ ਨਤੀਜੇ ਵੱਖਰੇ ਨਹੀਂ ਹੋਣਗੇ। ਅਕਾਲੀ ਦਲ ਲਈ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਿੰਨੀਆਂ ਅਹਿਮ ਹਨ, ਉਸ ਤੋਂ ਕਿਤੇ ਜ਼ਿਆਦਾ ਅਹਿਮ ਅਗਲੀਆਂ ਵਿਧਾਨ ਸਭਾ ਚੋਣਾਂ ਹਨ। ਚੋਣਾਂ ਮਾਰਚ 2012 'ਚ ਹੋਣੀਆਂ ਹਨ ਪਰ ਅਕਾਲੀ ਦਲ ਨੇ ਹੁਣ ਤੋਂ ਹੀ ਇਨ੍ਹਾਂ ਚੋਣਾਂ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।**

ਪੰਜ ਸਿੰਘ ਸਾਹਿਬਾਨ ਵਲੋਂ ਜੂਨ ਦੇ ਪਹਿਲੇ ਹਫਤੇ ਸਿੱਖ ਪੰਥ ਤੋਂ ਕੱਢੇ ਗਏ ਸਭ ਸਿੱਖਾਂ ਨੂੰ ਆਪਣੀਆਂ ਭੁੱਲਾਂ ਬਖਸ਼ਾ ਕੇ ਦੁਬਾਰਾ ਮੁੱਖ ਧਾਰਾ 'ਚ ਸ਼ਾਮਲ ਹੋਣ ਦੀ ਕੀਤੀ ਪੇਸ਼ਕਸ਼ ਨੇ ਪੰਜਾਬ ਦੇ ਧਾਰਮਿਕ ਤੇ ਸਿਆਸੀ ਹਲਕਿਆਂ 'ਚ ਹਲਚਲ ਪੈਦਾ ਕਰ ਦਿੱਤੀ ਹੈ। ਇਸ ਕਾਰਵਾਈ ਲਈ ਇਕ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ ਪਰ ਇਸ 'ਤੇ ਅਜੇ ਤੱਕ ਕਿਸੇ ਵਲੋਂ ਕੋਈ ਪ੍ਰਤੀਕ੍ਰਿਆ ਜ਼ਾਹਿਰ ਨਹੀਂ ਕੀਤੀ ਗਈ। ਫਿਰ ਵੀ ਇਹ ਮੰਨਿਆ ਜਾ ਰਿਹਾ ਹੈ ਕਿ ਸਿੰਘ ਸਾਹਿਬਾਨ ਦੀ ਇਹ ਪੇਸ਼ਕਸ਼ ਖਾਲੀ ਨਹੀਂ ਜਾਵੇਗੀ।

ਇਹ ਪੇਸ਼ਕਸ਼ ਮੁੱਖ ਤੌਰ 'ਤੇ ਧਾਰਮਿਕ ਮਾਮਲਿਆਂ ਨਾਲ ਸੰਬੰਧਤ ਹੈ, ਫਿਰ ਵੀ ਇਸ ਦੇ ਕਈ ਸਿਆਸੀ ਪਹਿਲੂ ਹਨ। ਉਂਜ ਵੀ ਅਕਾਲੀ ਦਲ ਹਮੇਸ਼ਾ ਇਹੀ ਸਟੈਂਡ ਲੈਂਦਾ ਰਿਹਾ ਹੈ ਕਿ ਉਹ ਧਰਮ ਨੂੰ ਸਿਆਸਤ ਤੋਂ ਜ਼ਿਆਦਾ ਦੂਰ ਨਹੀਂ ਮੰਨਦਾ। ਸਿੰਘ ਸਾਹਿਬ ਵਲੋਂ ਇਹ ਪੇਸ਼ਕਸ਼ ਉਸ ਸਮੇਂ ਕੀਤੀ ਗਈ ਹੈ, ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੇੜੇ ਆ ਗਈਆਂ ਹਨ। ਸ਼੍ਰੋਮਣੀ ਕਮੇਟੀ 'ਤੇ ਪਿਛਲੇ ਲੰਬੇ ਸਮੇਂ ਤੋਂ ਪ੍ਰਕਾਸ਼ ਸਿੰਘ ਬਾਦਲ ਅਤੇ ਹੁਣ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਹੀ ਕਾਬਜ਼ ਹੈ। ਅਕਾਲੀਆਂ ਦਾ ਦਾਅਵਾ ਹੈ ਕਿ ਇਸ ਵਾਰ ਵੀ ਸ਼੍ਰੋਮਣੀ ਕਮੇਟੀ ਦੇ ਚੋਣ ਨਤੀਜੇ ਵੱਖਰੇ ਨਹੀਂ ਹੋਣਗੇ। ਅਕਾਲੀ ਦਲ ਲਈ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਿੰਨੀਆਂ ਅਹਿਮ ਹਨ, ਉਸ ਤੋਂ ਕਿਤੇ ਜ਼ਿਆਦਾ ਅਹਿਮ ਅਗਲੀਆਂ ਵਿਧਾਨ ਸਭਾ ਚੋਣਾਂ ਹਨ। ਇਹ ਚੋਣਾਂ ਮਾਰਚ 2012 'ਚ ਹੋਣੀਆਂ ਹਨ ਪਰ ਅਕਾਲੀ ਦਲ ਨੇ ਹੁਣ ਤੋਂ ਹੀ ਇਨ੍ਹਾਂ ਚੋਣਾਂ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।

2007 'ਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ, ਭਾਜਪਾ ਦੀ ਸਹਾਇਤਾ ਨਾਲ ਸੱਤਾ 'ਚ ਆ ਗਿਆ ਪਰ ਚੋਣ ਨਤੀਜੇ ਇਸ ਦੀ ਆਸ ਮੁਤਾਬਿਕ ਨਹੀਂ ਰਹੇ। ਆਪਣਾ ਅਭੇਦ ਗੜ੍ਹ ਮੰਨੇ ਜਾਣ ਵਾਲੇ ਮਾਲਵਾ ਖੇਤਰ 'ਚ ਅਕਾਲੀ ਦਲ ਨੂੰ ਕਈ ਥਾਵਾਂ 'ਤੇ ਹੈਰਾਨੀਜਨਕ ਹਾਰ ਦਾ ਮੂੰਹ ਦੇਖਣਾ ਪਿਆ ਕਿਉਂਕਿ ਡੇਰਾ ਸੱਚਾ ਸੌਦਾ ਦੇ ਮੁਖੀ ਨੇ ਇਕ ਗੁਪਤ ਸਮਝੌਤੇ ਤਹਿਤ ਆਪਣੇ ਹਜ਼ਾਰਾਂ ਪ੍ਰੇਮੀਆਂ ਨੂੰ ਕਾਂਗਰਸ ਦੇ ਪੱਖ 'ਚ ਵੋਟਾਂ ਦੇਣ ਦਾ ਹੁਕਮ ਦਿੱਤਾ ਸੀ। ਡੇਰਾ ਪ੍ਰੇਮੀਆਂ ਦਾ ਸਭ ਤੋਂ ਜ਼ਿਆਦਾ ਜ਼ੋਰ ਮਾਲਵੇ 'ਚ ਹੈ ਤੇ ਮਾਲਵਾ ਹੀ ਪੰਜਾਬ ਦਾ ਸਭ ਤੋਂ ਵੱਡਾ ਖੇਤਰ ਹੈ। ਪੰਜਾਬ ਵਿਧਾਨ ਸਭਾ ਦੀਆਂ ਕੁੱਲ 117 ਸੀਟਾਂ ਵੱਖ-ਵੱਖ ਖੇਤਰਾਂ 'ਚ ਕੁਝ ਇਸ ਤਰ੍ਹਾਂ ਵੰਡੀਆਂ ਹੋਈਆਂ ਹਨ: ਮਾਲਵਾ 65, ਮਾਝਾ 27 ਤੇ ਦੁਆਬਾ 25।

ਡੇਰਾ ਪ੍ਰੇਮੀਆਂ ਦੀ ਸਹਾਇਤਾ ਨਾਲ ਕਾਂਗਰਸ ਨੇ ਮਾਲਵੇ 'ਚ ਤਾਂ ਚੰਗੀ ਪੈਂਠ ਬਣਾ ਲਈ ਪਰ ਦੁਆਬੇ ਤੇ ਮਾਝੇ 'ਚ ਇਹ ਬੁਰੀ ਤਰ੍ਹਾਂ ਹਾਰੀ। 2007 ਦੀਆਂ ਚੋਣਾਂ 'ਚ ਅਕਾਲੀ ਦਲ ਨੂੰ 49, ਕਾਂਗਰਸ ਨੂੰ 44 ਤੇ ਭਾਜਪਾ ਨੂੰ 19 ਸੀਟਾਂ ਮਿਲੀਆਂ ਸਨ। ਅਕਾਲੀ ਦਲ ਨੂੰ ਇਸ ਤੋਂ ਕਿਤੇ ਜ਼ਿਆਦਾ ਸੀਟਾਂ ਮਿਲਣ ਦੀ ਆਸ ਸੀ ਪਰ ਡੇਰਾ ਪ੍ਰੇਮੀਆਂ ਨੇ ਉਸ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ।

ਡੇਰਾ ਸੱਚਾ ਸੌਦਾ ਨਾਲ ਸਮਝੌਤਾ ਪੰਜਾਬ ਦੇ ਵੇਲੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੀਤਾ ਸੀ। ਸੂਬੇ 'ਚ ਬਾਦਲ ਸਰਕਾਰ ਦੇ ਬਣਨ ਤੋਂ ਬਾਅਦ ਡੇਰਾ ਪ੍ਰੇਮੀਆਂ ਨੂੰ ਸਿੱਖ ਭਾਈਚਾਰੇ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ। ਉਦੋਂ ਤੋਂ ਦੋਹਾਂ ਵਲੋਂ ਆਪਸੀ ਟਕਰਾਅ ਘੱਟ ਕਰਨ ਲਈ ਲਗਾਤਾਰ ਯਤਨ ਕੀਤੇ ਜਾਂਦੇ ਰਹੇ ਹਨ। ਇਨ੍ਹਾਂ ਯਤਨਾਂ ਦਾ ਕੁਝ ਅਸਰ 2009 'ਚ ਹੋਈਆਂ ਲੋਕ ਸਭਾ ਚੋਣਾਂ 'ਚ ਉਦੋਂ ਦੇਖਣ ਨੂੰ ਮਿਲਿਆ ਜਦੋਂ ਬਠਿੰਡਾ 'ਚ ਸੁਖਬੀਰ ਬਾਦਲ ਦੀ ਧਰਮ ਪਤਨੀ ਹਰਸਿਮਰਤ ਕੌਰ ਬਾਦਲ ਨੇ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਨੂੰ ਇਕ ਲੱਖ ਤੋਂ ਵੀ ਜ਼ਿਆਦਾ ਵੋਟਾਂ ਨਾਲ ਹਰਾ ਦਿੱਤਾ ਪਰ ਪਟਿਆਲਾ 'ਚ ਅਮਰਿੰਦਰ ਸਿੰਘ ਦੀ ਧਰਮ ਪਤਨੀ ਮਹਾਰਾਣੀ ਪ੍ਰਨੀਤ ਕੌਰ ਨੇ ਅਕਾਲੀ ਦਲ ਦੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੂੰ ਭਾਰੀ ਬਹੁਮਤ ਨਾਲ ਹਰਾਇਆ ਸੀ। ਉਦੋਂ ਇਹ ਸੁਣਨ 'ਚ ਆਇਆ ਸੀ ਕਿ ਇਹ ਸਭ ਇਕ ਗੁਪਤ ਸਮਝੌਤੇ ਦੇ ਤਹਿਤ ਕੀਤਾ ਗਿਆ ਹੈ ਜਿਸ ਅਨੁਸਾਰ ਡੇਰਾ ਪ੍ਰੇਮੀਆਂ ਨੇ ਬਠਿੰਡਾ 'ਚ ਅਕਾਲੀ ਦਲ ਨੂੰ ਤੇ ਪਟਿਆਲਾ 'ਚ ਕਾਂਗਰਸ ਨੂੰ ਵੋਟਾਂ ਪਾਈਆਂ। ਪੰਜਾਬ 'ਚ ਕਾਂਗਰਸੀਆਂ ਨੂੰ ਹੁਣ ਇਹ ਡਰ ਸਤਾਉਣ ਲੱਗਾ ਹੈ ਕਿ ਜੇ ਸਿੰਘ ਸਾਹਿਬਾਨ ਦੇ ਦਖਲ ਨਾਲ ਅਕਾਲੀ ਦਲ ਤੇ ਡੇਰਾ ਸੱਚਾ ਸੌਦਾ ਵਿਚਾਲੇ ਸਮਝੌਤਾ ਹੋ ਗਿਆ ਤਾਂ ਅਗਲੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨੂੰ ਭਾਰੀ ਧੱਕਾ ਲੱਗੇਗਾ।

ਇਸ 'ਚ ਕੋਈ ਸ਼ੱਕ ਨਹੀਂ ਕਿ ਭਾਜਪਾ ਦੇ ਡਿੱਗਦੇ ਗਰਾਫ ਕਾਰਨ ਕਾਂਗਰਸ ਨੂੰ ਦੁਆਬਾ ਤੇ ਮਾਝੇ 'ਚ ਵਧੀਆ ਕਾਰਗੁਜ਼ਾਰੀ ਦਿਖਾਉਣ ਦਾ ਮੌਕਾ ਮਿਲ ਸਕਦਾ ਹੈ ਪਰ ਜੇ ਡੇਰਾ ਸੱਚਾ ਸੌਦਾ ਤੇ ਅਕਾਲੀ ਦਲ ਨੇ ਆਪਸ 'ਚ ਹੱਥ ਮਿਲਾ ਲਿਆ ਤਾਂ ਮਾਲਵੇ ਦੀਆਂ 65 ਸੀਟਾਂ 'ਚੋਂ ਕਿੰਨੀਆਂ ਕਾਂਗਰਸ ਦੀ ਝੋਲੀ 'ਚ ਆਉਣਗੀਆਂ, ਇਸ 'ਤੇ ਵੱਡਾ ਸਵਾਲੀਆ ਨਿਸ਼ਾਨ ਲੱਗ ਜਾਵੇਗਾ। ਹਾਲ ਦੀ ਘੜੀ ਹਾਲਤ ਇਹ ਹੈ ਕਿ ਸਥਿਤੀ ਕਿਸੇ ਵੀ ਪਾਸੇ ਮੋੜਾ ਕੱਟ ਸਕਦੀ ਹੈ, ਕਿਉਂਕਿ ਕਾਂਗਰਸ ਵੀ ਬਹੁਤੀ ਸਰਗਰਮ ਨਹੀਂ।

# ਭਾਰਤੀ ਪਾਰਲੀਮਾਨੀ ਸਿਆਸਤ 'ਚ ਕਾਮ ਸਬੰਧਾਂ ਦੀ ਭੂਮਿਕਾ

**ਈਸ਼ਵਰ ਡਾਵਰ**

ਸ੍ਰੀਮਤੀ ਰਮਣੀਕਾ ਗੁਪਤਾ-ਸਾਬਕਾ ਮੈਂਬਰ ਵਿਧਾਨ ਪ੍ਰੀਸ਼ਦ, ਇੰਟਕ (ਇੰਡੀਅਨ ਨੈਸ਼ਨਲ ਟ੍ਰੇਡ ਯੂਨੀਅਨ ਕਾਂਗਰਸ) ਦੀ ਸਾਬਕਾ ਅਹੁਦੇਦਾਰ, 60ਵੇਂ ਤੋਂ 70ਵੇਂ ਦਹਾਕੇ ਦੀ ਬਿਹਾਰ ਕਾਂਗਰਸ ਅਤੇ ਸਾਂਝੀ ਸਮਾਜਵਾਦੀ ਪਾਰਟੀ (ਸਪਾ) ਦਾ ਜਾਣਿਆ-ਪਛਾਣਿਆ ਨਾਂ। ਹੁਣ 81 ਸਾਲ ਦੀ ਉਮਰ 'ਚ ਸ੍ਰੀਮਤੀ ਗੁਪਤਾ ਨੇ ਭਾਰਤੀ ਸਿਆਸਤ ਵਿਚ 'ਕਾਉਚ ਕਾਸਟਿੰਗ' ਦੀ ਭੂਮਿਕਾ ਨੂੰ ਜਿਸ ਦਲੇਰੀ ਨਾਲ ਇਕ ਅੰਗਰੇਜ਼ੀ ਰਸਾਲੇ 'ਚ ਬਿਆਨ ਕੀਤਾ ਹੈ, ਉਸਦੀ ਮਿਸਾਲ ਸਾਡੇ ਦੇਸ਼ ਦੀਆਂ ਸਿਆਸੀ ਔਰਤਾਂ 'ਚ ਮਿਲਣੀ ਮੁਸ਼ਕਿਲ ਹੈ। ਉਂਜ ਉਨ੍ਹਾਂ ਨੇ ਭਾਰਤੀ ਸਿਆਸੀ ਸੱਭਿਅਤਾ 'ਚ ਸੈਕਸ ਦੇ ਰੋਲ ਬਾਰੇ ਜੋ ਕਿਹਾ ਹੈ, ਉਹ ਠੋਸ ਜ਼ਮੀਨੀ ਸੱਚਾਈ 'ਤੇ ਆਧਾਰਤ ਹੈ। ਸ੍ਰੀਮਤੀ ਗੁਪਤਾ ਨੇ ਖੁੱਲ੍ਹ ਕੇ ਕਿਹਾ ਹੈ ਕਿ ਉਦੋਂ ਕੋਈ ਵੀ ਔਰਤ ਸਿਆਸੀ ਇੱਛਾ ਲੈ ਕੇ ਤਾਂ ਹੀ ਸਫਲ ਹੋ ਸਕਦੀ ਸੀ ਜੇ ਉਹ ਪਾਰਟੀ ਦੇ ਸੀਨੀਅਰ ਨੇਤਾਵਾਂ ਦਾ ਬਿਸਤਰਾ ਗਰਮ ਕਰਨ ਲਈ ਤਿਆਰ ਹੋ ਜਾਵੇ। ਇਸ ਬਾਰੇ ਉਨ੍ਹਾਂ ਆਪਣੇ ਨਿੱਜੀ ਤਜਰਬੇ ਖੁੱਲ੍ਹ ਕੇ ਦੱਸੇ ਹਨ।

ਪਟਿਆਲਾ ਦੇ ਸੈਨਿਕ ਘਰਾਣੇ 'ਚ ਜੰਮੀ-ਪਲੀ ਰਮਣੀਕਾ ਦੀ ਸਿਆਸੀ ਇੱਛਾ ਉਦੋਂ ਖੁੱਲ੍ਹ ਕੇ ਸਾਹਮਣੇ ਆਈ, ਜਦੋਂ ਵਿਆਹ ਤੋਂ ਬਾਅਦ ਉਹ ਬਿਹਾਰ ਦੇ ਧਨਬਾਦ 'ਚ ਕੋਇਲਾ ਮਾਫੀਆ ਦੇ ਗੜ੍ਹ 'ਚ ਆ ਵਸੀ। ਖਾਨ ਮਜ਼ਦੂਰੀ ਕਰ ਰਹੇ ਆਦਿਵਾਸੀ ਲੋਕਾਂ, ਉਨ੍ਹਾਂ ਦੀਆਂ ਔਰਤਾਂ ਅਤੇ ਬੱਚਿਆਂ ਦਾ ਸ਼ੋਸ਼ਣ ਦੇਖ ਕੇ ਸ੍ਰੀਮਤੀ ਗੁਪਤਾ ਨੇ ਉਨ੍ਹਾਂ ਦੀ ਮਦਦ ਦਾ ਬੀੜਾ ਚੁਕਿਆ ਤੇ ਉਨ੍ਹਾਂ ਲਈ ਕਈ ਟ੍ਰੇਨਿੰਗ ਸੈਂਟਰ ਤੇ ਬਾਲਵਾੜੀਆਂ ਖੋਲ੍ਹੀਆਂ। ਇਸੇ ਸਮਾਜਕ ਕੰਮ ਲਈ ਉਨ੍ਹਾਂ ਦੀ ਮੁਲਾਕਾਤ ਵੇਲੇ ਦੇ ਬਿਹਾਰ ਦੇ ਮੁੱਖ ਮੰਤਰੀ ਸਵ. ਕੇ.ਬੀ. ਸਹਾਏ ਨਾਲ ਹੋਈ। ਇਥੋਂ ਹੀ ਉਨ੍ਹਾਂ ਦਾ ਸਿਆਸੀ ਜੀਵਨ ਸ਼ੁਰੂ ਹੋਇਆ। ਉਦੋਂ ਉਨ੍ਹਾਂ ਨੂੰ ਆਦਿਵਾਸੀ ਔਰਤਾਂ ਲਈ ਧਨਬਾਦ ਵਿਚ ਸਿਖਲਾਈ ਕੇਂਦਰ ਵਾਸਤੇ ਜ਼ਮੀਨ ਦੀ ਲੋੜ ਸੀ ਤੇ ਇਹ ਕੰਮ ਸਿਰਫ ਮੁੱਖ ਮੰਤਰੀ ਹੀ ਕਰ ਸਕਦੇ ਸਨ। ਸ੍ਰੀਮਤੀ ਗੁਪਤਾ ਦੇ ਸ਼ਬਦਾਂ 'ਚ, ''ਮੁੱਖ ਮੰਤਰੀ ਨੇ ਮੈਨੂੰ ਆਪਣੇ ਦਫਤਰ 'ਚ ਸਵੇਰੇ 4 ਵਜੇ ਸੱਦਿਆ। ਮੁੱਖ ਮੰਤਰੀ ਬਹੁਤ ਹੀ ਨਿਮਰਤਾ ਅਤੇ ਸਊਪੁਣੇ ਨਾਲ ਪੇਸ਼ ਆਏ।

ਆਫਿਸ ਦਾ ਦਰਵਾਜ਼ਾ ਬੰਦ ਹੁੰਦਿਆਂ ਹੀ ਮੈਨੂੰ ਆਪਣੀਆਂ ਬਾਹਾਂ 'ਚ ਕੱਸ ਲਿਆ ਤੇ ਚੁੰਮਿਆ ਤੇ ਬੋਲੇ-ਬਿਹਾਰ ਦਾ ਮੁੱਖ ਮੰਤਰੀ ਤੁਹਾਡੇ ਸਾਹਮਣੇ ਖੜ੍ਹਾ ਹੈ, ਜੋ ਮੰਗਣਾ ਹੈ ਮੰਗ ਲਓ ਤੇ ਇਹ ਕਹਿ ਕੇ ਉਨ੍ਹਾਂ ਨੇ ਕਾਗਜ਼ਾਂ 'ਤੇ ਦਸਤਖਤ ਕਰ ਦਿੱਤੇ। ਮੈਨੂੰ ਵੀ ਬੁਰਾ ਨਹੀਂ ਲੱਗਾ। ਸੱਚ ਪੁੱਛੋ ਤਾਂ ਮੈਂ ਇਹ ਸੋਚ ਕੇ ਰੋਮਾਂਚਿਤ ਹੋ ਗਈ ਕਿ ਕਿੰਨਾ ਤਾਕਤਵਰ ਆਦਮੀ ਮੇਰੇ ਨਾਲ ਪਿਆਰ ਕਰ ਰਿਹਾ ਹੈ।

ਮੈਨੂੰ ਇੰਜ ਲੱਗਾ ਜਿਵੇਂ ਮੁੱਖ ਮੰਤਰੀ ਦੀ ਸਾਰੀ ਪਾਵਰ ਪਿਘਲ ਕੇ ਮੇਰੇ ਸਰੀਰ 'ਚ ਸਮਾ ਰਹੀ ਸੀ। ਬਾਅਦ ਵਿਚ ਉਸ ਮੁੱਖ ਮੰਤਰੀ ਸਹਾਏ ਜੀ ਨੇ ਮੈਨੂੰ ਬਿਹਾਰ ਪ੍ਰਦੇਸ਼ ਕਾਂਗਰਸ ਕਮੇਟੀ ਦੀ ਮੈਂਬਰ ਬਣਾ ਦਿੱਤਾ, ਜੋ ਕਿ ਉਦੋਂ ਬਹੁਤ ਵੱਡਾ ਤੇ ਪ੍ਰਭਾਵਸ਼ਾਲੀ ਅਹੁਦਾ ਮੰਨਿਆ ਜਾਂਦਾ ਸੀ। ਇਸ ਤੋਂ ਬਾਅਦ ਮੈਨੂੰ ਚੰਗੀ ਤਰ੍ਹਾਂ ਸਮਝ ਆ ਗਿਆ ਕਿ ਆਦਿਵਾਸੀਆਂ ਦੀ ਸਹਾਇਤਾ ਸਹੀ ਅਰਥਾਂ 'ਚ ਕਰ ਸਕਣ ਅਤੇ ਸਿਆਸਤ ਵਿਚ ਅੱਗੇ ਵਧਣ ਲਈ ਮੈਨੂੰ ਸ੍ਰੀ ਸਹਾਏ ਵਰਗੇ ਗਾਡ ਫਾਦਰ ਦੀ ਲੋੜ ਪਵੇਗੀ।''


ਸ੍ਰੀਮਤੀ ਰਮਣੀਕਾ ਗੁਪਤਾ

ਕੇ.ਬੀ. ਸਹਾਏ ਤੋਂ ਬਾਅਦ ਦੇ ਮੁੱਖ ਮੰਤਰੀ ਕੇਦਾਰ ਪਾਂਡੇ ਦੀ ਵੀ ਉਹ ਕਿਰਪਾ ਪਾਤਰ ਬਣੀ। ਉਨ੍ਹਾਂ ਨੇ ਰਮਣੀਕਾ ਗੁਪਤਾ ਨੂੰ ਬਿਹਾਰ ਵਿਧਾਨ ਪ੍ਰੀਸ਼ਦ ਦੀ ਮੈਂਬਰ ਬਣਾਇਆ। ਸ੍ਰੀਮਤੀ ਗੁਪਤਾ ਭਾਰਤ ਦੇ ਸਾਬਕਾ ਰਾਸ਼ਟਰਪਤੀ ਸਵ. ਨੀਲਮ ਸੰਜੀਵਾ ਰੈਡੀ ਦੇ ਸੰਪਰਕ 'ਚ ਇਸੇ ਨੇਤਾਗਿਰੀ ਦੀ ਮ੍ਰਿਗਤ੍ਰਿਸ਼ਨਾ ਦਾ ਪਿੱਛਾ ਕਰਦੀ ਕਰਦੀ ਆ ਗਈ। ਉਦੋਂ ਸ੍ਰੀ ਰੈਡੀ ਕੇਂਦਰ ਵਿਚ ਮੰਤਰੀ ਸਨ। ਉਨ੍ਹਾਂ ਨੇ ਖੁਦ ਪਹਿਲ ਕਰਕੇ ਜੈਪੁਰ ਵਿਚ ਕਾਂਗਰਸ ਦੇ ਇਜਲਾਸ ਸਮੇਂ ਰਮਣੀਕਾ ਗੁਪਤਾ ਨੂੰ ਸਰਕਟ ਹਾਊਸ 'ਚ ਸੱਦਿਆ ਤੇ ਆਪਣੇ ਨਾਲ ਬੱਘੀ 'ਚ ਬਿਠਾ ਕੇ ਲੈ ਗਏ।

ਸ੍ਰੀਮਤੀ ਗੁਪਤਾ ਦੇ ਸ਼ਬਦਾਂ 'ਚ, ''ਜਦੋਂ ਅਸੀਂ ਉਨ੍ਹਾਂ ਦੇ ਕਮਰੇ 'ਚ ਪਹੁੰਚੇ ਤਾਂ ਸ੍ਰੀ ਰੈਡੀ ਨੇ ਅੰਦਰੋਂ ਦਰਵਾਜ਼ਾ ਬੰਦ ਕਰ ਲਿਆ। ਮੈਨੂੰ ਇਸ 'ਤੇ ਬਹੁਤ ਹੈਰਾਨੀ ਹੋਈ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਅਜੇ ਲੰਚ ਵੀ ਨਹੀਂ ਖਾਧਾ ਤੇ ਜਾਣ ਦੀ ਕਾਹਲੀ ਹੈ ਪਰ ਉਨ੍ਹਾਂ ਨੇ ਮੇਰੀ ਇਕ ਨਾ ਸੁਣੀ। ਉਹ ਦੂਜੇ ਕਮਰੇ 'ਚ ਗਏ ਤੇ ਪਲਾਂ 'ਚ ਮੇਰੇ ਸਾਹਮਣੇ ਨੰਗੇ ਹੋ ਕੇ ਆ ਗਏ ਤੇ ਮੇਰੇ ਨਾਲ ਜ਼ਬਰਦਸਤੀ ਕੀਤੀ। ਮੈਂ ਬਚ ਨਾ ਸਕੀ।''

ਹੁਣ ਰੱਬ ਜਾਣੇ ਏਨੇ ਬੁਢਾਪੇ 'ਚ ਮਰ ਚੁੱਕੇ ਨੇਤਾਵਾਂ ਦੀਆਂ ਇਹ ਗੱਲਾਂ ਦੱਸ ਕੇ ਸ੍ਰੀਮਤੀ ਗੁਪਤਾ ਭਾਰਤੀ ਸਿਆਸਤ ਦਾ ਇਕ ਹਨੇਰਾ ਪੱਖ ਜ਼ਾਹਿਰ ਕਰ ਰਹੀ ਹੈ ਜਾਂ ਸਿਰਫ ਸਨਸਨੀ ਫੈਲਾ ਰਹੀ ਹੈ।

# ਖ਼ਬਰਾਂ ਦਾ ਗ੍ਰੀਨਹੰਟ-ਦੇਸ਼ ਦੇ ਅਖਬਾਰਾਂ ਤੇ ਖ਼ਬਰਕਾਰਾਂ ਦੀ ਬਦਮਾਸ਼ੀ

**ਅਰੁੰਧਤੀ ਰਾਏ**

ਇਕ ਪਾਸੇ ਭਾਰਤ ਸਰਕਾਰ ਜਦੋਂ ਦੇਸ਼ ਦੇ ਪਿੰਡਾਂ ਵਿਚ ਫੌਜ ਅਤੇ ਹਵਾਈ ਫੌਜ ਤਾਇਨਾਤ ਕਰਕੇ ਲੋਕਾਂ ਦੇ ਸੰਘਰਸ਼ ਨੂੰ ਦਬਾਉਣ ਲਈ ਵਿਚਾਰਾਂ ਕਰ ਰਹੀ ਹੈ ਤਾਂ ਦੂਜੇ ਪਾਸੇ ਸ਼ਹਿਰਾਂ ਵਿਚ ਕੁਝ ਅਜੀਬ ਘਟਨਾਵਾਂ ਦੇਖਣ ਨੂੰ ਮਿਲ ਰਹੀਆਂ ਹਨ। ਬੀਤੀ 2 ਜੂਨ ਨੂੰ ਮੈਂ ਮੁੰਬਈ ਵਿਚ, 'ਕਮੇਟੀ ਫਾਰ ਪ੍ਰੋਟੈਕਸ਼ਨ ਆਫ ਡੈਮੋਕਰੇਟਿਕ ਰਾਈਟਸ' ਵਲੋਂ ਸੱਦੀ ਗਈ ਇਕ ਮੀਟਿੰਗ ਨੂੰ ਸੰਬੋਧਨ ਕੀਤਾ। ਅਗਲੇ ਦਿਨ ਸਾਰੀਆਂ ਅਖ਼ਬਾਰਾਂ ਤੇ ਟੀ.ਵੀ. ਚੈਨਲਾਂ 'ਤੇ ਇਸ ਦੀ ਸਹੀ ਕਵਰੇਜ਼ ਹੋਈ। ਇਸੇ ਦਿਨ ਖਬਰ ਏਜੰਸੀ ਪੀ.ਟੀ.ਆਈ. ਨੇ ਮੇਰੇ ਭਾਸ਼ਣ ਨੂੰ ਬੁਰੀ ਤਰ੍ਹਾਂ ਤੋੜ ਮਰੋੜ ਕੇ ਇਕ ਖ਼ਬਰ ਚਲਾਈ ਜਿਸ ਨੂੰ ਸਭ ਤੋਂ ਪਹਿਲਾਂ ਅਖਬਾਰ ਇੰਡੀਅਨ ਐਕਸਪ੍ਰੈਸ ਨੇ ਦੁਪਹਿਰ 1.35 ਵਜੇ ਆਨਲਾਈਨ ਪੋਸਟ ਕੀਤਾ। ਇਸ ਦਾ ਸਿਰਲੇਖ ਸੀ, "ਅਰੁੰਧਤੀ ਨੇ ਕੀਤਾ ਮਾਓਵਾਦੀਆਂ ਦਾ ਸਮਰਥਨ, ਖੁਦ ਨੂੰ ਗ੍ਰਿਫਤਾਰ ਕਰਨ ਦੀ ਚੁਣੌਤੀ ਦਿੱਤੀ।" ਖ਼ਬਰ ਦੀਆਂ ਕੁਝ ਸਤਰਾਂ ਦੇਖੋ;

"ਲੇਖਕਾ ਅਰੁੰਧਤੀ ਰਾਏ ਨੇ ਮਾਓਵਾਦੀਆਂ ਦੇ ਹਥਿਆਰਬੰਦ ਵਿਦਰੋਹ ਦੀ ਹਮਾਇਤ ਕੀਤੀ ਹੈ ਅਤੇ ਸਰਕਾਰ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਇਸ ਹਮਾਇਤ ਲਈ ਉਸ ਨੂੰ ਗ੍ਰਿਫਤਾਰ ਕਰਕੇ ਦਿਖਾਵੇ। ਨਕਸਲ ਅੰਦੋਲਨ ਹਥਿਆਰਬੰਦ ਸੰਘਰਸ਼ ਦੇ ਇਲਾਵਾ ਹੋਰ ਕਿਸੇ ਤਰੀਕੇ ਨਾਲ ਸੰਭਵ ਨਹੀਂ। ਮੈਂ ਸਿਰਫ ਹਿੰਸਾ ਦਾ ਸਮਰਥਨ ਨਹੀਂ ਕਰ ਰਹੀ, ਸਗੋਂ ਸ਼ਰਮਨਾਕ ਜ਼ੁਲਮ ਉਪਰ ਟਿਕੇ ਰਾਜਨੀਤਕ ਵਿਸ਼ਲੇਸ਼ਣ ਦੇ ਵੀ ਖਿਲਾਫ ਹਾਂ। ਇਸ ਨੇ ਹਥਿਆਰਬੰਦ ਅੰਦੋਲਨ ਹੋਣਾ ਹੀ ਸੀ। ਵਿਰੋਧ ਦਾ ਗਾਂਧੀਵਾਦੀ ਤਰੀਕਾ ਇਕ ਇਹੋ ਜਿਹੇ ਭਾਈਚਾਰੇ ਦੀ ਮੰਗ ਕਰਦਾ ਹੈ ਜੋ ਇਸ ਵਿਰੋਧ ਦਾ ਗਵਾਹ ਬਣ ਸਕੇ, ਉਹ ਇਥੇ ਮੌਜੂਦ ਨਹੀਂ। ਸੰਘਰਸ਼ ਦੇ ਇਸ ਤਰੀਕੇ ਨੂੰ ਚੁਣਨ ਤੋਂ ਪਹਿਲਾਂ ਲੋਕਾਂ ਨੇ ਕਾਫੀ ਵਿਚਾਰਿਆ ਹੈ। ਅਰੁੰਧਤੀ ਰਾਏ ਜਿਨ੍ਹਾਂ ਨੇ ਮਾਓਵਾਦੀਆਂ ਦੁਆਰਾ ਸੀ ਆਰ ਪੀ ਐਫ ਅਤੇ ਪੁਲਿਸ ਦੇ 76 ਜਵਾਨਾਂ ਦੀ ਹੱਤਿਆ ਦੇ ਬਾਅਦ 'ਦਾਂਤੇਵਾੜਾ ਦੇ ਲੋਕਾਂ' ਨੂੰ ਸਲਾਮੀ ਦਿੱਤੀ ਸੀ, ਨੇ ਕਿਹਾ, 'ਮੈਂ ਵਾੜ ਦੇ ਇਸ ਪਾਸੇ ਹਾਂ। ਮੈਨੂੰ ਫਰਕ ਨਹੀਂ ਪੈਂਦਾ... ਤੁਸੀਂ ਮੈਨੂੰ ਜੇਲ੍ਹ ਵਿਚ ਬੰਦ ਕਰ ਦਿਓ'।"

ਮੈਂ ਆਪਣੀ ਗੱਲ ਇਸ ਖ਼ਬਰ ਦੇ ਅੰਤ ਤੋਂ ਹੀ ਸ਼ੁਰੂ ਕਰਦੀ ਹਾਂ। ਇਹ ਗੱਲ ਕਿ ਮੈਂ ਮਾਓਵਾਦੀਆਂ ਵਲੋਂ ਸੀ.ਆਰ.ਪੀ. ਅਤੇ ਪੁਲਿਸ ਦੇ 76 ਜਵਾਨਾਂ ਦੀ ਹੱਤਿਆ ਦੇ ਬਾਅਦ ਦਾਂਤੇਵਾੜਾ ਦੇ ਲੋਕਾਂ ਨੂੰ ਸਲਾਮੀ ਦਿੱਤੀ ਸੀ, ਫੌਜਦਾਰੀ ਮਾਣਹਾਨੀ ਦਾ ਮਾਮਲਾ ਹੈ। ਮੈਂ ਸਾਫ ਕਰ ਦਿੱਤਾ ਸੀ ਕਿ ਸੀ.ਆਰ.ਪੀ. ਦੇ ਜਵਾਨਾਂ ਦੀ ਮੌਤ ਨੂੰ ਮੈਂ ਇਕ ਤ੍ਰਾਸਦੀ ਦੇ ਰੂਪ ਵਿਚ ਦੇਖਦੀ ਹਾਂ ਅਤੇ ਮੈਂ ਮੰਨਦੀ ਹਾਂ ਕਿ ਉਹ ਗਰੀਬਾਂ ਦੇ ਖਿਲਾਫ ਅਮੀਰਾਂ ਦੀ ਲੜਾਈ ਵਿਚ ਸਿਰਫ ਮੋਹਰਾ ਹਨ। ਮੈਂ ਮੁੰਬਈ ਦੀ ਬੈਠਕ ਵਿਚ ਕਿਹਾ ਸੀ ਕਿ ਜਿਵੇਂ ਜਿਵੇਂ ਇਹ ਸੰਘਰਸ਼ ਅੱਗੇ ਵਧ ਰਿਹਾ ਹੈ, ਦੋਵਾਂ ਪਾਸਿਆਂ ਤੋਂ ਕੀਤੀ ਜਾਣ ਵਾਲੀ ਹਿੰਸਾ ਤੋਂ ਕੋਈ ਵੀ ਨੈਤਿਕ ਸੰਦੇਸ਼ ਕੱਢਣਾ ਅਸੰਭਵ ਜਿਹਾ ਹੋ ਗਿਆ ਹੈ। ਮੈਂ ਸਾਫ ਕਰ ਦਿੱਤਾ ਸੀ ਕਿ ਮੈਂ ਇਥੇ ਨਾ ਤਾਂ ਸਰਕਾਰ ਅਤੇ ਨਾ ਹੀ ਮਾਓਵਾਦੀਆਂ ਦੁਆਰਾ ਨਿਰਦੋਸ਼ ਲੋਕਾਂ ਦੀ ਹੱਤਿਆ ਦਾ ਬਚਾਅ ਕਰਨ ਲਈ ਆਈ ਹਾਂ। ਪੀ ਟੀ ਆਈ ਦੀ ਰਿਪੋਰਟ ਦਾ ਬਾਕੀ ਹਿੱਸਾ ਬੈਠਕ ਦੀ ਕਾਰਵਾਈ ਦਾ ਇਕ ਮਨਘੜਤ ਰੂਪ ਸੀ। ਮੈਂ ਕਿਹਾ ਸੀ ਕਿ ਜ਼ਮੀਨ ਦੀ ਕਾਰਪੋਰੇਟ ਲੁੱਟ ਦੇ ਖਿਲਾਫ ਲੋਕਾਂ ਦਾ ਸੰਘਰਸ਼ ਕਈ ਵਿਚਾਰਧਾਰਾਵਾਂ ਨਾਲ ਸੰਚਾਲਿਤ ਅੰਦੋਲਨ ਤੋਂ ਬਣਿਆ ਹੈ ਜਿਸ ਵਿਚ ਮਾਓਵਾਦੀ ਸਭ ਤੋਂ ਜ਼ਿਆਦਾ ਖਾੜਕੂ ਹਨ। ਮੈਂ ਕਿਹਾ ਸੀ ਕਿ ਸਰਕਾਰ ਹਰ ਕਿਸਮ ਦੇ ਵਿਰੋਧ ਅੰਦੋਲਨ ਨੂੰ, ਹਰ ਅੰਦੋਲਨਕਾਰੀ ਨੂੰ ਮਾਓਵਾਦੀ ਕਰਾਰ ਦੇ ਰਹੀ ਹੈ ਤਾਂ ਕਿ ਉਨ੍ਹਾਂ ਨਾਲ ਦਮਨਕਾਰੀ ਢੰਗਾਂ ਨਾਲ ਨਿਪਟਣ ਨੂੰ ਜਾਇਜ਼ ਕਿਹਾ ਜਾ ਸਕੇ। ਮੈਂ ਕਲਿੰਗਨਗਰ ਅਤੇ ਜਗਤ ਸਿੰਘ ਪੁਰ ਦੇ ਲੋਕਾਂ ਵਲ ਧਿਆਨ ਖਿੱਚਿਆ ਜੋ ਸ਼ਾਂਤੀਪੂਰਨ ਅੰਦੋਲਨ ਚਲਾ ਰਹੇ ਹਨ ਪਰ ਉਨ੍ਹਾਂ 'ਤੇ ਡਾਂਗਾਂ ਤੇ ਗੋਲੀਆਂ ਵਰ੍ਹਾਈਆਂ ਜਾ ਰਹੀਆਂ ਹਨ।



ਮੈਂ ਦੱਸਿਆ ਸੀ ਕਿ ਸੰਘਣੇ ਜੰਗਲਾਂ ਵਿਚ ਰਹਿ ਰਹੇ ਲੋਕ ਗਾਂਧੀਵਾਦੀ ਸੰਘਰਸ਼ ਦੇ ਤਰੀਕੇ ਕਿਉਂ ਨਹੀਂ ਅਪਨਾ ਸਕਦੇ ਕਿਉਂਕਿ ਉਸ ਦੇ ਲਈ ਉਨ੍ਹਾਂ ਨਾਲ ਹਮਦਰਦੀ ਰੱਖਣ ਵਾਲੇ ਭਾਈਚਾਰੇ ਦੀ ਵੀ ਜ਼ਰੂਰਤ ਹੁੰਦੀ ਹੈ। ਮੈਂ ਸੁਆਲ ਕੀਤਾ ਕਿ ਜੋ ਲੋਕ ਪਹਿਲਾਂ ਤੋਂ ਹੀ ਭੁੱਖਮਰੀ ਦਾ ਸ਼ਿਕਾਰ ਹਨ ਉਹ ਭੁੱਖ-ਹੜਤਾਲ 'ਤੇ ਕਿਸ ਤਰ੍ਹਾਂ ਬੈਠ ਸਕਦੇ ਹਨ। ਮੈਂ ਇਹ ਬਿਲਕੁਲ ਨਹੀਂ ਕਿਹਾ ਕਿ ਇਸ ਨੇ ਹਥਿਆਰਬੰਦ ਅੰਦੋਲਨ ਹੋਣਾ ਹੀ ਸੀ। ਮੈਂ ਕਿਹਾ ਸੀ ਕਿ ਅੱਜ ਸਾਰੇ ਮਤਭੇਦਾਂ ਦੇ ਬਾਵਜੂਦ ਜੋ ਵੀ ਅੰਦੋਲਨ ਚਲ ਰਹੇ ਹਨ, ਉਹ ਇਸ ਗੱਲ ਨੂੰ ਸਮਝਦੇ ਹਨ ਕਿ ਉਨ੍ਹਾਂ ਦਾ ਵਿਰੋਧੀ ਇਕ ਹੀ ਹੈ। ਇਸ ਲਈ ਉਹ ਵਾੜ ਦੇ ਇਕ ਪਾਸੇ ਹਨ ਅਤੇ ਮੈਂ ਉਨ੍ਹਾਂ ਦੇ ਨਾਲ ਖੜੀ ਹਾਂ।

ਇਸ ਦੇ ਬਾਅਦ ਮੈਂ ਕਿਹਾ ਕਿ ਭਾਵੇਂ ਵਿਰੋਧ ਦਾ ਗਾਂਧੀਵਾਦੀ ਤਰੀਕਾ ਓਨਾ ਪ੍ਰਭਾਵਸ਼ਾਲੀ ਨਾ ਰਿਹਾ ਹੋਵੇ ਪਰ ਨਰਮਦਾ ਬਚਾਓ ਅੰਦੋਲਨ ਵਰਗਾ 'ਵਿਕਾਸ' ਦਾ ਇਕ ਇਨਕਲਾਬੀ ਅਤੇ ਪਰਿਵਰਤਨਸ਼ੀਲ ਨਜ਼ਰੀਆ ਫਿਰ ਵੀ ਹੈ। ਜਦਕਿ ਮੈਨੂੰ ਸ਼ੱਕ ਹੁੰਦਾ ਹੈ ਕਿ ਵਿਰੋਧ ਦਾ ਮਾਓਵਾਦੀ ਤਰੀਕਾ ਭਾਵੇਂ ਪ੍ਰਭਾਵਸ਼ਾਲੀ ਹੋਵੇ ਪਰ ਉਹ ਕਿਸ ਤਰ੍ਹਾਂ ਦਾ ਵਿਕਾਸ ਚਾਹੁੰਦੇ ਹਨ ਅਜੇ ਸਪੱਸ਼ਟ ਨਹੀਂ ਹੈ। ਕੀ ਉਨ੍ਹਾਂ ਦੀ ਖਣਿਜ ਨੀਤੀ ਰਾਜ ਦੀ ਖਣਿਜ ਨੀਤੀ ਤੋਂ ਵੱਖਰੀ ਹੈ? ਕੀ ਉਹ ਬਾਕਸਾਈਟ ਨੂੰ ਪਹਾੜਾਂ ਵਿਚ ਹੀ ਛੱਡ ਦੇਣਗੇ ਜਾਂ ਫਿਰ ਸੱਤਾ ਵਿਚ ਆਉਣ ਤੇ ਉਸ ਨੂੰ ਬਾਹਰ ਕੱਢਣਗੇ।

ਇਕ ਦਿਨ ਪੁਰਾਣੀ ਪੀ.ਟੀ.ਆਈ. ਦੀ ਰਿਪੋਰਟ ਕਈ ਭਾਸ਼ਾਵਾਂ ਦੇ ਅਖ਼ਬਾਰਾਂ 'ਚ ਛਪੀ ਅਤੇ 4 ਜੂਨ ਨੂੰ ਟੀ.ਵੀ. ਚੈਨਲਾਂ 'ਤੇ ਚੱਲੀ ਜਦ ਕਿ ਇਨ੍ਹਾਂ ਅਖ਼ਬਾਰਾਂ ਅਤੇ ਚੈਨਲਾਂ ਦੇ ਪੱਤਰਕਾਰ ਖੁਦ ਸਮਾਗਮ ਨੂੰ ਕਵਰ ਕਰਨ ਆਏ ਸਨ ਅਤੇ ਜਾਣਦੇ ਸਨ ਕਿ ਪੀ.ਟੀ.ਆਈ. ਦੀ ਖਬਰ ਝੂਠੀ ਹੈ। ਮੈਨੂੰ ਹੈਰਾਨੀ ਹੁੰਦੀ ਹੈ ਕਿ ਆਖਰ ਕਿਉਂ ਅਖ਼ਬਾਰ ਤੇ ਟੀ.ਵੀ. ਚੈਨਲ ਇਕ ਹੀ ਖ਼ਬਰ ਨੂੰ ਦੋ ਵਾਰ ਚਲਾਉਣਗੇ-ਇਕ ਵਾਰ ਸਹੀ ਅਤੇ ਦੂਜੀ ਵਾਰ ਗ਼ਲਤ।

ਬੀਤੀ 4 ਜੂਨ ਦੀ ਸ਼ਾਮ ਕਰੀਬ ਸੱਤ ਵਜੇ ਮੋਟਰਸਾਈਕਲ 'ਤੇ ਸਵਾਰ ਦੋ ਵਿਅਕਤੀ ਮੇਰੇ ਦਿੱਲੀ ਸਥਿਤ ਨਿਵਾਸ 'ਤੇ ਆਏ ਤੇ ਉਨ੍ਹਾਂ ਨੇ ਪਥਰਾਅ ਕੀਤਾ। ਇਕ ਪੱਥਰ ਤਾਂ ਇਕ ਬੱਚੇ ਨੂੰ ਲੱਗ ਹੀ ਗਿਆ ਸੀ। ਲੋਕ ਜਦੋਂ ਗੁੱਸੇ ਵਿਚ ਇਕੱਠੇ ਹੋਏ ਤਾਂ ਉਹ ਭੱਜ ਗਏ। ਕੁਝ ਹੀ ਮਿੰਟਾਂ ਬਾਅਦ ਇਕ ਟਾਟਾ ਇੰਡੀਕਾ ਉਥੇ ਪਹੁੰਚੀ। ਉਸ ਵਿਚ ਬੈਠਾ ਵਿਅਕਤੀ ਜੋ ਖੁਦ ਨੂੰ ਜੀ ਨਿਊਜ਼ ਦਾ ਪੱਤਰਕਾਰ ਦੱਸ ਰਿਹਾ ਸੀ, ਨੇ ਪੁੱਛਿਆ ਕਿ ਕੀ ਇਹ ਅਰੁੰਧਤੀ ਰਾਏ ਦਾ ਘਰ ਹੈ ਅਤੇ ਕੀ ਇਥੇ ਕੁਝ ਗੜਬੜ ਹੋਈ ਹੈ। ਜ਼ਾਹਿਰ ਹੈ, ਇਹ ਇਕ ਘੜਿਆ ਹੋਇਆ ਮਾਮਲਾ ਸੀ, ਲੋਕ ਰੋਹ ਦਾ ਨਾਟਕੀ ਪ੍ਰਦਰਸ਼ਨ, ਜਿਸ ਦੀ ਟੀ.ਵੀ. ਚੈਨਲਾਂ ਨੂੰ ਤਲਾਸ਼ ਰਹਿੰਦੀ ਹੈ। ਖੁਸ਼ਕਿਸਮਤੀ ਨਾਲ ਉਸ ਸ਼ਾਮ ਇਹ ਨਾਟਕ ਅਸਫਲ ਰਿਹਾ। 5 ਜੂਨ ਨੂੰ ਇਕ ਅਖ਼ਬਾਰ ਨੇ ਖ਼ਬਰ ਲਾਈ, 'ਹਿੰਮਤ ਹੈ ਤਾਂ ਏ ਸੀ ਕਮਰਾ ਛੱਡ ਕੇ ਜੰਗਲ ਵਿਚ ਆਵੇ ਅਰੁੰਧਤੀ', ਜਿਸ ਵਿਚ ਛਤੀਸਗੜ੍ਹ ਦੇ ਡੀ.ਜੀ.ਪੀ. ਵਿਸ਼ਵਰੰਜਨ ਮੈਨੂੰ ਚੁਣੌਤੀ ਦੇ ਰਹੇ ਸਨ। ਛਤੀਸਗੜ੍ਹ ਦੀ ਹੀ ਇਕ ਭਾਜਪਾ ਆਗੂ ਪੂਨਮ ਚਤੁਰਵੇਦੀ ਨੇ ਤਾਂ ਇਕ ਕਦਮ ਅੱਗੇ ਵਧ ਕੇ ਪ੍ਰੈਸ ਵਿਚ ਐਲਾਨ ਕੀਤਾ ਕਿ ਮੈਨੂੰ ਚੁਰਾਹੇ ਵਿਚ ਗੋਲੀ ਮਾਰ ਦਿੱਤੀ ਜਾਣੀ ਚਾਹੀਦੀ ਹੈ।

ਕੀ ਇਹ ਆਪ੍ਰੇਸ਼ਨ ਗਰੀਨ ਹੰਟ ਦਾ ਸ਼ਹਿਰੀ ਅਵਤਾਰ ਹੈ? ਜਿਸ ਵਿਚ ਭਾਰਤ ਦੀ ਪ੍ਰਮੁੱਖ ਖ਼ਬਰ ਏਜੰਸੀ ਉਨ੍ਹਾਂ ਲੋਕਾਂ ਦੇ ਖਿਲਾਫ ਮਾਮਲੇ ਬਣਾਉਣ ਵਿਚ ਸਰਕਾਰ ਦੀ ਮਦਦ ਕਰਦੀ ਹੈ ਜਿਨ੍ਹਾਂ ਦੇ ਖਿਲਾਫ ਕੋਈ ਸਬੂਤ ਨਹੀਂ ਹੁੰਦੇ? ਕੀ ਉਹ ਸਾਡੇ ਵਰਗੇ ਕੁਝ ਲੋਕਾਂ ਨੂੰ ਵਹਿਸ਼ੀ ਭੀੜ ਦੇ ਹਵਾਲੇ ਕਰ ਦੇਣਾ ਚਾਹੁੰਦੀ ਹੈ ਤਾਂ ਕਿ ਸਾਨੂੰ ਮਾਰਨ ਜਾਂ ਗ੍ਰਿਫਤਾਰ ਕਰਨ ਦਾ ਕਲੰਕ ਸਰਕਾਰ ਦੇ ਸਿਰ 'ਤੇ ਨਾ ਆਵੇ। ਜਾਂ ਫਿਰ ਇਹ ਸਮਾਜ ਵਿਚ ਧਰੁਵੀਕਰਨ ਪੈਦਾ ਕਰਨ ਦੀ ਸਾਜ਼ਿਸ਼ ਹੈ ਕਿ ਜੇ ਤੁਸੀਂ ਸਾਡੇ ਨਾਲ ਨਹੀਂ ਹੋ ਤਾਂ ਮਾਓਵਾਦੀ ਹੋ। 26 ਜੂਨ ਨੂੰ ਐਮਰਜੈਂਸੀ ਦੀ 35ਵੀਂ ਵਰ੍ਹੇਗੰਢ ਹੈ, ਭਾਰਤ ਦੇ ਲੋਕਾਂ ਨੂੰ ਸ਼ਾਇਦ ਹੁਣ ਇਹ ਐਲਾਨ ਕਰ ਹੀ ਦੇਣਾ ਚਾਹੀਦਾ ਹੈ ਕਿ ਦੇਸ਼ ਐਮਰਜੈਂਸੀ ਦੀ ਹਾਲਤ ਵਿਚ ਹੈ। (ਕਿਉਂਕਿ ਸਰਕਾਰ ਤਾਂ ਅਜਿਹਾ ਕਰਨ ਤੋਂ ਰਹੀ।) ਇਸ ਵਾਰ ਸੈਂਸਰਸ਼ਿਪ ਹੀ ਇਕਲੌਤੀ ਦਿੱਕਤ ਨਹੀਂ ਹੈ। ਖ਼ਬਰਾਂ ਦਾ ਲਿਖਿਆ ਜਾਣਾ ਉਸ ਤੋਂ ਕਿਤੇ ਵਧ ਗੰਭੀਰ ਸਮੱਸਿਆ ਹੈ।

# ਖਾਪ ਪੰਚਾਇਤਾਂ ਦੀਆਂ ਮੰਗਾਂ ਦਾ ਨੇਤਾਵਾਂ ਵਲੋਂ ਸਮਰਥਨ ਠੀਕ ਨਹੀਂ

**ਬੀ.ਕੇ. ਚੰਮ**

ਖਾਪ ਪੰਚਾਇਤਾਂ ਵਲੋਂ ਇਕ ਹੀ ਗੋਤਰ ਤੇ ਇਕ ਹੀ ਪਿੰਡ 'ਚ ਵਿਆਹ 'ਤੇ ਪਾਬੰਦੀ ਲਾਉਣ ਦੀ ਮੰਗ ਅਤੇ ਉਨ੍ਹਾਂ ਵਲੋਂ ਇਕ ਹੀ ਗੋਤਰ ਦੇ ਕੁਝ ਵਿਆਹੁਤਾ ਜੋੜਿਆਂ ਦੀ ਹੱਤਿਆ ਕਰਨ ਬਾਰੇ ਦਿੱਤੇ ਗਏ ਫਤਵਿਆਂ ਨੇ ਸਿਆਸੀ, ਸਮਾਜਿਕ ਅਤੇ ਕਾਨੂੰਨ ਵਿਵਸਥਾ ਸੰਬੰਧੀ ਮੁੱਦੇ ਖੜ੍ਹੇ ਕਰ ਦਿੱਤੇ ਹਨ। ਸਿਆਸਤਦਾਨਾਂ ਨੇ, ਜੋ ਹਰ ਸਮੇਂ ਅਜਿਹੇ ਮੁੱਦਿਆਂ ਦੀ ਭਾਲ ਵਿਚ ਰਹਿੰਦੇ ਹਨ ਜੋ ਉਨ੍ਹਾਂ ਲਈ ਸੱਤਾ ਪ੍ਰਾਪਤੀ 'ਚ ਸਹਾਈ ਬਣ ਸਕਨ, ਖਾਪ ਪੰਚਾਇਤਾਂ ਦੀ ਇਸ ਮੰਗ ਦਾ ਸਮਰਥਨ ਕੀਤਾ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਜੋ ਲੋਕ ਇਕ ਹੀ ਗੋਤਰ ਵਿਚ ਵਿਆਹਾਂ 'ਤੇ ਪਾਬੰਦੀ ਲਾਉਣ ਦੀ ਮੰਗ ਕਰ ਰਹੇ ਹਨ, ਉਹ ਇਕ ਹੀ ਪਿੰਡ 'ਚ ਵਿਆਹ ਕਰਨ 'ਤੇ ਰੋਕ ਲਗਾਉਣ ਦੀ ਮੰਗ 'ਤੇ ਚੁੱਪ ਹਨ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਦੇ ਪਿੰਡਾਂ ਵਿਚ ਅਜਿਹੇ ਵਿਆਹ ਆਮ ਤੌਰ 'ਤੇ ਬਿਨਾਂ ਕਿਸੇ ਰੁਕਾਵਟ ਦੇ ਹੁੰਦੇ ਆਏ ਹਨ। ਇਸ ਸੰਬੰਧੀ ਪਹਿਲ ਹਰਿਆਣਾ ਦੀ ਮੁੱਖ ਵਿਰੋਧੀ ਪਾਰਟੀ ਇਨੈਲੋ ਦੇ ਸੁਪਰੀਮੋ ਓਮ ਪ੍ਰਕਾਸ਼ ਚੌਟਾਲਾ ਨੇ ਕੀਤੀ ਹੈ।

ਸੂਬੇ ਦੇ ਦੂਜੇ ਦਰਜੇ ਦੇ ਕੁਝ ਕਾਂਗਰਸੀ ਨੇਤਾਵਾਂ, ਜਿਨ੍ਹਾਂ ਵਿਚ ਕੁਰੂਕਸ਼ੇਤਰ ਦੇ ਅਰਬਪਤੀ ਐਮ.ਪੀ. ਨਵੀਨ ਜਿੰਦਲ ਸ਼ਾਮਿਲ ਹਨ, ਨੇ ਵੀ ਸ੍ਰੀ ਚੌਟਾਲਾ ਦੀ ਗੱਲ ਦਾ ਹੁੰਗਾਰਾ ਭਰਿਆ ਹੈ। ਕੁਝ ਝਿਜਕ ਤੋਂ ਬਾਅਦ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਵੀ ਜਨਤਕ ਤੌਰ 'ਤੇ ਇਕ ਹੀ ਗੋਤਰ 'ਚ ਵਿਆਹ 'ਤੇ ਪਾਬੰਦੀ ਲਗਾਏ ਜਾਣ ਦੀ ਮੰਗ ਦਾ ਸਮਰਥਨ ਕਰ ਦਿੱਤਾ।

ਜਦੋਂ ਕਾਂਗਰਸ ਨੂੰ ਇਨ੍ਹਾਂ ਜਾਤੀ ਸੰਸਥਾਵਾਂ ਦਾ ਸਮਰਥਨ ਕਰਨ 'ਤੇ ਆਲੋਚਨਾਵਾਂ ਦਾ ਸਾਹਮਣਾ ਕਰਨਾ ਪਿਆ ਤਾਂ ਕਾਂਗਰਸ ਦੇ ਕੇਂਦਰੀ ਪੱਧਰ ਦੇ ਇਕ ਬੁਲਾਰੇ ਨੇ ਕਿਹਾ ਕਿ ਉਨ੍ਹਾਂ ਦੇ ਸੂਬਾਈ ਨੇਤਾਵਾਂ ਨੇ ਜੋ ਕੁਝ ਕਿਹਾ ਹੈ, ਉਹ ਉਨ੍ਹਾਂ ਦੇ ਆਪਣੇ ਨਿੱਜੀ ਵਿਚਾਰ ਹਨ। ਉਂਜ ਬੁਲਾਰੇ ਨੂੰ ਇਹ ਦੱਸਿਆ ਜਾਣਾ ਚਾਹੀਦਾ ਸੀ ਕਿ ਜਨਤਕ ਅਹੁਦਿਆਂ 'ਤੇ ਬੈਠੇ ਸਿਆਸਤਦਾਨਾਂ ਵਲੋਂ ਜਨਤਕ ਤੌਰ 'ਤੇ ਲਏ ਗਏ ਸਟੈਂਡ ਜਾਂ ਕਹੀਆਂ ਗਈਆਂ ਗੱਲਾਂ ਨੂੰ ਉਨ੍ਹਾਂ ਦੇ 'ਨਿੱਜੀ ਵਿਚਾਰ' ਨਹੀਂ ਕਿਹਾ ਜਾ ਸਕਦਾ।

ਨੇਤਾਵਾਂ ਵਲੋਂ ਇਨਕਾਰ ਕਰਨ ਦੇ ਬਾਵਜੂਦ ਸਿਆਸਤਦਾਨਾਂ ਵਲੋਂ ਖਾਪ ਪੰਚਾਇਤਾਂ ਦੀ ਉਪਰੋਕਤ ਮੰਗ ਦੀ ਹਮਾਇਤ ਕਰਨ ਦਾ ਮੁਖ ਕਾਰਨ ਵੋਟ ਬੈਂਕ ਦੀ ਸਿਆਸਤ ਹੈ। ਬੇਸ਼ੱਕ ਉਨ੍ਹਾਂ 'ਚੋਂ ਕੁਝ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਇਹ ਖਾਪ ਪੰਚਾਇਤਾਂ ਆਪਣੇ ਪਿੰਡਾਂ ਦੇ ਸਾਰੇ ਭਾਈਚਾਰਿਆਂ ਦੀ ਨੁਮਾਇੰਦਗੀ ਕਰਦੀਆਂ ਹਨ ਪਰ ਉਹ ਇਸ ਗੱਲੋਂ ਇਨਕਾਰ ਨਹੀਂ ਕਰ ਸਕਦੇ ਕਿ ਮੂਲ ਤੌਰ 'ਤੇ ਇਹ ਸੰਸਥਾਵਾਂ ਜਾਂ ਖਾਪ ਪੰਚਾਇਤਾਂ ਜਾਤ 'ਤੇ ਆਧਾਰਿਤ ਹਨ ਅਤੇ ਇਨ੍ਹਾਂ 'ਤੇ ਜਾਟ ਭਾਈਚਾਰੇ ਦਾ ਗਲਬਾ ਹੈ, ਜੋ ਹਰਿਆਣੇ ਦਾ ਪ੍ਰਮੁੱਖ ਵੋਟ ਬੈਂਕ ਹੈ। ਇਹ ਹਰਿਆਣਾ ਦੇ ਕੁੱਲ ਵੋਟਰਾਂ ਦੇ ਲਗਪਗ ਇਕ-ਚੌਥਾਈ ਹਿੱਸੇ ਦੀ ਨੁਮਾਇੰਦਗੀ ਕਰਦਾ ਹੈ। ਇਨ੍ਹਾਂ ਸੰਸਥਾਵਾਂ ਦਾ ਢੁਕਵਾਂਪਣ ਖਾਸ ਤੌਰ 'ਤੇ ਪਿਛਲੇ 5 ਸਾਲਾਂ ਵਿਚ ਰਾਜ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਨਤੀਜਿਆਂ ਤੋਂ ਬਾਅਦ ਵਧਿਆ ਹੈ।

2005 ਦੀਆਂ ਵਿਧਾਨ ਸਭਾ ਚੋਣਾਂ ਤੇ 2009 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੇ ਸੂਬੇ ਵਿਚ ਭਾਰੀ ਜਿੱਤ ਪ੍ਰਾਪਤ ਕੀਤੀ ਅਤੇ ਇਨੈਲੋ ਤੇ ਭਾਜਪਾ ਨੂੰ ਬੁਰੀ ਤਰ੍ਹਾਂ ਹਰਾਇਆ। ਕਾਂਗਰਸ ਦੀ ਜਿੱਤ ਦਾ ਇਕ ਪ੍ਰਮੁੱਖ ਕਾਰਨ ਜਾਟ ਭਾਈਚਾਰੇ ਦਾ ਸਮਰਥਨ ਇਨੈਲੋ ਤੋਂ ਹਟ ਕੇ ਕਾਂਗਰਸ ਵਲ ਹੋਣਾ ਸੀ।

ਰੋਹਤਕ-ਝੱਜਰ-ਸੋਨੀਪਤ ਤੇ ਉਸ ਦੇ ਆਸ-ਪਾਸ ਦੇ ਖੇਤਰਾਂ ਦੀ ਦੇਸਵਾਲ ਜਾਟ ਬੈਲਟ, ਜੋ ਮੁੱਖ ਮੰਤਰੀ ਸ੍ਰੀ ਹੁੱਡਾ ਦਾ ਮਜ਼ਬੂਤ ਗੜ੍ਹ ਹੈ, ਦੇ ਲੋਕਾਂ ਨੇ ਕਾਂਗਰਸ ਦੇ ਪੱਖ ਵਿਚ ਵੱਡੀ ਗਿਣਤੀ ਵਿਚ ਵੋਟਾਂ ਪਾਈਆਂ ਸਨ। ਉਂਜ 2009 'ਚ ਸਮੇਂ ਤੋਂ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਵੱਡੀ ਗਿਣਤੀ ਵਿਚ ਜਾਟ ਭਾਈਚਾਰਾ ਮੁੜ ਇਨੈਲੋ ਦੇ ਪੱਖ ਵਿਚ ਆ ਗਿਆ ਸੀ ਤੇ ਸਿੱਟੇ ਵਜੋਂ ਇਨੈਲੋ ਦੇ ਵਿਧਾਇਕਾਂ ਦੀ ਗਿਣਤੀ 2005 ਦੀਆਂ ਪਿਛਲੀਆਂ ਚੋਣਾਂ ਵਿਚ ਜਿੱਤੇ 9 ਵਿਧਾਇਕਾਂ ਦੇ ਮੁਕਾਬਲੇ ਇਨ੍ਹਾਂ ਚੋਣਾਂ ਵਿਚ ਵਧ ਕੇ 31 ਹੋ ਗਈ ਤੇ ਕਾਂਗਰਸ ਬਹੁਮਤ ਹਾਸਿਲ ਕਰਨ ਤੋਂ ਰਹਿ ਗਈ।

ਖਾਪ ਪੰਚਾਇਤਾਂ ਦੇ ਸਮਰਥਨ 'ਚ ਮੁੱਖ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਇਹ ਸਮਾਜਿਕ ਸੰਗਠਨ ਹਨ ਤੇ ਸਦੀਆਂ ਤੋਂ ਸਮਾਜਿਕ ਖੇਤਰ ਵਿਚ ਰੀਤੀ-ਰਿਵਾਜਾਂ ਅਤੇ ਰਵਾਇਤਾਂ ਦੇ ਸਰਪ੍ਰਸਤ ਵਜੋਂ ਅਹਿਮ ਭੂਮਿਕਾ ਨਿਭਾਉਂਦੀਆਂ ਆ ਰਹੀਆਂ ਹਨ। ਇਹ ਸਹੀ ਹੈ ਕਿ ਇਨ੍ਹਾਂ ਨੇ ਮੱਧਕਾਲੀ ਯੁੱਗ 'ਚ ਕੁਝ ਹਾਂ-ਪੱਖੀ ਸਮਾਜਿਕ ਭੂਮਿਕਾਵਾਂ ਨਿਭਾਈਆਂ ਹੋਣਗੀਆਂ ਪਰ ਬਦਲਦੇ ਸਮੇਂ ਵਿਚ ਸਾਡੇ ਰੀਤੀ-ਰਿਵਾਜਾਂ ਵਿਚ ਵਿਆਪਕ ਤਬਦੀਲੀਆਂ ਆਈਆਂ ਹਨ। ਜੋ ਲੋਕ ਸਮੇਂ ਨਾਲ ਕਦਮ ਮਿਲਾ ਕੇ ਨਹੀਂ ਚੱਲਦੇ, ਉਹ ਆਖਿਰ ਇਤਿਹਾਸ ਦੇ ਖੰਡਰਾਂ ਦੇ ਮਲਬੇ ਹੇਠਾਂ ਦਬ ਜਾਂਦੇ ਹਨ।

ਇਕ ਹੀ ਗੋਤਰ ਵਿਚ ਵਿਆਹਾਂ 'ਤੇ ਪਾਬੰਦੀ ਲਾਉਣ ਦੀ ਮੰਗ ਦੇ ਸਮਰਥਕ ਇਸ ਗੱਲ ਤੋਂ ਅਣਜਾਣ ਨਹੀਂ ਹੋ ਸਕਦੇ ਕਿ ਇਕ ਸਮਾਂ ਅਜਿਹਾ ਸੀ, ਜਦੋਂ ਇਸ ਖੇਤਰ ਵਿਚ ਵਿਆਹ, ਖਾਸ ਕਰਕੇ ਪੰਜਾਬ ਵਿਚ, ਇਸ ਗੱਲ ਨੂੰ ਧਿਆਨ ਵਿਚ ਰੱਖ ਕੇ ਕੀਤੇ ਜਾਂਦੇ ਸਨ ਕਿ ਚਾਰ ਗੋਤਰ, ਭਾਵ ਵਿਆਹ ਸੰਬੰਧ ਵਿਚ ਬੱਝਣ ਵਾਲੇ ਮੁੰਡੇ ਤੇ ਕੁੜੀ ਦੇ ਦਾਦਕੇ ਤੇ ਨਾਨਕੇ ਪਰਿਵਾਰ ਦੇ ਗੋਤਰ ਆਪਸ ਵਿਚ ਨਾ ਮਿਲਣ। ਹੋ ਸਕਦਾ ਹੈ ਕਿ ਹੁਣ ਇਹ ਕੁਝ ਮਾਮਲਿਆਂ ਵਿਚ ਹੁੰਦਾ ਹੋਵੇ। ਜੇ ਅਜਿਹਾ ਹੁੰਦਾ ਵੀ ਹੈ ਤਾਂ ਕੋਈ ਵੀ ਸਮਾਜਿਕ ਸੰਗਠਨ ਪਾਬੰਦੀ ਲਾਉਣ ਦਾ ਫਤਵਾ ਜਾਰੀ ਨਹੀਂ ਕਰਦਾ। ਅਜਿਹੇ ਮਾਮਲੇ ਨੂੰ ਨਿੱਜੀ ਜਾਂ ਪਰਿਵਾਰਕ ਮੰਨਿਆ ਜਾਣਾ ਚਾਹੀਦਾ ਹੈ ਤੇ ਇਸ ਵਿਚ ਕਿਸੇ ਬਾਹਰਲੇ ਆਦਮੀ ਜਾਂ ਸੰਸਥਾ ਨੂੰ ਦਖਲ ਦੇਣ ਦਾ ਹੱਕ ਨਹੀਂ ਹੋਣਾ ਚਾਹੀਦਾ। ਇਹੋ ਗੱਲ ਇਕੋ ਗੋਤਰ ਵਿਚ ਵਿਆਹਾਂ 'ਤੇ ਵੀ ਲਾਗੂ ਹੁੰਦੀ ਹੈ।

ਜੇ ਖਾਪ ਪੰਚਾਇਤਾਂ ਇਕ ਹੀ ਗੋਤਰ ਦੇ ਵਿਆਹ ਨੂੰ ਮਾਨਤਾ ਨਹੀਂ ਦਿੰਦੀਆਂ ਤਾਂ ਇਹ ਗੱਲ ਉਨ੍ਹਾਂ ਨੂੰ ਇਸ ਪਰੰਪਰਾ ਤੇ ਯਕੀਨ ਕਰਨ ਵਾਲਿਆਂ ਦੀ ਸਮਝ 'ਤੇ ਹੀ ਛੱਡ ਦੇਣੀ ਚਾਹੀਦੀ ਹੈ ਕਿ ਉਹ ਇਕ ਹੀ ਗੋਤਰ ਵਿਚ ਵਿਆਹ ਕਰਨ ਤੋਂ ਪ੍ਰਹੇਜ਼ ਕਰਨ। ਇਨ੍ਹਾਂ ਖਾਪ ਪੰਚਾਇਤਾਂ ਨੂੰ ਇਕ ਹੀ ਗੋਤਰ ਵਿਚ ਵਿਆਹ ਕਰਵਾਉਣ ਵਾਲੇ ਜੋੜਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਵਿਰੁਧ ਸਜ਼ਾਯੋਗ ਫਤਵੇ ਜਾਰੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

ਸਭ ਤੋਂ ਬੁਰੀ ਗੱਲ ਤਾਂ ਇਹ ਹੈ ਕਿ ਖਾਪ ਪੰਚਾਇਤਾਂ ਇਕ ਹੀ ਗੋਤਰ ਵਿਚ ਵਿਆਹ ਕਰਵਾਉਣ ਵਾਲੇ ਜੋੜਿਆਂ ਦੀ ਹੱਤਿਆ ਤਕ ਦਾ ਫਤਵਾ ਜਾਰੀ ਕਰ ਦਿੰਦੀਆਂ ਹਨ। ਮੁੱਖ ਮੰਤਰੀ ਨੇ ਵਾਰ-ਵਾਰ ਐਲਾਨ ਕੀਤਾ ਹੈ ਕਿ ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥ ਵਿਚ ਨਹੀਂ ਲੈਣ ਦਿੱਤਾ ਜਾਵੇਗਾ ਪਰ ਜੇ ਖਾਪ ਪੰਚਾਇਤਾਂ ਦੀ ਇਸ ਮੰਗ 'ਤੇ ਸਰਕਾਰੀ ਮਨਜ਼ੂਰੀ ਦੀ ਮੋਹਰ ਲੱਗ ਜਾਂਦੀ ਹੈ ਤਾਂ ਫਿਰ ਪ੍ਰਸ਼ਾਸਨ ਸਾਹਮਣੇ ਅਜਿਹੀ ਅਰਾਜਕ ਸਥਿਤੀ ਵਲੋਂ ਅੱਖਾਂ ਮੀਚਣ ਤੋਂ ਇਲਾਵਾ ਹੋਰ ਕੋਈ ਚਾਰਾ ਵੀ ਨਹੀਂ ਰਹੇਗਾ।

ਮੱਧ ਕਾਲ ਦੀਆਂ ਕੁਝ ਪਰੰਪਰਾਵਾਂ ਤੇ ਸਮਾਜਿਕ ਬੁਰਾਈਆਂ, ਜੋ ਬਦਲਦੇ ਸਮੇਂ ਮੁਤਾਬਿਕ ਨਹੀਂ ਰਹੀਆਂ, ਸਮੇਂ ਦੇ ਨਾਲ ਹੀ ਜਾਂ ਕਾਨੂੰਨ ਨਾਲ ਖਤਮ ਹੋ ਗਈਆਂ। ਸਤੀ ਪ੍ਰਥਾ, ਜਿਸ ਵਿਚ ਮਰਨ ਵਾਲੇ ਆਦਮੀ ਦੀ ਵਿਧਵਾ ਨੂੰ ਉਸ ਦੀ ਲਾਸ਼ ਨਾਲ ਚਿਤਾ 'ਤੇ ਬੈਠ ਕੇ ਜਿਉਂਦੀ ਸੜਨ ਲਈ ਮਜਬੂਰ ਕਰ ਦਿੱਤਾ ਜਾਂਦਾ ਸੀ, ਨੂੰ ਕਾਫੀ ਸਮਾਂ ਪਹਿਲਾਂ ਕਾਨੂੰਨ ਬਣਾ ਕੇ ਖਤਮ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ ਕਿਸੇ ਮਰਨ ਵਾਲੇ ਆਦਮੀ ਦੇ ਘਰ ਪਿੰਡ ਦੀਆਂ ਔਰਤਾਂ ਵਲੋਂ ਘੱਗਰੇ ਪਹਿਨ ਕੇ ਜਾਂ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨਾਲ ਅਫਸੋਸ ਪ੍ਰਗਟਾਉਣ ਲਈ ਆਉਣ ਵਾਲੇ ਰਿਸ਼ਤੇਦਾਰ ਔਰਤਾਂ ਵਲੋਂ 'ਸਿਆਪਾ' (ਘੰਟਿਆਂ ਬੱਧੀ ਆਪਣੀ ਛਾਤੀ ਪਿੱਟਣ) ਕਰਨ ਦੀ ਰਵਾਇਤ ਵੀ ਕਈ ਜਗ੍ਹਾ ਖਤਮ ਹੋ ਚੁੱਕੀ ਹੈ। ਇਥੋਂ ਤੱਕ ਕਿ ਬਾਲ ਵਿਆਹ ਤੇ ਦਾਜ ਵਰਗੀਆਂ ਬੁਰਾਈਆਂ 'ਤੇ ਵੀ ਕਾਨੂੰਨੀ ਤੌਰ 'ਤੇ ਪਾਬੰਦੀ ਲੱਗ ਚੁੱਕੀ ਹੈ।

ਇਕ ਹੀ ਗੋਤਰ 'ਚ ਵਿਆਹ 'ਤੇ ਪਾਬੰਦੀ ਲਾਉਣ ਦੇ ਕੁਝ ਸਮਰਥਕਾਂ ਵਲੋਂ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਗੋਤਰ ਤੋਂ ਬਾਹਰ ਵਿਆਹ ਕਰਨ ਨਾਲ ਜਾਇਜ਼ ਤੌਰ 'ਤੇ ਵੰਨ-ਸੁਵੰਨਤਾ ਯਕੀਨੀ ਹੁੰਦੀ ਹੈ। ਮਨੁੱਖੀ ਨਸਲਾਂ ਵਿਚ ਜੈਨੇਟਿਕ ਵੰਨ-ਸੁਵੰਨਤਾ ਹੁੰਦੀ ਹੈ, ਚਾਹੇ ਉਨ੍ਹਾਂ ਦਾ ਗੋਤਰ ਕੋਈ ਵੀ ਹੋਵੇ। ਮਾਹਿਰਾਂ ਮੁਤਾਬਿਕ ਦੋ ਪਰੇਮੀ, ਜੋ ਉਲਟ ਸੈਕਸ ਦੇ ਹੋਣ, ਦਾ ਗੋਤਰ ਚਾਹੇ ਵੱਖਰਾ ਨਾ ਹੋਵੇ, ਉਨ੍ਹਾਂ 'ਚ ਜੈਨੇਟਿਕ ਵੰਨ-ਸੁਵੰਨਤਾ ਯਕੀਨੀ ਤੌਰ 'ਤੇ ਹੁੰਦੀ ਹੈ।

ਖਾਪ ਵਿਵਾਦ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਹਰਿਆਣਾ ਦਾ ਦ੍ਰਿਸ਼ ਤਿੱਖੇ ਆਪਾ-ਵਿਰੋਧਾਂ ਵਾਲਾ ਹੈ। 1966 ਵਿਚ ਸਥਾਪਨਾ ਤੋਂ ਬਾਅਦ ਹੀ ਇਸ ਸੂਬੇ ਨੇ ਭਾਰਤ ਦੇ ਸਭ ਤੋਂ ਵਿਕਸਿਤ ਅਤੇ ਆਧੁਨਿਕ ਸੂਬਿਆਂ 'ਚੋਂ ਇਕ ਵਜੋਂ ਪ੍ਰਸਿੱਧੀ ਹਾਸਿਲ ਕਰ ਲਈ ਪਰ ਸਮਾਜਿਕ ਖੇਤਰ ਵਿਚ ਇਹ ਪਛੜਿਆ ਸੂਬਾ ਹੀ ਰਿਹਾ। ਹਾਲਾਂਕਿ ਇਹ ਸੁਧਾਰਵਾਦੀ ਆਰੀਆ ਸਮਾਜ ਅੰਦੋਲਨ ਦਾ ਪ੍ਰਮੁੱਖ ਕੇਂਦਰ ਵੀ ਰਿਹਾ ਹੈ। ਇਸ ਦੇ ਨੇਤਾਵਾਂ ਨੂੰ, ਚਾਹੇ ਉਹ ਕਿਸੇ ਵੀ ਪਾਰਟੀ ਦੇ ਹੋਣ, ਨਾ ਸਿਰਫ ਹਰਿਆਣਾ ਦਾ ਅਕਸ ਸੁਧਾਰਨ ਲਈ, ਸਗੋਂ ਸੂਬੇ ਵਿਚ ਖਾਸ ਕਰਕੇ ਪੇਂਡੂ ਹਰਿਆਣਾ ਵਿਚ ਸਿਹਤ ਅਤੇ ਆਧੁਨਿਕ ਸਮਾਜਿਕ ਵਿਵਸਥਾ ਨੂੰ ਵਿਕਸਿਤ ਕਰਨ ਲਈ ਆਪਣੇ ਲੁਕੇ ਸਿਆਸੀ ਸਵਾਰਥਾਂ ਦੇ ਖੋਲ ਤੋਂ ਬਾਹਰ ਨਿਕਲਣਾ ਚਾਹੀਦਾ ਹੈ।

# ਲਾਲਾ ਜੀ ਬਾਰੇ ਬੋਲ ਕੇ ਬੱਬੂ ਨੇ ਆਪਣੇ ਅਕਸ ਨੂੰ ਦਾਗ ਲਾਇਆ

**-ਸਵਰਨ ਸਿੰਘ ਟਹਿਣਾ**

ਜਨਾਬ ਜੀ, ਇੰਗਲੈਂਡ ਦੇ ਸ਼ਹਿਰ ਲੰਡਨ ਦੇ ਵੈਂਬਲੀ ਹਾਲ ਵਿਚ ਆਪਣੇ ਸ਼ੋਆਂ ਦੌਰਾਨ ਸ਼ਹੀਦਾਂ ਬਾਰੇ ਅਪਮਾਨਜਨਕ ਟਿੱਪਣੀਆਂ ਕਰਨ ਤੋਂ ਬਾਅਦ ਗੱਲ ਵਧਦੀ ਦੇਖ ਕੇ ਬੱਬੂ ਮਾਨ ਨੇ ਮਾਫ਼ੀ ਮੰਗ ਲਈ ਹੈ। ਜਿੰਨੀ ਗਰਮਜੋਸ਼ੀ ਨਾਲ ਉਹਨੇ ਟਿੱਪਣੀਆਂ ਕੀਤੀਆਂ, ਉਸ ਨਾਲੋਂ ਕਿਤੇ ਵਧ ਤੇਜ਼ੀ ਨਾਲ 'ਸੌਰੀ' ਆਖ ਦਿੱਤਾ। ਪੰਜਾਬ ਦੇ ਬਹੁਤ ਸਾਰੇ ਕਲਾਕਾਰ, ਲੀਡਰ ਤੇ ਅਦਾਕਾਰ ਅਜਿਹੇ ਹਨ, ਜਿਹੜੇ ਗਲਤੀ ਕਰਨ ਲੱਗੇ ਇੱਕ ਮਿੰਟ ਲਾਉਂਦੇ ਨੇ ਤੇ ਮਾਫ਼ੀ ਮੰਗਣ 'ਤੇ ਅੱਧਾ ਮਿੰਟ ਵੀ ਨਹੀਂ ਲਾਉਂਦੇ।

ਬੱਬੂ ਨੇ ਵੀ ਏਦਾਂ ਹੀ ਕੀਤਾ। ਉਹਨੇ ਅਜ਼ਾਦੀ ਲਹਿਰ ਵਿਚ ਮੋਹਰੀ ਰੋਲ ਅਦਾ ਕਰਨ ਵਾਲੇ ਲਾਲਾ ਲਾਜਪਤ ਰਾਏ ਬਾਰੇ ਅਜਿਹਾ ਕੁੱਝ ਬੋਲ ਦਿੱਤਾ, ਜਿਸ ਨਾਲ ਲਾਲਾ ਜੀ ਦੇ ਜੱਦੀ ਪਿੰਡ ਢੁੱਡੀਕੇ ਦੇ ਵਾਸੀ ਭੜਕ ਗਏ। ਉਨ੍ਹਾਂ ਬੱਬੂ ਦਾ ਪੁਤਲਾ ਵੀ ਫੂਕਿਆ ਤੇ ਪ੍ਰਸ਼ਾਸਨ ਕੋਲ ਸ਼ਿਕਾਇਤ ਵੀ ਦਰਜ ਕਰਾਈ ਕਿ ਫੁਕਰਪੁਣੇ ਵਿਚ ਇਸ ਕਲਾਕਾਰ ਵਲੋਂ ਲਾਲਾ ਜੀ ਦਾ ਅਕਸ ਵਿਗਾੜਨ ਲਈ ਜੋ ਕੁੱਝ ਆਖਿਆ ਗਿਆ, ਉਸਦੇ ਲਈ ਇਹਦੇ 'ਤੇ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕੀਤਾ ਜਾਵੇ। ਸਿਰਫ਼ ਢੁੱਡੀਕੇ ਵਾਸੀਆਂ ਨੂੰ ਨਹੀਂ, ਪੰਜਾਬ ਦੇ ਹਰ ਉਸ ਬੰਦੇ ਨੂੰ ਬੱਬੂ ਦੀ ਇਹ ਟਿੱਪਣੀ ਚੁਭੀ ਕਿ ਦੇਸ ਦੀ ਅਜ਼ਾਦੀ ਖਾਤਰ ਡਾਂਗਾਂ ਨਾਲ ਸ਼ਹੀਦ ਹੋਣ ਵਾਲੇ ਲਾਲਾ ਲਾਜਪਤ ਰਾਏ, ਬੱਬੂ ਦੀ ਨਜ਼ਰ ਵਿਚ ਕੋਈ ਅਜ਼ਾਦੀ ਘੁਲਾਟੀਏ ਨਹੀਂ ਸਨ।

ਇਸ ਦੌਰਾਨ ਹੁਸ਼ਿਆਰਪੁਰ ਦੀਆਂ ਵੱਖ-ਵੱਖ ਸੰਸਥਾਵਾਂ ਨੇ ਵੀ ਉਹਦੀ ਅਕਲ 'ਤੇ ਇਤਰਾਜ਼ ਪ੍ਰਗਟਾਉਂਦਿਆਂ ਉਹਦੇ ਪੋਸਟਰ ਸਾੜੇ ਨੇ। ਉਹ ਸ਼ਹੀਦ ਨੂੰ 'ਮਰਿਆ' ਆਖ ਰਿਹੈ ਤੇ 'ਗਰਮ ਦਲੀਏ' ਵਜੋਂ ਆਪਣੀ ਪਛਾਣ ਹੋਰ ਗੂੜ੍ਹੀ ਕਰਨ ਲਈ ਭਾਸ਼ਾ ਏਨੇ ਹੇਠਲੇ ਪੱਧਰ ਦੀ ਵਰਤ ਰਿਹੈ ਕਿ ਉਸ ਦੀ ਪੜ੍ਹਾਈ-ਲਿਖਾਈ 'ਤੇ ਵੀ ਹੈਰਾਨੀ ਹੋਣ ਲੱਗਦੀ ਹੈ। ਉਹਦੇ ਮੁਤਾਬਕ ਸ਼ੇਵ ਕਰਾ ਕੇ ਮੁੱਛਾਂ ਰੱਖਣ ਵਾਲਾ ਲਾਲਾ ਡਾਂਗਾਂ ਨਾਲ ਨਹੀਂ, ਸਗੋਂ ਹਾਰਟ ਅਟੈਕ ਨਾਲ ਮਰਿਆ ਸੀ ਤੇ ਦੇਸ ਦੀ ਅਜ਼ਾਦੀ ਲਈ ਉਹਦਾ ਕੋਈ ਯੋਗਦਾਨ ਨਹੀਂ ਸੀ। ਜੇ ਅਸੀਂ ਬਾਕੀ ਗੱਲਾਂ ਛੱਡ ਕੇ ਬੱਬੂ ਨੂੰ ਸਵਾਲ ਕਰੀਏ ਕਿ ਜੇ ਲਾਲਾ ਜੀ ਹਾਰਟ ਅਟੈਕ ਨਾਲ ਮਰੇ ਸਨ ਤਾਂ ਉਸ ਹਸਪਤਾਲ ਦਾ ਨਾਂ ਵੀ ਦੱਸ ਦਿੱਤਾ ਜਾਂਦਾ, ਜਿੱਥੇ ਉਨ੍ਹਾਂ ਦੀ ਮੌਤ ਹੋਈ ਸੀ। ਕੀ ਉਹ ਇਤਿਹਾਸ ਨੂੰ ਇਸ ਪੱਖੋਂ ਵੀ ਝੁਠਲਾ ਸਕਦਾ ਹੈ ਕਿ ਭਗਤ ਸਿੰਘ ਨੇ ਲਾਲਾ ਜੀ ਦੀ ਮੌਤ ਦਾ ਬਦਲਾ ਨਹੀਂ ਲਿਆ। ਮਾਮਲਾ ਵਧਦਿਆਂ ਦੇਖ ਬੱਬੂ ਦੇ ਨੇੜਲਿਆਂ ਨੇ ਆਖਿਐ ਕਿ ਉਹਨੇ ਤਾਂ ਲਾਲਾ ਜੀ ਬਾਰੇ ਇਹ ਸਾਰੀ ਜਾਣਕਾਰੀ ਕਪੂਰ ਸਿੰਘ ਦੀ ਕਿਤਾਬ 'ਸਾਚੀ ਸਾਖੀ' 'ਚੋਂ ਪੜ੍ਹੀ ਸੀ, ਜਿਹੜੀ ਪੁਸਤਕ ਦੇ ਸਫ਼ਾ ਨੰਬਰ 63-64 'ਤੇ ਦਰਜ ਹੈ। ਉਸੇ ਅਧਾਰ 'ਤੇ ਉਹਨੇ ਸ਼ੇਅਰ ਪੇਸ਼ ਕਰ ਦਿੱਤਾ, ਪਰ ਜੇ ਇਸ ਸਭ ਨਾਲ ਕਿਸੇ ਦੀਆਂ ਭਾਵਨਾਵਾਂ ਲਿਤਾੜੀਆਂ ਗਈਆਂ ਨੇ, ਤਾਂ ਅਸੀਂ ਹੱਥ ਜੋੜਦੇ ਹਾਂ। ਕਮਾਲ ਇਸ ਗੱਲ ਦੀ ਹੈ ਕਿ ਇਕੋ ਲੇਖਕ ਦੀ ਜਾਣਕਾਰੀ ਦੇ ਅਧਾਰ 'ਤੇ ਬੱਬੂ ਨੇ ਇਹ ਸ਼ੇਅਰ ਗਾ ਛੱਡਿਆ, ਪਰ ਬਚਪਨ ਤੋਂ ਲੈ ਕੇ ਹੁਣ ਤੱਕ ਅਸੀਂ ਸਾਰੇ ਲਾਲਾ ਜੀ ਦੀ ਡਾਂਗਾਂ ਨਾਲ ਹੋਈ ਸ਼ਹੀਦੀ ਬਾਰੇ ਪੜ੍ਹਦੇ-ਸੁਣਦੇ ਆਏ ਹਾਂ, ਉਹਨੇ ਉਸ 'ਤੇ ਕੋਈ ਅਮਲ ਨਾ ਕੀਤਾ।

ਹੋ ਸਕਦੈ ਬੱਬੂ ਮਾਨ ਉਮਰ 'ਚ ਵੱਡੇ 'ਮਾਨਾਂ' ਦੀ ਪੈੜ 'ਚ ਪੈਰ ਧਰਨ ਦੇ ਆਹਰ ਵਿਚ ਲੱਗਾ ਹੋਵੇ। ਕਿਉਂਕਿ ਕੁੱਝ ਸਮਾਂ ਪਹਿਲਾਂ ਸਿਮਰਨਜੀਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਨੂੰ ਚੈਲਿੰਜ ਕਰਦਿਆਂ ਕਿਹਾ ਸੀ ਕਿ ਉਹ ਕੋਈ ਸ਼ਹੀਦ ਨਹੀਂ ਸੀ, ਸਗੋਂ ਉਹਨੂੰ ਬਿਨਾਂ ਗੱਲੋਂ ਨਾਇਕ ਬਣਾ ਕੇ ਪੇਸ਼ ਕੀਤਾ ਗਿਐ। ਜਾਪਦੈ ਬੱਬੂ 'ਤੇ ਸਿਮਰਨਜੀਤ ਸਿੰਘ ਹੁਰਾਂ ਦੀ ਸੋਚਣੀ ਦਾ ਜ਼ਿਆਦਾ ਹੀ ਅਸਰ ਹੋ ਗਿਐ, ਏਸੇ ਕਰਕੇ ਉਹਨੇ ਏਸ ਵਿਸ਼ੇ ਨੂੰ ਵੀ ਭਾਵਨਾਵਾਂ ਦੀ ਥਾਂ ਸਿਰਫ਼ ਮਨੋਰੰਜਕ ਵਿਧਾ ਨਾਲ ਜੋੜ ਲਿਆ। ਉਹਨੂੰ ਇਹ ਖਿਆਲ ਨਹੀਂ ਆਇਆ ਕਿ ਜਦੋਂ ਮੇਰੇ ਮੂੰਹੋਂ ਨਿਕਲੇ ਸ਼ਬਦ 'ਯੂ ਟਿਊਬ' 'ਤੇ ਚੜ੍ਹ ਗਏ ਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਕਦਰ ਕਰਨ ਵਾਲੇ ਲੋਕਾਂ ਤੱਕ ਗੱਲ ਅੱਪੜ ਗਈ, ਉਦੋਂ ਮਸਲਾ ਭਖ ਜਾਵੇਗਾ। ਵੈਸੇ ਵੀ ਪੰਜਾਬ ਦੇ ਕਈ ਕਲਾਕਾਰ ਮੌਕੇ ਮੁਤਾਬਕ ਗੱਲ ਕਰਨੀ ਜ਼ਿਆਦਾ ਫਾਇਦੇਮੰਦ ਸਮਝਦੇ ਨੇ। ਉਹ ਜਾਣਦੇ ਨੇ ਕਿ ਵਲੈਤ ਵਸਦੇ ਸਰੋਤੇ ਗਰਮ ਖਿਆਲੀਏ ਨੇ, ਤੇ ਉਨ੍ਹਾਂ ਸਾਹਵੇਂ ਜਦੋਂ ਲੀਹ ਪਾੜਵੀਂ ਗੱਲ ਕੀਤੀ ਜਾਵੇਗੀ ਤਾਂ ਤਾੜੀਆਂ ਦਾ ਮੀਂਹ ਆਮ ਨਾਲੋਂ ਜ਼ਿਆਦਾ ਵਰ੍ਹੇਗਾ।

ਬਾਕੀ ਗੱਲਾਂ ਕਰਨ ਨਾਲੋਂ ਪਹਿਲਾਂ ਦਰਸ਼ਕਾਂ ਬਾਰੇ ਹੀ ਗੱਲ ਕਰ ਲਈਏ। ਟਿਕਟਾਂ ਖਰੀਦ ਕੇ ਤੇ ਸ਼ਰਾਬਾਂ ਦੀ ਲੋਰ 'ਚ ਆਏ ਦਰਸ਼ਕਾਂ ਲਈ ਗਧਾ-ਘੋੜਾ ਇੱਕ ਬਰਾਬਰ ਹੁੰਦਾ ਹੈ। ਉਹ ਸਿਰਫ਼ ਧਮਕ 'ਤੇ ਖਰੂਦ ਮਚਾਉਣਾ ਜਾਣਦੇ ਨੇ, ਟਿਕਟ ਦਾ ਮੁੱਲ ਵਸੂਲਣ ਲਈ ਅੰਦਰੋਂ ਉੱਠਦੇ ਜਵਾਰਭਾਟੇ ਨੂੰ ਰੋਕਣ ਤੋਂ ਅਸਮਰੱਥ ਰਹਿੰਦੇ ਨੇ। ਬੋਲਾਂ ਦੇ ਅਰਥ ਕੱਢਣ ਵਾਲੀ ਅਕਲ ਉਨ੍ਹਾਂ ਦੇ ਪੱਲੇ ਨਹੀਂ ਹੁੰਦੀ। ਜਦੋਂ ਸੁੱਖਾ ਦਿੱਲੀ ਵਾਲਾ ਦੀਆਂ ਕੈਸਿਟਾਂ ਆਉਂਦੀਆਂ ਹੁੰਦੀਆਂ ਸਨ ਤਾਂ ਇੱਕ ਵਾਰ ਉਹਨੇ ਸਟੇਜ 'ਤੇ ਗੀਤ ਗਾ ਦਿੱਤਾ ਸੀ, 'ਮਿੱਤਰਾਂ ਦੀ ਕੈਂਚੀ ਨੇ ਤੇਰਾ ਕੱਟ 'ਤਾ ਰੇਸ਼ਮੀ ਨਾਲਾ...।' ਮਸਤੀ 'ਚ ਆਏ ਦਰਸ਼ਕ ਨੱਚਦੇ ਰਹੇ...ਵਾਹ ਵਾਹ ਹੁੰਦੀ ਰਹੀ...ਡੱਬਾ ਬੰਦ ਦਿਮਾਗਾਂ ਨੂੰ ਵਰਤਣ ਦੀ ਖੇਚਲ ਕੌਣ ਕਰਦਾ ਕਿ ਇਹ ਗੱਲ ਤਾਂ ਸਾਡੀਆਂ ਭੈਣਾਂ, ਧੀਆਂ, ਮਾਂਵਾਂ ਵਲ ਜਾ ਰਹੀ ਏ। ਜਦੋਂ ਅਗਲੇ ਕਲਾਕਾਰ ਸਾਬਰਕੋਟੀ ਨੇ ਹਾਜ਼ਰੀਨ ਨੂੰ ਝੰਜੋੜਿਆ ਕਿ ਮੈਥੋਂ ਪਹਿਲਾਂ ਆਇਆ ਕਲਾਕਾਰ ਸਾਡੀਆਂ ਭੈਣਾਂ ਦੇ ਨਾਲਿਆਂ ਦੀ ਗੱਲ ਕਰਦਾ ਰਿਹਾ, ਪਰ ਤੁਸੀਂ ਮਰੀ ਜ਼ਮੀਰ ਵਾਲੇ ਬੁਰਾ ਮਨਾਉਣ ਦੀ ਥਾਂ ਭੰਗੜਾ ਪਾਉਂਦੇ ਰਹੇ...ਤਾਂ ਦਰਸ਼ਕਾਂ ਦੀ ਅਕਲ ਟਿਕਾਣੇ ਆਈ। ਪਰ ਉਦੋਂ ਤੱਕ ਸੁੱਖਾ ਖਿਸਕ ਚੁੱਕਾ ਸੀ।

ਬੱਬੂ ਮਾਨ ਨੇ ਬੜੇ ਪ੍ਰੋਗਰਾਮਾਂ ਵਿਚ ਰੱਫੜ ਵਾਲੀਆਂ ਗੱਲਾਂ ਕੀਤੀਆਂ ਨੇ। ਇੱਕ ਖੇਡ ਟੂਰਨਾਮੈਂਟ ਦੇ ਪ੍ਰੋਗਰਾਮ ਵੇਲੇ ਉਹਨੇ ਆਖਿਆ ਸੀ, 'ਮੇਰੇ 'ਤੇ ਨਸ਼ਿਆਂ ਦੀ ਤੋਹਮਤ ਐਵੇਂ ਲਾਈ ਜਾਂਦੇ ਨੇ...ਇੱਕ ਉਮਰ ਹੁੰਦੀ ਐ ਨਸ਼ਿਆਂ ਦੀ, ਉਦੋਂ ਆਪਾਂ ਵੀ ਖੂਬ ਕੀਤੇ ਨੇ...ਪਰ ਹੁਣ ਮੈਂ ਨਹੀਂ ਕਰਦਾ...ਪਤਾ ਨਹੀਂ ਕੀਹਦੀ ਭੈਣ ਮੇਰੇ 'ਤੇ ਸੈਂਟੀ ਹੋ ਗਈ ਏ ਕਿ ਉਹ ਮੇਰੇ ਨਾਲ ਏਦਾਂ ਦਾ ਧੱਕਾ ਕਰੀ ਜਾਂਦੈ....।' ਭੁਸਰੀ ਮੁੰਡੀਰ ਦਾ ਅਕਲ ਨਾਲ ਕਾਹਦਾ ਤਾਅਲੁਕ...ਕਿਸੇ ਨੇ ਕੋਈ ਅਰਥ ਨਾ ਕੱਢਿਆ ਤੇ ਏਸ ਗੱਲ 'ਤੇ ਖੂਬ ਚੀਕਾਂ ਮਾਰੀਆਂ। ਕੁਰਸੀਆਂ 'ਤੇ ਖੜ੍ਹ-ਖੜ੍ਹ ਲਲਕਾਰੇ ਵੱਜੇ ਕਿਉਂਕਿ ਉਨ੍ਹਾਂ ਨੂੰ ਜਾਪਦਾ ਸੀ ਕਿ ਅੱਜ ਉਨ੍ਹਾਂ ਦੀ 'ਚੀਕ ਬੁਲਬੁਲੀ' ਦੀ ਵਕਾਲਤ ਕਰਨ ਵਾਲਾ ਬੰਦਾ ਸਟੇਜ 'ਤੇ ਖੜ੍ਹੈ। ਪਰ ਜੇ ਉਹ ਆਪਣੇ ਜੰਗਲ ਲੱਗੇ ਦਿਮਾਗ ਨੂੰ ਵਰਤਣ ਦੀ ਗੁਸਤਾਖੀ ਕਰਦੇ ਤਾਂ ਪਤਾ ਲੱਗਦਾ ਕਿ ਉਨ੍ਹਾਂ ਦੀ ਭੈਣ ਨੂੰ ਹੀ ਉਹਦੇ 'ਤੇ ਸੈਂਟੀ ਹੋਣ ਦੀ ਗੱਲ ਕਹੀ ਗਈ ਹੋਣੀ ਏ। ਹੁਣ ਇਹੀ ਕੁਝ ਵੈਂਬਲੀ ਹਾਲ ਵਿਚਲੇ ਦਰਸ਼ਕਾਂ ਦਾ ਚੀਕ-ਚਿਹਾੜਾ ਦੇਖ ਕੇ ਮਹਿਸੂਸ ਹੋਇਆ। ਸਟੇਜ 'ਤੇ ਖੜ੍ਹਾ ਕਲਾਕਾਰ ਸ਼ਹੀਦਾਂ ਦਾ ਅਪਮਾਨ ਕਰ ਰਿਹੈ, ਸ਼ਹੀਦ ਦੇ ਪਿੰਡ ਦਾ ਨਾਂਅ ਲੈ, ਦਾੜ੍ਹੀ-ਮੁੱਛਾਂ ਬਾਰੇ ਵਿਅੰਗਮਈ ਗੱਲਾਂ ਕਰ ਰਿਹੈ, ਪਰ ਮਸਤੇ ਲੋਕ ਉਹਨੂੰ ਵਰਜਣ ਦੀ ਥਾਂ ਖਰੂਦ ਮਚਾ ਰਹੇ ਨੇ। ਪਤਾ ਨਹੀਂ ਚਿਰਾਂ ਦੀ ਕਿਹੜੀ ਭੜਾਸ ਦੱਬੀ ਪਈ ਸੀ, ਜਿਹੜੀ ਬੱਬੂ ਨੂੰ ਦੇਖ ਕੇ ਹੀ ਬਾਹਰ ਨਿਕਲ ਰਹੀ ਸੀ। ਬੱਬੂ ਰੁਕ-ਰੁਕ ਸ਼ੇਅਰ ਬੋਲ ਰਿਹੈ, ਜਿਵੇਂ ਚੰਗੀ ਤਰ੍ਹਾਂ ਯਾਦ ਨਾ ਹੋਵੇ, ਪਰ ਸੁਣਨ ਵਾਲਿਆਂ ਨੂੰ ਯਾਦ ਹੈ ਕਿ ਉਨ੍ਹਾਂ ਨੇ ਚੀਕਾਂ ਮਾਰਨੀਆਂ ਹੀ ਮਾਰਨੀਆਂ ਨੇ, ਕਿਉਂਕਿ ਕਲਾਕਾਰ 'ਜ਼ਬਰਦਸਤ' ਵਿਚਾਰ ਪੇਸ਼ ਕਰ ਰਿਹੈ।

ਬੱਬੂ ਮਾਨ ਨੇ ਹੁਣ ਤੱਕ ਜੋ ਕੁੱਝ ਪੇਸ਼ ਕੀਤੈ, ਉਹ ਲੋਕਾਂ ਨੇ ਪ੍ਰਵਾਨ ਕੀਤੈ। ਪਿੱਛੇ ਜਿਹੇ ਜਦੋਂ ਉਹਨੇ ਦਰਵੇਜ਼ੀ ਸਾਧਾਂ ਬਾਰੇ ਗੀਤ ਗਾਇਆ ਸੀ ਤਾਂ ਉਸ ਦੀ ਪਛਾਣ 'ਕਾਮਰੇਡ' ਗਾਇਕ ਵਜੋਂ ਬਣੀ ਸੀ, ਜਿਹੜਾ ਸਮਾਜ ਵਿਚਲੀਆਂ ਅਲਾਮਤਾਂ ਵਲ ਉਂਗਲ ਕਰਨੀ ਜਾਣਦਾ ਹੈ। ਸੰਤ ਰਣਜੀਤ ਸਿਓਂ ਨੇ ਉਹਦੇ ਗੀਤ 'ਤੇ ਟਿੱਪਣੀ ਕਰ ਦਿੱਤੀ ਤੇ ਬੱਬੂ ਦਾ ਗੀਤ ਪ੍ਰਸਿੱਧੀ ਦੀਆਂ ਹੱਦਾਂ ਬੰਨੇ ਟੱਪ ਗਿਆ। ਉਦੋਂ ਉਹਨੇ ਹਕੀਕੀ ਗੱਲ ਕੀਤੀ ਸੀ ਤੇ ਲੋਕਾਂ ਨੂੰ ਉਹਦੇ ਵਿਚਾਰ ਪਸੰਦ ਆਏ ਸਨ। ਪਰ ਹੁਣ ਜੇ ਉਹ ਬਿਨਾਂ ਪੜਤਾਲ ਕੀਤਿਆਂ ਹਰ ਵਿਸ਼ੇ ਨੂੰ ਗੀਤ ਬਣਾਉਣ ਬੈਠ ਜਾਏਗਾ ਤੇ ਜੋ ਮੂੰਹ ਆਇਆ, ਉਹੀ ਕਹਿਣਾ ਸ਼ੁਰੂ ਕਰ ਦੇਵੇਗਾ, ਤਾਂ ਲੋਕਾਂ ਨੇ ਉਹਨੂੰ ਮਨਾਂ ਤੋਂ ਇੰਜ ਲਾਹ ਸੁੱਟਣੈ, ਜਿਵੇਂ ਫਲਾਪ ਫ਼ਿਲਮ ਨੂੰ ਦੂਜੇ ਹੀ ਦਿਨ ਸਿਨੇਮੇ ਵਾਲੇ ਲਾਹ ਸੁੱਟਦੇ ਨੇ।

ਲਾਲਾ ਜੀ ਬਾਰੇ ਜਿਹੜੀ ਜਾਣਕਾਰੀ ਬੱਬੂ ਨੇ ਪੇਸ਼ ਕੀਤੀ ਹੈ, ਉਹ ਇਤਿਹਾਸ ਦੀ ਜਿਹੜੀ ਕਿਤਾਬ 'ਚ ਦਰਜ ਹੈ, ਉਹਦੇ 'ਤੇ ਅਮਲ ਸਿਰਫ਼ ਬੱਬੂ ਨੇ ਹੀ ਕੀਤੈ। ਕਈ ਲੇਖਕ ਤਾਂ ਗੁਰੂ ਗੋਬਿੰਦ ਸਿੰਘ ਦੀਆਂ ਕੁਰਬਾਨੀਆਂ 'ਤੇ ਵੀ ਕਿੰਤੂ ਕਰਦੇ ਨੇ, ਪਰ ਸਿੱਖੀ ਨਾਲ ਜੁੜੀ ਸੰਗਤ ਇਹੋ ਜਿਹੇ ਵਿਚਾਰਵਾਨਾਂ ਨੂੰ ਮੂੰਹ ਨਹੀਂ ਲਾਉਂਦੀ। ਕਮਲੇਸ਼ ਨਾਂ ਦੀ ਔਰਤ ਨੇ ਦਸਵੇਂ ਪਾਤਸ਼ਾਹ ਬਾਰੇ ਜਿਹੜੇ ਵਿਚਾਰ 'ਯੂ ਟਿਊਬ' 'ਤੇ ਪੇਸ਼ ਕੀਤੇ ਨੇ, ਜੇ ਉਹਨਾਂ ਨੂੰ ਅਧਾਰ ਮੰਨ ਕੇ ਸਰਬੰਸਦਾਨੀ ਬਾਰੇ ਊਲ-ਜਲੂਲ ਗੀਤ ਪੇਸ਼ ਕਰਨ ਦੀ ਗੁਸਤਾਖੀ ਕੀਤੀ ਜਾਵੇਗੀ ਤਾਂ ਕਲਾਕਾਰ ਨੂੰ ਦੌੜਨ ਵੇਲੇ ਜੁੱਤੀ ਪਾਉਣ ਦਾ ਖਿਆਲ ਵੀ ਨਹੀਂ ਆਉਣਾ।

ਜੇ ਬੱਬੂ ਮਾਨ ਇਹ ਸੋਚਦੈ ਕਿ ਜੋ ਮੂੰਹ ਆਉਂਦੈ, ਉਹ ਬੋਲ ਦੇਣ ਨਾਲ ਹਿੱਕ ਠੋਕ ਕੇ ਵਿਚਾਰ ਰੱਖਣ ਵਾਲੇ ਗਾਇਕ ਵਜੋਂ ਅਕਸ ਗੂੜ੍ਹਾ ਹੁੰਦੈ ਤਾਂ ਇਹ ਵੀ ਉਸ ਦੀ ਭੁੱਲ ਹੀ ਹੈ। ਸਾਨੂੰ ਇਤਿਹਾਸ ਨਾਲ ਛੇੜਛਾੜ ਕਰਨ ਦਾ ਕੋਈ ਹੱਕ ਨਹੀਂ। ਸ਼ਹੀਦ ਸਾਡੀ ਕੌਮ ਦਾ ਸਰਮਾਇਆ ਨੇ ਤੇ ਸਾਨੂੰ ਉਨ੍ਹਾਂ ਦੀ ਕਦਰ ਕਰਨੀ ਚਾਹੀਦੀ ਹੈ। ਗੁਰੂ ਸਾਹਿਬਾਨ ਨੇ ਸਾਨੂੰ ਇਨਸਾਨੀਅਤ 'ਤੇ ਪਹਿਰਾ ਦੇਣ ਦੀਆਂ ਸਿੱਖਿਆਵਾਂ ਦਿੱਤੀਆਂ ਨੇ, ਸਾਨੂੰ ਉਨ੍ਹਾਂ 'ਤੇ ਅਮਲ ਕਰਨਾ ਚਾਹੀਦੈ। ਇਤਿਹਾਸ ਨੂੰ ਸੋਧਣ ਨਾਲੋਂ ਸਾਨੂੰ ਵਰਤਮਾਨ ਸੋਧਣ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਨੇ, ਕਿਉਂਕਿ ਅੱਜ ਸਮੁੱਚੇ ਭਾਰਤ ਵਿਚ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਕਤਲੋਗਾਰਦ, ਅਣਮਨੁੱਖੀ ਕਾਰੇ, ਭਰੂਣ ਹੱਤਿਆਵਾਂ ਅਤੇ ਮਹਿੰਗਾਈ ਨੇ ਸਾਡੇ ਮੁਲਕ ਦਾ ਬੇੜਾ ਗਰਕ ਕੀਤਾ ਹੋਇਆ ਹੈ। ਲਾਲਾ ਜੀ ਬਾਰੇ ਅਵਾ-ਤਵਾ ਬੋਲਣ ਨਾਲੋਂ ਬੱਬੂ ਨੂੰ ਚਾਹੀਦੈ ਕਿ ਉਹ ਉਨ੍ਹਾਂ ਲੀਡਰਾਂ ਬਾਰੇ ਗਾਵੇ, ਜਿਹੜੇ ਦਰਬਾਰ ਸਾਹਿਬ 'ਤੇ ਹਮਲੇ ਲਈ ਜ਼ਿੰਮੇਵਾਰ ਹਨ, ਜਿਨ੍ਹਾਂ ਦਾ ਨਾਂਅ ਚੁਰਾਸੀ ਦੇ ਦੰਗਿਆਂ ਵਿਚ ਵੱਜਦੈ, ਜਿਹੜੇ ਭੋਪਾਲ ਗੈਸ ਕਾਂਡ ਦੇ ਮੁੱਖ ਦੋਸ਼ੀ ਐਂਡਰਸਨ ਨੂੰ ਦੇਸੋਂ ਭਜਾਉਣ ਲਈ ਜ਼ਿੰਮੇਵਾਰ ਨੇ, ਜਿਹੜੇ ਸ਼ਹੀਦਾਂ ਦੇ ਤਾਬੂਤਾਂ 'ਚੋਂ ਕਮਿਸ਼ਨ ਖਾ ਜਾਂਦੇ ਨੇ, ਜਿਹੜੇ ਪਸ਼ੂਆਂ ਵਾਲਾ ਚਾਰਾ ਖਾ ਕੇ ਵੀ ਡਕਾਰ ਨਹੀਂ ਮਾਰਦੇ, ਜਿਹੜੇ ਬੋਫ਼ਰਜ਼ ਤੋਪਾਂ 'ਚੋਂ ਵੱਢੀ ਖਾਂਦੇ ਨੇ, ਜਿਹੜੇ ਆਪਣੇ ਮਹਿਲਾਂ ਖ਼ਾਤਰ ਗਰੀਬਾਂ ਦੀਆਂ ਝੁੱਗੀਆਂ ਢਾਹੁਣ ਦੀਆਂ ਤਰਕੀਬਾਂ ਸੋਚਦੇ ਰਹਿੰਦੇ ਨੇ। ਸੁਣਨ ਵਾਲਿਆਂ ਅੱਗੇ ਵੀ ਅਰਜ਼ੋਈ ਹੈ ਕਿ ਜੇ ਗਾਉਣ ਵਾਲਾ ਗਲਤ ਗੱਲ ਕਰ ਰਿਹੈ ਤਾਂ ਤੁਸੀਂ ਹੀ ਧੇਲੇ ਦੀ ਅਕਲ ਵਰਤ ਲਵੋ। ਹੁਰਰ..ਹੁਰਰ ਨਾਲ ਵਿਚਾਰ ਤਰਕ ਦੀ ਸਾਣ 'ਤੇ ਨਹੀਂ ਚੜ੍ਹਦੇ। ਜੋਸ਼ 'ਚ ਆ ਕੇ ਆਪਣਾ ਅਤੀਤ ਤੇ ਵਜੂਦ ਨਹੀਂ ਭੁੱਲਣਾ ਚਾਹੀਦਾ। ਇੱਜੜ ਵਾਂਗ ਦੇਖਾ-ਦੇਖੀ ਕੰਮ ਕਰਨ ਦੀ ਥਾਂ ਨੁਕਤੇ ਦੀ ਗੱਲ ਕਰਨੀ ਚਾਹੀਦੀ ਹੈ। ਨਾ ਗਾਉਣ ਵਾਲਿਆਂ ਨੂੰ ਅਜਿਹੀਆਂ ਗਲਤੀਆਂ ਕਰਨੀਆਂ ਚਾਹੀਦੀਆਂ ਨੇ ਕਿ ਬਾਅਦ 'ਚ ਸ਼ਰਮਿੰਦਗੀ ਹੋਵੇ ਤੇ ਨਾ ਹੀ ਸਰੋਤਿਆਂ ਨੂੰ 'ਸ਼ੇਅਰ' ਦੀਆਂ ਸਤਰਾਂ ਸੁਣ ਕੇ ਪਾਗਲਾਂ ਵਾਂਗ ਚੀਕਾਂ ਮਾਰਨੀਆਂ ਚਾਹੀਦੀਆਂ ਹਨ।



### ਬੱਬੂ ਮਾਨ ਵਲੋਂ ਲਾਲਾ ਲਾਜਪਤ ਰਾਏ ਬਾਰੇ ਗਾਏ ਗੀਤ ਦੇ ਬੋਲ :

ਜਦ ਸਾਈਮਨ ਕਮਿਸ਼ਨ ਆਇਆ ਸੀ, ਉਹਨੇ ਵਖ਼ਤ ਮੁਲਕ ਨੂੰ ਪਾਇਆ ਸੀ
ਇਕ ਢੁੱਡੀਕੇ ਦਾ ਬੰਦਾ ਸੀ, ਸ਼ੇਵ ਕਰਾ ਕੇ ਆਇਆ ਸੀ
ਧੁੱਪ ਵੀ ਉਹਨੂੰ ਚੁਭਦੀ ਸੀ, ਛਤਰੀ ਕੋਲ ਲਿਆਇਆ ਸੀ
ਨਾ ਉਹ ਸਾਡਾ ਚਾਚਾ ਸੀ, ਤੇ ਨਾ ਉਹ ਸਾਡਾ ਤਾਇਆ ਸੀ
ਨਾਮ ਉਸ ਦਾ ਲਾਜਪਤ ਸੀ, ਨਾਲ ਲਾਲਾ ਜੀ ਲਾਇਆ ਸੀ
ਉਹਨੇ ਸ਼ੇਵ ਕਰਾਈ ਸੀ, ਮੁੱਛਾਂ ਨੂੰ ਵੀ ਵਧਾਇਆ ਸੀ
ਦੇਸ ਦੀ ਅਜ਼ਾਦੀ ਲਈ, ਉਹਨੇ ਕੀ ਕਰਿਆ ਸੀ
ਡਾਂਗਾਂ ਨਾਲ ਨਹੀਂ ਮਰਿਆ, ਉਹ ਤਾਂ ਹਾਰਟ ਅਟੈਕ ਨਾਲ ਮਰਿਆ ਸੀ।

## ਬੱਬੂ ਮਾਨ ਨੇ ਮੁਆਫੀ ਮੰਗੀ



**ਮੁਹਾਲੀ:** ਉਘੇ ਗਾਇਕ ਬੱਬੂ ਮਾਨ ਨੇ ਲਾਲਾ ਲਾਜਪਤ ਰਾਏ ਦੇ ਸਬੰਧ ਵਿਚ ਇਕ ਸਟੇਜ 'ਤੇ ਕੀਤੀਆਂ ਟਿੱਪਣੀਆਂ ਨੂੰ ਵਾਪਸ ਲੈਂਦਿਆਂ ਸਮੁੱਚੇ ਦੇਸ਼ ਵਾਸੀਆਂ ਤੋਂ ਮੁਆਫੀ ਮੰਗੀ ਹੈ। 20 ਜੂਨ ਨੂੰ ਇਥੇ ਆਪਣੇ ਦਸਤਖਤਾਂ ਹੇਠ ਜਾਰੀ ਤਿੰਨ ਪੰਨਿਆਂ ਦੇ ਮੁਆਫੀਨਾਮੇ ਵਿਚ ਬੱਬੂ ਮਾਨ ਨੇ ਕਿਹਾ ਹੈ ਕਿ ਉਨ੍ਹਾਂ ਵਲੋਂ ਗਾਏ ਗੀਤ ਸਬੰਧੀ ਜੋ ਵੀ ਵਿਵਾਦ ਪੈਦਾ ਹੋਇਆ ਅਤੇ ਦੇਸ਼ ਵਾਸੀਆਂ ਦੇ ਮਨਾਂ ਨੂੰ ਜੋ ਠੇਸ ਪਹੁੰਚੀ, ਉਸ ਦਾ ਉਨ੍ਹਾਂ ਨੂੰ ਬੇਹੱਦ ਅਫਸੋਸ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮਕਸਦ ਕਿਸੇ ਵੀ ਇਨਸਾਨ ਜਾਂ ਸੰਸਥਾ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਸਤਰਾਂ ਸੁਭਾਵਕ ਹੀ ਇਕ ਪੁਸਤਕ ਦੇ ਹਵਾਲੇ ਨਾਲ ਗਾਈਆਂ ਗਈਆਂ। ਉਨ੍ਹਾਂ ਸਮੁੱਚੇ ਦੇਸ਼ ਵਾਸੀਆਂ ਨੂੰ ਭਰੋਸਾ ਦਿਵਾਇਆ ਹੈ ਕਿ ਇਨ੍ਹਾਂ ਸਤਰਾਂ ਨੂੰ ਉਹ ਕਿਸੇ ਵੀ ਐਲਬਮ ਵਿਚ ਰਿਕਾਰਡ ਨਹੀਂ ਕਰਵਾਉਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ ਕੀਤੀ ਸਰਦਾਰ ਕਪੂਰ ਸਿੰਘ ਦੀ ਪੁਸਤਕ ਸਾਚੀ ਸਾਖੀ ਵਿਚ ਇਹ ਸਤਰਾਂ ਦਰਜ ਹਨ।

ਬੱਬੂ ਮਾਨ ਨੇ ਕਿਹਾ ਕਿ ਪਿੰਡ ਢੁੱਡੀਕੇ ਨਾਲ ਸਾਡੀਆਂ ਅੰਦਰੂਨੀ ਭਾਵਨਾਵਾਂ ਜੁੜੀਆਂ ਹੋਈਆਂ ਹਨ ਕਿਉਂਕਿ ਇਸ ਪਿੰਡ ਵਿਚ ਸਾਹਿਤ ਦੇ ਬਾਬਾ ਬੋਹੜ ਜਸਵੰਤ ਸਿੰਘ ਕੰਵਲ ਅਤੇ ਖੇਡਾਂ ਬਾਰੇ ਲਿਖਣ ਵਾਲੇ ਪ੍ਰਿੰਸੀਪਲ ਸਰਵਣ ਸਿੰਘ ਦਾ ਨਾਂ ਵੀ ਜੁੜਦਾ ਹੈ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਸਹਿਜ ਸੁਭਾਵਿਕ ਹੀ ਹੋਇਆ ਹੈ ਤੇ ਇਸ ਲਈ ਉਹ ਸਾਰਿਆਂ ਕੋਲੋਂ ਮੁਆਫੀ ਮੰਗਦੇ ਹਨ। ਯਾਦ ਰਹੇ ਮਾਨ ਨੇ ਆਪਣੇ ਇਕ ਗੀਤ ਵਿਚ ਸ਼ਹੀਦ ਲਾਲਾ ਲਾਜਪਤ ਰਾਏ ਬਾਰੇ ਅਲੋਚਨਾਤਮਕ ਟਿੱਪਣੀਆਂ ਕੀਤੀਆਂ ਸਨ। ਇਸ ਤੋਂ ਬਾਅਦ ਪੰਜਾਬ ਵਿਚ ਕਈ ਥਾਵਾਂ 'ਤੇ ਬੱਬੂ ਮਾਨ ਵਿਰੁਧ ਪ੍ਰਦਰਸ਼ਨ ਹੋਏ ਸਨ ਅਤੇ ਕੁਝ ਧਿਰਾਂ ਨੇ ਮੋਗਾ ਵਿਚ ਉਸ ਖਿਲਾਫ ਐਫ ਆਈ ਆਰ ਵੀ ਦਰਜ ਕਰਵਾਈ ਗਈ ਸੀ।

## ਨਹਿਰੂ ਤੇ ਮਾ. ਤਾਰਾ ਸਿੰਘ ਪੰਜਾਬ ਦੇ ਸਭ ਤੋਂ ਵੱਡੇ ਖਲਨਾਇਕ-ਰਾਜ ਕਾਕੜਾ

**ਭਵਾਨੀਗੜ੍ਹ :** ਨਹਿਰੂ ਅਤੇ ਮਾ. ਤਾਰਾ ਸਿੰਘ ਪੰਜਾਬ ਦੇ ਸਭ ਤੋਂ ਵੱਡੇ ਖਲਨਾਇਕ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੀਤਕਾਰ ਤੇ ਗਾਇਕ ਰਾਜ ਕਾਕੜਾ ਨੇ 21 ਜੂਨ ਨੂੰ ਇਥੇ ਇਕ ਹੋਟਲ ਵਿਚ ਪ੍ਰੈਸ ਕਾਨਫਰੰਸ ਦੌਰਾਨ ਗਾਇਕ ਵਜੋਂ ਆਪਣੀ ਪਲੇਠੀ ਸੀ.ਡੀ. ਪੱਤਰਕਾਰਾਂ ਸਾਹਮਣੇ ਰੱਖਦਿਆਂ ਕੀਤਾ। ਉਨ੍ਹਾਂ ਕਿਹਾ ਕਿ ਦਿੱਲੀ ਦਰਬਾਰ ਵਲੋਂ ਸ਼ੁਰੂ ਤੋਂ ਹੀ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਨਾਲ ਧੱਕੇ ਹੁੰਦੇ ਆ ਰਹੇ ਹਨ। ਇਨ੍ਹਾਂ ਧੱਕਿਆਂ ਅਤੇ ਵਿਤਕਰਿਆਂ ਖਿਲਾਫ ਹੱਕ ਅਤੇ ਸੱਚ ਦੀ ਆਵਾਜ਼ ਬੁਲੰਦ ਕਰਨ ਲਈ ਅਤੇ ਸੁੱਤੀ ਪਈ ਪੰਜਾਬ ਦੀ ਅਵਾਮ ਨੂੰ ਹਲੂਣਾ ਦੇਣ ਲਈ ਹੀ ਮੈਂ ਗਾਇਕ ਵਜੋਂ ਆਪਣੀ ਪਹਿਲੀ ਐਲਬਮ ਕੱਢੀ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬੀ ਗਾਇਕ ਅਤੇ ਗੀਤਕਾਰ ਕਾਲਜਾਂ, ਯੂਨੀਵਰਸਿਟੀਆਂ, ਝਾਂਜਰਾਂ, ਝੋਨੇ ਆਦਿ ਵਿਚ ਫਸ ਕੇ ਰਹਿ ਗਏ ਹਨ, ਜਦੋਂਕਿ ਰੁਮਾਂਟਿਕ ਫਿਜ਼ਾ ਵਿਚੋਂ ਨਿਕਲ ਕੇ ਪੰਜਾਬ ਦੇ ਭਖਦੇ ਮੁੱਦਿਆਂ ਬਾਰੇ ਆਵਾਜ਼ ਉਠਾਉਣੀ ਸਮੇਂ ਦੀ ਅਹਿਮ ਲੋੜ ਹੈ। ਇਸ ਮੌਕੇ ਰਾਜ ਕਾਕੜਾ ਨਾਲ ਹਰਿੰਦਰ ਸਿੰਘ ਨਾਇਬ ਤਹਿਸੀਲਦਾਰ ਨਾਭਾ, ਕੁਲਦੀਪ ਸਿੰਘ ਖਹਿਰਾ, ਰੁਪਿੰਦਰ ਸਿੰਘ ਰੰਧਾਵਾ ਚੇਅਰਮੈਨ ਮਾਰਕਿਟ ਕਮੇਟੀ, ਹਰਵਿੰਦਰ ਸਿੰਘ ਕਾਕੜਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ), ਗੋਲਡੀ ਤੂਰ ਜ਼ਿਲ੍ਹਾ ਮੀਤ ਪ੍ਰਧਾਨ ਯੂਥ ਅਕਾਲੀ ਦਲ, ਨਾਜ਼ਰ ਸਿੰਘ (ਆਸਟ੍ਰੇਲੀਆ) ਅਤੇ ਕੁਲਦੀਪ ਸਿੰਘ ਖਟੜਾ ਜੌਲੀਆਂ, ਜੱਸੀ ਵਿਰਕ, ਬਿੱਟੂ, ਸੁਖਦੇਵ ਸਿੰਘ ਸੁੱਖਾ ਤੇ ਦੀਪੀ ਆਦਿ ਉਚੇਚੇ ਤੌਰ 'ਤੇ ਹਾਜ਼ਰ ਸਨ।

# ਮੁਸਲਿਮ ਕੁੜੀ ਅਕਸਾ ਦੀ ਹੱਤਿਆ ਦਾ ਗੁਨਾਹ ਪਿਤਾ ਤੇ ਭਰਾ ਨੇ ਕਬੂਲਿਆ

**ਟੋਰਾਂਟੋ :** ਤਿੰਨ ਸਾਲ ਪਹਿਲਾਂ ਜਿਸ ਮੁਸਲਿਮ ਕੁੜੀ ਦੇ ਅਣਖ ਕਾਰਨ ਕੀਤੇ ਗਏ ਕਤਲ ਨੇ ਪੂਰਾ ਮੁਲਕ ਹਿਲਾ ਦਿੱਤਾ ਸੀ। ਉਸ ਦੇ ਕੇਸ ਦੀ ਕਹਾਣੀ ਨਵਾਂ ਮੋੜ ਕੱਟ ਗਈ ਜਦ ਬੀਤੀ 17 ਜੂਨ ਨੂੰ ਉਸ ਦੇ ਪਿਤਾ ਅਤੇ ਭਰਾ ਨੇ ਅਦਾਲਤ 'ਚ ਮੰਨ ਲਿਆ ਕਿ ਉਹ ਉਸ ਦੇ ਕਤਲ 'ਚ ਭਾਗੀਦਾਰ ਸਨ। ਬੇਸ਼ੱਕ ਉਨ੍ਹਾਂ ਨੇ ਕੁੜੀ ਨੂੰ ਗਲ ਘੁਟ ਕੇ ਮਾਰਨ ਦੀ ਗੱਲ ਕਬੂਲ ਲਈ ਹੈ ਪਰ ਦੋਹਾਂ 'ਚੋਂ ਕਿਸ ਦੇ ਹੱਥਾਂ ਨੇ ਇਹ ਕਾਰਾ ਅੰਜਾਮ ਦਿੱਤਾ, ਇਹ ਅਜੇ ਵੀ ਭੇਤ ਹੀ ਹੈ। 60 ਸਾਲਾ ਪਾਕਿਸਤਾਨੀ ਮੁਹੰਮਦ ਪ੍ਰਵੇਜ਼ ਅਤੇ ਉਸ ਦੇ ਮੁੰਡੇ 29 ਸਾਲਾ ਵਕਾਸ ਉਤੇ ਆਪਣੀ ਭਰ ਜਵਾਨ ਕੁੜੀ ਅਕਸਾ ਪ੍ਰਵੇਜ਼ ਨੂੰ ਕਤਲ ਕਰਨ ਦਾ ਕੇਸ ਚਲ ਰਿਹਾ ਸੀ। 2007 ਦੇ ਦਸੰਬਰ ਮਹੀਨੇ ਦੀ 10 ਤਰੀਕ ਨੂੰ 16 ਸਾਲਾਂ ਦੀ ਅਕਸਾ ਦੀ ਹੱਤਿਆ ਕਰ ਦਿੱਤੀ ਗਈ। ਅਕਸਾ ਉਦੋਂ ਮਿਸੀਸਾਗਾ ਦੇ ਹਾਈ ਸਕੂਲ 'ਚ ਪੜ੍ਹਦੀ ਸੀ।

ਜਦੋਂ ਮੁਹੰਮਦ ਨੂੰ ਮੌਕੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਤਾਂ ਉਸ ਦੇ ਹੱਥਾਂ 'ਤੇ ਖੂਨ ਦੇ ਛਿੱਟੇ ਲੱਗੇ ਹੋਏ ਸਨ। ਅਕਸਾ ਦੇ ਕਤਲ ਵੇਲੇ ਸਵੇਰੇ ਸਾਢੇ ਕੁ ਸੱਤ ਵੱਜੇ ਸਨ ਅਤੇ 8 ਕੁ ਵਜੇ ਪੁਲੀਸ ਨੂੰ ਉਸ ਦੇ ਪਿਤਾ ਦਾ ਹੀ ਫੋਨ ਜਾਂਦਾ ਹੈ ਕਿ ਉਸ ਨੇ ਆਪਣੀ ਧੀ ਨੂੰ ਗਲ ਘੁਟ ਕੇ ਮਾਰ ਦਿੱਤਾ ਹੈ। ਅਕਸਾ ਦੇ ਭਰਾ ਵਕਾਸ ਨੂੰ ਵੀ ਪੁਲੀਸ ਨੇ ਸ਼ੱਕ 'ਚ ਫੜਿਆ ਸੀ ਪਰ ਬਾਅਦ 'ਚ ਉਸ 'ਤੇ ਵੀ ਕਤਲ ਦਾ ਕੇਸ ਪਾ ਦਿੱਤਾ ਗਿਆ। ਇਸ ਇਕਬਾਲ ਕਾਰਨ ਉਨ੍ਹਾਂ ਨੂੰ ਉਮਰ ਕੈਦ ਹੋਣੀ ਯਕੀਨੀ ਹੈ। ਹਾਲਾਂਕਿ ਜਨਵਰੀ ਵਿਚ ਉਨ੍ਹਾਂ ਦੀ ਇਕ ਹੋਰ ਪੇਸ਼ੀ ਵੀ ਬਾਕੀ ਹੈ। ਮ੍ਰਿਤਕਾ ਕਥਿਤ ਤੌਰ 'ਤੇ ਆਪਣੇ ਬਾਪ ਦੇ ਸਖਤ ਨਿਯਮਾਂ (ਇਸਲਾਮਿਕ ਰਹੁ-ਰੀਤਾਂ) ਦੇ ਖਿਲਾਫ ਬਗਾਵਤ ਕਰ ਉਠੀ ਸੀ ਅਤੇ ਆਜ਼ਾਦ ਫਿਜ਼ਾ ਦੀ ਭਾਲ 'ਚ ਦੋ ਵਾਰ ਘਰੋਂ ਭੱਜੀ ਸੀ। ਬੇਸ਼ੱਕ ਉਸ ਦੇ ਪਿਤਾ ਨੇ ਉਸ ਨੂੰ ਸਕੂਲ 'ਚ ਸ਼ਰਟ ਅਤੇ ਜੀਨ ਆਦਿ ਪਾਉਣ ਦੀ ਇਜਾਜ਼ਤ ਦੇ ਦਿੱਤੀ ਹੋਈ ਸੀ ਪਰ ਉਸ ਨੂੰ ਦੋਸਤਾਂ (ਮੁੰਡੇ-ਕੁੜੀਆਂ) ਨਾਲ ਤੋਰਾ-ਫੇਰਾ ਕਰਨ ਅਤੇ ਗੱਲਬਾਤ ਆਦਿ ਦੀ ਪਾਬੰਦੀ ਲਾਈ ਜਾਂਦੀ ਰਹੀ। ਇਥੋਂ ਤੱਕ ਕਿ ਉਸ ਦੇ ਫੋਨ ਕਰਨ ਅਤੇ ਪਾਰਟ ਟਾਈਮ ਨੌਕਰੀ ਕਰਨ 'ਤੇ ਵੀ ਘਰ 'ਚ ਬਖੇੜਾ ਰਹਿੰਦਾ ਸੀ। ਅਦਾਲਤ 'ਚ ਕਰਾਊਨ ਵਕੀਲ ਸਾਂਦਰਾ ਕੋਪਨੈਚੀਆ ਨੇ ਸਟੇਟਮੈਂਟ ਪੜ੍ਹੀ ਕਿ ਅਕਸਾ ਆਪਣੇ ਘਰ ਦੀ ਬੇਸਮੈਂਟ ਦੇ ਕਮਰੇ 'ਚ ਹੀ ਸੌਂਦੀ/ਰਹਿੰਦੀ ਸੀ ਅਤੇ ਉਸਨੂੰ ਕੋਈ ਦਰਵਾਜ਼ਾ ਨਹੀਂ ਸੀ। ਘਰ ਦੇ ਸਾਰੇ ਮੈਂਬਰਾਂ ਦਾ ਲਾਂਘਾ ਉਸੇ ਦੇ ਬੈਡਰੂਮ ਵਿਚੋਂ ਹੀ ਸੀ। ਆਪਣੀ ਮੌਤ ਤੋਂ ਕੁਝ ਦਿਨ ਪਹਿਲਾਂ ਅਕਸਾ ਨੇ ਆਪਣੇ ਦੋਸਤਾਂ ਨੂੰ ਦੱਸਿਆ ਸੀ ਕਿ ਉਸ ਦੇ ਪਿਤਾ ਨੇ ਕੁਰਾਨ ਦੀ ਸਹੁੰ ਖਾਧੀ ਹੈ ਕਿ ਜੇ ਉਹ (ਅਕਸਾ) ਫਿਰ ਘਰੋਂ ਭੱਜੀ ਤਾਂ ਉਹ ਉਸ ਨੂੰ ਖਤਮ ਕਰ ਦੇਵੇਗਾ।

ਅਕਸਾ ਦੀ ਮਾਂ ਅਨਵਰ ਜਾਨ ਪੁਲੀਸ ਨੂੰ ਦਿੱਤੀ ਇੰਟਰਵਿਊ ਦੌਰਾਨ ਉਚੀ-ਉਚੀ ਰੋਂਦੀ ਸੁਣਦੀ ਹੈ ਅਤੇ ਟੇਪ ਵਿਚ ਉਹ ਕਹਿੰਦੀ ਹੈ ਕਿ ਉਸਨੇ ਸਮਝਿਆ ਸ਼ਾਇਦ ਉਸ ਦਾ ਪਤੀ ਅਕਸਾ ਦੀਆਂ ਲੱਤਾਂ-ਬਾਹਾਂ ਹੀ ਤੋੜੇਗਾ... ਪਰ ਉਸ ਨੇ ਤਾਂ ਮਾਰ ਹੀ ਮੁਕਾਇਆ। ਅਨਵਰ ਜਾਨ ਨੇ ਆਪਣੇ ਖਾਵੰਦ ਕੋਲ ਕੁੜੀ ਨੂੰ ਬਖ਼ਸ਼ ਦੇਣ ਦਾ ਵਾਸਤਾ ਵੀ ਪਾਇਆ। ਮੁਹੰਮਦ ਨੇ ਅਕਸਾ ਨੂੰ ਮਾਰਨ ਮਗਰੋਂ ਬੀਵੀ ਨੂੰ ਦੱਸਿਆ ਕਿ ਉਸ ਦੀ ਇੱਜ਼ਤ ਦਾ ਸਵਾਲ ਸੀ। ਉਹ ਕਿਸੇ ਨੂੰ ਮੂੰਹ ਵਿਖਾਉਣ ਜੋਗਾ ਨਹੀਂ ਸੀ ਰਿਹਾ।

# ਸੁਰ, ਸਾਜ਼ ਅਤੇ ਸਾਜ਼ਿੰਦੇ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਪੰਜਾਬੀ ਸ਼ਾਇਰ ਸੁਰਜੀਤ ਪਾਤਰ ਦੇ ਮੂੰਹੋਂ ਸੁਣੀ ਇਕ ਸੰਗੀਤਮਈ ਕਥਾ ਇੰਜ ਹੈ। ਕਹਿੰਦੇ ਹਨ, ਕਿਸੇ ਇਲਾਕੇ ਵਿਚ ਇਕ ਸਾਰੰਗੀਵਾਦਕ ਦੀ ਬਹੁਤ ਮਸ਼ਹੂਰੀ ਹੋ ਗਈ। ਸੰਗੀਤ ਪ੍ਰੇਮੀ ਬੜੀ ਦੂਰੋਂ ਦੂਰੋਂ ਚਲ ਕੇ ਉਹਦੇ ਪਾਸ ਪਹੁੰਚਦੇ ਅਤੇ ਸਾਰੰਗੀਵਾਦਨ ਦਾ ਅਨੰਦ ਮਾਣਦੇ। ਉਸ ਦੀ ਕਲਾ ਤੋਂ ਮੰਤਰ-ਮੁਗਧ ਹੋਏ ਸਰੋਤੇ ਅਕਸਰ ਕਹਿ ਉਠਦੇ ਕਿ ਉਹਦੇ ਜਿਹੀ ਸਾਰੰਗੀ ਕੋਈ ਹੋਰ ਨਹੀਂ ਵਜਾ ਸਕਦਾ। ਵਾਕਿਆ ਹੀ ਉਸ ਨੇ ਇਸ ਕਲਾ ਵਿਚ ਸਿਰੇ ਦੀ ਨਿਪੁੰਨਤਾ ਹਾਸਲ ਕੀਤੀ ਹੋਈ ਸੀ। ਇਸ ਦੇ ਨਾਲ ਹੀ ਉਹਦੇ ਫੱਕਰ ਸੁਭਾਅ ਦੀਆਂ ਵੀ ਕਈ ਕਹਾਣੀਆਂ, ਆਮ ਲੋਕਾਂ ਵਿਚ ਦੰਦ-ਕਥਾ ਬਣੀਆਂ ਰਹਿੰਦੀਆਂ ਸਨ।



ਨਿਰਲੋਭ ਤੇ ਨਿਸ਼ਕਾਮ ਰਹਿੰਦਿਆਂ ਉਹ ਜਦ ਵੀ ਸਾਰੰਗੀ ਵਜਾਉਂਦਾ ਤਾਂ ਸਾਰੇ ਸਰੋਤੇ ਕੀਲੇ ਜਾਂਦੇ। ਉਸ ਦੀ ਪ੍ਰਸਿੱਧੀ ਸਥਾਨਕ ਹਾਕਮ ਦੇ ਦਰਬਾਰ ਤਕ ਜਾ ਪਹੁੰਚੀ। ਇਕ ਦਿਨ ਹਾਕਮ ਨੇ ਆਪਣੇ ਕੁਝ ਅਹਿਲਕਾਰਾਂ ਨੂੰ ਕਹਿ ਭੇਜਿਆ ਕਿ ਸਾਰੰਗੀਵਾਦਕ ਨੂੰ ਆਖੋ ਕਿ ਉਹ ਦਰਬਾਰ 'ਚ ਆ ਕੇ ਸਾਰੰਗੀ ਵਜਾਏ ਤਾਂ ਕਿ ਮੈਂ ਵੀ ਸੁਣ ਸਕਾਂ। ਸਾਰੰਗੀਵਾਦਕ ਨੇ ਜਦੋਂ ਅਹਿਲਕਾਰਾਂ ਦੀ ਗੱਲ ਸੁਣੀ ਤਾਂ ਮੁਸਕਰਾਉਂਦਿਆਂ ਕਹਿਣ ਲੱਗਾ, "ਕੀ ਤੁਹਾਡੇ ਹਾਕਮ ਨੂੰ ਸਾਰੰਗੀ ਸੁਣਨੀ ਵੀ ਆਉਂਦੀ ਹੈ?" ਇਹ ਅਜੀਬ ਜਿਹਾ ਸਵਾਲ ਸੁਣ ਕੇ ਅਹਿਲਕਾਰ ਮੁੜਦੇ ਪੈਰੀਂ ਹਾਕਮ ਕੋਲ ਆਣ ਪਹੁੰਚੇ। ਹਾਕਮ ਵੀ ਇਹ ਅਵੈੜਾ ਜਿਹਾ ਸਵਾਲ ਸੁਣ ਕੇ ਥੋੜਾ ਕ੍ਰੋਧਿਤ ਹੋ ਗਿਆ। ਉਸਦੇ ਮਨ 'ਚ ਆਈ ਕਿ ਸਾਰੰਗੀ ਵਜਾਉਣੀ ਜਾਂ ਨਾ ਵਜਾਉਣੀ ਆਉਣ ਦਾ ਸਵਾਲ ਤਾਂ ਹੋ ਸਕਦਾ ਹੈ, ਪਰ ਸੁਣ ਤਾਂ ਕੋਈ ਵੀ ਸਕਦਾ ਹੈ! ਕੀ ਸਾਰੰਗੀ ਵਜਦੀ ਸੁਣਨ ਦੀ ਵੀ ਕੋਈ ਖਾਸ ਸਿਖਲਾਈ ਲੈਣ ਦੀ ਜ਼ਰੂਰਤ ਪੈਂਦੀ ਹੋਵੇਗੀ? ਪਰ ਉਸ ਨੇ ਆਪਣੇ ਗੁੱਸੇ 'ਤੇ ਕਾਬੂ ਪਾਉਂਦਿਆਂ ਅਹਿਲਕਾਰਾਂ ਹੱਥ ਸਾਰੰਗੀਵਾਦਕ ਲਈ ਇਹ ਸਵਾਲ ਭੇਜਿਆ ਕਿ ਉਹਦੇ ਕੋਲ ਕਿਹੜੀ ਕਸਵੱਟੀ ਹੈ ਜਿਹਦੇ ਨਾਲ ਉਹ ਜਾਣ ਸਕੇ ਕਿ ਮੈਨੂੰ ਸਾਰੰਗੀ ਸੁਣਨੀ ਆਉਂਦੀ ਹੈ ਜਾਂ ਨਹੀਂ?

ਸਾਰੰਗੀਵਾਦਕ ਨੇ ਹਾਕਮ ਦੇ ਅਹਿਲਕਾਰਾਂ ਪਾਸੋਂ ਨਵਾਂ ਸਵਾਲ ਸੁਣ ਕੇ ਬੜੇ ਠਰੰਮੇ ਨਾਲ ਆਖਿਆ, "ਹਾਂ ਮੇਰੇ ਕੋਲ ਅਜਿਹੀ ਪਰਖਣ ਦੀ ਕਸਵੱਟੀ ਹੈ!" ਅਹਿਲਕਾਰ ਵੀ ਇਹ ਨਵੀਂ ਗੱਲ ਸੁਣ ਕੇ ਅਚੰਭਿਤ ਹੋ ਗਏ।

"ਮੈਂ ਤੁਹਾਡੇ ਸ਼ਾਸਕ ਦੇ ਦਰਬਾਰ ਵਿਚ ਆ ਕੇ ਸਾਰੰਗੀ ਵਜਾਵਾਂਗਾ" ਸਾਰੰਗੀਵਾਦਕ ਕਹਿਣ ਲੱਗਾ "ਹਾਕਮ ਅਤੇ ਮੇਰੇ ਆਸਣ ਦੇ ਵਿਚਕਾਰ ਰੇਤ ਵਿਛਾ ਦਿੱਤੀ ਜਾਵੇ। ਮੈਂ ਸਾਰੰਗੀ 'ਤੇ ਸੱਸੀ ਦੀ ਧੁਨ ਵਜਾਵਾਂਗਾ। ਜੇ ਤਾਂ ਹਾਕਮ ਨੂੰ ਸਾਰੰਗੀ ਨਾ ਸੁਣਨੀ ਆਉਂਦੀ ਹੋਈ ਤਾਂ ਉਹ ਰੇਤਾ ਉਡ ਉਡ ਕੇ ਉਹਦੀਆਂ ਅੱਖਾਂ 'ਚ ਪਏਗਾ। ਜੇਕਰ ਮੈਂ ਉਹ ਧੁਨ ਸਹੀ ਨਾ ਵਜਾ ਸਕਿਆ ਤਾਂ ਰੇਤੇ ਨਾਲ ਮੇਰੀਆਂ ਅੱਖਾਂ ਭਰਨਗੀਆਂ।"

ਦੂਸਰੀ ਵਾਰਤਾ ਮਹਾਨ ਸੰਗੀਤ-ਅਚਾਰਯ ਤੇ ਕਲਮ ਦੇ ਧਨੀ ਸਵਰਗੀ ਪ੍ਰੋ. ਦਰਸ਼ਨ ਸਿੰਘ 'ਕੋਮਲ' ਨੰਗਲ ਵਾਲਿਆਂ ਦੇ ਇਕ ਸ਼ਾਗਿਰਦ ਪਾਸੋਂ ਸੁਣੀ ਹੋਈ ਹੈ, ਜੋ ਦਿੱਲੀ ਰਹਿੰਦਾ ਸੀ। ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬੇ ਮਾਹਲਪੁਰ ਦੇ ਲਾਗੇ-ਚਾਗੇ ਕਿਸੇ ਪਿੰਡ ਵਿਚ ਕੀਰਤਨ ਪ੍ਰੋਗਰਾਮ ਕਰਕੇ ਕੋਮਲ ਸਾਹਿਬ ਦਾ ਜਥਾ ਵਾਪਸ ਆਪਣੇ ਪਿੰਡ ਨੰਗਲ ਆ ਰਿਹਾ ਸੀ। ਜਿਨ੍ਹਾਂ ਦਿਨਾਂ ਦੀ ਇਹ ਗੱਲ ਹੈ, ਉਦੋਂ ਹਾਲੇ ਸਾਈਕਲ ਵੀ ਵਿਰਲੇ-ਟਾਵੇਂ ਹੀ ਹੁੰਦੇ ਸਨ। ਆਮ ਤੌਰ 'ਤੇ ਸਫਰ ਪੈਦਲ ਹੀ ਕੀਤਾ ਜਾਂਦਾ ਸੀ। ਸ਼ਾਗਿਰਦ ਦੇ ਦੱਸਣ ਅਨੁਸਾਰ ਜੇਠ ਹਾੜ੍ਹ ਦੇ ਦਿਨ ਸਨ। ਕਹਿਰਾਂ ਦੀ ਗਰਮੀ ਅਤੇ ਥੱਲੇ ਰੇਤਾ। ਕੜਾਕੇਦਾਰ ਧੁੱਪ ਨਾਲ ਸਾਹ ਨਿਕਲਦਾ ਜਾਵੇ। ਪ੍ਰੋਫੈਸਰ ਸਾਹਿਬ ਦਾ ਉਸਤਾਦ ਵਜੋਂ ਸਤਿਕਾਰ ਕਰਦਿਆਂ ਉਨ੍ਹਾਂ ਦਾ ਹਾਰਮੋਨੀਅਮ ਵੀ ਇਕ ਸ਼ਾਗਿਰਦ ਨੇ ਹੀ ਚੁੱਕਿਆ ਹੋਇਆ ਸੀ।

ਕੋਮਲ ਸਾਹਿਬ ਸੂਰਮੇ ਸਿੰਘ ਹੋਣ ਕਾਰਨ ਸੋਟੀ ਫੜਕੇ ਹੌਲੀ ਹੌਲੀ ਤੁਰ ਰਹੇ ਸਨ। ਇਕ ਸ਼ਾਗਿਰਦ ਨੇ ਆਪਣਾ ਤਬਲਾ ਅਤੇ ਚਿਮਟੇ ਚੁੱਕੇ ਹੋਏ ਸਨ ਤੇ ਦੂਜੇ ਨੇ ਦੋ ਹਾਰਮੋਨੀਅਮ। ਕਹਿੰਦੇ ਨੇ, ਜਦੋਂ ਅੱਗ ਵਰਗੀ ਤਪਸ਼ ਨਾਲ ਇਨ੍ਹਾਂ ਦੀਆਂ ਜੀਭਾਂ ਬਾਹਰ ਨਿਕਲਣ ਲੱਗੀਆਂ ਤਾਂ ਇਹ ਇਕ ਅੰਬ ਦੇ ਦਰਖਤ ਦੀ ਗੂੜ੍ਹੀ ਛਾਂ ਹੇਠ ਦੋ ਪਲ ਅਰਾਮ ਕਰਨ ਲਈ ਜਾ ਬੈਠੇ।

ਹਰੇ ਭਰੇ ਅੰਬ ਥੱਲੇ ਬਹਿ ਕੇ ਕੁਝ ਸਾਹ ਨਾਲ ਸਾਹ ਰਲਿਆ। ਇਥੇ ਬੈਠਿਆਂ ਹੀ ਇਕ ਸ਼ਾਗਿਰਦ ਦੇ ਮਨ 'ਚ ਫੁਰਨਾ ਉਠਿਆ। ਉਹ ਉਸਤਾਦ ਜੀ (ਕੋਮਲ) ਨੂੰ ਆਖਣ ਲੱਗਾ, "ਪ੍ਰੋਫੈਸਰ ਸਾਹਿਬ ਤੁਸੀਂ ਦੱਸਿਆ ਕਰਦੇ ਹੋ ਕਿ ਸ਼ਾਸਤਰੀ ਸੰਗੀਤ ਵਿਚ ਇੰਨੀ ਤਾਕਤ ਹੈ ਕਿ ਇਹ ਬੁਝੇ ਹੋਏ ਦੀਪਕ ਜਗਾ ਸਕਦਾ ਹੈ ਅਤੇ ਸੁੱਕੇ-ਅੰਬਰੀਂ ਵਰਖਾ ਪੁਆ ਸਕਦਾ ਹੈ। ਜੇ ਇਹ ਗੱਲ ਸੱਚ ਹੈ ਤਾਂ ਅੱਜ ਕਰ ਦਿਓ ਕ੍ਰਿਪਾ। ਚਾਰੇ ਪਾਸੇ ਲੂਹਾ ਲੱਗਾ ਹੋਇਐ। ਤੱਤੇ ਰੇਤੇ ਉਤੇ ਚਲਦਿਆਂ ਸਾਡੀ ਜਾਨ ਲਬਾਂ 'ਤੇ ਆਈ ਹੋਈ ਹੈ! ਅੱਗ ਵਿਚ ਜ਼ਰੂਰ ਭੁੱਜਦੇ ਜਾਣੈ, ਗਾਓ ਅੱਜ 'ਮਲ੍ਹਾਰ ਰਾਗ'-ਕਰਾ ਦਿਓ ਠੰਢੇ-ਠਾਰ!"

ਕਹਿੰਦੇ ਨੇ, ਪਹਿਲਾਂ ਤਾਂ ਕੋਮਲ ਸਾਹਿਬ ਨਾਂਹ-ਨੁੱਕਰ ਕਰਦੇ ਰਹੇ ਕਿ ਕਿਸੇ ਕਲਾ ਦਾ ਓੜਕ ਦੇਖਣਾ ਚੰਗਾ ਨਹੀਂ ਹੁੰਦਾ ਪਰ ਜਦੋਂ ਦੋਵੇਂ ਸ਼ਾਗਿਰਦ ਬੱਚਿਆਂ ਵਾਂਗ ਖਹਿੜੇ ਪੈ ਗਏ ਤਾਂ ਉਨ੍ਹਾਂ ਦੋਵੇਂ ਹੱਥ ਜੋੜ ਅਰਦਾਸ ਕਰਕੇ, ਪਹਿਲਾਂ ਖੁਦ ਤਬਲਾ ਸੁਰ ਕੀਤਾ। ਥੱਲੇ ਪਰਨੇ ਵਿਛਾ ਕੇ ਜਥੇ ਨੇ ਮਲ੍ਹਾਰ ਰਾਗ ਵਿਚ 'ਬਰਸਹੁ ਮੇਘ ਜੀ ਤਿਲ ਬਿਲਮੁ ਨਾ ਲਾਉ' ਵਾਲੇ ਸ਼ਬਦ ਦਾ ਗਾਇਨ ਕੀਤਾ। ਸ਼ਾਗਿਰਦ ਜੀ ਦਸਦੇ ਹੁੰਦੇ ਸਨ ਕਿ ਕੀਰਤਨ ਸਮਾਪਤੀ ਤੋਂ ਬਾਅਦ ਜਦ ਅਸੀਂ ਅੱਖਾਂ ਖੋਲ੍ਹੀਆਂ ਤਾਂ ਲਹਿੰਦੇ ਦੀ ਗੁੱਠੋਂ ਕਾਲੀ ਸ਼ਾਹ ਘਟਾ ਉਠੀ ਹੋਈ ਸੀ। ਹਵਾ ਦੇ ਦੋ ਕੁ ਬੁੱਲੇ ਚੱਲਣ ਤੋਂ ਬਾਅਦ ਕਿਣ-ਮਿਣ ਸ਼ੁਰੂ ਹੋ ਗਈ। ਦੇਖਦਿਆਂ ਦੇਖਦਿਆਂ ਮੋਹਲੇ-ਧਾਰ ਮੀਂਹ ਪੈਣ ਲੱਗ ਪਿਆ! ਮੀਂਹ ਨਾਲ ਨੁੱਚੜਦੇ ਹੋਏ ਅਸੀਂ ਨੰਗਲ ਪਹੁੰਚੇ ਪਰ ਘਰ ਆ ਕੇ ਕੋਮਲ ਸਾਹਿਬ ਨੇ ਸਾਨੂੰ ਇਹ ਸਖਤ ਹਦਾਇਤ ਕੀਤੀ ਸੀ ਕਿ ਮੇਰੇ ਜਿਊਂਦੇ ਜੀਅ ਇਹ ਵਾਰਤਾ ਕਿਸੇ ਦੇ ਵੀ ਕੰਨੀਂ ਨਾ ਪਵੇ!!

ਅਗਲੀ ਵਾਰਤਾ ਹੈ ਸੰਗੀਤ-ਸਮਰਾਟ ਤਾਨਸੈਨ ਦੀ। ਕਹਿੰਦੇ ਨੇ, ਜਦੋਂ ਤਾਨਸੈਨ ਜੰਗਲ ਦੀ ਇਕਾਂਤ ਵਿਚ ਜਾ ਕੇ ਸੁਰ-ਸਾਧਨਾ 'ਚ ਲੀਨ ਹੁੰਦਾ ਸੀ ਤਾਂ ਜੰਗਲ ਦੇ ਸਭ ਜਾਨਵਰ-ਪਰਿੰਦੇ ਉਸਦੇ ਇਰਦ ਗਿਰਦ ਇਕੱਠੇ ਹੋ ਜਾਂਦੇ। ਕੋਈ ਉਸਦੇ ਮੋਢੇ 'ਤੇ ਆ ਬਹਿੰਦਾ, ਕੋਈ ਗੋਡੇ 'ਤੇ। ਹਿਰਨ ਆਦਿਕ ਉਸ ਦੇ ਪੈਰਾਂ ਉਤੇ ਬੂਥੀਆਂ ਸੁੱਟ ਕੇ ਗਾਇਨ 'ਚ ਖੁਭ ਜਾਂਦੇ। ਤਾਨਸੈਨ ਦਾ ਬਾਪ ਇਕ ਪੱਕਾ ਸ਼ਿਕਾਰੀ ਸੀ। ਹਰ ਰੋਜ਼ ਜੰਗਲ ਵਿਚੋਂ ਸ਼ਿਕਾਰ ਮਾਰ ਕੇ ਲਿਆਉਣਾ ਉਸ ਦੀ ਆਦਤ ਬਣ ਚੁੱਕੀ ਸੀ। ਲੇਕਿਨ ਬੁਢਾਪੇ ਵਿਚ ਆ ਕੇ ਹੁਣ ਉਸ ਦਾ ਦਾਅ ਘੱਟ-ਵੱਧ ਹੀ ਲਗਦਾ ਸੀ। ਕਦੀ ਕਦੀ ਜਦ ਉਹ ਖਾਲੀ ਹੱਥੀਂ ਜੰਗਲ ਤੋਂ ਪਿੰਡ ਵਲ ਆ ਰਿਹਾ ਹੁੰਦਾ ਤਾਂ ਉਸਦੇ ਆਂਢੀ-ਗੁਆਂਢੀ ਉਸਨੂੰ ਮੱਤਾਂ ਦਿੰਦੇ ਕਿ ਉਹ ਐਵੇਂ ਤਰੱਦਦ ਕਰਦਾ ਰਹਿੰਦਾ ਹੈ। ਆਪਣੇ ਪੁੱਤਰ ਤਾਨਸੈਨ ਨੂੰ ਕਹੁ ਖਾਂ ਕਿ ਕੋਲ ਬੈਠੇ ਪਰਿੰਦਿਆਂ ਵਿਚੋਂ ਕੋਈ ਇਕ-ਅੱਧ ਤੇਰੇ ਲਈ ਫੜ ਲਿਆਇਆ ਕਰੇ। ਬਜ਼ੁਰਗ ਨੂੰ ਇਹ ਸਲਾਹ ਜਚ ਗਈ। ਉਸ ਨੇ ਆਪਣੇ ਗਵੱਈਏ ਪੁੱਤਰ ਨੂੰ ਇਹ ਹੁਕਮ ਸੁਣਾ ਦਿੱਤਾ।

ਇਕ ਪਾਸੇ ਸੰਗੀਤ, ਦੂਜੇ ਪਾਸੇ ਬਾਪ। ਤਾਨਸੈਨ ਦੁਬਿਧਾ ਵਿਚ ਪੈ ਗਿਆ। ਲੰਮੀ ਸੋਚ ਵਿਚਾਰ ਬਾਅਦ ਆਖਰ ਉਸ ਨੇ ਪਿਉ ਦਾ ਆਖਾ ਮੰਨਣ ਦਾ ਫੈਸਲਾ ਕਰ ਲਿਆ। ਬਾਪ ਦੀ ਮੰਗ ਮਨ ਵਿਚ ਲੈ ਕੇ ਉਹ ਅੱਜ ਜੰਗਲ ਵਿਚ ਉਸੇ ਥਾਂ ਤਾਨਪੁਰਾ ਲੈ ਕੇ ਜਾ ਬੈਠਾ। ਅਲਾਪ ਸ਼ੁਰੂ ਕਰਕੇ ਗਾਇਨ ਵਿਚ ਗੜੂੰਦ ਹੋ ਗਿਆ। ਸਮਾਪਤੀ ਦੇ ਨੇੜੇ ਪਹੁੰਚਦਿਆਂ ਉਸਨੇ ਥੋੜ੍ਹੀਆਂ ਥੋੜ੍ਹੀਆਂ ਅੱਖਾਂ ਖੋਲ੍ਹ ਕੇ ਆਸ-ਪਾਸ ਦੇਖਿਆ ਤਾਂ ਕਿ ਕਿਸੇ ਜਾਨਵਰ ਨੂੰ ਹੱਥ 'ਚ ਪਕੜ ਸਕੇ। ਪਰ ਇਹ ਕੀ? ਉਸਦੇ ਆਲੇ-ਦੁਆਲੇ ਤਾਂ ਅੱਜ ਕੋਈ ਚਿੜੀ ਵੀ ਨਹੀਂ ਸੀ ਫਟਕੀ।

ਅਗਲੀ ਕਥਾ ਹੈ ਸ਼ਾਸ਼ਤਰੀ ਸੰਗੀਤ ਦੇ ਸੁਪ੍ਰਸਿੱਧ ਗਿਆਤਾ ਭਾਈ ਧਰਮ ਸਿੰਘ ਜ਼ਖਮੀ ਹੋਰਾਂ ਦੇ ਜਥੇ ਨਾਲ ਸੰਬੰਧਤ। ਭਾਈ ਸਾਹਿਬ ਆਪਣੇ ਜਥੇ ਸਮੇਤ ਜਲੰਧਰ ਰੇਵਲੇ ਸਟੇਸ਼ਨ ਤੋਂ ਉਤਰ ਕੇ ਲਾਗਲੇ ਕਿਸੇ ਪਿੰਡ ਜਾਣ ਲਈ ਇਕ ਟਾਂਗੇ 'ਚ ਸਵਾਰ ਹੋ ਗਏ। ਹਾਲੇ ਸ਼ਹਿਰੋਂ ਬਾਹਰ ਹੀ ਨਿਕਲੇ ਸਨ ਕਿ ਭਾਈ ਧਰਮ ਸਿੰਘ ਨੇ ਇਕ ਦਮ ਅਚਾਨਕ ਕੁਝ ਯਾਦ ਆ ਜਾਣ ਵਾਂਗ ਟਾਂਗੇ ਵਾਲੇ ਨੂੰ ਘੋੜਾ ਖੜ੍ਹਾਉਣ ਲਈ ਆਖਿਆ। ਟਾਂਗਾ ਰੁਕਦੇ ਸਾਰ ਹੀ ਭਾਈ ਸਾਹਿਬ ਖੁਦ ਵੀ ਥੱਲੇ ਉਤਰ ਗਏ ਤੇ ਆਪਣੇ ਸਾਥੀਆਂ ਨੂੰ ਵੀ ਫਟਾ ਫਟ ਥੱਲੇ ਆ ਜਾਣ ਦਾ ਇਸ਼ਾਰਾ ਕੀਤਾ। ਨਾਲ ਦੇ ਸਾਥੀ ਅਤੇ ਬਾਕੀ ਦੀਆਂ ਸਵਾਰੀਆਂ ਹੱਕੀਆਂ ਬੱਕੀਆਂ ਰਹਿ ਗਈਆਂ ਕਿ ਮੰਜ਼ਿਲ ਤੋਂ ਪਹਿਲਾਂ ਹੀ ਟਾਂਗਾ ਕਿਉਂ ਛੱਡ ਦਿੱਤਾ? ਤੈਅ-ਸ਼ੁਦਾ ਕਰਾਇਆ ਟਾਂਗੇ ਵਾਲੇ ਦੇ ਹੱਥ ਦੇ ਕੇ ਭਾਈ ਸਾਹਿਬ ਹੋਰੀਂ ਵਾਜੇ ਚੁੱਕ ਕੇ ਜਦੋਂ ਤੁਰਨ ਲੱਗੇ ਤਾਂ ਟਾਂਗੇ ਵਾਲੇ ਨੇ ਇਸ ਦਾ ਕਾਰਨ ਪੁੱਛਿਆ।

"ਭਾਈ ਸੱਜਣਾ ਤਾਲਾਂ ਵਿਚ ਇਕ 'ਯੱਕਾ ਤਾਲ' ਹੁੰਦੀ ਹੈ। ਤੇਰੇ ਘੋੜੇ ਦੇ ਪੈਰ ਵਿਚ ਸ਼ਾਇਦ ਕੋਈ ਨੁਕਸ ਹੈ, ਇਹ ਯੱਕਾ ਤਾਲ ਮੂਜਬ ਚੱਲ ਨਹੀਂ ਰਿਹਾ। ਅਸੀਂ ਬੇ-ਤਾਲੇ ਯੱਕੇ ਵਿਚ ਸਫਰ ਕਰਕੇ ਬੇ-ਸੁਰੇ ਕਿਉਂ ਬਣੀਏਂ?" ਭਾਈ ਜ਼ਖਮੀ ਜੀ ਦਾ ਜਵਾਬ ਸੁਣ ਕੇ ਟਾਂਗੇ ਵਾਲੇ ਨੇ ਸ਼ਰਮਿੰਦਾ ਜਿਹਾ ਹੁੰਦਿਆਂ ਸਵਾਰੀਆਂ ਨੂੰ ਦੱਸਿਆ ਕਿ ਵਾਕਿਆ ਹੀ ਮੇਰੇ ਘੋੜੇ ਦਾ ਸੁੰਮ ਕਿੱਲ ਲੱਗ ਕੇ ਜ਼ਖਮ ਹੋ ਚੁੱਕਾ ਹੈ। ਇਸੇ ਲਈ ਮੇਰਾ ਘੋੜਾ ਲੰਗੜਾ ਕੇ ਤੁਰਦਾ ਹੈ।

ਸਿੱਖ ਜਗਤ ਦੇ ਇਕ ਹੋਰ ਮਹਾਨ ਕੀਰਤਨੀਏ ਦੇ ਜੀਵਨ 'ਚੋਂ ਇਕ ਘਟਨਾ ਸੁਣ ਲਉ। ਜਦੋਂ ਬੰਗਾਲੀ ਕਵੀ ਸ੍ਰੀ ਰਬਿੰਦਰ ਨਾਥ ਟੈਗੋਰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਪਹਿਲੀ ਵਾਰ ਦਰਸ਼ਨ ਦੀਦਾਰੇ ਕਰਨ ਲਈ ਪਹੁੰਚੇ ਤਾਂ ਉਸ ਵੇਲੇ ਭਾਈ ਸਮੁੰਦ ਸਿੰਘ ਦਾ ਜਥਾ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਕਰ ਰਿਹਾ ਸੀ। ਭਾਈ ਸਾਹਿਬ ਨੇ ਆਪਣੀ ਲੈਅ-ਬੱਧ ਮਧੁਰ ਸ਼ੈਲੀ ਰਾਹੀਂ 'ਗਗਨੁ ਮੈ ਥਾਲ ਰਵਿ ਚੰਦ ਬਨੇ' ਸ਼ਬਦ ਦਾ ਗਾਇਨ ਕੀਤਾ। ਸ੍ਰੀ ਟੈਗੋਰ ਇੰਨੇ ਜ਼ਿਆਦਾ ਪ੍ਰਭਾਵਿਤ ਹੋਏ ਕਿ ਉਹ ਸਮਾਪਤੀ ਉਪਰੰਤ ਭਾਈ ਸਮੁੰਦ ਸਿੰਘ ਨੂੰ ਮਿਲੇ ਤੇ ਆਖਣ ਲੱਗੇ ਕਿ ਤੁਸੀਂ ਮੇਰੇ ਨਾਲ ਚੱਲੋ ਤਾਂ ਕਿ ਸ਼ਾਂਤੀ ਨਿਕੇਤਨ ਵਿਖੇ ਅਜਿਹੀ ਰੂਹਾਨੀ-ਵਰਖਾ ਦੀ ਝੜੀ ਲਗਾਈ ਜਾ ਸਕੇ। ਦੱਸਿਆ ਜਾਂਦਾ ਹੈ ਕਿ ਟੈਗੋਰ ਨੇ ਭਾਈ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਵਲੋਂ ਦਿੱਤੀ ਜਾਂਦੀ ਭੇਟਾ ਨਾਲੋਂ ਦੁੱਗਣੀ-ਤਿੱਗਣੀ ਭੇਟਾ ਦੇਣ ਦੀ ਵੀ ਪੇਸ਼ਕਸ਼ ਕੀਤੀ ਪ੍ਰੰਤੂ ਭਾਈ ਸਮੁੰਦ ਸਿੰਘ ਨੇ ਇਸ ਪੇਸ਼ਕਸ਼ ਨੂੰ ਇਹ ਕਹਿੰਦਿਆਂ ਨਿਮਰਤਾ ਸਹਿਤ ਠੁਕਰਾ ਦਿੱਤਾ ਕਿ ਇਹ ਰੂਹਾਨੀ-ਛਹਿਬਰਾਂ ਤਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਹੀ ਸੁਹਾਉਂਦੀਆਂ ਨੇ। ਸਾਨੂੰ ਇਸ ਦਰ ਤੋਂ ਦੂਰ ਜਾਣਾ ਪ੍ਰਵਾਨ ਨਹੀਂ ਹੈ।

ਧੰਨ ਸੁ ਰਾਗ ਸੁਰੰਗੜੇ
ਅਲਾਪਤ ਸਭ ਤਿਖ ਜਾਏ॥

---

## ਦੌੜ

**ਗੁਰਪਾਲ ਸਿੰਘ ਲੰਡਨ**

ਗੁਰਦੁਆਰੇ ਦੇ ਪ੍ਰਧਾਨ ਨੇ ਗ੍ਰੰਥੀ ਮਹਾਂ ਸਿੰਘ ਨੂੰ ਆਖਿਆ, "ਭਾਈ ਸਾਹਿਬ ਅਗਲੇ ਮਹੀਨੇ ਤੁਹਾਡਾ ਵੀਜ਼ਾ ਖਤਮ ਹੋਣ ਵਾਲਾ ਹੈ। ਆਪਣਾ ਪਾਸਪੋਰਟ ਦਿਓ, ਤੁਹਾਨੂੰ ਹੋਰ ਮਿਆਦ ਵਧਾ ਦੇਈਏ।"

"ਤੁਹਾਡੀ ਤਰਸਦਿਲੀ ਦਾ ਸ਼ੁਕਰੀਆ ਪ੍ਰਧਾਨ ਸਾਹਿਬ, ਪਰ ਮੈਂ ਹੋਰ ਵੀਜ਼ਾ ਨਹੀਂ ਵਧਾਉਣਾ, ਬਸ ਹੁਣ ਵਾਪਸ ਇੰਡੀਆ ਚਲੇ ਜਾਣਾ ਅਗਲੇ ਮਹੀਨੇ।" ਮਹਾਂ ਸਿੰਘ ਨੇ ਉਤਰ ਦਿੱਤਾ।

"ਕਿਉਂ? ਲਾ ਲਓ ਹੋਰ ਸਾਲ, ਦੋ ਸਾਲ।"

"ਨਹੀਂ ਜੀ, ਬਸ ਹੁਣ ਉਪਰੋਂ ਇਸ਼ਾਰਾ ਆ ਰਿਹਾ ਕਿ ਇਥੇ ਆਪਣਾ ਦਾਣਾ ਪਾਣੀ ਜਿੰਨਾ ਲਿਖਿਆ ਸੀ, ਖਤਮ ਹੋ ਗਿਆ। ਹੁਣ ਇੰਡੀਆ ਵਿਚ ਹੀ ਇੱਜ਼ਤ ਦੀਆਂ ਦੋ ਰੋਟੀਆਂ ਖਾਵਾਂਗੇ।"

"ਅਸੀਂ ਤਾਂ ਚਾਹੁੰਦੇ ਹਾਂ, ਤੁਸੀਂ ਰਹੋ ਹੋਰ...ਪਰ ਜੇ ਨਹੀਂ ਚਾਹੁੰਦੇ ਤਾਂ ਤੁਹਾਡੀ ਖੁਸ਼ੀ।" ਪ੍ਰਧਾਨ ਸਾਹਿਬ ਨੇ ਸੁਲ੍ਹਾ ਮਾਰੀ।

"ਨਹੀਂ ਜੀ, ਹੁਣ ਮੈਨੂੰ ਤੁਸੀਂ ਛੁੱਟੀ ਦਿਓ ਤੇ ਮੇਰੀ ਜਗ੍ਹਾ ਕਿਸੇ ਹੋਰ ਨੂੰ ਮੌਕਾ ਦਿਓ ਪ੍ਰਧਾਨ ਸਾਹਿਬ। ਵੈਸੇ ਮੇਰਾ ਜਿੰਨਾ ਟਾਇਮ ਤੁਹਾਡੇ ਕੋਲ ਗੁਜ਼ਰਿਆ, ਬਹੁਤ ਸੋਹਣਾ ਗੁਜ਼ਰਿਆ, ਤੁਹਾਡਾ ਕੋਟਿ-ਕੋਟਿ ਧੰਨਵਾਦ।"

ਕਮੇਟੀ ਨੇ ਮਹਾਂ ਸਿੰਘ ਨੂੰ ਇੰਡੀਆ ਤੋਂ ਮੰਗਵਾਇਆ ਤਾਂ ਗ੍ਰੰਥੀ ਕਰਕੇ ਸੀ, ਪਰ ਇਥੇ ਪਹੁੰਚਣ 'ਤੇ ਉਸ ਨੂੰ ਰਸੋਈ ਦਾ ਇੰਚਾਰਜ ਬਣਾ ਦਿੱਤਾ, ਜਿਥੇ ਉਸ ਦੀ ਡਿਊਟੀ ਸਵੇਰੇ ਪੰਜ ਵਜੇ ਸ਼ੁਰੂ ਹੁੰਦੀ। ਮਹਾਂ ਸਿੰਘ ਪੰਜ ਵਜੇ ਤੋਂ ਪਹਿਲਾਂ ਉਠ ਕੇ ਇਸ਼ਨਾਨ ਪਾਣੀ ਕਰਕੇ ਰਸੋਈ ਵਿਚ ਆ ਖੜ੍ਹਦਾ। ਪ੍ਰਸ਼ਾਦ ਤਿਆਰ ਕਰਨ ਤੋਂ ਬਾਅਦ ਸੰਗਤ ਵਾਸਤੇ ਚਾਹ-ਪਾਣੀ, ਸਬਜ਼ੀ, ਦਾਲ-ਪਰੌਂਠੇ, ਕਦੀ ਪਕੌੜੇ ਮੱਠੀਆਂ ਬਣਾ ਕੇ ਤਿਆਰ ਕਰਦਾ। ਸਾਰੀ ਕਿਚਨ ਦੀ ਸਫਾਈ ਇਕੱਲਾ ਹੀ ਕਰਦਾ, ਬਰਤਨ ਸਾਫ ਕਰਦਾ, ਲੰਗਰ ਵਰਤਾਉਂਦਾ।

ਆਸਾ ਦੀ ਵਾਰ ਸ਼ੁਰੂ ਹੋਣ 'ਤੇ ਸੰਗਤ ਆਉਣੀ ਸ਼ੁਰੂ ਹੋ ਜਾਂਦੀ। ਪੰਦਰਾਂ ਵੀਹ ਮਿੰਟ ਬੈਠ ਕੇ ਬਾਣੀ ਸੁਣਨ ਤੋਂ ਬਾਅਦ ਹੌਲੀ-ਹੌਲੀ ਸੰਗਤ ਲੰਗਰਖਾਨੇ ਵਿਚੋਂ ਚਾਹ-ਪਾਣੀ ਛਕਦੀ ਤੇ ਕੰਮਾਂ-ਕਾਰਾਂ 'ਤੇ ਤੁਰਦੀ ਜਾਂਦੀ। ਕਦੇ-ਕਦੇ ਕੋਈ ਸੰਗਤ ਵਿਚੋਂ ਵਿਰਲਾ-ਟਾਂਵਾਂ ਲੰਗਰ ਵਿਚ ਬਰਤਨਾਂ ਦੀ ਸਫਾਈ ਕਰਾ ਦਿੰਦਾ, ਕਦੇ ਕੋਈ ਬੀਬੀ ਪਰੌਂਠੇ ਵੀ ਲਾਹ ਦਿੰਦੀ, ਨਹੀਂ ਤਾਂ ਸਾਰਾ ਕੰਮ ਮਹਾਂ ਸਿੰਘ ਦੇ ਸਿਰ ਹੀ ਰਹਿੰਦਾ। ਫਿਰ ਵੀ ਮਹਾਂ ਸਿੰਘ ਵੱਡਾ ਸਮਰਥੀ ਸੇਵਾਦਾਰ ਸੀ, ਜੋ ਕਦੇ ਮੱਥੇ ਵੱਟ ਨਹੀਂ ਸੀ ਪਾਉਂਦਾ। ਉਸ ਨੂੰ ਦੁੱਖ ਸਿਰਫ ਉਦੋਂ ਹੁੰਦਾ, ਜਦੋਂ ਕਮੇਟੀ ਦਾ ਕੋਈ ਮੈਂਬਰ ਆ ਕੇ ਨੁਕਤਾਚੀਨੀ ਕਰਨ ਲੱਗਦਾ, "ਮਹਾਂ ਸਿੰਘ ਜੀ, ਅੱਜ ਪ੍ਰਸ਼ਾਦ ਨੂੰ ਜ਼ਿਆਦਾ ਸੇਕ ਕਿਉਂ ਲੱਗ ਗਿਆ, ਅੱਜ ਚਾਹ ਵਿਚ ਦੁੱਧ ਕਿਉਂ ਘੱਟ ਪਾਇਆ, ਔਹ ਟੇਬਲ 'ਤੇ ਜੂਠੇ ਬਰਤਨ ਕਿਉਂ ਪਏ, ਪਕੌੜੇ ਜਲਦੀ ਕਿਉਂ ਖਤਮ ਕਰ ਦਿੱਤੇ ਜਾਂ ਸਬਜ਼ੀ ਵਿਚ ਮਿਰਚ ਕਿਉਂ ਤੇਜ਼ ਕਰ ਦਿੱਤੀ।" ਪਰ ਕਦੇ ਵੀ ਕਿਸੇ ਕਮੇਟੀ ਮੈਂਬਰ ਨੇ ਕੰਮ ਨੂੰ ਹੱਥ ਨਹੀਂ ਸੀ ਲਾਇਆ। ਸੰਗਤ ਵਿਚੋਂ ਸ਼ਰਧਾਲੂ ਕੁਝ ਕਰਨ ਨਾ ਕਰਨ ਤੇ ਜਾਂ ਮਹਾਂ ਸਿੰਘ ਜਾਣੇ।

ਮਹਾਂ ਸਿੰਘ ਨੂੰ ਪੰਜਾਹ ਪੌਂਡ ਹਫਤੇ 'ਤੇ ਜਿਵੇਂ ਕਮੇਟੀ ਨੇ ਖਰੀਦ ਲਿਆ ਹੋਵੇ। ਪਹਿਲਾਂ-ਪਹਿਲਾਂ ਤਾਂ ਕਮੇਟੀ ਨੇ ਮਹਾਂ ਸਿੰਘ ਨੂੰ ਬੜੇ ਸਬਜ਼ਬਾਗ ਦਿਖਾਏ। ਅਖੇ ਤੇਰੀ ਤਾਂ ਸਾਰੀ ਬੱਚਤ ਹੀ ਬੱਚਤ ਹੈ। ਬਿੱਲ ਸਾਰੇ ਕਮੇਟੀ ਨੇ ਦੇਣੇ, ਖਾਣਾ-ਪੀਣਾ ਤੇ ਰਹਿਣਾ ਤੇਰਾ ਫਰੀ, ਸੰਗਤ ਵਿਚੋਂ ਕੋਈ ਲੰਗਰ ਕਰਾਵੇ, ਉਹ ਵੀ ਤੇਰੇ ਹੱਥਾਂ 'ਤੇ ਵੀਹ-ਤੀਹ ਰੱਖਣਗੇ, ਕਿਸੇ ਦੀ ਸ਼ਾਦੀ ਹੋਵੇ, ਕੋਈ ਹੋਰ ਫੰਕਸ਼ਨ ਹੋਣ, ਘਰ ਵਾਲੇ ਤੈਨੂੰ ਲੰਗਰ ਦੀ ਸੇਵਾ ਦਾ ਕੁਝ ਨਾ ਕੁਝ ਦੇ ਕੇ ਹੀ ਜਾਣਗੇ, ਤੂੰ ਫਿਕਰ ਨਾ ਕਰ, ਤੇਰੇ ਹਫਤੇ ਦੇ ਢਾਈ ਤਿੰਨ ਸੌ ਬਣੇ ਹੀ ਬਣੇ ਸਮਝ।

ਮਹਾਂ ਸਿੰਘ ਨੇ ਹਿਸਾਬ-ਕਿਤਾਬ ਲਗਾਇਆ ਕਿ ਗੱਲ ਤਾਂ ਇਨ੍ਹਾਂ ਦੀ ਠੀਕ ਹੀ ਲੱਗਦੀ ਆ। ਆਮ ਤੌਰ 'ਤੇ ਲੰਗਰ ਦੀ ਸੇਵਾ ਅਮੀਰ ਹੀ ਕਰਾਉਂਦੇ ਨੇ ਤੇ ਉਹ ਮੇਰੇ ਬਣੇ ਲੰਗਰ ਤੋਂ ਖੁਸ਼ ਹੋ ਕੇ ਬਖਸ਼ੀਸ਼ ਤਾਂ ਦੇਣਗੇ ਹੀ ਦੇਣਗੇ। ਇਹ ਤਾਂ ਇੱਥੋਂ ਦਾ ਰਿਵਾਜ ਹੈਗਾ।

ਜਦੋਂ ਕੋਈ ਜ਼ਿਆਦਾ ਅਮੀਰ ਫੰਕਸ਼ਨ ਕਰਵਾਉਂਦੇ ਸ਼ਾਦੀ ਵਗੈਰਾ ਤਾਂ ਉਹ ਲੰਗਰ ਬਣਿਆ-ਬਣਾਇਆ ਬਾਹਰੋਂ ਮੰਗਵਾਉਂਦੇ, ਪੱਚੀ-ਤੀਹ ਪੌਂਡ ਪ੍ਰਤੀ ਬੰਦੇ ਦੇ ਹਿਸਾਬ ਨਾਲ ਪਰ ਮਹਾਂ ਸਿੰਘ ਦੇ ਹੱਥ 'ਤੇ ਦਸ ਪੌਂਡ ਵੀ ਨਾ ਧਰਦੇ। ਕਦੇ-ਕਦੇ ਚਾਰ-ਪੰਜ ਸੌ ਬੰਦੇ ਦਾ ਕੋਈ ਫੰਕਸ਼ਨ ਕਰਵਾਉਂਦਾ। ਮਹਾਂ ਸਿੰਘ ਸਾਰਾ ਲੰਗਰ ਤਿਆਰ ਕਰਦਾ ਤੇ ਫੰਕਸ਼ਨ ਕਰਵਾਉਣ ਵਾਲੇ ਬੜੀ ਨਿਮਰਤਾ ਨਾਲ ਹੱਥ ਜੋੜ ਕੇ ਮਹਾਂ ਸਿੰਘ ਦਾ ਧੰਨਵਾਦ ਕਰ ਦਿੰਦੇ, ਪਰ ਪੈਸਾ ਧੇਲਾ ਕੋਈ ਨਾ ਦਿੰਦੇ। ਫਿਰ ਵੀ ਮਹਾਂ ਸਿੰਘ ਗੁਰੂਘਰ ਦੀ ਸੇਵਾ ਸਮਝ ਕੇ ਖਿੜੇ ਮੱਥੇ ਕਰਦਾ ਰਿਹਾ। ਉਸ ਦੀ ਡਿਊਟੀ ਵਿਚ ਹੋਰ ਵੀ ਵਾਧਾ ਕਰ ਦਿੱਤਾ ਕਿ ਤੂੰ ਸਾਰੇ ਆਏ ਗਏ ਰਾਗੀ ਜਥਿਆਂ ਉਪਰ ਵੀ ਨਜ਼ਰ ਰੱਖਣੀ ਆ ਕਿ ਉਹ ਕਿੱਥੇ ਜਾਂਦੇ-ਆਉਂਦੇ ਤੇ ਕੀ ਕਰਦੇ ਆ।

ਮਹਾਂ ਸਿੰਘ ਦੀ ਡਿਊਟੀ ਸਵੇਰੇ ਪੰਜ ਵਜੇ ਤੋਂ ਸ਼ੁਰੂ ਹੋ ਕੇ ਰਾਤ ਦੇ 11 ਵਜੇ ਖਤਮ ਹੁੰਦੀ ਯਾਨਿ ਪੂਰੇ ਅਠਾਰਾਂ ਘੰਟੇ ਦੀ ਤਨਖਾਹ ਪੰਜਾਹ ਪੈਨੀਆਂ ਘੰਟੇ ਦੀਆਂ ਵੀ ਨਾ ਬਣਦੀ। ਮਹਾਂ ਸਿੰਘ ਦੇ ਇੰਡੀਆ ਜਾਣ ਦਾ ਵਕਤ ਹੋਇਆ ਤੇ ਉਸ ਦਾ ਇਕ ਪ੍ਰਸ਼ੰਸਕ ਉਸ ਨੂੰ ਪੁੱਛਦਾ, "ਮਹਾਂ ਸਿੰਘ ਜੀ, ਜਾ ਕਿਉਂ ਰਹੇ ਹੋ, ਲੋਕ ਇਥੇ ਆਉਣ ਦੇ ਤਾਂ ਅੱਜ-ਕੱਲ੍ਹ ਬਾਰਾਂ-ਬਾਰਾਂ ਲੱਖ ਦਿੰਦੇ ਆ।"

"ਦਿੰਦੇ ਹੋਣਗੇ, ਜਿਨ੍ਹਾਂ ਇਥੇ ਆ ਕੇ ਆਪਣੇ ਬਾਰਾਂ ਲੱਖ ਪੂਰੇ ਕਰਨ ਵਾਸਤੇ ਕੋਈ ਗ਼ਲਤ-ਮਲਤ ਕੰਮ ਕਰਨੇ ਹੁੰਦੇ ਆ। ਸਾਨੂੰ ਮਹਾਰਾਜ ਇੰਡੀਆ 'ਚ ਵੀ ਦੋ ਪ੍ਰਸ਼ਾਦੇ ਇੱਜ਼ਤ ਦੇ ਦੇਈ ਜਾਂਦਾ ਸੀ, ਇਥੇ ਪੂਰੀ ਕਮੇਟੀ ਨੇ ਮੈਨੂੰ ਪੰਜਾਹ ਪੌਂਡ ਦਾ ਗੁਲਾਮ ਬਣਾ ਕੇ ਰੱਖਿਆ ਹੋਇਆ, ਕਦੇ ਕਿਸੇ ਨੂੰ ਮੇਰੀ ਲੋੜ ਦਾ ਅਹਿਸਾਸ ਨਹੀਂ ਹੋਇਆ। ਮੈਂ ਦੋ ਸਾਲ ਵਾਸਤੇ ਆਇਆ ਸੀ, ਉਹ ਮੈਂ ਆਪਣਾ ਬਚਨ ਪੁਗਾ ਚੱਲਿਆਂ।"

'ਐਨਾ ਜ਼ੁਲਮ ਹੁੰਦਾ ਰਿਹਾ ਤੁਹਾਡੇ ਨਾਲ ਮਹਾਂ ਸਿੰਘ ਜੀ ਤੇ ਤੁਸੀਂ ਕਦੀ ਆਪਣੀ ਜ਼ੁਬਾਨ ਨਹੀਂ ਖੋਲ੍ਹੀ, ਕਮੇਟੀ ਦੇ ਪ੍ਰਧਾਨ ਕੋਲ?'

"ਭਾਈ ਸਾਹਿਬ, ਮੈਂ ਸਿਰਫ ਗੁਰੂ ਮਹਾਰਾਜ ਤੋਂ ਹੀ ਮੰਗਦਾ, ਬੰਦੇ ਤੋਂ ਕਦੇ ਨਹੀਂ ਮੰਗਦਾ, ਬੰਦੇ ਤਾਂ ਸਾਰੇ ਭੁੱਖ ਦੇ ਮਾਰੇ ਦੌੜੇ ਫਿਰਦੇ ਆ। ਇਹ ਕਿਸੇ ਨੂੰ ਕੀ ਦੇਣ ਜੋਗੇ ਆ?"

ਪ੍ਰਸ਼ੰਸਕ ਸੱਜਣ ਆਖਣ ਲੱਗਾ, "ਬਲਿਹਾਰੇ ਜਾਈਏ ਤੁਹਾਡੇ ਮਹਾਂ ਸਿੰਘ ਜੀ, ਤੁਸੀਂ ਤਾਂ ਸੱਚੇ ਸਿੱਖ ਦਾ ਦਰਜਾ ਪਾ ਲਿਆ, ਅੱਜ-ਕੱਲ੍ਹ ਤਾਂ ਲੋਕ ਭਾਈਆਂ ਨੂੰ ਬਦਨਾਮ ਕਰਨ 'ਤੇ ਤੁਲੇ ਹੋਏ ਨੇ, ਫਲਾਣੇ ਥਾਂ ਭਾਈਆਂ ਨੇ ਆਹ ਕਰ ਦਿੱਤਾ, ਔਹ ਕਰ ਦਿੱਤਾ, ਪਰ ਕਮੇਟੀ ਦੀਆਂ ਕਰਤੂਤਾਂ ਨੂੰ ਕੋਈ ਨਹੀਂ ਗੌਲਦਾ। ਬਈ ਇਹ ਭਾਈਆਂ ਨਾਲ ਕੀ ਸਲੂਕ ਕਰਦੇ ਆ, ਪੰਜਾਹ ਪੌਂਡ ਹਫਤੇ ਦੇ... ਨਿਰਾ ਜ਼ੁਲਮ, ਤੁਹਾਡੀ ਥਾਂ ਹੁੰਦਾ ਕੋਈ ਲੋਕਲ ਭਾਈ ਤਾਂ ਕਮੇਟੀ ਵਾਲਿਆਂ ਨੂੰ ਤਾਰੇ ਦਿੰਦਾ ਦਿਖਾ।"

"ਚਲੋ ਛੱਡੋ ਜੀ, ਅਸੀਂ ਆਪਣਾ ਬਚਨ ਨਿਭਾਅ ਚੱਲੇ ਆਂ, ਅੱਗੋਂ ਉਹ ਜਾਣਨ, ਉਨ੍ਹਾਂ ਦਾ ਕੰਮ ਜਾਣੇ-ਸਾਨੂੰ ਕੀ?"

# ਪ੍ਰੋ. ਦਰਸ਼ਨ ਸਿੰਘ ਦਾ 'ਗਿਆਨੀ ਦਿੱਤ ਸਿੰਘ' ਗੋਲਡ ਮੈਡਲ ਨਾਲ ਸਨਮਾਨ

## ਇੰਡੀਅਨਐਪੋਲਿਸ ਦਾ ਸਮਾਗਮ ਇਤਿਹਾਸ ਦਾ ਪੰਨਾ ਹੋ ਨਿਬੜਿਆ

**ਇੰਡੀਅਨਐਪੋਲਿਸ (ਪੰਜਾਬ ਟਾਈਮਜ਼ ਬਿਊਰੋ):** ਇਥੇ ਗੁਰਦਵਾਰਾ ਗੁਰੂ ਨਾਨਕ ਸਿੱਖ ਸੁਸਾਇਟੀ ਵਿਖੇ ਜੂਨ 1984 ਦੇ ਘੱਲੂਘਾਰੇ ਦੇ ਸਬੰਧ ਵਿਚ ਵਿਸ਼ੇਸ਼ ਦੀਵਾਨ ਸਜਾਏ ਗਏ ਅਤੇ ਇਸ ਮੌਕੇ ਕਮੇਟੀ ਵਲੋਂ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਦਾ ਸਿਰੋਪਾਉ ਅਤੇ 'ਗਿਆਨੀ ਦਿੱਤ ਸਿੰਘ' ਦੇ ਨਾਮ 'ਤੇ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ।


ਭਾਈ ਜਸਬੀਰ ਸਿੰਘ


ਭਾਈ ਫੁੰਮਣ ਸਿੰਘ


ਭਾਈ ਗੁਰਦਿਆਲ ਸਿੰਘ


ਭਾਈ ਪ੍ਰੀਤਮੋਹਨ ਸਿੰਘ


ਭਾਈ ਰਣਜੀਤ ਸਿੰਘ


ਭਾਈ ਰੇਸ਼ਮ ਸਿੰਘ ਖਾਲਸਾ

ਐਤਵਾਰ 6 ਜੂਨ ਵਾਲੇ ਦਿਨ ਸਜੇ ਦੀਵਾਨ ਵਿਚ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਭਾਈ ਸਵਿੰਦਰ ਸਿੰਘ ਦੇ ਜਥੇ ਨੇ ਆਪਣੀ ਰਸਭਿੰਨੀ ਰਸਨਾ ਨਾਲ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ।

ਪ੍ਰੋ. ਦਰਸ਼ਨ ਸਿੰਘ ਦੇ ਕੀਰਤਨ ਨੂੰ ਸੁਣਨ ਲਈ ਜਿਥੇ ਲੋਕਲ ਸੰਗਤਾਂ ਵਿਚ ਅੰਤਾਂ ਦਾ ਉਤਸ਼ਾਹ ਸੀ ਉਥੇ ਸੰਗਤਾਂ ਲਾਗਲੇ ਇਲਾਕਿਆਂ ਤੋਂ ਵੀ ਆਈਆਂ ਹੋਈਆਂ ਸਨ। ਸਿੱਖ ਕੌਮ ਦੇ ਬੇਅੰਤ


ਭਾਈ ਜਸਬੀਰ ਸਿੰਘ ਪ੍ਰੋ. ਦਰਸ਼ਨ ਸਿੰਘ ਖਾਲਸਾ ਨੂੰ ਗੋਲਡ ਮੈਡਲ ਭੇਟ ਕਰਦੇ ਹੋਏ


ਸਨਮਾਨ ਸਮੇਂ ਪ੍ਰੋ. ਦਰਸ਼ਨ ਸਿੰਘ ਖਾਲਸਾ ਗੁਰੂ ਘਰ ਦੇ ਪ੍ਰਬੰਧਕਾਂ ਨਾਲ

ਧਾਰਮਿਕ ਅਸਥਾਨਾਂ ਤੇ ਕਈ ਦਹਾਕੇ ਰੱਬੀ ਬਾਣੀ ਦਾ ਕੀਰਤਨ ਕਰ ਚੁੱਕੇ ਪ੍ਰੋ. ਦਰਸ਼ਨ ਸਿੰਘ ਦੀ ਰਸਭਿੰਨੀ ਆਵਾਜ਼ ਵਿਚ ਜਦੋਂ ਸੰਗਤਾਂ ਦੇ ਕੰਨਾਂ ਵਿਚ "ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ" ਦੀ ਧੁਨ ਪਈ ਤਾਂ ਸੰਗਤਾਂ ਦੀ ਲਿਵ ਗੁਰੂ ਚਰਨਾਂ ਵਿਚ ਲਗ ਗਈ।

ਜੂਨ 1984 ਦੇ ਘੱਲੂਘਾਰੇ ਦੀ ਗੱਲ ਕਰਦਿਆਂ ਪ੍ਰੋ. ਦਰਸ਼ਨ ਸਿੰਘ ਨੇ ਗੁਰੂ ਅਮਰਦਾਸ ਦੇ ਇਕ ਸ਼ਬਦ ਦਾ ਗਾਇਨ ਕੀਤਾ ਅਤੇ ਇਸ ਦੀ ਵਿਆਖਿਆ ਕਰਦਿਆਂ ਕਿਹਾ ਕਿ ਗੁਰੂ ਜੀ ਨੇ ਇਹ ਸ਼ਬਦ ਕਿਸੇ ਇੱਕ ਵਿਅਕਤੀ ਲਈ ਨਹੀਂ ਵਰਤੇ। ਇਹ ਸਮੁਚੀ ਜਾਤੀ ਲਈ ਹਨ। ਉਸ ਜਾਤੀ ਲਈ ਜਿਸ ਵਿਚ ਵੱਸਦੇ ਉਹ ਲੋਕ ਜਿਹੜੇ ਦੇਖਣ ਨੂੰ ਤਾਂ ਧਰਮੀ ਲੱਗਦੇ ਹਨ ਪਰ ਅੰਦਰੋਂ ਹਉਮੈ ਨਾਲ ਗ੍ਰਸੇ ਪਏ ਹਨ। ਐਸੇ ਅਖੌਤੀ ਧਰਮੀਆਂ ਨੂੰ ਗੁਰੂ ਜੀ ਆਖ ਰਹੇ ਹਨ, ਐ ਧਰਮੀ ਬੰਦੇ ਤੂੰ ਵਾਹਿਗੁਰੂ ਦਾ ਡਰ ਆਪਣੇ ਮਨ ਵਿਚ ਵਸਾ ਕੇ ਆਪਣੇ ਅੰਦਰਲੀ ਕਠੋਰਤਾ ਅਥਵਾ ਜਾਲਮਾਨਾ ਬਿਰਤੀ ਨੂੰ ਛੱਡ ਕੇ ਆਪਣੀ ਮੱਤ ਉਪਰ ਪਏ ਪਰਦੇ ਨੂੰ ਹਟਾ ਕੇ ਅਦਬ ਵਿਚ ਆ।

ਸਿੱਖ ਸੰਗਤਾਂ ਦੇ ਭਾਰੀ ਉਤਸ਼ਾਹ ਨੇ ਇੱਕ ਵਾਰ ਫੇਰ ਸਾਬਿਤ ਕਰ ਦਿੱਤਾ ਕਿ ਪ੍ਰੋ. ਦਰਸ਼ਨ ਸਿੰਘ ਸਿੱਖ ਪੰਥ ਦੀ ਅਤਿ ਸਤਿਕਾਰਤ ਸ਼ਖਸੀਅਤ ਹਨ। ਸੱਚ ਨੂੰ ਕਤਲ ਕਰਕੇ ਉਨ੍ਹਾਂ ਨੂੰ ਪੰਥ ਵਿਚੋਂ ਛੇਕੇ ਜਾਣ ਦਾ ਫੈਸਲਾ ਸੰਗਤਾਂ ਨੇ ਪ੍ਰਵਾਨ ਨਹੀਂ ਕੀਤਾ। ਜਿਸ ਸੱਚ ਨੂੰ ਬੇਰਹਿਮੀ ਨਾਲ ਕਤਲ ਕਰਕੇ ਪ੍ਰੋ. ਦਰਸ਼ਨ ਸਿੰਘ ਵਿਰੁਧ ਫੈਸਲੇ ਲਏ ਗਏ ਉਸ ਸੱਚ ਨੂੰ ਕੌਮ ਨੇ ਸ਼ੁਰੂ ਤੋਂ ਹੀ ਪਹਿਚਾਣ ਲਿਆ ਸੀ। ਉਨ੍ਹਾਂ ਦੇ ਕੀਰਤਨ ਦੇ ਪ੍ਰੋਗਰਾਮ ਉਦੋਂ ਤੋਂ ਹੀ ਲਗਾਤਾਰ ਜਾਰੀ ਹਨ।

ਘੱਲੂਘਾਰੇ ਸਬੰਧੀ ਰੱਖੇ ਗਏ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਵਿਸ਼ੇਸ਼ ਤੌਰ ਤੇ ਆਏ ਪ੍ਰੋ ਦਰਸ਼ਨ ਸਿੰਘ ਨੇ ਕਿਹਾ ਕਿ ਜਿਹੜਾ ਘੱਲੂਘਾਰਾ 26 ਸਾਲ ਪਹਿਲਾਂ ਵਰਤਿਆ ਉਸਦੀ ਪੀੜਾ ਨੂੰ ਅਸੀਂ ਅੱਜ ਵੀ ਮਹਿਸੂਸ ਕਰ ਰਹੇ ਹਾਂ। ਉਨ੍ਹਾਂ ਆਖਿਆ ਕਿ ਕੋਈ ਘੱਲੂਘਾਰਾ ਵੱਡਾ ਹੁੰਦਾ ਹੈ ਅਤੇ ਕੋਈ ਛੋਟਾ ਪਰ ਘੱਲੂਘਾਰੇ ਨਾਲ ਪੈਦਾ ਹੋਇਆ ਦਰਦ ਇੱਕੋ ਜਿਹਾ ਹੁੰਦਾ ਹੈ। ਘੱਲੂਘਾਰਾ 1984 ਵਿਚ ਵੀ ਹੋਇਆ ਅਤੇ ਉਸ ਤੋਂ ਬਾਅਦ ਵੀ। ਇੱਕ ਘੱਲੂਘਾਰੇ ਦਾ ਨਾਮ ਨੀਲਾ ਤਾਰਾ ਰੱਖ ਰੱਖ ਦਿੱਤਾ ਗਿਆ ਅਤੇ ਦੂਜੇ ਦਾ ਬਲੈਕ ਥੰਡਰ। ਦੋਹਾਂ ਘੱਲੂਘਾਰਿਆਂ ਨਾਲ ਦਰਬਾਰ ਸਾਹਿਬ ਦੀ ਮਰਿਆਦਾ ਵਿਚ ਵਿਘਨ ਪਿਆ। ਉਨ੍ਹਾਂ ਨੇ ਸਵਾਲ ਕੀਤਾ ਕਿ ਜਿਹੜੇ ਲੋਕ ਅੱਜ ਗੁਰੂ ਘਰਾਂ ਵਿਚ ਮਾਣ ਮਰਿਆਦਾ ਭੰਗ ਕਰ ਰਹੇ ਹਨ ਕਿਆ ਉਹ ਘੱਲੂਘਾਰਿਆਂ ਨੂੰ ਅੰਜਾਮ ਨਹੀਂ ਦੇ ਰਹੇ? ਪ੍ਰੋ. ਦਰਸ਼ਨ ਸਿੰਘ ਨੇ ਕਿਹਾ ਕਿ ਅਸੀਂ 1984 ਦੇ ਘੱਲੂਘਾਰੇ ਦਾ ਦੋਸ਼ ਇੰਦਰਾ ਗਾਂਧੀ ਸਿਰ ਲਾਉਂਦੇ ਹਾਂ ਜਿਹੜੀ ਕਿ ਉਥੇ ਆਈ ਵੀ ਨਹੀਂ। ਉਸ 'ਤੇ ਦੋਸ਼ ਲੱਗਦਾ ਹੈ ਅਤੇ ਲੱਗਣਾ ਵੀ ਚਾਹੀਦਾ ਹੈ ਕਿਉਂਕਿ ਉਸ ਦੇ ਹੁਕਮਾਂ ਨਾਲ 1984 ਦਾ ਘੱਲੂਘਾਰਾ ਵਰਤਾਇਆ ਗਿਆ। ਅੱਜ ਦੇ ਹਾਲਾਤ ਦੀ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਜੇ ਇੰਦਰਾ ਤੇ ਉਸ ਦੇ ਭੇਜੇ ਜਰਨੈਲ ਬਰਾੜ ਤੇ ਵੈਦਿਆ ਦੋਸ਼ੀ ਸਨ ਤਾਂ ਕੀ ਅੱਜ ਦੇ ਜਾਲਮ ਜੋ ਫੋਰਸਾਂ ਭੇਜ ਕੇ ਖੁਦ ਗੁਰੂ ਘਰਾਂ ਦੀ ਪਵਿਤਰਤਾ ਭੰਗ ਕਰਦੇ ਹਨ, ਕੀ ਉਹ ਘੱਟ ਦੋਸ਼ੀ ਹਨ? ਉਨ੍ਹਾਂ ਆਖਿਆ ਕਿ ਅੱਜ ਇੰਦਰਾ ਦੀ ਰੂਹ ਬਾਦਲ ਵਿਚ ਪ੍ਰਵੇਸ਼ ਕਰ ਚੁੱਕੀ ਏ ਜਿਸਨੇ ਅੱਗੋਂ ਆਪਣੇ ਜਰਨੈਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਪ੍ਰਧਾਨ ਅਤੇ ਅਖੌਤੀ ਜਥੇਦਾਰਾਂ ਨੂੰ ਗੁਰੂ ਘਰਾਂ ਅੰਦਰ ਅਸ਼ਾਂਤੀ ਫੈਲਾਉਣ ਦਾ ਹੁਕਮ ਸੁਣਾਇਆ ਹੋਇਆ ਹੈ। ਕੀ ਉਹ ਘੱਟ ਦੋਸ਼ੀ ਹਨ?

20ਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਬੋਲਾਂ, "ਜੇਕਰ ਫੌਜ ਦਰਬਾਰ ਸਾਹਿਬ ਵਿਚ ਦਾਖਲ ਹੋਈ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ" ਦੇ ਵਲਵਲਿਆਂ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਦੇ ਇਸ ਕਥਨ ਦਾ ਮਤਲਬ ਇਹ ਹੈ ਕਿ ਜਦੋਂ ਕਿਤੇ ਗੁਰਦੁਆਰਿਆਂ ਦੀ ਪਵਿਤਰਤਾ ਨੂੰ ਠੇਸ ਪਹੁੰਚਦੀ ਹੈ ਤਾਂ ਉਥੇ ਵੱਖਰੇ ਦੇਸ਼ ਦੀ ਖਾਹਿਸ਼ ਜਨਮ ਲੈਂਦੀ ਹੈ। ਗੁਰੂ ਘਰਾਂ ਨਾਲ ਜੁੜੇ ਸਿੱਖਾਂ ਦਾ ਮਨ ਲੋਚਦਾ ਹੈ ਕਿ ਜੇਕਰ ਸਾਡੀ ਆਪਣੀ ਸਰਕਾਰ ਹੋਵੇ ਤਾਂ ਸਾਡੇ ਧਾਰਮਿਕ ਅਸਥਾਨਾਂ ਦੀ ਪਵਿਤਰਤਾ ਨੂੰ ਕੋਈ ਭੰਗ ਨਹੀਂ ਕਰ ਸਕਦਾ।

ਪ੍ਰੋ. ਦਰਸ਼ਨ ਸਿੰਘ ਨੇ ਕੌਮ ਨੂੰ ਹਲੂਣਾ ਦਿੰਦਿਆਂ ਕਿਹਾ ਕਿ ਅੱਜ ਗੁਰੂ ਘਰਾਂ ਦੀ ਪਵਿੱਤਰਤਾ ਨੂੰ ਸਿੱਖੀ ਸਰੂਪ ਵਾਲਿਆਂ ਵਲੋਂ ਹੀ ਭੰਗ ਕੀਤਾ ਜਾ ਰਿਹਾ ਹੈ ਇਸ ਕਰਕੇ ਹੀ ਸਿੱਖ ਕੌਮ ਦੇ ਦੋਫਾੜ ਹੋ ਜਾਣ ਦੇ ਹਾਲਾਤ ਬਣੇ ਹੋਏ ਹਨ। ਹਾਲ ਹੀ ਵਿਚ ਇੰਗਲੈਂਡ ਅਤੇ ਕੈਨੇਡਾ ਵਿਚ ਵਾਪਰੀਆਂ ਘਟਨਾਵਾਂ 'ਤੇ ਦੁੱਖ ਜਾਹਰ ਕਰਦਿਆਂ ਕਿਹਾ ਕਿ ਜਿਹੜੇ ਗੁਰਦੁਆਰਿਆਂ ਵਿਚ ਜਾ ਕੇ ਇੱਟਾਂ ਪੱਥਰ ਮਾਰਦੇ ਹਨ, ਸ਼ੀਸ਼ੇ ਤੋੜਦੇ ਹਨ ਉਨ੍ਹਾਂ ਨੂੰ ਸਾਡੇ ਧਾਰਮਿਕ ਆਗੂਆਂ ਵਲੋਂ ਸਿਰੋਪੇ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇੰਗਲੈਂਡ ਅਤੇ ਕੈਨੇਡਾ ਵਿਚ ਗੁਰੂ ਘਰਾਂ ਵਿਚ ਹੁੱਲੜਬਾਜੀ ਕਰਨ ਵਾਲੇ ਲੋਕਾਂ ਨੂੰ ਉਥੋਂ ਦੀ ਪੁਲਿਸ ਨੇ ਤਾਂ ਗ੍ਰਿਫਤਾਰ ਕਰਕੇ ਉਨ੍ਹਾਂ 'ਤੇ ਚਾਰਜ ਲਾਏ ਹਨ, ਦੁਨੀਆਵੀ ਅਦਾਲਤਾਂ ਉਨ੍ਹਾਂ ਤੇ ਮੁਕਦਮਾ ਚਲਾ ਰਹੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਸਿੱਖ ਧਾਰਮਿਕ ਆਗੂ ਇਨ੍ਹਾਂ ਲੋਕਾਂ ਨੂੰ ਥਾਪੜੇ ਦਿੰਦੇ ਹਨ। ਉਨ੍ਹਾਂ ਸਵਾਲ ਕੀਤਾ ਕਿ ਕਿਆ ਸਾਡੇ ਆਗੂ ਦੁਨੀਆਂ ਨੂੰ ਇਹ ਦੱਸਣਾ ਚਾਹੁੰਦੇ ਹਨ ਕਿ ਉਹ ਇਨ੍ਹਾਂ ਲੋਕਾਂ ਨੂੰ ਉਤਸ਼ਾਹਤ ਕਰ ਰਹੇ ਹਨ ਤਾਂ ਕਿ ਉਹ ਅਜਿਹੇ ਕੰਮ ਹੋਰ ਹੌਸਲੇ ਨਾਲ ਕਰ ਸਕਣ ਅਤੇ ਕਿਆ ਇਸ ਨਾਲ ਸਿੱਖ ਕੌਮ ਦਾ ਅਕਸ ਦੁਨੀਆਂ ਵਿਚ ਖਰਾਬ ਕਰਨ ਲਈ ਸਾਡੇ ਹੀ ਆਗੂ ਜਿੰਮੇਵਾਰ ਨਹੀਂ ਬਣ ਰਹੇ? ਉਨ੍ਹਾਂ ਨੇ ਇਸ ਗੱਲ 'ਤੇ ਵੀ ਦੁੱਖ ਪ੍ਰਗਟ ਕੀਤਾ ਕਿ ਸਾਡੇ ਇਹ ਆਗੂ ਸਿੱਖ ਵਿਰੋਧੀ ਤਾਕਤਾਂ ਦੇ ਹੱਥਾਂ ਵਿਚ ਖੇਡ ਰਹੇ ਹਨ। ਪ੍ਰੋ. ਦਰਸ਼ਨ ਸਿੰਘ ਨੇ ਕੌਮ ਨੂੰ ਅਜਿਹੀਆਂ ਤਾਕਤਾਂ ਤੋਂ ਸੁਚੇਤ ਕਰਦਿਆਂ ਆਖਿਆ ਕਿ ਧਰਮ ਦੇ ਲਿਬਾਸ ਵਿਚ ਲੁਕੇ ਹੋਏ ਐਸੇ ਪਾਪੀ ਲੋਕਾਂ ਲਈ ਗੁਰੂ ਜੀ ਨੇ ਫੁਰਮਾਨ ਕੀਤਾ ਹੈ, "ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥

ਪ੍ਰੋ. ਦਰਸ਼ਨ ਸਿੰਘ ਨੇ ਕਿਹਾ ਕਿ ਅਸੀਂ ਇਮਾਰਤਾਂ ਦੇ ਨਹੀਂ ਸਗੋਂ ਸਿਧਾਂਤ ਦੇ ਪੁਜਾਰੀ ਹਾਂ। ਸ਼ਬਦ ਗੁਰੂ ਸਾਡਾ ਸਿਧਾਂਤ ਹੈ ਜੋ ਕਿ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਡੇ ਵਿਚਕਾਰ ਹੈ। ਜਦੋਂ ਮੱਸਾ ਰੰਗੜ ਦਰਬਾਰ ਸਾਹਿਬ ਵਿਚ ਬੈਠ ਗਿਆ ਸੀ ਤਾਂ ਕਿਸੇ ਸਿੱਖ ਨੇ ਉਥੇ ਮੱਥਾ ਨਹੀਂ ਟੇਕਿਆ ਕਿਉਂਕਿ ਸਿੱਖ ਇਮਾਰਤ ਦਾ ਪੁਜਾਰੀ ਨਹੀਂ ਹੈ ਆਪਣੇ ਗੁਰੂ ਦੀ ਪੂਜਾ ਕਰਦਾ ਹੈ। ਦਰਬਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਿੱਖਾਂ ਦੀ ਪੂਜਾ ਦਾ ਕੇਂਦਰ ਹੈ।

ਪ੍ਰੋ. ਦਰਸ਼ਨ ਸਿੰਘ ਨੇ ਇਹ ਵੀ ਸਪਸ਼ਟ ਕੀਤਾ ਕਿ ਅਕਾਲ ਤਖ਼ਤ ਦੇ ਸਿਧਾਂਤ ਅੱਗੇ ਹਰ ਸਿੱਖ ਦਾ ਸਿਰ ਝੁਕਦਾ ਹੈ, ਮੇਰਾ ਵੀ ਝੁਕਦਾ ਹੈ ਪਰ ਸਿੱਖੀ ਸਿਧਾਂਤਾਂ ਦਾ ਕਤਲ ਕਰਨ ਵਾਲੇ ਅਖੌਤੀ ਜਥੇਦਾਰਾਂ ਦੇ ਕੂੜ ਸਾਹਮਣੇ ਮੈਂ ਗੋਡੇ ਨਹੀਂ ਟੇਕ ਸਕਦਾ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਵਾਗਡੋਰ ਅੱਜ ਉਨ੍ਹਾਂ ਲੋਕਾਂ ਦੇ ਹੱਥ ਵਿਚ ਹੈ ਜਿਨ੍ਹਾਂ ਨੂੰ ਸ਼ਬਦ ਗੁਰੂ ਦੀ ਵੀ ਪਹਿਚਾਣ ਨਹੀਂ ਹੈ। ਉਨ੍ਹਾਂ ਨੂੰ ਇਹ ਵੀ ਨਹੀ ਪਤਾ ਕਿ ਸਿੱਖ ਦਾ ਕਿਹੜਾ


ਭਾਈ ਰਾਜੀਵਪਾਲ ਸਿੰਘ, ਪ੍ਰੋ. ਦਰਸ਼ਨ ਸਿੰਘ ਖਾਲਸਾ ਅਤੇ ਭਾਈ ਕੁਲਵਿੰਦਰ ਸਿੰਘ


ਭਾਈ ਸਵਿੰਦਰ ਸਿੰਘ ਅਤੇ ਜਥਾ ਕੀਰਤਨ ਕਰਦਿਆਂ

ਸ਼ਬਦ, ਗੁਰੂ ਹੈ। ਇਸੇ ਕਰਕੇ ਉਹ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਹੋਰ ਗ੍ਰੰਥਾਂ ਦਾ ਪ੍ਰਕਾਸ਼ ਕਰਨ ਦੀਆਂ ਗੱਲਾਂ ਕਰਦੇ ਹਨ। ਕਦੇ ਕਿਸੇ ਗ੍ਰੰਥ ਅੱਗੇ ਮੱਥੇ ਟੇਕਦੇ ਹਨ ਅਤੇ ਕਦੇ ਕਿਸੇ ਗ੍ਰੰਥ ਅੱਗੇ।

ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਗੁਰੂ ਘਰ ਦੇ ਸੇਵਾਦਾਰ ਭਾਈ ਰੇਸ਼ਮ ਸਿੰਘ ਨੇ ਸੰਗਤ ਨੂੰ ਖੁੱਲਾ ਸੱਦਾ ਦਿੱਤਾ ਕਿ ਕਿਸੇ ਵੀ ਪ੍ਰਾਣੀ ਨੂੰ ਪ੍ਰੋ. ਦਰਸ਼ਨ ਸਿੰਘ ਦੇ ਕੀਰਤਨ ਸਬੰਧੀ ਜਾਂ ਕੋਈ ਵੀ ਹੋਰ ਸਵਾਲ ਹੋਵੇ ਤਾਂ ਉਹ ਸਾਡੇ ਨਾਲ ਬੈਠ ਕੇ ਵਿਚਾਰ ਕਰ ਸਕਦਾ ਹੈ। ਜੇਕਰ ਕਿਸੇ ਨੂੰ ਕੋਈ ਸਵਾਲ ਪ੍ਰੋ. ਦਰਸ਼ਨ ਸਿੰਘ ਬਾਰੇ ਹੋਵੇ ਤਾਂ ਉਹ ਵੀ ਉਸ ਦਾ ਜਵਾਬ ਦੇਣਗੇ। ਜਿਕਰਯੋਗ ਹੈ ਕਿ ਕੁਝ ਸ਼ਰਾਰਤੀ ਅਨਸਰਾਂ ਨੇ ਪ੍ਰੋਗਰਾਮ ਨੂੰ ਤਾਰਪੀਡੋ ਕਰਨ ਲਈ ਕਈ ਤਰ੍ਹਾਂ ਦੀਆਂ ਧਮਕੀਆਂ ਵੀ ਦਿੱਤੀਆਂ ਸਨ ਪਰ ਗੁਰਮਤਿ ਦੇ ਧਾਰਨੀ ਗੁਰਮੁੱਖ ਪਿਆਰਿਆਂ ਦੀ ਦ੍ਰਿੜਤਾ ਕਰਕੇ ਪ੍ਰੋਗਰਾਮ ਨਿਰਵਿਘਨ ਨੇਪਰੇ ਚੜ੍ਹਿਆ।

ਇਥੇ ਜ਼ਿਕਰਯੋਗ ਹੈ ਕਿ 80ਵਿਆਂ ਵਿਚ ਜਦੋਂ ਪੰਜਾਬ ਜੁਲਮ ਦੀ ਅੱਗ ਵਿਚ ਜਲ ਰਿਹਾ ਸੀ, ਪ੍ਰੋ. ਦਰਸ਼ਨ ਸਿੰਘ ਨੇ ਗੁਰਬਾਣੀ ਦੀ ਓਟ ਲੈ ਕੇ ਸਿੱਖਾਂ ਦਾ ਮਨੋਬਲ ਇੰਨਾ ਉਚਾ ਕੀਤਾ ਕਿ ਉਹ ਸਮੇਂ ਦੀ ਹਕੂਮਤ ਦਾ ਜੁਲਮ ਸਹਿੰਦੇ ਹੋਏ ਇਹ ਸਾਬਤ ਕਰ ਗਏ ਕਿ ਸਿੱਖੀ ਦਾ ਸਿਦਕ ਅਤੇ ਸਬਰ ਦੁਨੀਆਂ ਦੇ ਜਾਲਮਾਂ ਤੋਂ ਕਿਤੇ ਜਿਆਦਾ ਬਲਵਾਨ ਹੈ। ਗੁਰੂਘਰ ਦੇ ਮੁਖ ਸੇਵਾਦਾਰ ਭਾਈ ਰੇਸ਼ਮ ਸਿੰਘ ਨੇ ਕਿਹਾ ਕਿ ਸਿੱਖ ਕੌਮ ਵਿਚ ਜਾਗਰੂਕ ਸੰਗਤ ਦੀ ਵੀ ਕੋਈ ਘਾਟ ਨਹੀਂ ਹੈ ਜੋ ਐਸੇ ਵਿਦਵਾਨਾਂ ਨੂੰ ਆਪਣੀ ਬੁਕਲ ਦੇ ਨਿੱਘ ਤੋਂ ਵਾਂਝਾ ਨਹੀਂ ਹੋਣ ਦਿੰਦੀ। ਬੇਸ਼ਕ ਪ੍ਰੋ. ਦਰਸ਼ਨ ਸਿੰਘ ਨੂੰ ਸਿੱਖ ਪੰਥ ਵਿਚੋਂ ਛੇਕੇ ਜਾਣ ਦਾ ਨਾਦਰਸ਼ਾਹੀ ਹੁਕਮ ਚਾੜ੍ਹ ਦਿੱਤਾ ਗਿਆ ਹੈ ਪਰ ਜਾਗਰੂਕ ਸੰਗਤਾਂ ਨੇ ਗਲਤ ਫੈਸਲਿਆਂ ਨੂੰ ਕੋਈ ਮਾਨਤਾ ਨਹੀਂ ਦਿੱਤੀ। ਯਾਦ ਰਹੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੂੰ ਵੀ ਉਸ ਸਮੇਂ ਦੇ ਜਥੇਦਾਰਾਂ ਨੇ ਕੌਮ ਵਿਚੋਂ ਛੇਕ ਦੇਣ ਦੇ ਨਾਪਾਕ ਇਰਾਦੇ ਬਣਾਏ ਸਨ ਜਿਨ੍ਹਾਂ ਵਿਚ ਉਹ ਕਾਮਯਾਬ ਨਾ ਹੋ ਸਕੇ। ਇਸਦਾ ਸਪਸ਼ਟ ਸਬੂਤ ਸੰਤ ਭਿੰਡਰਾਂਵਾਲਿਆਂ ਦੀਆਂ ਤਕਰੀਰਾਂ ਵਿਚ ਮੌਜੂਦ ਹੈ।

ਗੁਰੂ ਘਰ ਦੇ ਸੇਵਾਦਾਰ ਭਾਈ ਰੇਸ਼ਮ ਸਿੰਘ, ਸਟੇਜ ਸਕੱਤਰ ਭਾਈ ਪ੍ਰੀਤਮੋਹਨ ਸਿੰਘ, ਬਜੁਰਗ ਆਗੂ ਅਤੇ ਗੁਰੂ ਘਰ ਦੇ ਮੋਢੀ ਮੈਂਬਰ ਭਾਈ ਫੁੰਮਣ ਸਿੰਘ ਅਤੇ ਭਾਈ ਗੁਰਦਿਆਲ ਸਿੰਘ ਆਦਿ ਸਾਰੇ ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਪ੍ਰਿੰਸੀਪਲ ਜਸਬੀਰ ਸਿੰਘ ਅਤੇ ਭਾਈ

(ਬਾਕੀ ਅਗਲੇ ਸਫੇ 'ਤੇ)


ਪ੍ਰੋ. ਦਰਸ਼ਨ ਸਿੰਘ ਖਾਲਸਾ ਸੰਗਤ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਨਾਲ

# ਪ੍ਰੋ. ਦਰਸ਼ਨ ਸਿੰਘ

ਰਣਜੀਤ ਸਿੰਘ ਨੇ ਇਤਿਹਾਸਕ ਹਵਾਲਿਆਂ ਨਾਲ ਸਾਬਿਤ ਕੀਤਾ ਕਿ ਜਿੱਤ ਅਖਿਰ ਸੱਚ ਦੀ ਹੀ ਹੋਵੇਗੀ। ਇਸ ਸਮਾਗਮ ਨੂੰ ਸਫਲ ਬਣਾਉਣ ਵਿਚ ਕਮੇਟੀ ਮੈਂਬਰਾਂ-ਭਾਈ ਸੁਰਜੀਤ ਸਿੰਘ, ਭਾਈ ਸਵਰਨ ਸਿੰਘ, ਭਾਈ ਜਰਨੈਲ ਸਿੰਘ, ਭਾਈ ਮਲਕੀਤ ਸਿੰਘ, ਭਾਈ ਅਵਤਾਰ ਸਿੰਘ ਅਤੇ ਭਾਈ ਚਰਨਜੀਤ ਸਿੰਘ ਤੋਂ ਇਲਾਵਾ ਮੱਖਣ ਸਿੰਘ, ਦਵਿੰਦਰ ਸਿੰਘ, ਜਸਵੀਰ ਸਿੰਘ, ਪ੍ਰਿਥਪਾਲ ਸਿੰਘ, ਦਰਸ਼ਨ ਸਿੰਘ ਪਿੰਕਾ, ਸੰਦੀਪ ਸਿੰਘ ਲਾਡੀ, ਅਮਰਜੀਤ ਸਿੰਘ ਅੰਬਾ, ਬਿੱਟੂ, ਮਨਜੀਤ ਸਿੰਘ ਰੀਐਲਟਰ, ਚਤਰਪਾਲ ਸਿੰਘ, ਹਰਜਾਪ ਸਿੰਘ, ਬਲਵਿੰਦਰ ਸਿੰਘ, ਮਨਜੀਤ ਸਿੰਘ ਬਿੱਟੂ, ਮਨਜੀਤ ਸਿੰਘ ਇਬਰਾਹੀਮਪੁਰ, ਹਰਦੇਵ ਸਿੰਘ, ਹਰਦੀਪ ਸਿੰਘ ਤੇ ਹੋਰ ਸੱਜਣਾਂ ਨੇ ਅਹਿਮ ਭੂਮਿਕਾ ਨਿਭਾਈ। ਸ਼ਿਕਾਗੋ ਤੋਂ ਅਜੈਬ ਸਿੰਘ, ਹਰਜਿੰਦਰ ਸਿੰਘ ਜਿੰਦੀ ਵਿਸ਼ੇਸ਼ ਤੌਰ 'ਤੇ ਪਹੁੰਚੇ।

ਇਸ ਪ੍ਰੋਗਰਾਮ ਦੀ ਆਡੀਉ ਤੇ ਵੀਡੀਉ ਗੁਰਦੁਆਰਾ ਸਾਹਿਬ ਦੀ ਵੈਬਸਾਈਟ www.indygurdwara.com 'ਤੇ ਸੁਣੀ/ਦੇਖੀ ਜਾ ਸਕਦੀ ਹੈ।

# ਸਿੱਖ ਸਪੋਰਟਸ ਐਸੋਸੀਏਸ਼ਨ ਦੀਆਂ ਖੇਡਾਂ 4 ਸਤੰਬਰ ਤੋਂ

**ਫਰੀਮਾਂਟ:** ਸਿੱਖ ਸਪੋਰਟਸ ਐਸੋਸੀਏਸ਼ਨ ਵਲੋਂ ਚੌਥੀਆਂ ਸਾਲਾਨਾ ਖੇਡਾਂ 4 ਅਤੇ 5 ਸਤੰਬਰ ਨੂੰ ਕਰਵਾਈਆਂ ਜਾ ਰਹੀਆਂ ਹਨ। ਇਸ ਵਾਰ ਇਹ ਖੇਡਾਂ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਦੇ ਖੇਡ ਮੈਦਾਨਾਂ ਵਿਚ ਹੋਣਗੀਆਂ। ਮੁੱਖ ਤੌਰ ਤੇ ਬਾਸਕਟਬਾਲ, ਟਰੈਕ ਐਂਡ ਫੀਲਡ, ਵਾਲੀਬਾਲ, ਹਾਕੀ, ਫੁੱਟਬਾਲ (ਸਾਕਰ), ਕੁਸ਼ਤੀਆਂ, ਕਬੱਡੀ ਅਤੇ ਕ੍ਰਿਕਟ ਦੇ ਮੁਕਾਬਲੇ ਕਰਵਾਏ ਜਾਣਗੇ।

ਸੰਸਥਾ ਦੇ ਇਕ ਬਿਆਨ ਅਨੁਸਾਰ ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਲਈ ਇਸ ਦੀ ਵੈਬ ਸਾਈਟ www.sikhsports.com 'ਤੇ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ। ਸੰਸਥਾ ਵਲੋਂ ਗੋਲਫ ਟੂਰਨਾਮੈਂਟ ਇਸ ਸਾਲ 17 ਜੁਲਾਈ ਨੂੰ ਮਿਲਪੀਟਸ ਦੇ ਸੰਮਿਟ ਪੁਆਇੰਟ ਗੋਲਫ ਕੋਰਸ ਵਿਚ ਹੀ ਕਰਵਾਇਆ ਜਾ ਰਿਹਾ ਹੈ। ਹੋਰ ਸੂਚਨਾ ਸਿੱਖ ਸਪੋਰਟਸ ਐਸੋਸੀਏਸ਼ਨ ਦੇ ਫੋਨ 866-499-0032 ਤੋਂ ਲਈ ਜਾ ਸਕਦੀ ਹੈ।


* ਵਿਆਹ ਸ਼ਾਦੀਆਂ
* ਜਨਮ ਦਿਨ
* ਮੰਗਣੀ
* ਗਰੈਜੂਏਸ਼ਨ ਪਾਰਟੀ
* ਖੁਸ਼ੀ ਦੇ ਹੋਰ ਮੌਕੇ
* ਢੋਲੀ
* ਡਾਂਸਰ
* ਲਾਈਟਾਂ
» Explicit Dholis
» Dancers
» Intelligent Lighting
PUNJABI | HINDI | HIP HOP | RAP
desi soundz
HOTTEST DJ IN BAY AREA
DJ Kamal 408.413.8350
DJ Kirna 510.648.4354
desi_soundz408@yahoo.com



DRE# 01425193
KELLER WILLIAMS
REALTY
A TRUSTED NAME IN REAL ESTATE WORLD
*UPSIDE DOWN ON YOUR HOME?
*BEHIND ON YOUR MORTGAGE PAYMENTS?
*LOSS OF JOB OR DECREASE IN INCOME?
*DON'T KNOW WHAT TO DO?
DON'T LET THE BANK TAKE YOUR HOME
SHORT SALE CAN BE A BETTER OPTION THAN FORECLOSURE FOR YOUR CREDIT.
GET $3,000 FROM GOVERNMENT BY SELLING YOUR HOME IN SHORT SALE.
(CALL TO SEE IF YOU MEET PROGRAM ELIGIBILITY)
(916) 256-5907

WE DON'T COMMIT
WE DELIVER
Harkirat Singh
DRE# 01841742
ECONOMY IS IMPROVING
ACT NOW
GREAT TIME TO BUY
A WIDE RANGE OF HOUSES
ALL SIZES
ALL PRICE RANGES
9355 E. Stockton Blvd. Suite 210
Elk Grove CA 95624
Tel: (916) 256-5907 • Fax: (916) 405-9012
Email: harkirat_7@yahoo.com



ROSHNI Lincensed and Certified
Beautycare
For Women by appointment only

• Hair Threading • Perm
• Facials (all kinds) • Waxing
• Face make-up • Haircut
• Highlights • Nails
Hair Color and Much more.
ਅਸੀਂ ਤੁਹਾਡੀ ਖੂਬਸੂਰਤੀ ਨੂੰ ਚਾਰ ਚੰਨ ਲਾਉਂਦੇ ਹਾਂ
We Assure You Best Of Attention & Will Give You Best Deals
Satisfaction Guaranteed
Lathrop, CA-95330
Tel: 209-244-2179
(Mon-Sun 10am-6pm)



G.M. Lawrence Insurance Brokerage ਅਤੇ Valley Truck Services
ਟਰੱਕ ਇੰਸ਼ੋਰੈਂਸ ਸੇਵਾਵਾਂ
• 28 Years of Experience in Truck Insurance Industry
• Appointed by 24 Top Rated US Insurance Companies
• All type of Trucking Coverage for Trucks, Container and Cargo
• Flexible Down Payment and Monthly Payment Options
• Quick Certificates & Excellent Services Guaranted!
ਸਾਡੀਆਂ ਟਰੱਕਿੰਗ ਸੇਵਾਵਾਂ
• California DMV Services
» New License Plates & Renewals
• Interstate & Intrastate Permits
» DOT #, MC #, CA #
» IFTA, UCR, MCP
» NM, KY, NY, OR Permits
» Highway Use Tax(2290)
• Truck Financing
• Corporation Setup
• Document Typing

ਸਾਨੂੰ ਅੱਜ ਹੀ ਕਾਲ ਕਰੋ
ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com
ਟਰਕਿੰਗ ਸੇਵਾਵਾਂ ਵਾਸਤੇ
Rajwinder Khehra and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com

ਟਰੱਕ ਇੰਸ਼ੋਰੈਂਸ ਵਿਚ ਸਾਡਾ 28 ਸਾਲ ਦਾ ਤਜਰਬਾ
ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ
Ph:(209) 474-2771, (888) 474-2771
7746 Lorraine Aenue #214, Stockton, CA 95210
ਟਰੱਕਿੰਗ ਬਿਜਨਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇੱਕੋ ਜਗ੍ਹਾ 'ਤੇ

# ਬੇਕਰਜ਼ਫੀਲਡ 'ਚ ਸਰਤਾਜ ਦੇ ਸ਼ੋਅ ਲਈ ਭਾਰੀ ਉਤਸ਼ਾਹ

**ਬੇਕਰਜ਼ਫੀਲਡ:** ਇਥੇ ਦੋ ਜੁਲਾਈ ਨੂੰ ਕਰਵਾਏ ਜਾ ਰਹੇ ਗਾਇਕ ਸਤਿੰਦਰ ਸਰਤਾਜ ਦੇ ਸ਼ੋਅ ਨੂੰ ਲੈ ਕੇ ਲੋਕਾਂ ਵਿਚ ਭਾਰੀ ਉਤਸ਼ਾਹ ਹੈ। ਸ਼ੋਅ ਦੇ ਇਕ ਪ੍ਰਬੰਧਕ ਮਨਦੀਪ ਮਾਨ ਨੇ ਦੱਸਿਆ ਕਿ ਇਸ ਸ਼ੋਅ ਦੀਆਂ ਟਿਕਟਾਂ ਕਰੀਬ ਕਰੀਬ ਵਿਕ ਚੁਕੀਆਂ ਹਨ। ਸ਼ੋਅ ਵੇਖਣ ਦੇ ਚਾਹਵਾਨ ਕੁਝ ਬਚੀਆਂ



ਟਿਕਟਾਂ ਸਥਾਨਕ ਭਾਰਤੀ ਗਰੌਸਰੀ ਸਟੋਰਾਂ ਤੋਂ ਖਰੀਦ ਸਕਦੇ ਹਨ। ਇਥੇ ਜ਼ਿਕਰਯੋਗ ਹੈ ਕਿ ਸਥਾਨਕ ਰੇਡੀਓ ਟਾਕ ਸ਼ੋਅ ਵਿਚ ਲੋਕਾਂ ਨੇ ਸਰਤਾਜ ਨੂੰ ਭਰਵਾਂ ਪਿਆਰ ਤੇ ਸਤਿਕਾਰ ਦਿੱਤਾ ਸੀ। ਸਰਤਾਜ ਨੇ ਵੀ ਸਰੋਤਿਆਂ ਨੂੰ ਸ਼ੇਅਰੋ ਸ਼ਾਇਰੀ ਨਾਲ ਸਰਸ਼ਾਰ ਕੀਤਾ।

ਪ੍ਰਬੰਧਕ ਮਨਦੀਪ ਮਾਨ ਅਨੁਸਾਰ ਸ਼ੋਅ ਵੇਖਣ ਆਏ ਦਰਸ਼ਕਾਂ ਨੂੰ ਖਾਣਾ ਮੁਫਤ ਦਿਤਾ ਜਾਏਗਾ। ਹੋਰ ਜਾਣਕਾਰੀ ਲਈ ਮਨਦੀਪ ਮਾਨ ਨਾਲ ਫੋਨ 661-889-1927 'ਤੇ ਸੰਪਰਕ ਕੀਤਾ ਜਾ ਸਕਦਾ ਹੈ।



*ਦਮਦਮੀ ਟਕਸਾਲ ਦੇ ਮੁੱਖੀ ਬਾਬਾ ਰਾਮ ਸਿੰਘ ਗੁਰੂ ਘਰ ਦੀ ਤਰਫੋਂ ਸਿਰੋਪਾਓ ਹਾਸਲ ਕਰਦੇ ਹੋਏ*




*ਜੈਨਕੋ ਦੇ ਸਲਾਨਾ ਕਲਚਰਲ ਪ੍ਰੋਗਰਾਮ 'ਤੇ ਕੁਲਵਿੰਦਰ ਸਿੰਘ ਬੈਂਸ, ਹਰਦੇਵ ਸਿੰਘ ਅਠਵਾਲ ਅਤੇ ਲੰਬੜਦਾਰ ਚੂਹੜ ਸਿੰਘ ਜੌਹਲ ਕਲਾਕਾਰ ਬੀਬੀ ਇਲਕਾ ਭਟਨਾਗਰ ਦਾ ਸਨਮਾਨ ਕਰਦੇ ਹੋਏ।*



*ਗੁਰਦੁਆਰਾ ਸੈਨ ਹੋਜ਼ੇ ਵਿਚ ਦਮਦਮੀ ਟਕਸਾਲ ਦੇ ਮੁੱਖੀ ਬਾਬਾ ਰਾਮ ਸਿੰਘ ਦਾ ਸਨਮਾਨ ਕੀਤਾ ਗਿਆ। ਭਾਈ ਸਾਹਿਬ ਸਿੰਘ, ਨਾਲ ਖੜੇ ਹਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ।*

# ਸ਼ਾਰਜਾਹ 'ਚ ਕੈਦ ਪੰਜਾਬੀਆਂ ਲਈ ਆਸ ਦੀ ਕਿਰਨ

**ਚੰਡੀਗੜ੍ਹ:** ਇਕ ਪਾਕਿਸਤਾਨੀ ਦੀ ਹੱਤਿਆ ਦੇ ਦੋਸ਼ 'ਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਸ਼ਾਰਜਾਹ 'ਚ ਕੈਦ 17 ਪੰਜਾਬੀ ਨੌਜਵਾਨਾਂ ਦਾ ਬਚਾਅ ਹੋਣ ਦੇ ਆਸਾਰ ਬਣ ਗਏ ਹਨ। ਦੁਬਈ ਦੀ ਇਕ ਪੰਜਾਬੀ ਸੁਸਾਇਟੀ ਪੀੜਤ ਪਰਿਵਾਰ ਨਾਲ ਸਮਝੌਤਾ ਕਰਨ 'ਚ ਲੱਗੀ ਹੋਈ ਹੈ, ਜਿਸ ਨੇ ਮੁਆਫੀ ਦੇ ਬਦਲੇ 'ਚ 'ਬਲੱਡ ਮਨੀ' (ਮੁਆਵਜ਼ਾ) ਲੈਣ ਦੀ ਸਹਿਮਤੀ ਜਤਾਈ ਹੈ।

ਪੰਜਾਬ ਤੋਂ ਗਏ 17 ਉਸਾਰੀ ਕਾਮੇ ਪਿਛਲੇ 16 ਮਹੀਨਿਆਂ ਤੋਂ ਦੁਬਈ ਜੇਲ੍ਹ 'ਚ ਹਨ ਅਤੇ ਉਨ੍ਹਾਂ ਨੂੰ ਪਾਕਿਸਤਾਨੀ ਨਾਗਰਿਕ ਮਿਸ਼ਰੀ ਖਾਨ ਦੀ ਹੱਤਿਆ ਦੇ ਦੋਸ਼ 'ਚ ਇਸ ਸਾਲ 29 ਮਾਰਚ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਹ ਹੱਤਿਆ ਨਾਜਾਇਜ਼ ਸ਼ਰਾਬ ਵੇਚਣ ਨੂੰ ਲੈ ਕੇ ਦੋ ਗਰੋਹਾਂ 'ਚ ਹੋਈ ਲੜਾਈ ਦੌਰਾਨ ਪਿਛਲੇ ਸਾਲ ਜਨਵਰੀ 'ਚ ਹੋਈ ਸੀ। ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) 'ਚ ਕਿਸੇ ਸਜ਼ਾਯਾਫਤਾ ਵਿਅਕਤੀ ਨੂੰ ਮੁਆਫੀ ਦਿੱਤੇ ਜਾਣ ਦੇ ਬਦਲੇ 'ਚ ਪੀੜਤ ਪਰਿਵਾਰ 'ਬਲੱਡ ਮਨੀ' ਸਵੀਕਾਰ ਕਰ ਸਕਦਾ ਹੈ।



*ਐਸ.ਪੀ. ਸਿੰਘ ਓਬਰਾਏ*

ਇੰਡੀਅਨ ਪੰਜਾਬੀ ਸੁਸਾਇਟੀ (ਆਈ.ਪੀ.ਸੀ.) ਦੇ ਬਾਨੀ ਮੈਂਬਰ ਐਸ.ਪੀ. ਸਿੰਘ ਓਬਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸੁਸਾਇਟੀ ਨੇ ਪੀੜਤ ਮਿਸ਼ਰੀ ਖਾਨ ਦੇ ਪਾਕਿਸਤਾਨ ਦੇ ਸਰਗੋਧਾ ਜ਼ਿਲ੍ਹੇ ਦੇ ਪਿੰਡ ਭਲਵਾਲ 'ਚ ਵੱਸਦੇ ਪਰਿਵਾਰ ਨਾਲ ਸੰਪਰਕ ਕਰ ਲਿਆ ਹੈ ਤੇ ਇਹ ਪਰਿਵਾਰ 'ਬਲੱਡ ਮਨੀ' ਲੈ ਕੇ ਸਾਰੇ 17 ਦੋਸ਼ੀਆਂ ਨਾਲ ਸਮਝੌਤੇ ਦੇ ਦਸਤਾਵੇਜ਼ 'ਤੇ ਦਸਤਖਤ ਕਰਨ ਲਈ ਸਹਿਮਤ ਹੋ ਗਿਆ ਹੈ।

ਸ੍ਰੀ ਓਬਰਾਏ ਨੇ ਦੱਸਿਆ ਕਿ 14 ਜੁਲਾਈ ਨੂੰ ਮਾਮਲੇ ਦੀ ਅਗਲੀ ਸੁਣਵਾਈ 'ਤੇ ਅਪੀਲਾਂ ਸਬੰਧੀ ਅਦਾਲਤ 'ਚ ਸਮਝੌਤੇ ਦੇ ਦਸਤਾਵੇਜ਼ ਪੇਸ਼ ਕਰਨ ਲਈ ਇਹ ਪਰਿਵਾਰ ਦੁਬਈ ਆਉਣ ਲਈ ਵੀ ਸਹਿਮਤ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਇਕ ਵਾਰ ਅਜਿਹਾ ਹੋ ਗਿਆ ਤਾਂ ਮੌਤ ਦੀ ਸਜ਼ਾ ਫੌਰੀ ਮਨਸੂਖ ਹੋ ਜਾਏਗੀ। ਫਿਰ ਇਨ੍ਹਾਂ ਨੌਜਵਾਨਾਂ 'ਤੇ ਨਾਜਾਇਜ਼ ਸ਼ਰਾਬ ਦੇ ਵਪਾਰ ਅਤੇ ਯੂ.ਏ.ਈ. 'ਚ ਗੈਰ-ਕਾਨੂੰਨੀ ਰਹਿਣ ਦੇ ਦੋਸ਼ਾਂ ਸਬੰਧੀ ਮੁਕੱਦਮਾ ਚੱਲੇਗਾ। ਉਨ੍ਹਾਂ ਦਾ ਹਲਕੀ ਜਿਹੀ ਸਜ਼ਾ ਨਾਲ ਵੀ ਛੁਟਕਾਰਾ ਹੋ ਸਕਦਾ ਹੈ। ਸ੍ਰੀ ਓਬਰਾਏ ਨੇ ਦੱਸਿਆ ਕਿ 17 ਭਾਰਤੀ ਨੌਜਵਾਨਾਂ ਨੂੰ ਛੁਡਾਉਣ ਦੀ ਇਹ ਸ਼ੁਰੂਆਤ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਦੁਬਈ ਫੇਰੀ ਨਾਲ ਹੀ ਸੰਭਵ ਹੋਈ।

ਆਈ.ਪੀ.ਐਮ. ਵਲੋਂ ਇਨ੍ਹਾਂ ਸਜ਼ਾਯਾਫਤਾ ਲੜਕਿਆਂ ਤੇ ਇਨ੍ਹਾਂ ਦੇ ਪਰਿਵਾਰਾਂ ਦੀ ਵਿੱਤੀ ਮਦਦ ਵੀ ਕੀਤੀ ਜਾ ਰਹੀ ਹੈ। ਇਹ ਸੁਸਾਇਟੀ ਇਨ੍ਹਾਂ ਨੌਜਵਾਨਾਂ ਨੂੰ ਆਏ ਹਫਤੇ 200 ਦਿਰਹਾਮ ਆਪਣੇ ਘਰੀਂ ਫੋਨ ਕਰਨ ਲਈ ਦਿੰਦੀ ਹੈ ਤੇ ਪੰਜਾਬ 'ਚ ਉਨ੍ਹਾਂ ਦੇ 7 ਪਰਿਵਾਰਾਂ ਨੂੰ ਵੀ ਹਰੇਕ ਨੂੰ 2500-2500 ਦਿਰਹਾਮ ਦੇ ਚੈਕ ਭੇਜੇ ਜਾ ਰਹੇ ਹਨ।

ਇਸੇ ਦੌਰਾਨ ਸ੍ਰੀ ਓਬਰਾਏ ਨੇ ਸਾਫ ਕੀਤਾ ਕਿ ਇਹ ਨੌਜਵਾਨ ਜੇਲ੍ਹ 'ਚ ਬੜੇ ਠੀਕ-ਠਾਕ ਰਹਿ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਅੱਖੀਂ ਉਨ੍ਹਾਂ ਦਾ ਹਾਲ ਦੇਖਿਆ ਸੀ। ਉਨ੍ਹਾਂ ਨੂੰ ਚੰਗਾ ਭੋਜਨ ਮਿਲ ਰਿਹਾ ਹੈ ਤੇ ਨਹਾਉਣ ਧੋਣ ਦੇ ਚੰਗੇ ਪ੍ਰਬੰਧ ਹਨ।

'ਬਲੱਡ ਮਨੀ' ਜਾਂ 'ਦੀਆ' ਉਹ ਰਕਮ ਹੈ ਜੋ ਕਿਸੇ ਮਕਤੂਲ ਦਾ ਪਰਿਵਾਰ ਕਾਤਲ ਤੋਂ ਲੈਂਦਾ ਹੈ ਤੇ ਇਵਜ਼ 'ਚ ਦੋਸ਼ੀ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦੀ ਮੰਗ ਛੱਡਦਾ ਹੈ। ਯੂ.ਏ.ਈ. 'ਚ ਮਰਨ ਵਾਲੇ ਮਰਦ ਲਈ ਘੱਟੋ-ਘੱਟ 2,00,000 ਦਿਰਹਾਮ ਤੇ ਔਰਤ ਲਈ 100,000 ਦਿਰਹਾਮ ਹੈ।



## ਪਾਂਡੀਚੇਰੀ ਦੇ ਵਿਰਸੇ ਦੀ ਸੰਭਾਲ ਲਈ ਫਰਾਂਸੀਸੀ ਸ਼ਹਿਰ ਨਾਲ ਸੰਧੀ

**ਲਾ ਰੋਸ਼ੈਲ, ਫਰਾਂਸ:** ਕੇਂਦਰ ਸ਼ਾਸਤ ਪ੍ਰਦੇਸ ਪਾਂਡੀਚੇਰੀ ਅਤੇ ਫ਼ਰਾਂਸੀਸੀ ਸ਼ਹਿਰ ਲਾ ਰੋਸ਼ੈਲ ਵਿਚਾਲੇ ਇਕ ਮੁਆਇਦਾ ਕੀਤਾ ਗਿਆ ਹੈ ਜਿਸ ਤਹਿਤ ਲਾ ਰੋਸ਼ੈਲ ਪਾਂਡੀਚੇਰੀ ਦੀ ਵਿਰਾਸਤ ਨੂੰ ਸੰਭਾਲਣ ਵਿਚ ਮਦਦ ਦੇਵੇਗਾ। ਇਸ ਸਬੰਧੀ ਸੰਧੀ ਉਤੇ ਦਸਤਖਤ ਪਿਛਲੇ ਦਿਨੀਂ ਪਾਂਡੀਚੇਰੀ ਦੇ ਉਪ ਰਾਜਪਾਲ ਸ੍ਰੀ ਇਕਬਾਲ ਸਿੰਘ ਅਤੇ ਲਾ ਰੋਸ਼ੈਲ ਦੇ ਮੇਅਰ ਨੇ ਕੀਤੇ।

ਇਸ ਮੌਕੇ ਭਾਰਤੀ ਵਫਦ ਦੀ ਅਗਵਾਈ ਕਰ ਰਹੇ ਸ੍ਰੀ ਇਕਬਾਲ ਸਿੰਘ ਨੇ ਜ਼ਿਕਰ ਕੀਤਾ ਕਿ ਪਾਂਡੀਚੇਰੀ ਦੀ ਆਜ਼ਾਦੀ ਤੋਂ ਬਾਅਦ ਸਵਰਗੀ ਪੰਡਤ ਜਵਾਹਰ ਲਾਲ ਨਹਿਰੂ ਨੇ ਪਾਂਡੀਚੇਰੀ ਨੂੰ ਫਰਾਂਸ ਵੱਲ ਖੁਲ੍ਹਦੀ ਖਿੜ੍ਹਕੀ ਆਖਿਆ ਸੀ। ਕੀਤੀ ਗਈ ਸੰਧੀ ਤਹਿਤ ਪਾਂਡੀਚੇਰੀ ਦੀਆਂ ਇਤਿਹਾਸਕ ਇਮਾਰਤਾਂ ਨੂੰ ਸੰਭਾਲਣ ਅਤੇ ਇਸ ਦੀ ਮੁਖ ਨਦੀ ਦੀ ਸਾਂਭ ਸੰਭਾਲ ਵਾਸਤੇ ਫਰਾਂਸ ਵਲੋਂ ਮਾਲੀ ਮਦਦ ਦਿੱਤੀ ਜਾਏਗੀ। ਜ਼ਿਕਰਯੋਗ ਹੈ ਕਿ ਪਾਂਡੀਚੇਰੀ ਲੰਮਾ ਸਮਾਂ ਫਰਾਂਸ ਦੀ ਬਸਤੀ ਰਿਹਾ ਹੈ।

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:wwwpunjabtimesusa.com*




GHADAR MEMORIAL
FOUNDATION OF AMERICA
SACRAMENTO.CA
Presents
ਗਦਰ ਮੈਮੋਰੀਅਲ ਪੰਜਾਬੀ ਕਾਨਫਰੰਸ
ਅਤੇ 10ਵਾਂ ਸੱਭਿਆਚਾਰਕ ਮੇਲਾ
10 ਜੁਲਾਈ 2010 ਦਿਨ ਸ਼ਨਿਵਾਰ ਨੂੰ ਸਵੇਰੇ 11 ਵਜੋਂ ਤੋਂ ਸ਼ਾਮ 7 ਵਜੇ ਤੱਕ
ਸਥਾਨ: Performing Art Center, Sheldon High School, 8333 Kingsbridge Dr., Sacramento CA 95829
Directions :- From hwy 99, Exit (289) Calvin Road, Left at Kingsbridge Rd, Performing Art Center on right
ਮੁੱਖ ਮਹਿਮਾਨ
ਸ.ਇਕਬਾਲ ਸਿੰਘ,
Lt. Governor of Puducherry, India
ਮੁੱਖ ਭਾਸ਼ਨ
ਕੁਲਦੀਪ ਨਈਅਰ
ਪੱਤਰਕਾਰ
ਸਾਬਕਾ ਰਾਜਦੂਤ ਯੂ.ਕੇ
ਉਦਘਾਟਨ ਕਾਨਫਰੰਸ
ਡਾਕਟਰ ਮਨਜੀਤ ਸਿੰਘ ਕੰਗ,
ਵਾਈਸ ਚਾਂਸਲਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ
ਬਹਿਸ ਦਾ ਆਰੰਭ (ਵਿਸ਼ੇਸ਼ ਮਹਿਮਾਨ)
ਪ੍ਰੋਫੈਸਰ ਗੁਰਭਜਨ ਸਿੰਘ ਗਿੱਲ
ਪ੍ਰਧਾਨ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ
ਪੇਪਰ ਪੇਸ਼ ਕਰਨਗੇ
ਪ੍ਰੋਫੈਸਰ ਸੁੱਚਾ ਸਿੰਘ ਗਿੱਲ
ਆਰਥਿਕ ਵਿਦਵਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ
ਬਹਿਸ ਵਿਚ ਭਾਗ ਲੈਣਗੇ
ਡਾਕਟਰ ਪ੍ਰਿਥੀਪਾਲ ਸਿੰਘ ਸੋਹੀ
ਪ੍ਰੋਫੈਸਰ ਰਾਜਨੀਤਕ ਸ਼ਾਸਤਰ, ਗੌਰਮਿੰਟ ਕਾਲਜ, ਲੁਧਿਆਣਾ
ਕਾਨਫਰੰਸ ਦਾ ਵਿਸ਼ਾ : "ਗਦਰੀ ਬਾਬਿਆਂ ਦੇ ਸੁਪਨਿਆਂ ਦਾ ਭਾਰਤ ਅਤੇ ਪੰਜਾਬ"
ਸੱਭਿਆਚਾਰਕ ਮੇਲਾ
Free Entry, Parking, Food and Tea!
ਦੇਸ਼ ਭਗਤ ਵਿਰਾਸਤ ਦਾ ਪੇਸ਼ਕਾਰ ਅਤੇ ਸਮਾਜਿਕ ਕੁਰੀਤੀਆਂ ਦੇ ਖਿਲਾਫ਼ ਝੰਡਾ ਬਰਦਾਰ
ਪੰਜਾਬੀ ਲੋਕ ਗਾਇਕ ਸਰਬਜੀਤ ਚੀਮਾ
ਗੀਤ, ਸੰਗੀਤ ਪੇਸ਼ ਕਰਨਗੇ।
ਆਪ ਜੀ ਨੂੰ ਪਰਿਵਾਰ ਸਮੇਤ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।
ਹੋਰ ਜਾਣਕਾਰੀ ਲੈਣ ਲਈ ਪ੍ਰਬੰਧਕ ਕਮੇਟੀ ਦੇ ਹੇਠ ਲਿਖੇ ਮੈਂਬਰਾਂ ਨਾਲ ਸੰਪਰਕ ਕਰੋ
ਗੁਲਿੰਦਰ ਸਿੰਘ ਗਿੱਲ 916-844-5310
ਬਲਵਿੰਦਰ ਸਿੰਘ ਡੁਲਕੂ 916-289-5956
ਜਰਨੈਲ ਸਿੰਘ ਮੰਡੇਰ 916-698-4245
ਕੁਲਦੀਪ ਸਿੰਘ ਅਟਵਾਲ 209-769-4784
ਜਨਕ ਰਾਜ ਸਿੱਧਰਾ 916-607-9287
ਗੁਰਦੀਪ ਸਿੰਘ ਗਿੱਲ 916-862-5123
ਜਗਜੀਤ ਸਿੰਘ ਕੰਦੋਲਾ 916-968-0901
ਚਰਨ ਸਿੰਘ ਜੱਜ 916-256-5367
ਕੁਲਦੀਪ ਸਿੰਘ ਧਾਲੀਵਾਲ 916-320-1414

# ਦੱਖਣੀ ਅਫਰੀਕਾ ਤੇ ਫਰਾਂਸ ਵਿਸ਼ਵ ਕੱਪ ‘ਚੋਂ ਬਾਹਰ

## ਦੱਖਣੀ ਅਫਰੀਕਾ ਨੇ ਫਰਾਂਸ ਨੂੰ, ਸਵਿਟਜ਼ਰਲੈਂਡ ਨੇ ਸਪੇਨ ਨੂੰ ਤੇ ਸਰਬੀਆ ਨੇ ਜਰਮਨੀ ਨੂੰ ਹਰਾ ਕੇ ਕੀਤਾ ਵੱਡਾ ਉਲਟਫੇਰ

**ਬਲੋਮਫੋਂਟੇਨ (ਪੰਜਾਬ ਟਾਈਮਜ਼ ਬਿਊਰੋ):** ਇਸ ਵਾਰ ਵਿਸ਼ਵ ਕੱਪ ਫੁੱਟਬਾਲ ‘ਚ ਕਈ ਉਲਟਫੇਰ ਹੋਏ ਹਨ। ਦੱਖਣੀ ਅਫਰੀਕਾ ਤੋਂ ਹਾਰਨ ਕਰਕੇ ਫਰਾਂਸ ਵਿਸ਼ਵ ਕੱਪ ਤੋਂ ਬਾਹਰ ਹੋ ਗਿਆ ਹੈ ਭਾਵੇਂਕਿ ਇਹ ਜਿੱਤ ਦੱਖਣੀ ਅਫਰੀਕਾ ਨੂੰ ਵੀ ਵਿਸ਼ਵ ਕੱਪ ਤੋਂ ਬਾਹਰ ਹੋਣ ਤੋਂ ਨਹੀਂ ਬਚਾ ਸਕੀ। ਜਿੱਥੇ ਗਰੁਪ ਏ ਦੇ ਇਕ ਅਹਿਮ ਮੁਕਾਬਲੇ ‘ਚ ਮੇਜ਼ਬਾਨ ਦੱਖਣੀ ਅਫਰਈਕਾ ਨੇ ਫਰਾਂਸ ਨੂੰ 2-1 ਨਾਲ ਹਰਾ ਦਿੱਤਾ ਉਥੇ ਸਵਿਟਜ਼ਰਲੈਂਡ ਨੇ ਖਿਤਾਬ ਦੇ ਵੱਡੇ ਦਾਅਵੇਦਾਰ ਸਪੇਨ ਨੂੰ 1-0 ਨਾਲ ਤੇ ਸਰਬੀਆ ਨੇ ਜਰਮਨੀ ਨੂੰ 1-0 ਨਾਲ ਮਾਤ ਦੇ ਕੇ ਝਟਕਾ ਦਿੱਤਾ। ਲਾਤੀਨੀ ਅਮਰੀਕੀ ਦੇਸ਼ ਪੈਰਾਗੂਏ ਨੇ 14 ਜੂਨ ਨੂੰ ਆਪਣੇ ਪਹਿਲੇ ਮੈਚ ‘ਚ ਮੌਜੂਦਾ ਵਿਸ਼ਵ ਚੈਂਪੀਅਨ ਇਟਲੀ ਨੂੰ 1-1 ਦੀ ਬਰਾਬਰੀ ‘ਤੇ ਰੋਕ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਤੇ ਗਰੁਪ-ਜੀ ਦੇ ਇਕ ਅਹਿਮ ਮੁਕਾਬਲੇ ‘ਚ ਪੁਰਤਗਾਲ ਨੇ ਉਤਰ ਕੋਰੀਆ ਨੂੰ 7-0 ਨਾਲ ਕਰਾਰੀ ਹਾਰ ਦਿੱਤੀ ਜੋ ਕਿ ਹੁਣ ਤੱਕ ਸਭ ਤੋਂ ਵੱਡੀ ਜਿੱਤ ਹੈ।


ਗਰੁਪ ਏ ਵਿਚ ਫਰਾਂਸ ਨੂੰ ਹਰਾਉਣ ਦੇ ਬਾਵਜੂਦ ਦੱਖਣੀ ਅਫਰੀਕੀ ਟੀਮ ਅਗਲੇ ਦੌਰ ‘ਚ ਜਗ੍ਹਾਂ ਨਹੀਂ ਬਣਾ ਸਕੀ ਕਿਉਂਕਿ ਇਸੇ ਗਰੁਪ ਦੇ ਦੂਸਰੇ ਮੁਕਾਬਲੇ ‘ਚ ਉਰੂਗਵੇ ਦੇ ਹੱਥੋਂ 0-1 ਨਾਲ ਹਾਰ ਕੇ ਵੀ ਮੈਕਸੀਕੋ ਦੀ ਟੀਮ ਵਧੀਆ ਗੋਲ ਅੰਤਰ ਦੇ ਲਿਹਾਜ ਨਾਲ ਪ੍ਰੀ-ਕੁਆਟਰ ਫਾਈਨਲ ਵਿਚ ਪਹੁੰਚਣ ‘ਚ ਸਫਲ ਰਹੀ। ਇਸ ਗਰੁਪ ‘ਚ ਚੌਥਾ ਸਥਾਨ ਪ੍ਰਾਪਤ ਕਰਨ ਵਾਲੀ ਫਰਾਂਸ ਦੀ ਟੀਮ ਨੇ 70ਵੇਂ ਮਿੰਟ ‘ਚ ਆਪਣਾ ਪਹਿਲਾ ਗੋਲ ਕੀਤਾ। ਇਹ ਗੋਲ ਫਰਾਂਸ ਦੇ ਫਲੋਰੇਂਟ ਮਲੂਡਾ ਨੇ ਕੀਤਾ। ਦੱਖਣੀ ਅਫ਼ਰੀਕਾ ਦੀ ਟੀਮ ਨੇ 20ਵੇਂ ਮਿੰਟ ‘ਚ 1-0 ਦੀ ਬੜ੍ਹਤ ਹਾਸਲ ਕਰਨ ਦੇ ਬਾਅਦ 37ਵੇਂ ਮਿੰਟ ‘ਚ ਦੂਸਰਾ ਗੋਲ ਕੀਤਾ। ਫਰਾਂਸ ਦੀ ਟੀਮ ਨੂੰ ਆਪਣੇ ਪਹਿਲੇ ਗਰੁਪ ਮੁਕਾਬਲੇ ‘ਚ ਉਰੂਗਵੇ ਨਾਲ ਡਰਾਅ ਖੇਡਣਾ ਪਿਆ ਸੀ ਜਦੋਂਕਿ ਦੂਸਰੇ ਮੁਕਾਬਲੇ ‘ਚ ਉਸ ਨੂੰ ਮੈਕਸੀਕੋ ਨੇ 2-0 ਨਾਲ ਹਾਰ ਦਿੱਤੀ ਸੀ। ਦੱਖਣੀ ਅਫਰੀਕਾ ਦੀ ਟੀਮ ਨੇ ਆਪਣੇ ਪਹਿਲੇ ਮੁਕਾਬਲੇ ‘ਚ ਮੈਕਸੀਕੋ ਨੂੰ 1-1 ਦੀ ਬਰਾਬਰੀ ‘ਤੇ ਰੋਕਣ ‘ਚ ਸਫਲਤਾ ਪ੍ਰਾਪਤ ਕੀਤੀ ਸੀ ਪਰ ਦੂਸਰੇ ਮੁਕਾਬਲੇ ‘ਚ ਉਰੂਗਵੇ ਨੇ ਉਸ ਨੂੰ 3-0 ਨਾਲ ਹਰਾ ਦਿੱਤਾ ਸੀ।

ਜੇ ਵਿਸ਼ਵ ਕੱਪ ਦੇ ਪਿਛਲੇ 6 ਨਤੀਜਿਆਂ ਨੂੰ ਦੇਖਿਆ ਜਾਵੇ ਤਾਂ ਵਿਸ਼ਵ ਕੱਪ ਫੁੱਟਬਾਲ ਦਾ ਜੇਤੂ ਬ੍ਰਾਜ਼ੀਲ, ਜਰਮਨੀ ਜਾਂ ਅਰਜਨਟੀਨਾ ‘ਚੋਂ ਇਕ ਹੋ ਸਕਦਾ ਹੈ। ਪਿਛਲੇ ਛੇ ਫੁੱਟਬਾਲ ਵਿਸ਼ਵ ਕੱਪਾਂ ‘ਚ ਉਹੀ ਟੀਮ ਖਿਤਾਬੀ ਜਿੱਤ ਦਾ ਸਫਰ ਤੈਅ ਕਰਨ ‘ਚ ਸਫਲ ਰਹੀ ਹੈ ਜਿਸ ਨੇ ਆਪਣਾ ਸ਼ੁਰੂਆਤੀ ਮੈਚ ਜਿੱਤਿਆ ਹੈ ਤੇ ਇਸ ਤਰ੍ਹਾਂ ਨਾਲ ਇਨ੍ਹਾਂ ਤਿੰਨਾਂ ਟੀਮਾਂ ਦੇ ਇਲਾਵਾ ਦੱਖਣੀ ਕੋਰੀਆ, ਹਾਲੈਂਡ, ਜਾਪਾਨ, ਘਾਨਾ, ਚਿਲੀ ਤੇ ਸਲੋਵਾਕੀਆ ਵੀ ਜਿੱਤ ਦੇ ਦਾਅਵੇਦਾਰ ਹਨ। ਸਾਲ 2006 ‘ਚ ਇਟਲੀ ਨੇ ਜਰਮਨੀ ਵਿਚ ਜਦੋਂ ਵਿਸ਼ਵ ਕੱਪ ਜਿੱਤਿਆ ਤਾਂ ਉਸ ਨੇ ਆਪਣੇ ਪਹਿਲੇ ਮੈਚ ‘ਚ ਘਾਨਾ ਨੂੰ 2-0 ਨਾਲ ਮਾਤ ਦਿੱਤੀ ਸੀ ਜਦੋਂਕਿ 2002 ਦੇ ਚੈਂਪੀਅਨ ਬ੍ਰਾਜ਼ੀਲ ਨੇ ਇਸ ਟੂਰਨਾਮੈਂਟ ਦੇ ਆਪਣੇ ਪਹਿਲੇ ਮੈਚ ‘ਚ ਤੁਰਕੀ ਨੂੰ 2-1 ਨਾਲ ਹਰਾਇਆ ਸੀ। ਬ੍ਰਾਜ਼ੀਲ ਨੂੰ ਹਰਾ ਕੇ ਚੈਂਪੀਅਨ ਬਣੇ ਫਰਾਂਸ ਨੇ 1998 ‘ਚ ਆਪਣੇ ਪਹਿਲੇ ਮੈਚ ‘ਚ ਦੱਖਣੀ ਅਫ਼ਰੀਕਾ ‘ਤੇ 3-0 ਨਾਲ ਜਿੱਤ ਦਰਜ ਕੀਤੀ ਸੀ ਜਦੋਂਕਿ ਬ੍ਰਾਜ਼ੀਲ ਨੇ 1994 ‘ਚ ਰੂਸ ਨੂੰ 2-0 ਨਾਲ ਹਰਾ ਕੇ ਖਿਤਾਬ ਤੱਕ ਦਾ ਸਫਰ ਕੀਤਾ ਸੀ।

### ਖੇਡੇ ਗਏ ਮੈਚਾਂ ਦਾ ਵੇਰਵਾ

ਦੱਖਣੀ ਅਮਰੀਕੀ ਦੇਸ਼ ਉਰੂਗਵੇ ਨੇ ਗਰੁਪ-ਏ ਦੇ ਦਿਲਚਸਪ ਮੁਕਾਬਲੇ ‘ਚ ਮੈਕਸੀਕੋ ਨੂੰ 1-0 ਨਾਲ ਹਰਾਇਆ। ਅੱਧ ਤੱਕ ਉਰੂਗਵੇ ਨੇ ਇਸੇ ਅੰਤਰ ਨਾਲ ਬੜ੍ਹਤ ਬਣਾਈ ਰੱਖੀ ਸੀ। ਉਰੂਗਵੇ ਨੇ 43ਵੇਂ ਮਿੰਟ ‘ਚ ਆਪਣਾ ਪਹਿਲਾ ਗੋਲ ਕੀਤਾ। ਟੀਮ ਲਈ ਇਹ ਗੋਲ ਫਾਰਵਰਡ ਖਿਡਾਰੀ ਲੁਈਸ ਸੁਆਰੇਜ ਨੇ ਕੀਤਾ ਤੇ ਸੁਆਰੇਜ ਨੂੰ ਮੈਨ ਆਫ਼ ਦਾ ਮੈਚ ਚੁਣਿਆ ਗਿਆ। ਹਾਰ ਦੇ ਬਾਵਜੂਦ ਮੈਕਸੀਕੋ ਦੀ ਟੀਮ ਆਖਰੀ-16 ‘ਚ ਪੁਹੰਚਣ ਵਿਚ ਸਫਲ ਰਹੀ।

ਗਰੁਪ-ਐਚ ਵਿਚ ਸਪੇਨ ਨੇ ਹਾਂਡੂਰਸ ਨੂੰ 2 ਗੋਲਾਂ ਨਾਲ ਹਰਾ ਦਿੱਤਾ। ਮੈਚ ਦੇ 17ਵੇਂ ਮਿੰਟ ‘ਚ ਸਪੇਨ ਦੇ ਖਿਡਾਰੀ ਡੇਵਿਡ ਵਿੱਲਾ ਨੇ ਹਾਂਡੂਰਸ ਦੇ ਦੋ ਡਿਫੈਂਡਰਾਂ ਨੂੰ ਮਾਤ ਦੇ ਕੇ ਸ਼ਾਨਦਾਰ ਗੋਲ ਕੀਤਾ ਤੇ ਆਪਣੀ ਟੀਮ ਨੂੰ ਇਕ ਗੋਲ ਦੀ ਬੜ੍ਹਤ ਦਿਵਾ ਦਿੱਤੀ। ਇਸ ਤੋਂ ਬਾਅਦ ਮੈਚ ਦੇ 51ਵੇਂ ਮਿੰਟ ‘ਚ ਡੇਵਿਡ ਵਿੱਲਾ ਨੇ ਫਿਰ ਹੱਲਾ ਬੋਲਿਆ ਤੇ ਸਪੇਨ ਨੂੰ 2-0 ਨਾਲ ਬੜ੍ਹਤ ਦਿਵਾ ਦਿੱਤੀ। ਦੋ ਹੋਰ ਅਹਿਮ ਮੈਚਾਂ ‘ਚ ਅਰਜਨਟੀਨਾ ਨੇ ਯੂਨਾਨ ਨੂੰ 2-0 ਨਾਲ ਹਰਾ ਦਿੱਤਾ ਜਦਕਿ ਨਾਈਜੀਰੀਆ ਤੇ ਦੱਖਣੀ ਕੋਰੀਆ ਦੀਆਂ ਟੀਮਾਂ 2-2 ਗੋਲਾਂ ਨਾਲ ਬਰਾਬਰ ਰਹੀਆਂ। ਅਰਜਨਟੀਨਾ ਦੇ ਖਿਡਾਰੀ ਡੈਮੀਚੇਲਿਸ ਨੇ ਮੈਚ ਦੇ 77ਵੇਂ ਮਿੰਟ ਤੇ ਪਲੇਰਮੋ ਨੇ 89ਵੇਂ ਮਿੰਟ ‘ਚ ਗੋਲ ਦਾਗ ਕੇ ਆਪਣੀ ਟੀਮ ਨੂੰ ਜਿੱਤ ਦਿਵਾਈ। ਦੂਜੇ ਪਾਸੇ ਨਾਈਜੀਰੀਆ ਦੇ ਖਿਡਾਰੀ ਉਚੇ ਨੇ ਮੈਚ ਦੇ 12ਵੇਂ ਮਿੰਟ ‘ਚ ਤੇ ਯਾਕੁਬੂ ਨੇ ਆਖਰੀ ਸਮੇਂ ਪਨੈਲਟੀ ਕਿੱਕ ਰਾਹੀ ਗੋਲ ਕੀਤੇ ਜਦਕਿ ਦੱਖਣੀ ਕੋਰੀਆ ਦੇ ਜੰਗ ਸੂ ਨੇ ਮੈਚ ਦੇ 38ਵੇਂ ਤੇ ਚੂ ਯੰਗ ਨੇ ਮੈਚ ਦੇ 49ਵੇਂ ਮਿੰਟ ‘ਚ ਗੋਲ ਕੀਤੇ। ਇਸ ਤੋਂ ਇਲਾਵਾ ਪਹਿਲੀ ਵਾਰ ਵਿਸ਼ਵ ਕੱਪ ਫੁਟਬਾਲ ‘ਚ ਹਿੱਸਾ ਲੈ ਰਹੇ ਯੂਰਪੀ ਦੇਸ਼ ਸਲੋਵਾਕੀਆ ਤੇ ਨਿਊਜ਼ੀਲੈਂਡ ਦਰਮਿਆਨ ਖੇਡੇ ਗਏ ਗਰੁਪ-ਐਫ ਦੇ ਰੋਚਕ ਮੁਕਾਬਲੇ ‘ਚ 1-1 ਨਾਲ ਮੈਚ ਬਰਾਬਰ ਰਿਹਾ। ਮੈਚ ਦਾ ਪਹਿਲਾ ਗੋਲ ਸਲੋਵਾਕੀਆ ਦੇ ਫਾਰਵਰਡ ਖਿਡਾਰੀ ਰਾਬਰਟ ਵਿਟੇਕ ਨੇ 50ਵੇਂ ਮਿੰਟ ‘ਚ ਕੀਤਾ। ਮੈਚ ਖਤਮ ਹੋਣ ਤੋਂ 1 ਮਿੰਟ ਪਹਿਲਾਂ ਹੀ ਵਿਸਟਨ ਰੀਡ ਵੱਲੋਂ ਕੀਤੇ ਗੋਲ ਦੀ ਬਦੌਲਤ ਨਿਊਜ਼ੀਲੈਂਡ ਨੇ ਮੈਚ ਬਰਾਬਰੀ ‘ਤੇ ਲੈ ਆਂਦਾ। ਅੰਤਰਾਸ਼ਟਰੀ ਫੁਟਬਾਲ ‘ਚ ਦੋਵੇਂ ਟੀਮਾਂ ਦੀ ਇਹ ਪਹਿਲੀ ਟੱਕਰ ਸੀ। ਨਿਊਜ਼ੀਲੈਂਡ ਦੀ ਟੀਮ 28 ਸਾਲ ਬਾਅਦ ਵਿਸ਼ਵ ਕੱਪ ‘ਚ ਹਿੱਸਾ ਲੈ ਰਹੀ ਹੈ। ਇਸੇ ਤਰ੍ਹਾਂ ਸਾਲ 2006 ‘ਚ ਸੈਮੀਫਾਈਨਲ ਤੱਕ ਦਾ ਸਫਰ ਕਰਨ ਵਾਲੇ ਯੂਰਪੀ ਦੇਸ਼ ਪੁਰਤਗਾਲ ਤੇ ਆਈਵਰੀ ਕੋਸਟ ਦੀਆਂ ਟੀਮਾਂ ‘ਚ ਖੇਡਿਆ ਗਿਆ ਵਿਸ਼ਵ ਕੱਪ ਫੁਟਬਾਲ ਦਾ ਗਰੁਪ-ਜੀ ਮੁਕਾਬਲਾ ਗੋਲ ਰਹਿਤ ਬਰਾਬਰੀ ‘ਤੇ ਖ਼ਤਮ ਹੋਇਆ।



*ਦੱਖਣੀ ਅਫਰੀਕਾ ਦੇ ਸ਼ਹਿਰ ਕੇਪਟਾਊਨ ਦੇ ਗਰੀਨ ਪੁਆਇੰਟ ਸਟੇਡੀਅਮ ਵਿਚ ਪੁਰਤਗਾਲ ਤੇ ਉਤਰੀ ਕੋਰੀਆ ਵਿਚਾਲੇ ਖੇਡੇ ਮੈਚ ‘ਚ ਪੁਰਤਗਾਲ ਦਾ ਸਟਾਰ ਖਿਡਾਰੀ ਕ੍ਰਿਸਟਿਆਨੋ ਰੋਨਾਲਡੋ ਗੇਂਦ ਲੈ ਕੇ ਧਾਵਾ ਬੋਲਦਾ ਹੋਇਆ*

ਇਕ ਹੋਰ ਕਾਂਟੇਦਾਰ ਮੁਕਾਬਲੇ ਦੌਰਾਨ ਬ੍ਰਾਜ਼ੀਲ ਨੇ ਉਤਰੀ ਕੋਰੀਆ ਨੂੰ 2-1 ਗੋਲ ਨਾਲ ਹਰਾ ਦਿੱਤਾ। ਮੈਚ ਦੇ ਪਹਿਲੇ ਅੱਧ ‘ਚ ਤਾਂ ਉਤਰੀ ਕੋਰੀਆ ਦੀ ਟੀਮ ਨੇ ਬ੍ਰਾਜ਼ੀਲ ਦੀ ਟੀਮ ਨੂੰ ਭਤਭੂ ਪਾਈ ਰਖਿਆ। ਕੋਰੀਆ ਦੀ ਰੱਖਿਆ ਪੰਕਤੀ ਏਨੀ ਮਜ਼ਬੂਤ ਸੀ ਕਿ ਬ੍ਰਾਜ਼ੀਲ ਦੇ ਖਿਡਾਰੀ ਬੇਵੱਸ ਨਜ਼ਰ ਆਏ। ਮੈਚ ਦੇ 55ਵੇਂ ਮਿੰਟ ‘ਚ ਬ੍ਰਾਜ਼ੀਲ ਦੇ ਮਾਇਕਾਨ ਨੇ ਸ਼ਾਨਦਾਰ ਗੋਲ ਦਾਗ ਕੇ ਆਪਣੀ ਟੀਮ ਨੂੰ ਇਕ ਗੋਲ ਦੀ ਬੜ੍ਹਤ ਦਿਵਾ ਦਿੱਤੀ। ਮੈਚ ਦੇ 72ਵੇਂ ਮਿੰਟ ‘ਚ ਬ੍ਰਾਜ਼ੀਲ ਦੇ ਫੁਰਤੀਲੇ ਖਿਡਾਰੀ ਇਲਾਨੋ ਨੇ ਇਕ ਹੋਰ ਗੋਲ ਦਾਗ ਕੇ ਆਪਣੀ ਟੀਮ ਨੂੰ 2 ਗੋਲਾਂ ਦੀ ਬੜ੍ਹਤ ਦਿਵਾ ਦਿੱਤੀ। ਇਸ ਤੋਂ ਬਾਅਦ ਮੈਚ ਦੇ 89ਵੇਂ ਮਿੰਟ ‘ਚ ਉਤਰੀ ਕੋਰੀਆ ਦੇ ਖਿਡਾਰੀ ਜੇ. ਯੂਨ ਨਮ ਨੇ ਸ਼ਾਨਦਾਰ ਗੋਲ ਕਰਕੇ ਆਪਣੀ ਟੀਮ ਨੂੰ ਕੁਝ ਰਾਹਤ ਦਿਵਾਈ ਪਰ ਅੰਤ ‘ਚ ਇਹ ਟੀਮ ਬ੍ਰਾਜ਼ੀਲ ਹੱਥੋਂ 2 ਦੇ ਮੁਕਾਬਲੇ ਇਕ ਗੋਲ ਨਾਲ ਹਾਰ ਗਈ।

ਇਟਲੀ ਤੇ ਪੈਰਾਗੁਏ ਦੀਆਂ ਟੀਮਾਂ ਇਕ-ਇਕ ਗੋਲ ਨਾਲ ਬਰਾਬਰ ਰਹੀਆਂ। ਮੈਚ ਦੇ 39ਵੇਂ ਮਿੰਟ ‘ਚ ਪੈਰਾਗੁਏ ਦੇ ਐਂਟੋਨਸ ਐਲਕਰਾਜ਼ ਨੇ ਇਟਲੀ ਦੇ ਖਿਡਾਰੀ ਕੈਨਾਵਾਰੋ ਦੇ ਉਪਰੋਂ ਦੀ ਕਿੱਕ ਮਾਰੀ ਤੇ ਮਹੱਤਵਪੂਰਨ ਗੋਲ ਦਾਗ ਕੇ ਆਪਣੀ ਟੀਮ ਨੂੰ ਇਕ ਗੋਲ ਦੀ ਬੜ੍ਹਤ ਦਿਵਾ ਦਿੱਤੀ। ਮੈਚ ਦੇ 63ਵੇਂ ਮਿੰਟ ‘ਚ ਇਟਲੀ ਦੇ ਖਿਡਾਰੀ ਡੀ ਰੋਸੀ ਨੇ ਇਕ ਸ਼ਾਨਦਾਰ ਗੋਲ ਕਰਕੇ ਆਪਣੀ ਟੀਮ ਨੂੰ ਬਰਾਬਰੀ ‘ਤੇ ਲੈ ਆਂਦਾ।

ਸਵਿਟਜ਼ਰਲੈਂਡ ਨੇ ਫੁੱਟਬਾਲ ਵਿਸ਼ਵਕੱਪ ‘ਚ ਵੱਡਾ ਉਲਟਫੇਰ ਕਰਦਿਆਂ ਖਿਤਾਬ ਦੇ ਵੱਡੇ ਦਾਅਵੇਦਾਰ ਸਪੇਨ ਨੂੰ 1-0 ਨਾਲ ਹਰਾ ਦਿੱਤਾ। ਗੈਲਸਨ ਫਰਨਾਂਡਿਸ ਵੱਲੋਂ 52ਵੇਂ ਮਿੰਟ ਵਿਚ ਕੀਤੇ ਗਏ ਗੋਲ ਦੀ ਮਦਦ ਨਾਲ ਸਵਿਟਜ਼ਰਲੈਂਡ ਨੇ ਯੂਰੋ ਚੈਂਪੀਅਨ ਤੇ ਵਿਸ਼ਵ ਦੀ ਨੰਬਰ ਦੋ ਟੀਮ ਸਪੇਨ ਨੂੰ ਧੂੜ ਚਟਾਈ। ਇਹ ਵਿਸ਼ਵ ਕੱਪ ਦੇ ਸ਼ੁਰੂਆਤੀ ਲੀਗ ਮੈਚਾਂ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਉਲਟਫੇਰ ਹੈ। ਇਸ ਤਰ੍ਹਾਂ ਸਵਿਟਜ਼ਰਲੈਂਡ ਨੇ ਸਪੇਨ ਦੀ ਲਗਾਤਾਰ 12 ਮੈਚਾਂ ਦੀ ਜਿੱਤ ਦੀ ਮੁਹਿੰਮ ਨੂੰ ਖ਼ਤਮ ਕਰ ਦਿੱਤਾ। ਇਸ ਜਿੱਤ ਦੇ ਨਾਲ ਹੀ ਸਵਿਟਜ਼ਰਲੈਂਡ ਆਪਣੇ ਗਰੁਪ ‘ਚ ਚਿਲੀ ਦੇ ਬਰਾਬਰ ਤਿੰਨ ਅੰਕਾਂ ਦੇ ਨਾਲ ਚੋਟੀ ‘ਤੇ ਪਹੁੰਚ ਗਿਆ ਹੈ। ਸਵਿਟਜ਼ਰਲੈਂਡ ਦੀ ਸਪੇਨ ਖਿਲਾਫ਼ ਹੁਣ ਤੱਕ 19 ਮੈਚਾਂ ਵਿਚ ਇਹ ਪਹਿਲੀ ਜਿੱਤ ਹੈ।

ਇਕ ਹੋਰ ਮੈਚ ‘ਚ ਦੱਖਣੀ ਅਮਰੀਕੀ ਮੁਲਕ ਚਿਲੀ ਨੇ ਗਰੁਪ-ਐਚ ਦੇ ਰੋਚਕ ਮੁਕਾਬਲੇ ‘ਚ ਮੱਧ ਅਮਰੀਕੀ ਮੁਲਕ ਹੋਂਡੂਰਸ ਨੂੰ 1-0 ਨਾਲ ਹਰਾ ਦਿੱਤਾ। ਅੱਧੇ ਸਮੇਂ ਤੱਕ ਜੇਤੂ ਟੀਮ ਇਸੇ ਅੰਤਰ ਨਾਲ ਅੱਗੇ ਸੀ। ਚਿਲੀ ਲਈ ਮੈਚ ਦਾ ਇਕੋ-ਇਕ ਗੋਲ ਮੈਕਸੀਕੋ ਦੇ ਅਮਰੀਕਾ ਕਲੱਬ ਲਈ ਪੇਸ਼ੇਵਰ ਫੁੱਟਬਾਲ ਖੇਡਣ ਵਾਲੇ ਫਾਰਵਰਡ ਖਿਡਾਰੀ ਜੀਨ ਬਿਊਸੇਜੋਰ ਨੇ 34ਵੇਂ ਮਿੰਟ ਵਿਚ ਕੀਤਾ।

# ਕਾਊਂਟੀ ਸੁਪਰਵਾਈਜ਼ਰ ਡੌਨ ਨਟੋਲੀ ਲਈ ਫੰਡ ਰੇਜ਼ਿੰਗ

**ਸੈਕਰਾਮੈਂਟੋ:** ਪੰਜਾਬੀ ਵਿਰਸਾ ਸੰਭਾਲ ਸੁਸਾਇਟੀ ਦੇ ਮੈਂਬਰਾਂ ਵਲੋਂ ਸੈਕਰਾਮੈਂਟੋ ਕਾਊਂਟੀ ਲਈ ਸੁਪਰਵਾਈਜ਼ਰ ਦੀ ਚੋਣ ਲੜ ਰਹੇ ਤੇ ਪੰਜਾਬੀਆਂ ਦੇ ਹਮਦਰਦ ਡੌਨ ਨਟੋਲੀ ਦੇ ਮਾਣ ਵਿਚ ਇਕ ਫੰਡਰੇਜ਼ਰ ਸਮਾਗਮ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸ੍ਰੀ ਨਟੋਲੀ ਪਿਛਲੇ 12 ਸਾਲ ਤੋਂ ਲਗਾਤਾਰ ਸੁਪਰਵਾਈਜ਼ਰ ਬਣਦੇ ਚਲੇ ਆ ਰਹੇ ਹਨ।

ਇਸ ਫੰਡਰੇਜ਼ਰ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸ. ਕੇਹਰ ਸਿੰਘ ਸੰਧੂ, ਪਰਗਣ ਸਿੰਘ ਬੈਂਸ, ਨਰਿੰਦਰਪਾਲ ਸਿੰਘ ਹੁੰਦਲ, ਸਵਰਨ ਸਿੰਘ ਗਿੱਲ, ਅਵਤਾਰ ਸਿੰਘ ਦੁਸਾਂਝ, ਹਰਭਜਨ ਰਾਏ, ਹਰਪ੍ਰੀਤ ਬੈਂਸ, ਵਿਕਰਮਜੀਤ ਸਿੰਘ, ਸੁਰਿੰਦਰਪਾਲ ਸਿੰਘ, ਬਲਰਾਜ ਬਰਾੜ, ਕਰਨੈਲ ਸਿੰਘ ਸੈਣੀ ਅਤੇ ਰਾਜ ਕਪੂਰ ਨੇ ਹਿੱਸਾ ਲਿਆ। ਇਸ ਮੌਕੇ ਬੋਲਦਿਆਂ ਸ੍ਰੀ ਨਟੋਲੀ ਨੇ ਪੰਜਾਬੀ ਭਾਈਚਾਰੇ ਦੇ ਮਿਹਨਤੀ ਸੁਭਾਅ ਦੀ ਤਾਰੀਫ ਕਰਦਿਆਂ ਉਨ੍ਹਾਂ ਨੂੰ ਸਥਾਨਕ ਸਿਆਸਤ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਪ੍ਰੇਰਣਾ ਕੀਤੀ। ਅਖੀਰ ਵਿਚ ਸ. ਨਰਿੰਦਰਪਾਲ ਸਿੰਘ ਹੁੰਦਲ ਨੇ ਸ੍ਰੀ ਨਟੋਲੀ ਦਾ ਧੰਨਵਾਦ ਕਰਦਿਆਂ ਆਏ ਸਾਰੇ ਮੈਂਬਰਾਂ ਨੂੰ ਤਾਕੀਦ ਕੀਤੀ ਕਿ ਉਹ ਸਾਰੇ ਸਿਟੀਜ਼ਨ ਪੰਜਾਬੀਆਂ ਨੂੰ ਆਪਣੀ ਵੋਟ ਰਜਿਸਟਰ ਕਰਵਾਉਣ ਅਤੇ ਵੋਟਾਂ ਵਿਚ ਹਿੱਸਾ ਲੈਣ ਦੀ ਪ੍ਰੇਰਣਾ ਕਰਨ।



# ਆਈ ਜੀ ਸੰਜੀਵ ਕਾਲੜਾ ਦਾ ਸਨਮਾਨ



**ਸੈਕਰਾਮੈਂਟੋ:** ਪੰਜਾਬ ਪੁਲਿਸ ਦੇ ਆਈ ਜੀ (ਜਲੰਧਰ ਜੋਨ) ਸ੍ਰੀ ਸੰਜੀਵ ਕਾਲੜਾ ਦਾ ਇਥੇ ਪੰਜਾਬੀ ਵਿਰਸਾ ਸੰਭਾਲ ਸੁਸਾਇਟੀ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਸ੍ਰੀ ਕਾਲੜਾ ਇਕ ਨਿਜੀ ਦੌਰੇ ‘ਤੇ ਅਮਰੀਕਾ ਆਏ ਸਨ ਅਤੇ ਉਹ ਆਪਣੇ ਮਿੱਤਰਾਂ ਸ. ਕੇਹਰ ਸਿੰਘ ਸੰਧੂ ਅਤੇ ਪਰਗਣ ਸਿੰਘ ਬੈਂਸ ਦੇ ਸੱਦੇ ਤੇ ਸੈਕਰਾਮੈਂਟੋ ਪਹੁੰਚੇ।

ਪੰਜਾਬੀ ਵਿਰਸਾ ਸੰਭਾਲ ਸੁਸਾਇਟੀ ਦੇ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਕਾਲੜਾ ਨੇ ਪਰਵਾਸੀਆਂ ਨੂੰ ਦਰਪੇਸ਼ ਵਖ ਵਖ ਸਮੱਸਿਆਵਾਂ ਉਤੇ ਵਿਚਾਰ ਕੀਤੀ ਅਤੇ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ. ਕੇਹਰ ਸਿੰਘ ਸੰਧੂ, ਪਰਗਣ ਸਿੰਘ ਬੈਂਸ, ਨਰਿੰਦਰਪਾਲ ਸਿੰਘ ਹੁੰਦਲ, ਅਮਰੀਕ ਸਿੰਘ ਪਰਿਹਾਰ, ਰੁਲਦਾ ਸਿੰਘ ਸੇਖੋਂ, ਸਵਰਨ ਸਿੰਘ ਗਿੱਲ, ਅਵਤਾਰ ਸਿੰਘ ਦੁਸਾਂਝ, ਅਸ਼ੋਕ ਰਾਏ ਮੌਜੂਦ ਸਨ।

## ਸਾਡੇ ਮਸਲੇ

- ਭਾਰਤੀ ਐਂਮਬੈਸੀਆਂ ਵਿਚ ਹੋ ਰਹੀ ਪੰਜਾਬੀਆਂ ਦੀ ਖੱਜਲ ਖੁਆਰੀ
- ਭਾਰਤੀ ਐਂਮਬੈਸੀਆਂ ਵੱਲੋਂ ਪੰਜਾਬੀਆ ਨੂੰ ਪਾਸਪੋਰਟ ਨਾ ਦੇਣ ਦਾ ਮਸਲਾ
- ਪੰਜਾਬ ਪੁਲਿਸ ਨਾਲ ਸਬੰਧਤ ਸਮੱਸਿਆਵਾ

NAPA®
North American Punjabi Association

## ਸਾਡੇ ਮਸਲੇ

- ਭਾਰਤੀ ਹਵਾਈ ਅੱਡਿਆ ਤੇ ਪੰਜਾਬੀਆਂ ਦੀ ਹੋ ਰਹੀ ਲੁੱਟ ਖਸੁੱਟ ਨੂੰ ਰੋਕਣਾ
- ਪੰਜਾਬ ਵਿਚ ਵੱਧ ਰਹੇ ਭੂਮੀ ਮਾਫੀਏ ਦੀਆਂ ਸਰਗਰਮੀਆਂ ਨੂੰ ਰੋਕਣਾ

# NORTH AMERICAN PUNJABI ASSOCIATION (NAPA)

## In Association With Punjab News Inc..Group of Newspapers

is organizing a two days Conference of Punjabi Community to discuss issues and problems concerning Punjabi Community related to Indian Embassy in USA, Punjab Police, Punjab Govt, Govt of India etc. and finding solution of these problems.

### Attending VIP Guests are:-

- S.Sukhdev Singh Dhindsa (M.P.)
- Sh Mohinder Singh Kaypee (M.P.)
- S.Partap Singh Bajwa (M.P.)
- Dr Ruby Dhalla (M.P. Canada)
- S.Sukh Dhaliwal (M.P. Canada)
- Penny Yogiraj Sandhu (C.E.O JusTV)
- Mr Hari Jai Singh (Ex Chief Editor Tribune Group)
- S. Surjit Singh (Member S.G.P.C.)
- Suresh Kumar, I.A.S.
- Surjan Singh Chatha

## PROGRAMME

### July 02, 2010 (Friday)

**Venue :**
**Sansar Indian Cuisine**
**430 W.Grantline Rd Tracy CA-95376**
**PH:209.835.1100 (Time 4pm-10pm)**

### July 03, 2010 (Saturday)

**Venue :**
**Hindu Temple Community Hall**
450- Persian Dr Sunnyvale CA-94089
**(Time 4pm-10pm)**

**Both days Entry by invitation only**

**Main Speakers** - Dr Jasbir Singh Kang (Yuba City), Dr J.P.Singh, Jaspreet Singh (Attorney), Ruby Dhaliwal (Mayor San Joaquin), Sony Dhaliwal (Vice Mayor Lathrop), Santokh Singh Minhas (Fresno), Sukhdev Singh Bainiwal (Sanjose), Baldev Suman (Vacalville), Rajinder Singh Tanda, Bibi Sarbjeet K. Cheema.

### NAPA - 2010 AWARDS RECIPIENTS

- Sardar Didar Singh Bains
- Shri Raj Bhanot
- Sardar Surjeet Singh Tut
- Penny Yogiraj Sandhu , CEO JusTV
- Dr.Joginder Singh
- Dr.Harkesh Sandhu
- Late Shri Lahori Ram & Others

- No Cameras Allowed
- Security Enforced

- No Alcohal
- Dinner will be Served.

**Note-If you have any issue or concern to say, please contact**


Sandeep @ 408-931-5200 or Inder @408-218-4000, Fax # 408-547-0522 For General information Contact @ 408-221-5732 or e.mail news@5abnews.com

www.thenapa.com

ਵੀਕਲੀ ਪੰਜਾਬ ਨਿਊਜ਼ हिन्दू टाइम्ज़ NEWS WEEK INDIA

# ਨਿਤੀਸ਼ ਕੁਮਾਰ-ਨਰਿੰਦਰ ਮੋਦੀ ਵਿਵਾਦ ਸੁਲਝਣ ਵਲ

***ਬਿਹਾਰ ਨੇ ਮੋੜੀ ਗੁਜਰਾਤ ਦੀ ਸਹਾਇਤਾ ਰਾਸ਼ੀ *ਭਾਜਪਾ ਨੇ ਵੀ ਦਿਖਾਏ ਤਿੱਖੇ ਤੇਵਰ**





**-ਪੰਜਾਬ ਟਾਈਮਜ਼ ਬਿਊਰੋ**

**ਪਟਨਾ:** ਇਕ ਇਸ਼ਤਿਹਾਰ 'ਚ ਜਨਤਾ ਦਲ (ਯੂ) ਦੇ ਆਗੂ ਨਿਤੀਸ਼ ਕੁਮਾਰ ਤੇ ਭਾਜਪਾ ਆਗੂ ਨਰਿੰਦਰ ਮੋਦੀ ਦੀ ਛਪੀ ਤਸਵੀਰ ਤੋਂ ਬਾਅਦ ਸ਼ੁਰੂ ਹੋਇਆ ਵਿਵਾਦ ਆਖਰਕਾਰ ਠੰਢਾ ਪੈਂਦਾ ਨਜ਼ਰ ਆ ਰਿਹਾ ਹੈ। ਬੀਤੀ 19 ਜੂਨ ਨੂੰ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵਲੋਂ ਕੋਸੀ ਹੜ੍ਹ ਪੀੜਤਾਂ ਲਈ ਰਾਹਤ ਵਜੋਂ ਦਿੱਤੀ 5 ਕਰੋੜ ਦੀ ਰਾਸ਼ੀ ਗੁਜਰਾਤ ਨੂੰ ਵਾਪਿਸ ਮੋੜੇ ਜਾਣ ਤੋਂ ਬਾਅਦ ਭਾਜਪਾ ਨੇ ਅਜੇ ਵੀ ਸਖਤ ਰੁਖ਼ ਅਪਨਾਇਆ ਹੋਇਆ ਹੈ। ਪਰ ਹੁਣ ਬਿਹਾਰ ਦੇ ਮੁਖ ਮੰਤਰੀ ਅਤੇ ਜਨਤਾ ਦਲ (ਯੂਨਾਈਟਿਡ) ਦੇ ਸੀਨੀਅਰ ਆਗੂ ਸ੍ਰੀ ਨਿਤੀਸ਼ ਕੁਮਾਰ ਦਾ ਨਰਮ ਰਵੱਈਆ ਅਖਤਿਆਰ ਕਰਦੇ ਹੋਏ ਬੀਤੀ 21 ਜੂਨ ਨੂੰ ਕਿਹਾ ਹੈ ਕਿ ਇਹ ਕੋਈ ਤਨਾਅ ਵਾਲੀ ਗੱਲ ਨਹੀਂ ਹੈ।

ਭਾਜਪਾ ਨੇ ਕਿਹਾ ਹੈ ਕਿ ਜਨਤਾ ਦਲ (ਯੂ) ਨਾਲ ਗਠਜੋੜ ਜਾਰੀ ਰੱਖਣ ਬਾਰੇ ਫੈਸਲਾ ਪਾਰਟੀ ਪ੍ਰਧਾਨ ਨਿਤਿਨ ਗਡਕਰੀ ਕਰਨਗੇ ਜਦਕਿ ਜਨਤਾ ਦਲ (ਯੂ) ਨੇ ਇਸ ਵਿਵਾਦ ਲਈ ਭਾਜਪਾ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਹੈ ਕਿ ਉਹ ਭਾਜਪਾ ਨਾਲ ਗਠਜੋੜ ਜਾਰੀ ਰੱਖਣ ਦੇ ਹੱਕ 'ਚ ਹਨ। ਜ਼ਿਕਰਯੋਗ ਹੈ ਕਿ ਨਿਤੀਸ਼ ਅਤੇ ਮੋਦੀ ਵਿਚਾਲੇ ਉਦੋਂ ਦੂਰੀਆਂ ਵਧੀਆਂ, ਜਦੋਂ ਪਿਛਲੇ ਦਿਨੀਂ ਪਟਨਾ ਵਿਖੇ ਭਾਜਪਾ ਕਾਰਜਕਾਰਨੀ ਦੀ ਬੈਠਕ ਦੌਰਾਨ ਸਥਾਨਕ ਅਖ਼ਬਾਰਾਂ 'ਚ ਇਕ ਇਸ਼ਤਿਹਾਰ ਛਪਿਆ ਸੀ, ਜਿਸ ਵਿਚ ਨਿਤੀਸ਼ ਕੁਮਾਰ ਅਤੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਤਸਵੀਰ ਇਕੱਠਿਆਂ ਛਪੀ ਸੀ। ਇਸ ਇਸ਼ਤਿਹਾਰ ਵਿਚ ਇਸ ਗੱਲ ਦਾ ਵੀ ਜ਼ਿਕਰ ਸੀ ਕਿ ਸਾਲ 2008 ਵਿਚ ਕੋਸੀ 'ਚ ਹੜ੍ਹ ਆਉਣ ਸਮੇਂ ਗੁਜਰਾਤ ਨੇ ਬਿਹਾਰ ਨੂੰ 5 ਕਰੋੜ ਰੁਪਏ ਦੀ ਮਦਦ ਦਿੱਤੀ ਸੀ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਪਿਛਲੇ ਹਫ਼ਤੇ ਸਥਾਨਕ ਅਖ਼ਬਾਰਾਂ ਨੇ ਗੁਜਰਾਤ ਸਰਕਾਰ ਵਲੋਂ ਆਈ ਮਦਦ ਦੇ ਇਸ਼ਤਿਹਾਰ ਪ੍ਰਕਾਸ਼ਤ ਕੀਤੇ ਸਨ, ਜਿਸ ਤੋਂ ਬਾਅਦ ਬਿਹਾਰ ਸਰਕਾਰ ਨੇ ਇਹ ਰਾਹਤ ਰਾਸ਼ੀ ਗੁਜਰਾਤ ਸਰਕਾਰ ਨੂੰ ਵਾਪਿਸ ਕਰਨ ਦਾ ਫੈਸਲਾ ਲਿਆ ਸੀ। ਦੂਜੇ ਪਾਸੇ ਗੁਜਰਾਤ ਸਰਕਾਰ ਨੇ ਨਿਤੀਸ਼ ਦੇ ਫ਼ੈਸਲੇ ਨੂੰ ਮੰਦਭਾਗਾ ਦੱਸਿਆ। ਗੁਜਰਾਤ ਦੇ ਸਿਹਤ ਮੰਤਰੀ ਅਤੇ ਸਰਕਾਰ ਦੇ ਬੁਲਾਰੇ ਜੈ ਨਰਾਇਣ ਵਿਆਸ ਨੇ ਕਿਹਾ ਕਿ ਗੁਜਰਾਤ ਸਰਕਾਰ ਨੇ ਇਹ ਰਾਹਤ ਰਾਸ਼ੀ ਭਾਈਚਾਰੇ ਕਾਰਨ ਦਿੱਤੀ ਸੀ। ਬਿਹਾਰ ਸਰਕਾਰ ਵਲੋਂ ਰਾਹਤ ਰਾਸ਼ੀ ਮੋੜਨ ਦੇ ਫ਼ੈਸਲੇ ਤੋਂ ਬਾਅਦ ਸੂਬੇ 'ਚ ਸਿਆਸੀ ਭੂਚਾਲ ਆ ਗਿਆ ਸੀ। ਜਿੱਥੇ ਭਾਜਪਾ ਨੇ ਨਿਤੀਸ਼ ਸਰਕਾਰ ਨੂੰ ਇਸ ਫ਼ੈਸਲੇ 'ਤੇ ਮੁੜ ਗੌਰ ਕਰਨ ਦੀ ਗੱਲ ਕਹੀ, ਉਥੇ ਕਾਂਗਰਸ ਨੇ ਨਿਤਿਸ਼ ਦੇ ਇਸ ਫ਼ੈਸਲੇ ਨੂੰ ਸਿਆਸੀ ਡਰਾਮਾ ਕਰਾਰ ਦਿੱਤਾ।

ਇਸ ਤੋਂ ਬਾਅਦ ਦੋਹਾਂ ਪਾਰਟੀਆਂ ਵਿਚਾਲੇ ਚਲ ਰਹੀ ਲੜਾਈ ਉਸ ਸਮੇਂ ਹੋਰ ਤੇਜ਼ ਹੋ ਗਈ ਸੀ ਜਦੋਂ ਬੀਤੀ 20 ਜੂਨ ਨੂੰ ਭਾਜਪਾ ਦੀ ਸੂਬਾਈ ਇਕਾਈ ਦੇ ਆਗੂ ਤੇ ਸੂਬੇ ਦੇ ਉਪ ਮੁਖ ਮੰਤਰੀ ਸੁਸ਼ੀਲ ਮੋਦੀ ਨੇ ਇਸ ਕਾਰਵਾਈ ਤੇ ਵਿਰੋਧ ਜਤਾਉਂਦਿਆਂ ਨਿਤੀਸ਼ ਕੁਮਾਰ ਦੇ ਪ੍ਰੋਗਰਾਮਾਂ ਤੋਂ ਵੱਖ ਹੋਣ ਦਾ ਐਲਾਨ ਕਰ ਦਿੱਤਾ। ਗੁਜਰਾਤ ਨੂੰ ਰਾਹਤ ਰਾਸ਼ੀ ਮੋੜੇ ਜਾਣ ਤੋਂ ਨਾਰਾਜ਼ ਸ੍ਰੀ ਮੋਦੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਮੁਖ ਮੰਤਰੀ ਦੇ ਮਨਮਰਜ਼ੀ ਵਾਲੇ ਰਵੱਈਏ ਤੋਂ ਬਾਅਦ ਮੈਂ ਉਨ੍ਹਾਂ ਵਲੋਂ ਸ਼ੁਰੂ ਕੀਤੀ ਵਿਸ਼ਵਾਸ ਯਾਤਰਾ 'ਚ ਸ਼ਾਮਲ ਨਹੀਂ ਹੋਣਾ ਚਾਹੁੰਦਾ। ਉਨ੍ਹਾਂ ਕਿਹਾ ਕਿ ਅਸੀਂ ਨਿਤੀਸ਼ ਵਲੋਂ ਕੀਤੀ ਕਾਰਵਾਈ ਨੂੰ ਗੰਭੀਰਤਾ ਨਾਲ ਲਿਆ ਹੈ। ਸ੍ਰੀ ਮੋਦੀ ਦੇ ਇਸ ਐਲਾਨ ਤੋਂ ਤੁਰੰਤ ਬਾਅਦ ਨਿਤੀਸ਼ ਨੇ ਵੀ ਮੋਦੀ ਨਾਲ ਆਪਣੇ ਸਾਰੇ ਪ੍ਰੋਗਰਾਮ ਰੱਦ ਕਰ ਦਿੱਤੇ ਸਨ। ਪਰ ਇਸ ਤੋਂ ਅਗਲੇ ਹੀ ਦਿਨ ਨਿਤੀਸ਼ ਅਤੇ ਸੁਸ਼ੀਲ ਮੋਦੀ ਪਟਨਾ ਹਾਈ ਕੋਰਟ ਵਿਚ ਇਕ ਸਮਾਗਮ ਮੌਕੇ ਇਕ ਦੂਜੇ ਨਾਲ ਗੱਲਬਾਤ ਕਰਦੇ ਦਿਖਾਈ ਦਿੱਤੇ। ਇਸ ਤੋਂ ਬਾਅਦ ਸ੍ਰੀ ਨਿਤੀਸ਼ ਕੁਮਾਰ ਨੇ ਪੱਤਰਕਾਰਾਂ ਨੂੰ ਇਸ ਮੁੱਦੇ ਨੂੰ ਬਹੁਤੀ ਤਵੱਜੋਂ ਨਾ ਦੇਣ ਉਤੇ ਜੋਰ ਦਿੰਦਿਆਂ ਕਿਹਾ, "ਟੈਂਸ਼ਨ ਮਤ ਲੀਜੀਏ, ਰਿਲੈਕਸ ਕੀਜੀਏ"

ਜਦਕਿ ਜਨਤਾ ਦਲ (ਯੂ) ਦੇ ਸੀਨੀਅਰ ਆਗੂ ਸ਼ਰਦ ਯਾਦਵ ਨੇ ਲਗਾਤਾਰ ਇਸ ਮਾਮਲੇ ਨੂੰ ਠੰਡਾ ਪਾਉਣ ਦੇ ਯਤਨ ਕੀਤੇ ਸਨ। ਉਨ੍ਹਾਂ ਵਾਰ ਵਾਰ ਕਿਹਾ ਸੀ ਕਿ ਵਿਵਾਦਤ ਇਸ਼ਤਿਹਾਰ ਤੇ ਰਾਹਤ ਰਾਸ਼ੀ ਮੋੜੇ ਜਾਣ ਦੇ ਬਾਵਜੂਦ ਦੋਹਾਂ ਪਾਰਟੀਆਂ ਦੇ ਗਠਜੋੜ ਨੂੰ ਕੋਈ ਖ਼ਤਰਾ ਨਹੀਂ ਹੈ। ਸਾਡੀ ਪਾਰਟੀ ਦਾ ਐਨ ਡੀ ਏ ਨਾਲ ਪੁਰਾਣਾ ਗਠਜੋੜ ਹੈ ਅਤੇ ਸਾਡਾ ਇਰਾਦਾ ਹੈ ਕਿ ਗਠਜੋੜ ਕਾਇਮ ਰਹਿਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ 12 ਜੂਨ ਨੂੰ ਵਾਪਰੀ ਘਟਨਾ ਮੰਦਭਾਗੀ ਸੀ, ਪਰ ਹੁਣ ਇਹ ਇਤਿਹਾਸ ਬਣ ਚੁੱਕੀ ਹੈ ਅਤੇ ਜੋ ਲੰਘ ਗਿਆ, ਸੋ ਲੰਘ ਗਿਆ। ਇਹ ਮਸਲਾ ਹੱਲ ਕਰ ਲਿਆ ਜਾਵੇਗਾ।

ਬੀਤੀ 21 ਜੂਨ ਨੂੰ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਲੋਕ ਜਨ ਸ਼ਕਤੀ ਪਾਰਟੀ ਦੇ ਮੁਖੀ ਸ੍ਰੀ ਰਾਮ ਵਿਲਾਸ ਪਾਸਵਾਨ ਨੇ ਸ੍ਰੀ ਨਿਤੀਸ਼ ਕੁਮਾਰ ਨੂੰ ਕਿਹਾ ਕਿ ਜੇ ਉਨ੍ਹਾਂ ਨੂੰ ਭਾਜਪਾ ਸੱਚਮੁੱਚ ਫਿਰਕੂ ਪਾਰਟੀ ਲਗਦੀ ਹੈ ਤਾਂ ਉਨ੍ਹਾਂ ਨੂੰ ਡਰਾਮੇਬਾਜ਼ੀ ਕਰਨ ਦੀ ਥਾਂ ਅਸਤੀਫਾ ਦੇ ਦੇਣਾ ਚਾਹੀਦਾ ਹੈ।

## ਕੀ ਭਾਵਨਾਵਾਂ ਵੀ ਮੋੜੀਆਂ ਜਾਣਗੀਆਂ ਕਦੀ?

**ਅਹਿਮਦਾਬਾਦ :** ਬਿਹਾਰ ਸਰਕਾਰ ਵਲੋਂ ਰਾਹਤ ਫੰਡ ਵਾਪਸ ਕਰਨ ਦੇ ਫੈਸਲੇ 'ਤੇ ਟਿੱਪਣੀ ਕਰਦਿਆਂ ਭਾਜਪਾ ਨੇ ਕਿਹਾ ਕਿ ਇਹ ਰਾਹਤ ਰਾਸ਼ੀ ਬਿਹਾਰ ਦੇ ਹੜ੍ਹ ਪੀੜਤਾਂ ਨਾਲ ਦੁੱਖ ਦੀ ਘੜੀ ਵਿਚ ਖੜ੍ਹੇ ਹੋਣ ਵਜੋਂ ਦਿੱਤੀ ਗਈ ਸੀ। ਬੀਤੀ 20 ਜੂਨ ਨੂੰ ਭਾਜਪਾ ਦੀ ਤਰਜਮਾਨ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਇਹ ਰਾਸ਼ੀ ਬਿਹਾਰ ਦੇ ਲੋਕਾਂ ਦੇ ਦੁੱਖ ਵੰਡਾਉਣ ਦੀ ਇੱਛਾ ਨਾਲ ਭੇਜੀ ਸੀ। ਬਿਹਾਰ ਸਰਕਾਰ ਨੇ ਵੀ ਇਸ ਰਾਸ਼ੀ ਨੂੰ ਉਸੇ ਭਾਵਨਾ ਨਾਲ ਸਵੀਕਾਰ ਕੀਤਾ ਸੀ ਜਿਸ ਨਾਲ ਭੇਜੀ ਗਈ ਸੀ। ਹੁਣ ਇਕ ਇਸ਼ਤਿਹਾਰ ਨੂੰ ਕਾਰਨ ਬਣਾਕੇ ਇਹ ਰਾਹਤ ਫੰਡ ਮੋੜਿਆ ਜਾ ਰਿਹਾ ਹੈ। ਕੀ ਉਹ ਭਾਵਨਾਵਾਂ ਵੀ ਵਾਪਸ ਕੀਤੀਆਂ ਜਾਣਗੀਆਂ ਜਿਨ੍ਹਾਂ ਨਾਲ ਇਹ ਸਹਾਇਤਾ ਭੇਜੀ ਗਈ ਸੀ? ਗੁਜਰਾਤ ਭਾਜਪਾ ਦੇ ਮੀਤ ਪ੍ਰਧਾਨ ਸੰਜੇ ਮਾਰੂਕ ਨੇ ਬਿਹਾਰ ਦੇ ਮੁੱਖ ਮੰਤਰੀ ਨੂੰ ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ ਹੈ।

## ਅੰਬਾਨੀ ਅਤੇ ਟਾਟਾ ਦੇ ਫ਼ੋਨ ਵੀ ਟੇਪ ਕੀਤੇ ਗਏ



**ਨਵੀਂ ਦਿੱਲੀ :** ਕੁਝ ਸਮਾਂ ਪਹਿਲਾਂ ਚਾਰ ਸਿਆਸਤਦਾਨਾਂ ਦੇ ਫ਼ੋਨ ਟੈਪ ਕਰਨ ਦਾ ਮਾਮਲਾ ਸਾਹਮਣੇ ਆਉਣ ਮਗਰੋਂ ਸੰਸਦ ਵਿਚ ਰੌਲਾ-ਰੱਪਾ ਪਿਆ ਸੀ। ਹੁਣ ਫਿਰ ਮੁੰਬਈ ਤੋਂ ਪ੍ਰਕਾਸ਼ਤ ਇਕ ਅਖਬਾਰ ਨੇ ਸਨਸਨੀਖੇਜ਼ ਰਿਪੋਰਟ ਵਿਚ ਕਿਹਾ ਹੈ ਕਿ ਸਿਰਫ ਸਿਆਸਤਦਾਨ ਹੀ ਨਹੀਂ ਬਲਕਿ ਉਦਯੋਗਪਤੀਆਂ ਮੁਕੇਸ਼ ਅੰਬਾਨੀ, ਰਤਨ ਟਾਟਾ ਅਤੇ ਸੁਨੀਲ ਮਿੱਤਲ ਦਾ ਵੀ ਫੋਨ ਟੈਪ ਹੁੰਦਾ ਹੈ। ਇਸ ਤੋਂ ਇਲਾਵਾ ਦੋ ਪੱਤਰਕਾਰਾਂ ਦੇ ਫ਼ੋਨ ਟੈਪ ਹੋਣ ਦੀ ਗੱਲ ਵੀ ਆਖੀ ਗਈ ਹੈ।

ਅਖ਼ਬਾਰ ਨੇ ਦਾਅਵਾ ਕੀਤਾ ਹੈ ਕਿ ਸੀ.ਬੀ.ਆਈ. ਅਤੇ ਸੂਚਨਾ ਵਿਭਾਗ ਤੋਂ ਕਈ ਅਜਿਹੇ ਦਸਤਾਵੇਜ਼ ਮਿਲੇ ਹਨ ਜਿਨ੍ਹਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਰਤਨ ਟਾਟਾ, ਮੁਕੇਸ਼ ਅੰਬਾਨੀ ਅਤੇ ਸੁਨੀਲ ਮਿੱਤਲ ਦੇ ਫੋਨ ਟੈਪ ਹੋਏ ਸਨ। ਟਾਟਾ ਵਲੋਂ ਪੱਛਮੀ ਬੰਗਾਲ ਦੇ ਸਿੰਗੂਰ ਵਿਖੇ ਨੈਨੋ ਪ੍ਰਾਜੈਕਟ ਲਗਾਉਣ ਸਮੇਂ ਜੋ ਗੱਲਬਾਤ ਹੋਈ, ਉਸ ਨੂੰ ਰਿਕਾਰਡ ਕੀਤਾ ਗਿਆ ਸੀ ਫੋਨ ਟੈਪਿੰਗ ਵਿਚ ਰਤਨ ਟਾਟਾ ਅਤੇ ਮੁਕੇਸ਼ ਅੰਬਾਨੀ ਦਾ ਕਮਿਊਨੀਕੇਸ਼ਨ ਦਾ ਕੰਮ ਕਰਨ ਵਾਲੀ ਕੰਪਨੀ ਵੈਸ਼ਵੀ ਕਮਿਊਨੀਕੇਸ਼ਨਜ਼ ਅਤੇ ਨਿਊਯਾਰਕ ਕਨਸਲਟਿੰਗ ਦੇ ਮੁਖੀ ਨੀਰਾ ਰਾਡੀਆ ਨੂੰ ਮੁੱਖ ਨਿਸ਼ਾਨਾ ਬਣਾਇਆ ਗਿਆ। ਗ੍ਰਹਿ ਸਕੱਤਰ ਜੀ.ਕੇ. ਪਿਲੇ ਨੇ ਮੰਨਿਆ ਹੈ ਕਿ ਉਨ੍ਹਾਂ ਦੇ ਦਫਤਰ ਵਿਚ ਵੀ ਕਈ ਫੋਨ ਟੈਪ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਆਮਦਨ ਕਰ ਵਿਭਾਗ ਵਲੋਂ ਕੀਤੀ ਗਈ ਅਪੀਲ ਮਗਰੋਂ ਫੋਨ ਟੈਪਿੰਗ ਦੀ ਮਨਜ਼ੂਰੀ ਦਿੱਤੀ ਗਈ ਹੈ ਤਾਂ ਕਿ ਟੈਕਸ ਚੋਰੀ ਨੂੰ ਰੋਕਿਆ ਜਾ ਸਕੇ। ਉਧਰ ਆਮਦਨ ਕਰ ਵਿਭਾਗ ਨੇ ਕਿਹਾ ਕਿ ਉਨ੍ਹਾਂ ਨੇ ਕਿਸੇ ਵੀ ਉਦਯੋਗਪਤੀ ਜਾਂ ਪੱਤਰਕਾਰ ਦਾ ਫੋਨ ਟੈਪ ਨਹੀਂ ਕਰਵਾਇਆ। ਰਿਲਾਇੰਸ ਦੇ ਲੋਕ ਸੰਪਰਕ ਅਫਸਰ ਦਾ ਵੀ ਕਹਿਣਾ ਸੀ ਕਿ ਕਿਸੇ ਦਾ ਫੋਨ ਟੈਪ ਨਹੀਂ ਹੋਇਆ।

# 55 ਸੀਟਾਂ 'ਤੇ ਰਾਜ ਸਭਾ ਚੋਣ ਮੁਕੰਮਲ, ਯੂ ਪੀ ਏ ਨੂੰ ਬਹੁਮਤ ਨਹੀਂ

**ਨਵੀਂ ਦਿੱਲੀ:** ਹਾਲ ਹੀ ਵਿਚ ਰਾਜ ਸਭਾ ਦੀਆਂ 55 ਸੀਟਾਂ 'ਤੇ ਹੋਈਆਂ ਚੋਣਾਂ ਦੌਰਾਨ ਜ਼ਿਆਦਾਤਰ ਸੀਟਾਂ 'ਤੇ ਜਿੱਤ ਹਾਸਲ ਕਰਨ ਦੇ ਬਾਵਜੂਦ ਯੂ.ਪੀ.ਏ. ਸਰਕਾਰ ਅਜੇ ਵੀ ਸੰਸਦ ਦੇ ਉਪਰਲੇ ਸਦਨ ਵਿਚ ਬਹੁਮਤ ਤੋਂ ਦੂਰ ਹੈ। ਰਾਜ ਸਭਾ ਚੋਣਾਂ ਦੇ ਨਤੀਜੇ ਦਸਦੇ ਹਨ ਕਿ ਬਹੁਮਤ ਤੋਂ ਦੂਰ ਹੋਣ ਕਾਰਨ ਸਰਕਾਰ ਨੂੰ ਸੁਧਾਰ ਪ੍ਰੋਗਰਾਮਾਂ ਸਣੇ ਕਈ ਅਹਿਮ ਮੁੱਦਿਆਂ ਅਤੇ ਬਿਲਾਂ ਉਤੇ ਆਮ ਸਹਿਮਤੀ ਕਾਇਮ ਕਰਨ ਲਈ ਮਜਬੂਰ ਹੋਣਾ ਪੈ ਸਕਦਾ ਹੈ। ਦੱਸਣਯੋਗ ਹੈ ਕਿ 245 ਮੈਂਬਰੀ ਰਾਜ ਸਭਾ ਵਿਚ 55 ਸੀਟਾਂ 'ਤੇ ਹੋਈਆਂ ਚੋਣਾਂ ਤੋਂ ਬਾਅਦ ਯੂ.ਪੀ.ਏ. ਦੀਆਂ ਸੀਟਾਂ ਪਹਿਲਾਂ ਜਿੰਨੀਆਂ ਹੀ ਰਹੀਆਂ ਪਰ ਕਾਂਗਰਸ ਨੂੰ ਨੁਕਸਾਨ ਉਠਾਉਣਾ ਪਿਆ ਜਿਸ ਦੀਆਂ ਸੀਟਾਂ 71 ਤੋਂ ਘਟ ਕੇ 69 ਰਹਿ ਗਈਆਂ। ਕਾਂਗਰਸ ਦੇ ਇਸ ਨੁਕਸਾਨ ਲਈ ਕਾਫ਼ੀ ਹੱਦ ਤਕ ਉਸ ਦੀਆਂ ਸਹਿਯੋਗੀ ਪਾਰਟੀਆਂ ਜ਼ਿੰਮੇਵਾਰ ਹਨ।

ਦੱਖਣ ਭਾਰਤ ਵਿਚੋਂ ਯੂ.ਪੀ.ਏ. ਦੀ ਸਹਿਯੋਗੀ ਡੀ.ਐਮ.ਕੇ. ਦੇ ਖਾਤੇ ਵਿਚ ਤਿੰਨ ਵਾਧੂ ਸੀਟਾਂ ਚਲੀਆਂ ਗਈਆਂ ਹਨ ਅਤੇ ਉਸ ਦੇ ਮੈਂਬਰਾਂ ਦੀ ਗਿਣਤੀ ਸੱਤ ਹੋ ਗਈ ਹੈ। ਸ਼ਰਦ ਪਵਾਰ ਦੀ ਅਗਵਾਈ ਵਾਲੀ ਐਨ.ਸੀ.ਪੀ. ਕੋਲ 6 ਅਤੇ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਤੇ ਜੰਮੂ-ਕਸ਼ਮੀਰ ਦੀ ਨੈਸ਼ਨਲ ਕਾਨਫਰੰਸ ਕੋਲ 2-2 ਰਾਜ ਸਭਾ ਮੈਂਬਰ ਹਨ। ਰਾਜ ਸਭਾ ਵਿਚ 46 ਸੀਟਾਂ ਵਾਲੀ ਭਾਜਪਾ ਅਪਣੀਆਂ ਸਾਰੀਆਂ 10 ਸੀਟਾਂ ਬਚਾਉਣ 'ਚ ਸਫ਼ਲ ਰਹੀ। ਜਿਥੇ ਇਕ ਪਾਸੇ ਉਸ ਨੇ ਕਰਨਾਟਕ ਅਤੇ ਰਾਜਸਥਾਨ ਵਿਚ ਪ੍ਰਭਾਵਸ਼ਾਲੀ ਜਿੱਤ ਦਰਜ ਕੀਤੀ, ਉਥੇ ਹੀ ਝਾਰਖੰਡ ਵਿਚ ਉਸ ਨੂੰ ਮਾਯੂਸੀ ਹੱਥ ਲੱਗੀ। ਇਨ੍ਹਾਂ ਚੋਣਾਂ ਵਿਚ ਸਭ ਤੋਂ ਜ਼ਿਆਦਾ ਝਟਕਾ ਮੁਲਾਇਮ ਸਿੰਘ ਯਾਦਵ ਦੀ ਸਮਾਜਵਾਦੀ ਪਾਰਟੀ ਨੂੰ ਲੱਗਾ ਜਿਸ ਦੇ ਮੈਂਬਰਾਂ ਦੀ ਗਿਣਤੀ 10 ਤੋਂ ਘਟ ਕੇ 5 ਰਹਿ ਗਈ। ਯੂ.ਪੀ.ਏ. ਨੂੰ ਬਾਹਰੋਂ ਸਮਰਥਨ ਦੇ ਰਹੀ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਵਰਗੀਆਂ ਪਾਰਟੀਆਂ ਨੇ ਕੁਝ ਮੁੱਦਿਆਂ 'ਤੇ ਸਖ਼ਤ ਰੁਖ਼ ਅਪਣਾਈ ਰਖਿਆ। ਜਿਥੇ ਇਨ੍ਹਾਂ ਪਾਰਟੀਆਂ ਨੇ ਮਹਿਲਾ ਰਾਖਵਾਂਕਰਨ ਬਿਲ ਦੇ ਮੁੱਦੇ 'ਤੇ ਸਰਕਾਰ ਦੀਆਂ ਨਾਸਾਂ ਵਿਚੋਂ ਧੂੰਆਂ ਕੱਢ ਦਿਤਾ, ਉਥੇ ਹੀ ਜਾਤ ਆਧਾਰਤ ਮਰਦਮਸ਼ੁਮਾਰੀ ਦੇ ਮੁੱਦੇ 'ਤੇ ਜੇਤੂ ਵਜੋਂ ਉਭਰੀਆਂ। ਰਾਜ ਸਭਾ ਚੋਣਾਂ ਵਿਚ ਕਾਂਗਰਸ ਨੇ ਆਂਧਰਾ ਪ੍ਰਦੇਸ਼ 'ਚ ਚਿਰੰਜੀਵੀ ਦੀ ਪਾਰਟੀ ਪਰਜਾ ਰਾਜਯਮ ਨਾਲ ਸਮਝੌਤਾ ਕੀਤਾ ਸੀ ਅਤੇ ਸਿਰਫ਼ ਚਾਰ ਉਮੀਦਵਾਰ ਮੈਦਾਨ ਵਿਚ ਉਤਾਰੇ ਸਨ। ਕਰਨਾਟਕ ਵਿਚ ਕਾਂਗਰਸ ਨੇ ਜਨਤਾ ਦਲ (ਐਸ) ਨਾਲ ਗਠਜੋੜ ਦਾ ਯਤਨ ਕੀਤਾ ਪਰ ਸਫ਼ਲ ਨਾ ਹੋ ਸਕੀ ਜਿਸ ਕਾਰਨ ਉਸ ਦੇ ਖਾਤੇ ਵਿਚ ਸਿਰਫ ਇਕ ਸੀਟ ਹੀ ਆਈ।

ਆਖਰੀ ਗੇੜ ਦੌਰਾਨ ਪੰਜ ਰਾਜਾਂ ਵਿਚ ਹੋਈਆਂ ਰਾਜ ਸਭਾ ਦੀਆਂ 18 ਸੀਟਾਂ ਲਈ ਚੋਣਾਂ ਦਾ ਕੰਮ ਬੀਤੀ 17 ਜੂਨ ਨੂੰ ਸਵੇਰੇ 9 ਵਜੇ ਤੋਂ ਸ਼ੁਰੂ ਹੋ ਕੇ ਸ਼ਾਮ ਤਕ ਨਿਪਟ ਗਿਆ। ਇਨ੍ਹਾਂ ਚੋਣਾਂ 'ਚ ਭਾਜਪਾ ਨੂੰ 5, ਕਾਂਗਰਸ ਨੂੰ 4, ਬੀਜੂ ਜਨਤਾ ਦਲ ਨੂੰ 3, ਜਨਤਾ ਦਲ (ਯੂ) ਨੂੰ 2 ਅਤੇ ਝਾਰਖੰਡ ਮੁਕਤੀ ਮੋਰਚਾ, ਰਾਸ਼ਟਰੀ ਜਨਤਾ ਦਲ ਤੇ ਲੋਕ ਜਨਸ਼ਕਤੀ ਪਾਰਟੀ ਨੂੰ 1-1 ਸੀਟ ਮਿਲੀ ਹੈ।

ਇਸ ਚੋਣ ਵਿਚ ਕਰਨਾਟਕ ਤੋਂ ਪਹਿਲਾਂ ਤੋਂ ਖਿੱਚ ਦਾ ਕੇਂਦਰ ਬਣੇ ਉਦਯੋਗਪਤੀ ਵਿਜੇ ਮਾਲਿਆ, ਭਾਰਤੀ ਜਨਤਾ ਪਾਰਟੀ ਦੇ ਸਾਬਕਾ ਪ੍ਰਧਾਨ ਐਮ. ਵੈਂਕਈਆ ਨਾਇਡੂ ਤੇ ਕਾਂਗਰਸ ਦੇ ਸੀਨੀਅਰ ਆਗੂ ਆਸਕਰ ਫਰਨਾਂਡਿਜ਼ ਚੋਣ ਜਿੱਤਣ ਵਿਚ ਸਫਲ ਹੋ ਗਏ, ਭਾਜਪਾ ਨੇ ਕਾਂਗਰਸ ਨੂੰ ਹਰਾਉਣ ਲਈ ਮਾਲਿਆ ਦਾ ਸਮਰਥਨ ਕੀਤਾ। ਇਥੋਂ ਭਾਜਪਾ ਦੇ ਅਯਾਨੂਰ ਮੰਜੂ ਨਾਥ ਨੇ ਵੀ ਜਿੱਤ ਹਾਸਲ ਕਰ ਲਈ ਹੈ। ਕਾਂਗਰਸ ਦੇ ਉਮੀਦਵਾਰ ਟੀ.ਵੀ. ਮਾਰੂਤੀ ਦੇ ਹੱਥ ਨਿਰਾਸ਼ਾਜਨਕ ਹਾਰ ਆਈ। ਰਾਜਸਥਾਨ ਵਿਚ ਭਾਜਪਾ ਦੇ ਰਾਮ ਜੇਠਮਲਾਨੀ ਆਪਣੀ ਜਿੱਤ ਦਾ ਝੰਡਾ ਲਹਿਰਾਉਣ ਵਿਚ ਸਫਲ ਰਹੇ, ਇਸ ਤੋਂ ਇਲਾਵਾ ਭਾਜਪਾ ਦੇ ਵੀ.ਪੀ. ਸਿੰਘ ਅਤੇ ਕਾਂਗਰਸ ਦੇ ਆਨੰਦ ਸ਼ਰਮਾ ਤੇ ਅਸ਼ਨ ਅਲੀ ਟਾਂਕ ਵੀ ਜੇਤੂ ਰਹੇ। ਇਸੇ ਤਰ੍ਹਾਂ ਲੋਕ ਜਨ ਸ਼ਕਤੀ ਪਾਰਟੀ ਦੇ ਆਗੂ ਰਾਮ ਵਿਲਾਸ ਪਾਸਵਾਨ ਅਤੇ ਭਾਜਪਾ ਨੇਤਾ ਰਾਜੀਵ ਪ੍ਰਤਾਪ ਸਿੰਘ ਰੂਡੀ ਬਿਹਾਰ ਤੋਂ ਜਿੱਤ ਕੇ ਰਾਜ ਸਭਾ ਵਿਚ ਪਹੁੰਚ ਗਏ ਹਨ। ਬੰਗਲੌਰ ਦੇ ਵੱਡੇ ਵਪਾਰੀ ਬੀ.ਜੀ. ਉਦੇ ਦੇ ਹਾਰਨ ਨਾਲ, ਬਿਹਾਰ ਦੀਆਂ ਪੰਜ ਸੀਟਾਂ ਉਤੇ ਰਾਸ਼ਟਰੀ ਜਨਤਾ ਦਲ ਅਤੇ ਲੋਕ ਜਨ ਸ਼ਕਤੀ ਪਾਰਟੀ ਦੇ ਸਾਂਝੇ ਫਰੰਟ ਵਲੋਂ ਲਾਲੂ ਪ੍ਰਸਾਦ ਯਾਦਵ ਦੀ ਸੱਜੀ ਬਾਂਹ ਕ੍ਰਿਪਾਲ ਯਾਦਵ ਅਤੇ ਪਾਸਵਾਨ ਦਾ ਰਾਜ ਸਭਾ ਦੀਆਂ ਸੀਟਾਂ ਜਿੱਤਣਾ ਸੌਖਾ ਹੋ ਗਿਆ। ਦੂਜੇ ਪਾਸੇ ਭਾਜਪਾ ਦੇ ਰੂੜੀ ਤੋਂ ਬਿਨਾਂ ਜਨਤਾ ਦਲ (ਯੂ) ਦੇ ਆਰ.ਸੀ.ਪੀ. ਸਿੰਘ ਅਤੇ ਉਪੇਂਦਰਾ ਪ੍ਰਸਾਦ ਕੁਸ਼ਵਾਰਾ ਰਾਜ ਸਭਾ ਦੀਆਂ ਸੀਟਾਂ ਜਿੱਤ ਗਏ ਹਨ। ਇਥੇ ਕਮਿਊਨਿਸਟ ਪਾਰਟੀ ਦੇ ਤਿੰਨ ਵਿਧਾਇਕਾਂ ਨੇ ਪਾਸਵਾਨ ਦੀ ਮਦਦ ਕੀਤੀ।

ਝਾਰਖੰਡ ਦੀਆਂ ਦੋ ਰਾਜ ਸਭਾ ਸੀਟਾਂ ਵਿਚੋਂ ਇਕ-ਇਕ 'ਤੇ ਕਾਂਗਰਸ ਅਤੇ ਝਾਰਖੰਡ ਮੁਕਤੀ ਮੋਰਚੇ ਨੇ ਕਬਜ਼ਾ ਕਰ ਲਿਆ ਹੈ। ਮੁਕਤੀ ਮੋਰਚੇ ਦੇ ਕੇ. ਡੀ. ਸਿੰਘ ਨੇ 32 ਵੋਟਾਂ ਅਤੇ ਕਾਂਗਰਸ ਦੇ ਧੀਰਜ ਪ੍ਰਸਾਦ ਸਾਹੂ ਨੇ 28 ਵੋਟਾਂ ਹਾਸਿਲ ਕਰਕੇ ਆਪਣੀ ਰਾਜ ਸਭਾ ਮੈਂਬਰੀ ਪੱਕੀ ਕੀਤੀ। ਕੁੱਲ 81 ਵਿਧਾਇਕਾਂ ਵਿਚੋਂ 79 ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ ਜਦੋਂਕਿ ਦੋ ਵੋਟਾਂ ਰੱਦ ਹੋ ਗਈਆਂ। ਇਥੋਂ ਭਾਜਪਾ ਦੇ ਅਜੇ ਮਾਰੂ 17 ਵੋਟਾਂ ਹੀ ਪ੍ਰਾਪਤ ਕਰ ਸਕੇ ਅਤੇ ਚੋਣ ਹਾਰ ਗਏ। ਜ਼ਿਕਰਯੋਗ ਹੈ ਕਿ ਬਿਹਾਰ 'ਚ 5, ਕਰਨਾਟਕ ਅਤੇ ਰਾਜਸਥਾਨ 'ਚ 4-4, ਉੜੀਸਾ 'ਚ 3 ਅਤੇ ਝਾਰਖੰਡ 'ਚ 2 ਸੀਟਾਂ ਲਈ ਵੋਟਾਂ ਪਈਆਂ ਸਨ।

**ਕੇ.ਡੀ. ਸਿੰਘ ਝਾਰਖੰਡ ਤੋਂ ਰਾਜ ਸਭਾ ਲਈ ਚੁਣੇ ਗਏ:** ਚੰਡੀਗੜ੍ਹ ਦੀ ਨਾਮਵਰ ਸ਼ਖਸੀਅਤ ਕੇ.ਡੀ. ਸਿੰਘ ਝਾਰਖੰਡ ਮੁਕਤੀ ਮੋਰਚੇ ਦੀ ਟਿਕਟ 'ਤੇ ਝਾਰਖੰਡ ਤੋਂ ਜਿੱਤ ਕੇ ਰਾਜ ਸਭਾ ਵਿਚ ਪਹੁੰਚ ਗਏ ਹਨ। ਸ੍ਰੀ ਸਿੰਘ ਚੰਡੀਗੜ੍ਹ ਦੇ ਪਹਿਲੇ ਵਿਅਕਤੀ ਹਨ ਜੋ ਕਿਸੇ ਹੋਰ ਰਾਜ ਤੋਂ ਜਿੱਤ ਕੇ ਰਾਜ ਸਭਾ ਦੇ ਮੈਂਬਰ ਬਣੇ ਹਨ।

## ਕਰਾਸ ਵੋਟਿੰਗ ਕਾਰਨ 3 ਭਾਜਪਾ ਵਿਧਾਇਕ ਬਰਖ਼ਾਸਤ

**ਨਵੀਂ ਦਿੱਲੀ:** ਰਾਜ ਸਭਾ ਚੋਣਾਂ ਵਿਚ ਵਿਰੋਧੀਆਂ ਨੂੰ ਵੋਟ ਪਾਉਣ (ਕਰਾਸ ਵੋਟਿੰਗ) ਵਾਲੇ ਭਾਜਪਾ ਦੇ ਤਿੰਨ ਵਿਧਾਇਕਾਂ ਨੂੰ ਪਾਰਟੀ ਦੇ ਪ੍ਰਧਾਨ ਨਿਤਿਨ ਗਡਕਰੀ ਨੇ ਬੀਤੀ 17 ਜੂਨ ਨੂੰ ਮੁਅੱਤਲ ਕਰ ਦਿਤਾ ਹੈ। ਗਡਕਰੀ ਨੇ ਪਾਰਟੀ ਦੇ ਤਿੰਨ ਵਿਧਾਇਕਾਂ ਬਨਵਾਰੀ ਲਾਲ (ਬਿਹਾਰ), ਭੀਮਸੈਨ ਚੌਧਰੀ (ਉੜੀਸਾ) ਅਤੇ ਰਾਮ ਚੰਦਰ (ਝਾਰਖੰਡ) ਨੂੰ ਕਰਾਸ ਵੋਟਿੰਗ ਦੇ ਦੋਸ਼ ਹੇਠ ਬਰਖ਼ਾਸਤ ਕਰ ਦਿਤਾ। ਇਸੇ ਦੌਰਾਨ ਭਾਜਪਾ ਦੇ ਕੇ. ਸੋਮਈਆ ਨੇ ਰਾਜਸਥਾਨ ਦੇ 17 ਕਾਂਗਰਸੀ ਵਿਧਾਇਕਾਂ ਵਿਰੁਧ ਕਾਰਵਾਈ ਕਰਨ ਸਬੰਧੀ ਚੋਣ ਕਮਿਸ਼ਨ ਨੂੰ ਪੱਤਰ ਲਿਖਿਆ ਹੈ।

ਪੱਤਰ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਵਿਧਾਇਕਾਂ ਨੇ ਅਪਣੀ ਦੂਜੀ ਤਰਜੀਹ ਦੀ ਵੋਟ ਭਾਜਪਾ ਉਮੀਦਵਾਰ ਰਾਮ ਜੇਠ ਮਲਾਨੀ ਅਤੇ ਵੀ.ਪੀ. ਸਿੰਘ ਨੂੰ ਪਾਈ। ਸੋਮਈਆ ਰਾਜਸਥਾਨ ਵਿਚ ਹੋਈਆਂ ਰਾਜ ਸਭਾ ਚੋਣਾਂ ਲਈ ਪਾਰਟੀ ਦੇ ਨਿਗਰਾਨ ਸਨ। ਚੋਣ ਕਮਿਸ਼ਨ ਵਲੋਂ ਰਾਜਸਥਾਨ ਦੇ ਨਿਗਰਾਨ ਕੇ. ਐਫ਼. ਵਿਲਫ਼ਰੈਡ ਨੂੰ ਲਿਖੇ ਪੱਤਰ ਵਿਚ ਸੋਮਈਆ ਨੇ ਕਿਹਾ, "ਸਾਡਾ ਮੰਨਣਾ ਹੈ ਕਿ ਇਨ੍ਹਾਂ ਵਿਧਾਇਕਾਂ ਨੇ ਅਪਣੀ ਪਾਰਟੀ ਦੇ ਵ੍ਹਿਪ ਦੀ ਉਲੰਘਣਾ ਕੀਤੀ ਹੈ। ਲੋਕ ਨੁਮਾਇੰਦਾ ਐਕਟ ਵਿਚ 2003 ਦੀ ਸੋਧ ਦਾ ਉਦੇਸ਼ ਅਨੁਸ਼ਾਸਨ ਤੇ ਪਾਰਦਰਸ਼ਤਾ ਲਿਆਉਣਾ ਅਤੇ ਭ੍ਰਿਸ਼ਟ ਵਰਤਾਉ ਤੇ ਅਨੁਸ਼ਾਸਨਹੀਣਤਾ ਵਿਰੁਧ ਕਾਰਵਾਈ ਕਰਨਾ ਹੈ। ਅਸੀ ਕਾਰਵਾਈ ਦੀ ਮੰਗ ਕਰਦੇ ਹਾਂ।"

## 55 ਰਾਜ ਸਭਾ ਮੈਂਬਰਾਂ ਕੋਲ 1250 ਕਰੋੜ ਦੀ ਸੰਪਤੀ

**ਨਵੀਂ ਦਿੱਲੀ :** ਰਾਜ ਸਭਾ ਲਈ ਚੁਣੇ ਗਏ ਲਗਪਗ 50 ਨਵੇਂ ਮੈਂਬਰਾਂ ਨੇ ਆਪਣੇ 1250 ਕਰੋੜ ਰੁਪਏ ਤੋਂ ਵਧ ਅਸਾਸਿਆਂ ਦਾ ਖ਼ੁਲਾਸਾ ਕੀਤਾ ਹੈ।ਇਕ ਵਿਸ਼ਲੇਸ਼ਣ ਅਨੁਸਾਰ ਕਰਨਾਟਕ ਤੋਂ ਆਜ਼ਾਦ ਉਮੀਦਵਾਰ ਵਜੋਂ ਰਾਜ ਸਭਾ ਲਈ ਚੁਣੇ ਗਏ ਮਾਲਿਆ ਨੇ 615 ਕਰੋੜ ਰੁਪਏ ਤੋਂ ਵਧ ਦੇ ਅਸਾਸੇ ਜ਼ਾਹਰ ਕੀਤੇ ਹਨ ਜਿਨ੍ਹਾਂ ਤੋਂ ਬਾਅਦ ਤੇਲਗੂ ਦੇਸਮ ਪਾਰਟੀ ਦੇ ਯਾਲਾਮਨ ਚਿਲੀ ਸਤਿਆਨਾਰਾਇਣ ਚੌਧਰੀ ਕੋਲ 190 ਕਰੋੜ ਦੇ ਅਸਾਸੇ ਹਨ। ਇਸ ਤੋਂ ਬਾਅਦ ਚੰਡੀਗੜ੍ਹ ਦੇ ਕਾਰੋਬਾਰੀ ਕੰਵਰਦੀਪ ਸਿੰਘ ਨੇ 82 ਕਰੋੜ ਰੁਪਏ ਦੇ ਅਸਾਸੇ ਦਰਸਾਏ ਹਨ, ਉਹ ਝਾਰਖੰਡ ਮੁਕਤੀ ਮੋਰਚਾ ਦੀ ਟਿਕਟ 'ਤੇ ਚੋਣ ਜਿੱਤਿਆ ਹੈ। ਨਵੇਂ ਚੁਣੇ ਮੈਂਬਰਾਂ ਵਿਚ ਸਭ ਤੋਂ ਘੱਟ 2.7 ਲੱਖ ਰੁਪਏ ਦੇ ਅਸਾਸੇ ਭਾਜਪਾ ਦੇ ਅਨਿਲ ਦਵੇ ਨੇ ਦਰਸਾਏ ਹਨ, ਜੋ ਮੱਧ ਪ੍ਰਦੇਸ਼ ਤੋਂ ਚੁਣੇ ਗਏ ਹਨ। ਰਾਸ਼ਟਰੀ ਜਨਤਾ ਦਲ ਦੇ ਰਾਮ ਕ੍ਰਿਪਾਲ ਯਾਦਵ ਨੇ 27 ਲੱਖ ਰੁਪਏ ਅਤੇ ਬੀਜੂ ਜਨਤਾ ਦਲ ਦੇ ਸ਼ਸ਼ੀ ਭੂਸ਼ਨ ਬਹੇੜਾ ਨੇ 30 ਲੱਖ ਰੁਪਏ ਦੇ ਅਸਾਸੇ ਦਰਸਾਏ ਹਨ। ਇਹ ਵਿਸ਼ਲੇਸ਼ਣ ਲੋਕਰਾਜੀ ਸੁਧਾਰ ਸਭਾ, ਕੌਮੀ ਚੋਣ ਨਿਗਰਾਨ (ਏ.ਡੀ.ਆਰ.ਐਨ.ਈ. ਡਬਲਿਊ.) ਨੇ ਕੀਤਾ ਹੈ। ਇਸ ਸੰਸਥਾ ਨਾਲ ਦੇਸ਼ ਭਰ ਦੀਆਂ 1200 ਗੈਰ-ਸਰਕਾਰੀ ਜਥੇਬੰਦੀਆਂ ਜੁੜੀਆਂ ਹੋਈਆਂ ਹਨ ਅਤੇ ਇਸ ਨੇ 12 ਸੂਬਿਆਂ ਵਿਚ ਰਾਜ ਸਭਾ ਚੋਣਾਂ ਲੜਨ ਵਾਲੇ ਉਮੀਦਵਾਰਾਂ ਦੇ ਹਲਫਨਾਮਿਆਂ ਦੀ ਸਾਵਧਾਨੀ ਨਾਲ ਘੋਖ ਪੜਤਾਲ ਕੀਤੀ ਹੈ। ਵਿਸ਼ਲੇਸ਼ਣ ਮੁਤਾਬਕ ਕੁੱਲ 38 ਜੇਤੂ ਸੰਸਦ ਮੈਂਬਰਾਂ ਕੋਲ 1285 ਕਰੋੜ ਰੁਪਏ ਦੇ ਅਸਾਸੇ ਹਨ।

ਰਾਜਸਥਾਨ ਤੋਂ ਭਾਜਪਾ ਦੀ ਟਿਕਟ 'ਤੇ ਚੋਣ ਜਿੱਤੇ ਉਘੇ ਵਕੀਲ ਰਾਮ ਜੇਠਮਲਾਨੀ ਨੇ 29.60 ਕਰੋੜ ਰੁਪਏ, ਬਹੁਜਨ ਸਮਾਜ ਪਾਰਟੀ ਦੇ ਸਤੀਸ਼ ਚੰਦਰ ਮਿਸ਼ਰਾ (ਉਤਰ ਪ੍ਰਦੇਸ਼) ਨੇ 24 ਕਰੋੜ ਰੁਪਏ ਅਤੇ ਕਾਂਗਰਸ ਦੀ ਅੰਬਿਕਾ ਸੋਨੀ (ਪੰਜਾਬ) ਅਤੇ ਆਸਕਰ ਫਰਨਾਂਡੇਜ਼ (ਕਰਨਾਟਕ) ਨੇ ਕ੍ਰਮਵਾਰ 17.7 ਕਰੋੜ ਅਤੇ 15 ਕਰੋੜ ਰੁਪਏ ਦੇ ਅਸਾਸੇ ਦਰਸਾਏ ਹਨ। ਭਾਜਪਾ ਦੇ ਚੰਨ ਮਿਤਰਾ (ਮੱਧ ਪ੍ਰਦੇਸ਼) ਨੇ 9.41 ਕਰੋੜ ਰੁਪਏ, ਐਮ. ਵੈਂਕਈਆ ਨਾਇਡੂ (ਕਰਨਾਟਕ) ਨੇ 7.72 ਕਰੋੜ ਰੁਪਏ, ਰਾਜੀਵ ਪ੍ਰਤਾਪ ਰੂਡੀ (ਬਿਹਾਰ) ਨੇ 4.40 ਕਰੋੜ ਅਤੇ ਮੁਖਤਾਰ ਅਬਾਸ ਨਕਵੀ (ਉੱਤਰ ਪ੍ਰਦੇਸ਼) ਨੇ 2.61 ਕਰੋੜ ਰੁਪਏ ਦੇ ਅਸਾਸੇ ਉਜਾਗਰ ਕੀਤੇ ਹਨ। ਵਾਤਾਵਰਣ ਮੰਤਰੀ ਜੈਰਾਮ ਰਮੇਸ਼ ਨੇ 61 ਲੱਖ ਰੁਪਏ ਦੇ ਅਸਾਸੇ ਦਰਸਾਏ ਹਨ।

# ਰੇਲਵੇ ਭਰਤੀ ਘੁਟਾਲੇ ਦਾ ਪਰਦਾਫਾਸ਼, 8 ਗ੍ਰਿਫ਼ਤਾਰ

–ਪੰਜਾਬ ਟਾਈਮਜ਼ ਬਿਊਰੋ

**ਨਵੀਂ ਦਿੱਲੀ :** ਸੀ ਬੀ ਆਈ ਨੇ ਬੀਤੀ 18 ਜੂਨ ਨੂੰ ਕਰੋੜਾਂ ਰੁਪਏ ਦੇ ਰੇਲਵੇ ਭਰਤੀ ਘੁਟਾਲੇ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ ਅਤੇ ਨਾਲ ਹੀ ਪੈਸੇ ਦੇ ਬਦਲੇ ਭਰਤੀ ਪ੍ਰੀਖਿਆ ਦਾ ਪ੍ਰਸ਼ਨ ਪੱਤਰ ਲੀਕ ਕਰਨ ਦੇ ਦੋਸ਼ 'ਚ 8 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਨ੍ਹਾਂ ਵਿਚ ਰੇਲਵੇ ਭਰਤੀ ਬੋਰਡ, ਮੁੰਬਈ ਦੇ ਚੇਅਰਮੈਨ ਦਾ ਪੁੱਤਰ ਵੀ ਸ਼ਾਮਲ ਹੈ।

ਸੀ ਬੀ ਆਈ ਦੇ ਬੁਲਾਰੇ ਹਰਸ਼ ਭਾਨ ਨੇ ਦੱਸਿਆ ਕਿ ਸੀ ਬੀ ਆਈ ਨੇ ਮੁੰਬਈ, ਬੰਗਲੂਰੂ, ਰਾਏਪੁਰ, ਕੋਲਕਾਤਾ ਅਤੇ ਹੈਦਰਾਬਾਦ ਵਿਚ ਇਕੋ ਸਮੇਂ ਛਾਪੇ ਮਾਰਦਿਆਂ ਇਸ ਘੁਟਾਲੇ ਦਾ ਪਰਦਾਫਾਸ਼ ਕੀਤਾ ਹੈ। ਇਹ ਘੁਟਾਲਾ ਸਹਾਇਕ ਲੋਕੋ ਪਾਇਲਟ ਅਤੇ ਸਹਾਇਕ ਸਟੇਸ਼ਨ ਪ੍ਰਬੰਧਨ ਦੀ ਦਾਖਲਾ ਪ੍ਰੀਖਿਆ ਨਾਲ ਸਬੰਧਤ ਹੈ। ਗ੍ਰਿਫ਼ਤਾਰ ਵਿਅਕਤੀਆਂ 'ਚ ਰੇਲਵੇ ਭਰਤੀ ਬੋਰਡ ਮੁੰਬਈ ਦੇ ਚੇਅਰਮੈਨ ਐਮ ਐਮ ਸ਼ਰਮਾ ਦਾ ਪੁੱਤਰ ਵਿਵੇਕ ਸ਼ਰਮਾ, ਤਤਕਾਲੀ ਵਧੀਕ ਵਿਭਾਗੀ ਰੇਲਵੇ ਪ੍ਰਬੰਧਕ (ਏ ਡੀ ਆਰ ਐਮ) ਰਾਏਪੁਰ ਏ ਕੇ ਜਗਨਾਥਨ, ਉਸ ਦਾ ਪੁੱਤਰ ਸ੍ਰੀਜਨ ਅਤੇ ਰਾਏਪੁਰ ਦਾ ਇਕ ਏਜੰਟ ਆਦਿ ਸ਼ਾਮਲ ਹਨ। ਸੀ ਬੀ ਆਈ ਦੇ ਬੁਲਾਰੇ ਅਨੁਸਾਰ ਤਤਕਾਲੀ ਏ ਡੀ ਆਰ ਐਮ ਰਾਏਪੁਰ ਨੇ ਆਰ ਆਰ ਬੀ, ਮੁੰਬਈ ਦੇ ਅਧਿਕਾਰੀਆਂ ਨਾਲ ਮਿਲ ਕੇ ਪ੍ਰੀਖਿਆ ਤੋਂ ਪਹਿਲਾਂ ਪ੍ਰਸ਼ਨ ਪੱਤਰ ਦੀ ਕਾਪੀ ਹਾਸਲ ਕਰ ਲਈ ਅਤੇ ਪ੍ਰੀਖਿਆ ਦੇਣ ਵਾਲੇ ਕਈ ਪ੍ਰੀਖਿਆਰਥੀਆਂ ਨੂੰ ਦੇ ਦਿੱਤੀ।

ਸੀ ਬੀ ਆਈ ਦੇ ਅਧਿਕਾਰੀ ਨੇ ਦੋਸ਼ ਲਾਇਆ ਕਿ ਹਰੇਕ ਪ੍ਰਤੀਯੋਗੀ ਨੇ ਆਪਣੀ ਚੋਣ ਬਦਲੇ ਸਾਢੇ ਤਿੰਨ ਲੱਖ ਰੁਪਏ ਚੁਕਾਉਣੇ ਸਨ ਅਤੇ ਉਨ੍ਹਾਂ ਆਪਣੇ ਮੂਲ ਸਰਟੀਫਿਕੇਟ ਜਗਨਾਥਨ ਨੂੰ ਸੌਂਪਣੇ ਸਨ। ਵਿਵੇਕ, ਜਗਨਾਥਨ, ਸ੍ਰੀਜਨ ਅਤੇ ਏਜੰਟ ਨੂੰ ਹੈਦਰਾਬਾਦ ਦੀ ਅਦਾਲਤ 'ਚ ਪੇਸ਼ ਕੀਤਾ ਗਿਆ ਜਿਥੋਂ ਉਨ੍ਹਾਂ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ। ਇਸ ਤੋਂ ਇਲਾਵਾ ਆਂਧਰਾ ਪ੍ਰਦੇਸ਼ ਸਿਹਤ ਵਿਭਾਗ ਦੇ ਇਕ ਅਧਿਕਾਰੀ ਅਤੇ ਹੈਦਰਾਬਾਦ ਦੇ ਤਿੰਨ ਏਜੰਟਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਰੇਲ ਮੰਤਰਾਲੇ ਨੇ ਤੁਰੰਤ ਕਾਰਵਾਈ ਕਰਦਿਆਂ ਆਰ ਆਰ ਬੀ ਮੁੰਬਈ ਦੇ ਚੇਅਰਮੈਨ ਨੂੰ ਮੁਅੱਤਲ ਕਰ ਦਿੱਤਾ।

ਜ਼ਿਕਰਯੋਗ ਹੈ ਕਿ ਭਾਰਤੀ ਰੇਲਵੇ ਸਭ ਤੋਂ ਵੱਡਾ ਜਨਤਕ ਅਦਾਰਾ ਹੈ। ਇਹੋ ਇਕ ਮਹਿਕਮਾ ਹੈ, ਜਿਹੜਾ ਆਪਣਾ ਸਾਲਾਨਾ ਬਜਟ ਪਾਰਲੀਮੈਂਟ ਵਿਚ ਪੇਸ਼ ਕਰਦਾ ਹੈ ਤੇ ਉਸ ਦੀ ਪ੍ਰਵਾਨਗੀ ਲੈਂਦਾ ਹੈ। ਇਹ ਰੁਜ਼ਗਾਰ ਦੇਣ ਵਾਲਾ ਵੀ ਸਭ ਤੋਂ ਵੱਡਾ ਅਦਾਰਾ ਹੈ। ਇਸ ਸਮੇਂ ਰੇਲਵੇ ਮਹਿਕਮੇ ਵਿਚ ਉਚ ਅਧਿਕਾਰੀਆਂ ਤੋਂ ਲੈ ਕੇ ਗੈਂਗਮੈਨਾਂ ਤਕ ਤਕਰੀਬਨ 14 ਲੱਖ ਮੁਲਾਜ਼ਮ ਹਨ।

ਹੁਣ ਤਕ ਕਈ ਰੇਲ ਮੰਤਰੀ ਆਏ ਤੇ ਗਏ, ਪਰ ਨਾ ਇਸ ਮਹਿਕਮੇ ਦੇ ਪ੍ਰਬੰਧ ਵਿਚ ਸੁਧਾਰ ਹੋਇਆ ਤੇ ਨਾ ਹੀ ਯਾਤਰੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਵਿਚ ਕੋਈ ਠੋਸ ਵਾਧਾ ਕੀਤਾ ਜਾ ਸਕਿਆ ਹੈ। ਜਿਸ ਊਣਤਾਈ ਨੇ ਰੇਲਵੇ ਦੇ ਵਕਾਰ ਨੂੰ ਸਭ ਤੋਂ ਵਧ ਨੁਕਸਾਨ ਪੁਚਾਇਆ ਹੈ, ਉਹ ਹੈ ਨਵੇਂ ਮੁਲਾਜ਼ਮਾਂ ਨੂੰ ਰੱਖਣ ਵਾਲੇ ਭਰਤੀ ਬੋਰਡਾਂ ਵਿਚ ਹੋਣ ਵਾਲੀਆਂ ਧਾਂਦਲੀਆਂ।

ਭਾਵੇਂ ਕਿ ਕੇਂਦਰੀ ਰੇਲ ਮੰਤਰੀ ਮਮਤਾ ਬੈਨਰਜੀ ਨੇ ਇਸ ਮਹਿਕਮੇ ਦੀ ਕਮਾਨ ਸੰਭਾਲਦੇ ਸਾਰ ਵੀਹ ਦੇ ਵੀਹ ਰੇਲਵੇ ਭਰਤੀ ਬੋਰਡਾਂ ਦੇ ਚੇਅਰਮੈਨਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਬਰਖਾਸਤ ਕਰ ਦਿੱਤਾ ਸੀ। ਉਨ੍ਹਾਂ ਨੇ ਰੇਲਵੇ ਭਰਤੀ ਬੋਰਡਾਂ ਦੇ ਨਵੇਂ ਚੇਅਰਮੈਨ ਨਿਯੁਕਤ ਕਰਨ ਸਮੇਂ ਇਹ ਦਾਅਵਾ ਕੀਤਾ ਸੀ ਕਿ ਭਵਿੱਖ ਵਿਚ ਭਰਤੀ ਦੇ ਸਮੇਂ ਕੋਈ ਧਾਂਦਲੀ ਨਹੀਂ ਹੋਵੇਗੀ, ਪਰ ਸੀ ਬੀ ਆਈ ਦੇ ਛਾਪਿਆਂ ਦੌਰਾਨ ਸਾਹਮਣੇ ਆਏ ਤੱਥਾਂ ਨੇ ਉਸ ਦੀ ਧਾਰਨਾ ਨੂੰ ਗ਼ਲਤ ਸਿੱਧ ਕਰ ਦਿੱਤਾ ਹੈ। ਜਾਪਦਾ ਇੰਜ ਹੈ ਕਿ ਸਮੱਸਿਆ ਸੁਲਝਣ ਦੀ ਬਜਾਏ ਹੋਰ ਉਲਝ ਗਈ ਹੈ। ਪਰਦਾਫਾਸ਼ ਹੋਏ ਗਿਰੋਹ ਵਿਚ ਰੇਲਵੇ ਦੇ ਕੁਝ ਕਰਮਚਾਰੀਆਂ ਤੇ ਏਜੰਟਾਂ ਤੋਂ ਇਲਾਵਾ ਇਕ ਰੇਲਵੇ ਭਰਤੀ ਬੋਰਡ ਦੇ ਚੇਅਰਮੈਨ ਦਾ ਪੁੱਤਰ ਵੀ ਸ਼ਾਮਿਲ ਹੈ। ਇਨ੍ਹਾਂ ਕੋਲੋਂ ਪਰਚੇ ਲੀਕ ਕਰਨ ਕਰਕੇ ਹਾਸਲ ਕੀਤੀਆਂ ਗਈਆਂ ਭਾਰੀ ਰਕਮਾਂ ਫੜੀਆਂ ਗਈਆਂ ਹਨ। ਇਨ੍ਹਾਂ ਨੇ ਪ੍ਰੀਖਿਆਵਾਂ ਲਈ ਤਿਆਰ ਕੀਤੇ ਪਰਚੇ ਉਮੀਦਵਾਰਾਂ ਤਕ ਪੁਚਾਣ ਲਈ ਕਈ ਏਜੰਟ ਵੀ ਰੱਖੇ ਹੋਏ ਸਨ। ਜਿਹੜੇ ਉਮੀਦਵਾਰ ਇਸ ਖੇਡ ਵਿਚ ਸ਼ਾਮਲ ਹੁੰਦੇ ਸਨ, ਉਨ੍ਹਾਂ ਕੋਲੋਂ ਸਰਟੀਫਿਕੇਟ ਇਸ ਲਈ ਲੈ ਲਏ ਜਾਂਦੇ ਸਨ, ਤਾਂ ਜੁ ਉਹ ਕਿਧਰੇ ਭੇਦ ਨਾ ਖੋਲ੍ਹ ਦੇਣ। ਇਸ ਮਾਮਲੇ ਦੀ ਸੀ ਬੀ ਆਈ ਵਲੋਂ ਜਾਂਚ-ਪੜਤਾਲ ਮਗਰੋਂ ਜਿਹੜੇ ਤੱਥ ਸਾਹਮਣੇ ਆਏ ਹਨ, ਉਹ ਏਨੇ ਸਪੱਸ਼ਟ ਤੇ ਪੁਖਤਾ ਹਨ ਕਿ ਰੇਲ ਮਹਿਕਮੇ ਨੂੰ ਸਤਾਈ ਜੂਨ ਨੂੰ ਹੋਣ ਵਾਲੀਆਂ ਪ੍ਰੀਖਿਆਵਾਂ ਨੂੰ ਰੱਦ ਕਰਨ ਦਾ ਐਲਾਨ ਕਰਨਾ ਪੈ ਗਿਆ। ਗੈਰ-ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਭਰਤੀ ਬੋਰਡ ਦੇ ਚੇਅਰਮੈਨ ਦੇ ਬੇਟੇ ਤੇ ਇਸ ਕਾਂਡ ਵਿਚ ਸ਼ਾਮਲ ਏਜੰਟਾਂ ਤੇ ਰੇਲ ਅਧਿਕਾਰੀਆਂ ਨੇ ਕਰੋੜਾਂ ਰੁਪਏ ਦੀ ਕਾਲੀ ਕਮਾਈ ਕੀਤੀ ਹੈ। ਇਸ ਗਰੋਹ ਦਾ ਤਾਣਾ-ਬਾਣਾ ਪੂਰੇ ਦੇਸ਼ ਵਿਚ ਫੈਲਿਆ ਹੋਇਆ ਸੀ।

ਯਾਦ ਰਹੇ ਪ੍ਰੀਖਿਆਵਾਂ ਵਿਚ ਭਾਗ ਲੈਣ ਵਾਲੇ ਉਮੀਦਵਾਰਾਂ ਦੀ ਗਿਣਤੀ ਲੱਖਾਂ ਵਿਚ ਸੀ। ਇਨ੍ਹਾਂ ਪ੍ਰੀਖਿਆਵਾਂ ਰਾਹੀਂ ਰੇਲਵੇ ਨੇ ਪੰਜਤਾਲੀ ਹਜ਼ਾਰ ਕਰਮਚਾਰੀ ਭਰਤੀ ਕਰਨੇ ਸਨ। ਇਸ ਤੋਂ ਇਸ ਸਕੈਂਡਲ ਦੀ ਵਿਆਪਕਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

# ਕੇਂਦਰ ਸਰਕਾਰ ਫੌਜਾਂ ਨੂੰ ਵਿਸ਼ੇਸ਼ ਅਧਿਕਾਰ ਐਕਟ ਵਿਚ ਸੋਧਾਂ ਦੀ ਤਜਵੀਜ਼ 'ਤੇ ਕਾਇਮ

**ਨਵੀਂ ਦਿੱਲੀ :** ਫੌਜ ਵਲੋਂ ਕੀਤੇ ਜਾ ਰਹੇ ਵਿਰੋਧ ਦੇ ਬਾਵਜੂਦ ਕੇਂਦਰ ਸਰਕਾਰ ਨੇ ਝੂਠੇ ਪੁਲੀਸ ਮੁਕਾਬਲੇ ਵਧਣ ਕਾਰਨ ਹਥਿਆਰਬੰਦ ਫੌਜਾਂ (ਵਿਸ਼ੇਸ਼ ਅਧਿਕਾਰ) ਐਕਟ (ਏ.ਐਫ.ਐਸ.ਪੀ.ਏ.) ਵਿਚ ਸੋਧਾਂ ਕਰਨ ਦੀ ਤਜਵੀਜ਼ ਉਤੇ ਅਗੇ ਵਧਣ ਦਾ ਫੈਸਲਾ ਕੀਤਾ ਹੈ। ਤਜਵੀਜ਼ਤ ਸੋਧਾਂ ਦੇ ਖਰੜੇ ਵਿਚ ਗੈਰਕਾਨੂੰਨੀ ਕਤਲ ਦੇ ਮੁਲਜ਼ਮ ਫੌਜੀ ਅਧਿਕਾਰੀਆਂ ਨੂੰ ਸੂਬਾਈ ਹਕੂਮਤ ਦੇ ਹਵਾਲੇ ਕਰਨਾ ਵੀ ਸ਼ਾਮਲ ਹੈ। ਉਂਜ ਕੇਂਦਰ ਸਰਕਾਰ ਆਗਾਮੀ 24 ਤੇ 26 ਜੂਨ ਨੂੰ ਪਾਕਿਸਤਾਨ ਨਾਲ ਹੋਣ ਵਾਲੀ ਵਿਦੇਸ਼ ਸਕੱਤਰ ਦੇ ਵਿਦੇਸ਼ ਮੰਤਰੀ ਪੱਧਰ ਦੀ ਗੱਲਬਾਤ ਦੌਰਾਨ ਗੁਆਂਢੀ ਮੁਲਕ ਨਾਲ ਇਸ ਐਕਟ ਦਾ ਮੁੱਦਾ ਨਹੀਂ ਵਿਚਾਰੇਗੀ ਜਦਕਿ ਪਾਕਿਸਤਾਨ ਵਲੋਂ ਉਠਾਏ ਜਾਣ ਵਾਲੇ ਹੋਰ 'ਸਾਰੇ ਮੁੱਦਿਆਂ' ਉਤੇ ਗੱਲ ਕਰਨ ਲਈ ਤਿਆਰ ਹੋਵੇਗੀ।

ਗੌਰਤਲਬ ਹੈ ਕਿ ਫੌਜ ਵਲੋਂ ਏ.ਐਫ.ਐਸ. ਪੀ.ਏ. ਦੀ ਪੂਰੀ ਹਮਾਇਤ ਕੀਤੀ ਜਾਂਦੀ ਹੈ ਤੇ ਇਸ ਨੂੰ 'ਪਵਿੱਤਰ ਕਾਨੂੰਨ' ਤਕ ਕਰਾਰ ਦਿੱਤਾ ਜਾਂਦਾ ਹੈ ਪਰ ਸਰਕਾਰ ਦਾ ਖਿਆਲ ਹੈ ਕਿ ਇਸ ਐਕਟ ਉਤੇ ਨਵੇਂ ਸਿਰਿਉਂ ਵਿਚਾਰ ਹੋਣੀ ਚਾਹੀਦੀ ਹੈ ਤੇ ਇਸ ਨੂੰ ਵਧੇਰੇ ਇਨਸਾਨੀ ਬਣਾਇਆ ਜਾਣਾ ਚਾਹੀਦਾ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਇਸ ਐਕਟ ਉਤੇ ਨਜ਼ਰਸਾਨੀ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਦਿੱਤੇ ਭਰੋਸੇ ਉਤੇ ਕੇਂਦਰ ਸਰਕਾਰ ਕਾਇਮ ਰਹਿਣਾ ਚਾਹੁੰਦੀ ਹੈ। ਇਸ ਦੇ ਮੱਦੇਨਜ਼ਰ ਇਸ ਸਬੰਧੀ ਖਰੜਾ ਕਾਨੂੰਨ ਤੇ ਰੱਖਿਆ ਮੰਤਰਾਲਿਆਂ ਨੂੰ ਉਨ੍ਹਾਂ ਦੀਆਂ ਟਿੱਪਣੀਆਂ ਲਈ ਭੇਜਿਆ ਗਿਆ ਹੈ। ਸੂਤਰਾਂ ਨੇ ਕਿਹਾ ਕਿ ਇਕ ਵਾਰ ਇਸ ਸਬੰਧੀ ਵਿਚਾਰ ਪੂਰੀ ਹੋ ਗਈ ਤਾਂ ਸੋਧਾਂ ਨੂੰ ਸੁਰੱਖਿਆ ਸਬੰਧੀ ਕੇਂਦਰੀ ਕਮੇਟੀ ਅੱਗੇ ਰੱਖਿਆ ਜਾਵੇਗਾ। ਗੌਰਤਲਬ ਹੈ ਕਿ ਏ.ਐਫ.ਐਸ.ਪੀ.ਏ. ਤਹਿਤ ਫੌਜ ਨੂੰ ਕਿਸੇ ਵੀ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਬੰਦੀ ਬਣਾਉਣ ਅਤੇ ਬਾਗੀਆਂ ਨਾਲ ਲੜਾਈ ਦੌਰਾਨ ਮੁਕੱਦਮੇ ਦੀ ਕਾਰਵਾਈ ਦੇ ਡਰ ਤੋਂ ਬਗੈਰ ਦਹਿਸ਼ਤਗਰਦਾਂ ਨੂੰ ਮਾਰ ਮੁਕਾਉਣ ਦਾ ਹੱਕ ਵੀ ਹਾਸਲ ਹੈ।

ਇਹ ਐਕਟ ਜੰਮੂ-ਕਸ਼ਮੀਰ ਦੇ ਕੁਝ ਹਿੱਸਿਆਂ ਤੋਂ ਇਲਾਵਾ ਬਗਾਵਤ-ਗ੍ਰਸਤ ਉਤਰ-ਪੂਰਬੀ ਰਾਜਾਂ ਵਿਚ ਵੀ ਲਾਗੂ ਹੈ। ਦੂਜੀ ਪ੍ਰਸ਼ਾਸਨੀ ਸੁਧਾਰ ਕਮੇਟੀ ਨੇ ਵੀ ਐਕਟ ਵਿਚ ਸੋਧ ਕਰਨ ਦਾ ਸੁਝਾਅ ਦਿੱਤਾ ਸੀ। ਸੂਤਰਾਂ ਮੁਤਾਬਕ ਤਜਵੀਜ਼ਤ ਸੋਧਾਂ ਵਿਚ ਇਹ ਮੱਦ ਵੀ ਸ਼ਾਮਲ ਹੈ ਕਿ ਝੂਠੇ ਪੁਲੀਸ ਮੁਕਾਬਲਿਆਂ ਦੇ ਮੁਲਜ਼ਮ ਫੌਜੀਆਂ ਨੂੰ ਫੌਜ ਲਈ ਸਥਾਨਕ ਪੁਲੀਸ ਦੇ ਹਵਾਲੇ ਕਰਨਾ ਜ਼ਰੂਰੀ ਹੋਵੇਗਾ ਤਾਂ ਕਿ ਉਨ੍ਹਾਂ ਉਤੇ ਮੁਕੱਦਮਾ ਚਲਾਇਆ ਜਾ ਸਕੇ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਵੀ ਸੋਧਾਂ ਦਾ ਇਹ ਮੁੱਦਾ ਲੰਬੇ ਸਮੇਂ ਤੋਂ ਕੇਂਦਰ ਸਰਕਾਰ ਨਾਲ ਉਠਾਉਂਦੇ ਆ ਰਹੇ ਹਨ।

ਇਸ ਦੌਰਾਨ ਸੂਤਰਾਂ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵਲੋਂ ਪਾਕਿਸਤਾਨ ਨਾਲ 24 ਜੂਨ ਨੂੰ ਹੋਣ ਵਾਲੀ ਵਿਦੇਸ਼ ਸਕੱਤਰ ਪੱਧਰ ਤੇ 26 ਜੂਨ ਨੂੰ ਵਿਦੇਸ਼ ਮੰਤਰੀ ਪੱਧਰ ਦੀ ਮੀਟਿੰਗ ਵਿਚ ਇਸ ਐਕਟ ਦਾ ਮੁੱਦਾ ਨਹੀਂ ਵਿਚਾਰਿਆ ਜਾਵੇਗਾ।

# ਇਕੋ ਗੋਤ ਵਿਚ ਵਿਆਹ ਕਰਾਉਣ ਖ਼ਿਲਾਫ਼ ਦਾਇਰ ਅਰਜ਼ੀ ਖ਼ਾਰਜ

**ਨਵੀਂ ਦਿੱਲੀ :** ਇਕੋ ਗੋਤ 'ਚ ਵਿਆਹ ਕਰਾਉਣ 'ਤੇ ਪਾਬੰਦੀ ਅਤੇ ਹਿੰਦੂ ਮੈਰਿਜ ਐਕਟ 'ਚ ਸੋਧ ਦੀ ਮੰਗ ਬਾਰੇ ਇਕ ਪਟੀਸ਼ਨ ਨੂੰ ਦਿੱਲੀ ਹਾਈ ਕੋਰਟ ਨੇ ਲੰਘੀ 18 ਜੂਨ ਨੂੰ ਖ਼ਾਰਜ ਕਰ ਦਿੱਤਾ ਹੈ। ਅਦਾਲਤ ਨੇ ਪਟੀਸ਼ਨਕਰਤਾ ਨੂੰ ਝਟਕਾ ਦਿੰਦਿਆਂ ਇਹ ਅਰਜ਼ੀ ਵਾਪਸ ਲੈਣ ਦਾ ਹੁਕਮ ਦਿੱਤਾ ਹੈ। ਦਿੱਲੀ ਹਾਈ ਕੋਰਟ ਦੇ ਜਸਟਿਸ ਐਸ ਐਨ ਢੀਂਗਰਾ ਅਤੇ ਜਸਟਿਸ ਏ ਕੇ ਪਾਠਕ ਦੇ ਬੈਂਚ ਨੇ ਕਿਹਾ ਕਿ ਅਦਾਲਤ ਦਾ ਸਮਾਂ ਬਰਬਾਦ ਕਰਨ ਦੇ ਦੋਸ਼ 'ਚ ਪਟੀਸ਼ਨਕਰਤਾ ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ। ਅਦਾਲਤ ਦੀ ਇਸ ਗੱਲ ਨੂੰ ਸੁਣਨ ਤੋਂ ਬਾਅਦ ਹਿੰਦੂ ਮੈਰਿਜ ਐਕਟ 'ਚ ਸੋਧ ਦੀ ਮੰਗ ਕਰ ਰਹੇ ਨਰੇਸ਼ ਕਾਦਿਆਨ ਨੇ ਆਪਣੀ ਅਰਜ਼ੀ ਵਾਪਸ ਲੈ ਲਈ ਹੈ। ਅਦਾਲਤ ਨੇ ਕਾਦਿਆਨ ਨੂੰ ਝਾੜਾਂ ਪਾਉਂਦੇ ਹੋਏ ਕਿਹਾ ਕਿ ਤੁਹਾਨੂੰ ਨਹੀਂ ਪਤਾ ਕਿ ਗੋਤ ਕੀ ਹੈ? ਕੀ ਤੁਹਾਨੂੰ ਪਤਾ ਹੈ ਕਿ ਕਿਸ ਹਿੰਦੂ ਗ੍ਰੰਥ 'ਚ ਇਕ ਗੋਤ 'ਚ ਵਿਆਹ 'ਤੇ ਰੋਕ ਲਾਉਣ ਦੀ ਗੱਲ ਲਿਖੀ ਗਈ ਹੈ। ਅਜਿਹੇ 'ਚ ਜਦੋਂ ਤੁਹਾਨੂੰ ਖ਼ੁਦ ਨੂੰ ਹੀ ਨਹੀਂ ਪਤਾ ਤਾਂ ਫਿਰ ਅਦਾਲਤ ਦਾ ਸਮਾਂ ਕਿਉਂ ਖ਼ਰਾਬ ਕੀਤਾ ਜਾ ਰਿਹਾ ਹੈ? ਅਦਾਲਤ ਨੇ ਕਿਹਾ ਕਿ ਪਹਿਲਾਂ ਆਪਣੀ ਗੱਲ ਨੂੰ ਸਹੀ ਸਾਬਤ ਕਰਨ ਲਈ ਪੂਰੇ ਸਬੂਤ ਲਿਆਂਦੇ ਜਾਣ।

ਕਾਦਿਆਨ ਦੇ ਵਕੀਲ ਰਜਿੰਦਰ ਯਾਦਵ ਨੇ ਅਦਾਲਤ ਨੂੰ ਕਿਹਾ ਕਿ ਇਕੋ ਗੋਤ 'ਚ ਵਿਆਹ 'ਤੇ ਪਾਬੰਦੀ ਲਾਉਣ ਦੇ ਨਾਲ ਹਿੰਦੂ ਮੈਰਿਜ ਐਕਟ 'ਚ ਸੋਧ ਲਈ ਸਰਕਾਰ ਨੂੰ ਇਕ ਕਮਿਸ਼ਨ ਦੇ ਗਠਨ ਦਾ ਹੁਕਮ ਦਿੱਤਾ ਜਾਵੇ।


Quik Signs

Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi




ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਇਕ ਹੀ ਸਿੱਕੇ ਦੇ ਦੋ ਪਾਸੇ ਬਣਦੇ ਜਾ ਰਹੇ ਭਾਰਤ ਤੇ ਭ੍ਰਿਸ਼ਟਾਚਾਰ

**ਜਤਿੰਦਰ ਪਨੂੰ**

ਭਾਰਤ ਅਤੇ ਭ੍ਰਿਸ਼ਟਾਚਾਰ ਦੋਵੇਂ ਸ਼ਬਦ ਇਕ ਦੂਜੇ ਦੇ ਪ੍ਰਤੀਕ ਬਣ ਗਏ ਜਾਪਦੇ ਹਨ। ਜੇ ਭਾਰਤ ਦੀ ਗੱਲ ਚਲਦੀ ਹੈ ਤਾਂ ਭ੍ਰਿਸ਼ਟਾਚਾਰ ਦੀ ਨਾਲ ਚਲ ਪੈਂਦੀ ਹੈ ਤੇ ਜੇ ਭ੍ਰਿਸ਼ਟਾਚਾਰ ਦਾ ਜ਼ਿਕਰ ਛਿੜਦਾ ਹੈ ਤਾਂ ਭਾਰਤ ਦਾ ਨਾਂਅ ਲਏ ਬਿਨਾਂ ਗੱਲ ਅਧੂਰੀ ਰਹਿ ਜਾਂਦੀ ਹੈ। ਸੰਸਾਰ ਪੱਧਰ ਉਤੇ ਭ੍ਰਿਸ਼ਟਾਚਾਰ ਪੱਖੋਂ ਭਾਰਤ ਸਿਖਰ ਉਤੇ ਭਾਵੇਂ ਨਹੀਂ, ਪਰ ਸਿਖਰ ਤੋਂ ਬਹੁਤਾ ਹੇਠਾਂ ਵੀ ਨਹੀਂ ਰਿਹਾ। ਜਿਸ ਤੇਜ਼ੀ ਨਾਲ ਇਸ ਦੇਸ਼ ਅੰਦਰ ਭ੍ਰਿਸ਼ਟਾਚਾਰ ਵਧ ਰਿਹਾ ਹੈ, ਸ਼ਾਇਦ ਇਕ ਦਿਨ ਇਹ ਦੁਨੀਆ ਦੀ ਦਰਜੇਬੰਦੀ ਵਿਚ ਸਿਖਰ ਉਤੇ ਵੀ ਪਹੁੰਚ ਜਾਵੇ। ਯਕੀਨਨ ਉਹ ਦਿਨ ਮਾਣ ਵਾਲਾ ਨਹੀਂ, ਸ਼ਰਮ ਨਾਲ ਡੁੱਬ ਮਰਨ ਵਾਲਾ ਹੋਵੇਗਾ।

ਕਿੱਥੇ ਹੈ ਭ੍ਰਿਸ਼ਟਾਚਾਰ? ਵਿਜੀਲੈਂਸ ਦੇ ਛਾਪੇ ਵਿਚ ਕਿਸੇ ਥਾਂ ਕੋਈ ਪਟਵਾਰੀ ਜਾਂ ਬਿਜਲੀ ਬੋਰਡ ਦਾ ਐਸ.ਡੀ.ਓ. ਫੜਿਆ ਜਾਂਦਾ ਹੈ ਤਾਂ ਲੋਕ ਕਹਿਣ ਲੱਗ ਪੈਂਦੇ ਹਨ, ਇਹ ਭ੍ਰਿਸ਼ਟਾਚਾਰੀ ਹੈ। ਸਾਰੇ ਦੇਸ਼ ਦੀ ਮੈਡੀਕਲ ਕੌਂਸਲ ਦਾ ਮੁਖੀਆ ਵੀ ਫੜਿਆ ਜਾ ਚੁੱਕਾ ਹੈ। ਹੇਠਾਂ ਪਟਵਾਰੀ ਤੇ ਐਸ.ਡੀ.ਓ. ਪੰਜ-ਦਸ ਹਜ਼ਾਰ ਲੈਂਦੇ ਫੜੇ ਜਾਂਦੇ ਹਨ, ਮੈਡੀਕਲ ਕੌਂਸਲ ਦਾ ਮੁਖੀਆ ਇੱਕੋ ਕਾਲਜ ਨੂੰ ਮਨਜ਼ੂਰੀ ਦੇਣ ਬਦਲੇ ਕਰੋੜ ਦੀ ਕਮਾਈ ਕਰਦਾ ਕਾਬੂ ਆ ਗਿਆ। ਮੰਨ ਸਕਣਾ ਔਖਾ ਹੈ ਕਿ ਉਹ ਇਹੋ ਜਿਹੇ ਧੰਦੇ ਤੋਂ ਕਮਾਇਆ ਸਾਰਾ ਧਨ ਖੁਦ ਹੀ ਖਾਂਦਾ ਤੇ ਅੱਗੇ ਕੁਝ ਨਾ ਦੇਂਦਾ ਹੋਵੇਗਾ। ਏਡੇ 'ਕਮਾਊ ਪੁੱਤਰ' ਨੂੰ ਜਿਨ੍ਹਾਂ ਨੇ ਕਮਾਈ ਵਾਲੀ ਕੁਰਸੀ ਬਖਸ਼ੀ ਸੀ, ਉਨ੍ਹਾਂ ਤਕ ਕਾਨੂੰਨ ਦੇ ਹੱਥ ਪਹੁੰਚੇ ਨਹੀਂ, ਕਦੇ ਪਹੁੰਚਣੇ ਵੀ ਨਹੀਂ।

ਭਾਰਤ ਸਰਕਾਰ ਦੇ ਸ਼ਡਿਊਲਡ ਕਾਸਟ ਕਮਿਸ਼ਨ ਦੇ ਚੇਅਰਮੈਨ ਬੂਟਾ ਸਿੰਘ ਦੇ ਪੁੱਤਰ ਉਤੇ ਵੀ ਏਡੀ ਕੁ ਕਮਾਈ ਕਰਨ ਦਾ ਦੋਸ਼ ਲੱਗਾ ਸੀ। ਕਿਹਾ ਜਾਂਦਾ ਸੀ ਕਿ ਚੇਅਰਮੈਨ ਬਾਪੂ ਬੂਟਾ ਸਿੰਘ ਸ਼ਡਿਊਲਡ ਕਾਸਟ ਕਾਨੂੰਨ ਦਾ ਨੋਟਿਸ ਭਿਜਵਾਉਂਦਾ ਸੀ, ਪੁੱਤਰ ਜਾ ਕੇ ਪਾਰਟੀ ਨਾਲ ਸੌਦਾ ਮਾਰ ਆਉਂਦਾ ਸੀ। ਬਾਪ-ਬੇਟਾ ਦੋਵਾਂ ਨੇ ਇਸ ਨੂੰ ਰਾਜਸੀ ਸਾਜ਼ਿਸ਼ ਕਹਿ ਛੱਡਿਆ। ਆਪਣੇ ਬਚਾਅ ਲਈ ਕਿਸੇ ਵੀ ਦੋਸ਼ੀ ਲਈ ਇਹ ਸਭ ਤੋਂ ਸੌਖਾ ਪੈਂਤੜਾ ਹੁੰਦਾ ਹੈ।

ਹੁਣ ਰੇਲਵੇ ਭਰਤੀ ਬੋਰਡ ਦਾ ਚੇਅਰਮੈਨ ਫੜਿਆ ਗਿਆ ਹੈ। ਉਸ ਦੀ ਵੀ ਚੇਅਰਮੈਨੀ ਉਸ ਦਾ ਪੁੱਤਰ ਵਰਤਦਾ ਸੀ। ਬਹੁਤੇ ਘਰਾਂ 'ਚ ਪਿਓ ਦੀ ਚੇਅਰਮੈਨੀ ਪੁੱਤਰ ਹੀ ਵਰਤਦੇ ਹਨ, ਕਿਉਂਕਿ ਪੁੱਤਰਾਂ ਦਾ ਖਿਆਲ ਹੈ ਕਿ ਪਿਓ ਪੁਰਾਣੀ ਸੋਚ ਦਾ ਹੋਣ ਕਰ ਕੇ ਲਿਹਾਜੂ ਬਣ ਜਾਂਦਾ ਹੈ ਤੇ ਕਮਾਈ ਪੂਰੀ ਨਹੀਂ ਹੁੰਦੀ। ਕਈ ਕੇਂਦਰੀ ਤੇ ਸੂਬਾਈ ਮੰਤਰੀਆਂ ਦੀ ਤਾਕਤ ਵੀ ਉਨ੍ਹਾਂ ਦੇ ਪੁੱਤਰ ਹੀ ਵਰਤਦੇ ਹਨ। ਪੰਜਾਬ ਦੀ ਇਕ ਮੰਤਰੀ ਬੀਬੀ ਨੇ ਇਸ ਕੰਮ ਲਈ ਆਪਣੀ ਛੋਟੀ ਭੈਣ ਨੂੰ ਜ਼ਿੰਮੇਵਾਰੀ ਸੌਂਪੀ ਹੋਈ ਹੈ ਤੇ ਇਕ ਹੋਰ ਮੰਤਰੀ ਦਾ ਮੁਖਤਾਰਨਾਮਾ ਉਸ ਦੇ ਭਤੀਜੇ ਕੋਲ ਹੈ। ਇਕ ਵਾਰੀ ਪੰਜਾਬ ਦਾ ਇਕ ਮੰਤਰੀ ਕੁਝ ਮਹੀਨੇ ਬਿਮਾਰ ਰਹਿ ਕੇ ਮਰ ਗਿਆ ਸੀ, ਪਰ ਸਵੇਰ ਦੇ ਮਰੇ ਦਾ ਐਲਾਨ ਸ਼ਾਮ ਚਾਰ ਵਜੇ ਤਕ ਇਹ ਕਹਿ ਕੇ ਲਟਕਾਇਆ ਗਿਆ ਕਿ ਮੁਖ ਮੰਤਰੀ ਨੂੰ ਸੂਚਨਾ ਦੇ ਕੇ ਫੇਰ ਬਾਹਰ ਦੱਸਣਾ ਹੈ। ਪਿੱਛੋਂ ਪਤਾ ਲੱਗਾ ਕਿ ਉਸ ਦੀ ਬਿਮਾਰੀ ਦੇ ਇਲਾਜ ਬਹਾਨੇ ਉਸ ਦੇ ਪੁੱਤਰ ਨੇ ਮਹਿਕਮੇ ਦੇ ਦੋ-ਤਿੰਨ ਵੱਡੇ ਅਫਸਰਾਂ ਤੋਂ ਪੈਸੇ ਮੰਗਾਏ ਹੋਏ ਸਨ ਤੇ ਐਲਾਨ ਰਕਮ ਪਹੁੰਚਣ ਦੀ ਉਡੀਕ ਵਿਚ ਰੋਕਿਆ ਸੀ ਕਿ ਕਿਧਰੇ ਮੌਤ ਹੋਈ ਸੁਣ ਕੇ ਉਹ ਪਿੱਛੇ ਨਾ ਮੁੜ ਜਾਣ।

ਭ੍ਰਿਸ਼ਟਾਚਾਰ ਲਾਲੂ ਪ੍ਰਸਾਦ ਨੇ ਵੀ ਕੀਤਾ, ਮਾਇਆਵਤੀ ਬੀਬੀ ਨੇ ਵੀ, ਜੈਲਲਿਤਾ ਨੇ ਵੀ, ਚੌਧਰੀ ਮੁਲਾਇਮ ਸਿੰਘ ਤੇ ਓਮ ਪ੍ਰਕਾਸ਼ ਚੌਟਾਲੇ ਨੇ ਵੀ, ਕਾਂਗਰਸ ਦੇ ਸੁਖਰਾਮ ਨੇ ਵੀ ਤੇ ਹੋਰ ਤਾਂ ਹੋਰ, ਪ੍ਰਧਾਨ ਮੰਤਰੀ ਹੁੰਦਿਆਂ ਨਰਸਿਮਹਾ ਰਾਓ ਵੀ ਦੋਸ਼ਾਂ ਦੀ ਲਪੇਟ ਵਿਚ ਆ ਗਿਆ ਸੀ। ਵਿਗੜਿਆ ਕਿਸੇ ਦਾ ਕੁਝ ਖਾਸ ਨਹੀਂ ਸੀ, ਚਾਰ ਦਿਨਾਂ ਦੀ ਖੱਜਲ-ਖੁਆਰੀ ਪਿੱਛੋਂ ਸਾਰੇ ਦੇ ਸਾਰੇ ਫਿਰ ਲੀਡਰ ਬਣੇ ਰਹੇ। ਲਪੇਟੇ ਵਿਚ ਆਮ ਲੋਕ ਆਉਂਦੇ ਹਨ ਤੇ ਉਹ ਵੀ ਬਹੁਤੀ ਵਾਰੀ ਪੈਸੇ ਲੈਂਦੇ ਨਾਲੋਂ ਵਧ 'ਯੋਜਨਾਬੱਧੀ' ਵਾਲੀ ਛਾਪੇ-ਮਾਰੀ ਦਾ ਸ਼ਿਕਾਰ ਹੁੰਦੇ ਹਨ। ਪੰਜਾਬ ਦਾ ਇਕ ਸ਼ਹਿਰ ਮੋਗਾ ਹੈ, ਪੰਜਾਬ ਦੀ ਪੁਲਸ ਦੇ ਮੌਜੂਦਾ ਮੁਖੀ ਦਾ ਆਪਣਾ ਸ਼ਹਿਰ ਮੋਗਾ, ਤੇ ਉਥੋਂ ਰਿਸ਼ਵਤ ਕੇਸਾਂ ਵਿਚ ਵੀ 'ਸੁਪਾਰੀ ਛਾਪੇ' ਦੀ ਖੇਡ ਨੰਗੀ ਹੋ ਗਈ ਹੈ।



ਮੋਗੇ ਵਿਚ ਪਿਛਲੇ ਦਿਨੀਂ ਇਕ ਡਰੱਗ ਇੰਸਪੈਕਟਰ ਨੂੰ ਰਿਸ਼ਵਤ ਲੈਂਦਾ ਫੜੇ ਜਾਣ ਦੀ ਖਬਰ ਆਈ। ਆਪਣੀ ਇਮਾਨਦਾਰੀ ਲਈ ਜਾਣਿਆ ਜਾਂਦਾ ਉਹ ਅਫਸਰ ਏਦਾਂ ਦੀ ਕਰਤੂਤ ਕਰੇਗਾ, ਨਾ ਉਸ ਦੇ ਮਹਿਕਮੇ ਵਿਚ ਕੋਈ ਮੰਨਦਾ ਸੀ, ਨਾ ਮੋਗੇ ਸ਼ਹਿਰ ਵਿਚ। ਦਵਾਈਆਂ ਦੀ ਦੁਕਾਨਦਾਰੀ ਕਰਦੇ ਜਿਹੜੇ ਬੰਦੇ ਤੰਗ ਸਨ, ਉਨ੍ਹਾਂ ਨੇ ਵਿਜੀਲੈਂਸ ਦਾ ਥਾਣੇਦਾਰ ਤੇ ਡੀ.ਐਸ.ਪੀ. ਨਾਲ ਗੰਢ ਕੇ ਉਸ ਡਰੱਗ ਇੰਸਪੈਕਟਰ ਦੇ ਖਿਲਾਫ ਰਿਸ਼ਵਤ ਦਾ ਕੇਸ ਬਣਾ ਦਿੱਤਾ। ਸਾਰੇ ਪਾਸੇ ਸਨਸਨੀ ਫੈਲ ਜਾਣ ਕਾਰਨ ਉਹਦੇ ਮਹਿਕਮੇ ਦੇ ਉਚ ਅਧਿਕਾਰੀਆਂ ਹੀ ਨਹੀਂ, ਵਿਜੀਲੈਂਸ ਦੇ ਵੱਡੇ ਅਫਸਰਾਂ ਨੂੰ ਵੀ ਪੁਣ-ਛਾਣ ਕਰਨੀ ਜ਼ਰੂਰੀ ਹੋ ਗਈ। ਕਿੱਸਾ ਇਹ ਨਿਕਲਿਆ ਕਿ ਰਿਸ਼ਵਤ ਉਸ ਨੇ ਲਈ ਹੀ ਨਹੀਂ ਸੀ, ਉਸ ਨੂੰ ਫਸਾਉਣ ਲਈ ਮਾੜੇ ਧੰਦੇ ਕਰਨ ਦੇ ਕੇਸ ਭੁਗਤ ਰਹੇ ਬੰਦਿਆਂ ਨੇ ਵਿਜੀਲੈਂਸ ਦੇ ਕੁਝ ਅਫਸਰਾਂ ਨੂੰ 'ਸੁਪਾਰੀ' ਦੇ ਕੇ ਉਸ ਉਤੇ ਕੇਸ ਬਣਵਾਇਆ ਸੀ।

ਈਮਾਨਦਾਰ ਅਫਸਰ ਫਸਾ ਦਿੱਤਾ ਜਾਵੇ, ਪਰ ਬੇਈਮਾਨ ਅਫਸਰ ਤਾਂ ਕੀ, ਹਾਈ ਕੋਰਟ ਦੀ ਜੱਜ ਵੀ ਬਚਾ ਦਿੱਤੀ ਜਾਵੇ, ਇਹ ਪਹੁੰਚ ਸਧਾਰਨ ਪੁਲਸ ਜਾਂ ਵਿਜੀਲੈਂਸ ਦੀ ਹੀ ਨਹੀਂ, ਸੀ ਬੀ ਆਈ ਦੀ ਵੀ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਜੱਜ ਨਿਰਮਲ ਯਾਦਵ ਉਤੇ ਕਈ ਦੋਸ਼ ਲੱਗਣ ਦੇ ਬਾਵਜੂਦ ਉਸ ਨੂੰ ਬਚਾ ਕੇ ਏਥੋਂ ਕੱਢਿਆ ਤੇ ਦੂਜੇ ਰਾਜ ਦੀ ਹਾਈ ਕੋਰਟ ਵਿਚ ਲਾ ਦਿੱਤਾ ਗਿਆ। ਹੁਣ ਉਹਦਾ ਕੇਸ ਖਾਰਜ ਕਰਾਉਣ ਦੇ ਯਤਨ ਹੋ ਰਹੇ ਹਨ।

ਜਦੋਂ ਅਸੀਂ ਪੰਜਾਬ ਰਾਜ ਬਿਜਲੀ ਬੋਰਡ ਦਾ ਨਿੱਜੀਕਰਨ ਹੋਣ ਦੀ ਗੱਲ ਸੁਣੀ, ਚੰਗਾ ਸਾਨੂੰ ਵੀ ਨਹੀਂ ਸੀ ਲੱਗਾ। ਪੰਜਾਬ ਸਰਕਾਰ ਨੇ ਮੁਲਾਜ਼ਮਾਂ ਤੇ ਕਿਸਾਨਾਂ ਦੀਆਂ ਜਥੇਬੰਦੀਆਂ ਨੂੰ ਉਨ੍ਹਾਂ ਦੇ ਹਿਤਾਂ ਦੀ ਰਾਖੀ ਦਾ ਵਚਨ ਦੇ ਕੇ ਸ਼ਾਂਤ ਕਰ ਦਿੱਤਾ ਸੀ। ਹੁਣ ਜਦੋਂ ਉਹ ਨਿੱਜੀ ਹੋ ਗਿਆ ਤਾਂ ਗੱਲ ਸਿਰਫ ਇਹ ਨਹੀਂ ਕਿ ਕਿਸਾਨਾਂ ਨੂੰ ਵਚਨ ਤੋੜ ਕੇ ਬਿਜਲੀ ਦੇ ਬਿੱਲ ਭੇਜੇ ਜਾਣ ਲੱਗੇ ਹਨ, ਸਗੋਂ ਇਹ ਵੀ ਹੈ ਕਿ ਇਸ ਅੰਦਰ ਹੁੰਦੀ ਰਹੀ ਧੋਖਾਧੜੀ ਵੀ ਕਈ ਥਾਂ ਸਹਿਜ-ਸੁਭਾਅ ਬੇਪਰਦ ਹੋ ਗਈ ਹੈ। ਘੱਟੋ-ਘੱਟ ਚਾਰ ਕੇਸ ਹੁਣ ਤੱਕ ਇਹੋ ਜਿਹੇ ਸਾਹਮਣੇ ਆ ਚੁੱਕੇ ਹਨ, ਜਿਥੇ ਉਨ੍ਹਾਂ ਕਿਸਾਨਾਂ ਨੂੰ ਬਿਜਲੀ ਦੇ ਬਿੱਲ ਆ ਗਏ, ਜਿਨ੍ਹਾਂ ਨੇ ਕਈ ਸਾਲ ਪਹਿਲਾਂ ਕੁਨੈਕਸ਼ਨ ਦੀ ਅਰਜ਼ੀ ਦਿੱਤੀ ਸੀ, ਪਰ ਕੁਨੈਕਸ਼ਨ ਕਦੇ ਮਿਲਿਆ ਹੀ ਨਹੀਂ ਸੀ. ਹੁਣ ਪਤਾ ਲੱਗਾ ਕਿ ਕੁਨੈਕਸ਼ਨ ਤਾਂ ਜਾਰੀ ਹੋਏ ਸਨ, ਪਰ ਅਰਜ਼ੀ ਦੇਣ ਵਾਲੇ ਨੂੰ ਪਤਾ ਲੱਗਣ ਦਿੱਤੇ ਬਗੈਰ ਉਸੇ ਪਿੰਡ ਵਿਚ ਕਿਸੇ ਹੋਰ ਦੇ ਖੇਤਾਂ ਵਿਚ ਜਾ ਲਾਏ ਸਨ। ਖੇਤਾਂ ਦੇ ਹੀ ਨਹੀਂ, ਪੰਜਾਬ ਭਰ ਵਿਚੋਂ ਘਰੇਲੂ ਬਿਜਲੀ ਦੇ ਇਹੋ ਜਿਹੇ ਵੀਹ ਕੁ ਕੇਸ ਵੀ ਸਾਹਮਣੇ ਆ ਗਏ ਹਨ, ਜਿਨ੍ਹਾਂ ਨੇ ਅਰਜ਼ੀ ਦਿੱਤੀ ਸੀ, ਕੁਨੈਕਸ਼ਨ ਕਦੇ ਮਿਲਿਆ ਹੀ ਨਹੀਂ ਤੇ ਬਿੱਲ ਆਏ ਤੋਂ ਪਤਾ ਲੱਗਾ ਕਿ ਉਨ੍ਹਾਂ ਦੇ ਨਾਂਅ ਦੀ ਤਾਰ ਕਿਸੇ ਹੋਰ ਦੇ ਘਰ ਜੋੜ ਦਿੱਤੀ ਗਈ ਸੀ। ਪੱਕੇ ਮੁਲਾਜ਼ਮ ਬਿੱਲ ਵੀ ਓਥੇ ਹੀ ਦੇਂਦੇ ਸਨ, ਪਰ ਹੁਣ ਨਿੱਜੀਕਰਨ ਮਗਰੋਂ ਬਦਲੇ ਹੋਏ ਪ੍ਰਬੰਧ ਅਧੀਨ ਐਡਰੈਸ ਪੜ੍ਹ ਕੇ ਬਿੱਲ ਉਸ ਘਰ ਪਹੁੰਚ ਗਏ, ਜਿਹੜੇ ਕਈ-ਕਈ ਸਾਲਾਂ ਤੋਂ ਉਡੀਕਦੇ ਪਏ ਸਨ ਕਿ ਉਨ੍ਹਾਂ ਨੂੰ ਕੁਨੈਕਸ਼ਨ ਕਦੋਂ ਮਿਲੇਗਾ। ਸਾਨੂੰ ਇਹ ਨੋਟ ਕਰਦਿਆਂ ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਨਿੱਜੀਕਰਨ ਦਾ ਜਾਇਜ਼ ਵਿਰੋਧ ਕਰਨ ਵਾਲੀਆਂ ਜਥੇਬੰਦੀਆਂ ਵੀ ਇਨ੍ਹਾਂ ਨਜਾਇਜ਼ ਗੱਲਾਂ ਬਾਰੇ ਕਦੇ ਬੋਲੀਆਂ ਹੀ ਨਹੀਂ।

ਸਵਾਲ ਇਹ ਪੁੱਛਿਆ ਜਾਂਦਾ ਹੈ ਕਿ ਏਨੇ ਜ਼ਿਆਦਾ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਕੀਤਾ ਕੀ ਜਾਵੇ? ਇਸ ਦਾ ਜਵਾਬ ਦੇਣਾ ਔਖਾ ਹੈ।

ਕਈ ਸਾਲ ਪਹਿਲਾਂ ਵਾਜਪਾਈ ਸਰਕਾਰ ਵੇਲੇ ਇਕ ਜਾਅਲੀ ਅਸ਼ਟਾਮਾਂ ਦਾ ਸਕੈਂਡਲ ਸਾਹਮਣੇ ਆਇਆ ਸੀ। ਭਾਰਤ ਸਰਕਾਰ ਦੀ ਸਟੈਂਪ ਪੇਪਰ (ਅਸ਼ਟਾਮ) ਛਾਪਣ ਵਾਲੀ ਪੁਰਾਣੀ ਮਸ਼ੀਨ ਜਿਨ੍ਹਾਂ ਨੂੰ ਵੇਚੀ ਗਈ, ਉਨ੍ਹਾਂ ਕੋਲ ਜਾ ਕੇ ਸਰਕਾਰੀ ਪ੍ਰੈਸ ਦੇ ਕਰਮਚਾਰੀ ਹੀ ਵੇਲੇ-ਕੁਵੇਲੇ ਡਿਊਟੀਆਂ ਕਰਨ ਲੱਗ ਪਏ। ਓਥੋਂ ਜਾਅਲੀ ਅਸ਼ਟਾਮ ਛਾਪ ਕੇ ਭਾਰਤ ਭਰ ਵਿਚ ਭੇਜੇ ਤੇ ਵੇਚੇ ਜਾਂਦੇ ਰਹੇ, ਜਿਨ੍ਹਾਂ ਨਾਲ ਅਰਬਾਂ ਰੁਪਏ ਦੀ ਜਾਇਦਾਦ ਦਾ ਲੈਣ-ਦੇਣ ਹੁੰਦਾ ਰਿਹਾ। ਭਾਰਤੀ ਜੀਵਨ ਬੀਮਾ ਨਿਗਮ ਵਰਗੇ ਸਰਕਾਰ ਦੇ ਆਪਣੇ ਅਦਾਰੇ ਵੀ ਜਾਅਲਸਾਜ਼ਾਂ ਦੇ ਵੇਚੇ ਹੋਏ ਅਸ਼ਟਾਮ ਖਰੀਦ ਕੇ ਕੰਮ ਸਾਰਦੇ ਰਹੇ। ਸਾਰਾ ਘੋਟਾਲਾ ਉਸ ਸਾਲ ਬੱਤੀ ਹਜ਼ਾਰ ਕਰੋੜ ਰੁਪਏ ਦਾ ਸੀ, ਜਿਸ ਸਾਲ ਪੰਜਾਬ ਸਰਕਾਰ ਦਾ ਕੁੱਲ ਬਜਟ ਮਸਾਂ ਅਠਾਈ ਹਜ਼ਾਰ ਕਰੋੜ ਦਾ ਸੀ। ਪੰਜਾਬ ਸਰਕਾਰ ਦੇ ਬਜਟ ਨਾਲੋਂ ਵੱਡੇ ਇਸ ਘੋਟਾਲੇ ਬਾਰੇ ਵਾਜਪਾਈ ਸਰਕਾਰ ਦੇ ਖਜ਼ਾਨਾ ਮੰਤਰੀ ਜਸਵੰਤ ਸਿੰਘ ਨੇ ਪਾਰਲੀਮੈਂਟ ਵਿਚ ਕਿਹਾ ਸੀ ਕਿ ਹੋਇਆ ਤਾਂ ਸਾਰਾ ਕੁਝ ਗਲਤ ਹੈ, ਪਰ ਏਨਾ ਜ਼ਿਆਦਾ ਹੋ ਚੁੱਕਾ ਹੈ ਕਿ ਇਸ ਸਾਰੇ ਨੂੰ ਰੱਦ ਕਰ ਕੇ ਸਾਰਾ ਅਮਲ ਮੁੱਢੋਂ-ਸੁੱਢੋਂ ਸ਼ੁਰੂ ਕਰਨਾ ਹੁਣ ਸੰਭਵ ਨਹੀਂ, ਇਸ ਲਈ ਜਾਅਲੀ ਅਸ਼ਟਾਮਾਂ ਦੀਆਂ ਰਜਿਸਟਰੀਆਂ ਤੇ ਹੋਰ ਦਸਤਾਵੇਜ਼ ਵੀ ਸਾਰੇ ਅਸਲੀ ਮੰਨ ਲਏ ਜਾਣੇ ਚਾਹੀਦੇ ਹਨ। ਪਾਰਲੀਮੈਂਟ ਮੰਨ ਗਈ ਸੀ, ਕੋਈ ਵਿਰੋਧ ਨਹੀਂ ਸੀ ਕਰ ਸਕਿਆ, ਕਿਉਂਕਿ ਸਭ ਨੂੰ ਪਤਾ ਸੀ ਕਿ ਹੁਣ ਕੁਝ ਹੋ ਹੀ ਨਹੀਂ ਸਕਦਾ।

ਉਸ ਦਿਨ ਜੋ ਕੁਝ ਹੋਇਆ, ਉਹ ਭ੍ਰਿਸ਼ਟਾਚਾਰ ਨੂੰ ਭਾਣਾ ਮੰਨ, ਲੈਣ-ਦੇਣ ਦੀ ਖੇਡ ਦਾ ਅੰਤ ਨਹੀਂ, ਇਸ ਫਾਰਮੂਲੇ ਨੂੰ ਹਰ ਥਾਂ ਲਾਗੂ ਕਰਨ ਦੀ ਸੈਨਤ ਮਾਰਨ ਦਾ ਸ਼ੁਭ-ਆਰੰਭ ਸੀ। ਫਿਰ ਹਰ ਪਾਸੇ ਇਹ ਖੇਡ ਚੱਲ ਪਈ ਕਿ ਜਿੰਨੇ ਵਧ ਤੋਂ ਵਧ ਲੋਕ ਭ੍ਰਿਸ਼ਟਾਚਾਰ ਦੀ ਤਾਣੀ ਵਿਚ ਸ਼ਾਮਲ ਕੀਤੇ ਜਾਣਗੇ, ਓਨਾ ਹੀ ਉਨ੍ਹਾਂ ਸਾਰਿਆਂ ਦੇ ਬਚ ਜਾਣ ਦੀ ਗਾਰੰਟੀ ਪੱਕੀ ਹੋ ਜਾਵੇਗੀ। ਹੁਣ ਇਹ ਸਭ ਥਾਂਈ ਹੋ ਰਿਹਾ ਹੈ। ਜਿਨ੍ਹਾਂ ਨੂੰ ਅਜੇ ਤਕ ਇਸ ਦੀ ਪੂਰੀ ਸਮਝ ਨਹੀਂ ਪਈ, ਉਨ੍ਹਾਂ ਨੂੰ ਪੰਜਾਬ ਦੀਆਂ ਤਾਜ਼ਾ ਖਬਰਾਂ ਧਿਆਨ ਨਾਲ ਪੜ੍ਹਨੀਆਂ ਚਾਹੀਦੀਆਂ ਹਨ।

ਕਿਹੜਾ ਪੰਜਾਬੀ ਹੈ, ਜਿਸ ਨੇ ਫਰੀਦਕੋਟ ਵਿਚ ਸ਼ਗਨ ਸਕੀਮ ਦੀ ਜਾਅਲਸਾਜ਼ੀ ਨਹੀਂ ਪੜ੍ਹੀ? ਅਸਲੀ ਬੁੱਢੇ ਛੱਡ ਕੇ ਜਾਅਲੀ ਬਜ਼ੁਰਗਾਂ ਦੀਆਂ ਪੈਨਸ਼ਨਾਂ ਤਾਂ ਹੁਣ ਹੋਰਨੀਂ ਥਾਈਂ ਹੀ ਨਹੀਂ, ਖੁਦ ਮੁੱਖ ਮੰਤਰੀ ਦੇ ਆਪਣੇ ਪਿੰਡ ਬਾਦਲ ਵਿਚ ਲੱਗੀਆਂ ਵੀ ਜ਼ਾਹਰ ਹੋ ਗਈਆਂ ਹਨ। ਸ਼ਾਇਦ ਹੀ ਕੋਈ ਪਿੰਡ ਬਚਿਆ ਹੋਵੇਗਾ ਇਸ ਬਿਮਾਰੀ ਤੋਂ। ਜੇ ਕਿਸੇ ਪਿੰਡ ਇਹੋ ਜਿਹੀ ਜਾਅਲਸਾਜ਼ੀ ਦੇ ਚਾਰ ਕੇਸ ਤੇ ਕਿਸੇ ਹੋਰ ਵਿਚ ਦਸ ਹੋਣ ਤੇ ਔਸਤ ਪੰਜ ਕੇਸ ਪ੍ਰਤੀ ਪਿੰਡ ਵੀ ਮੰਨ ਲਏ ਜਾਣ, ਤਦ ਪੰਜਾਬ ਦੇ ਬਾਰਾਂ ਹਜ਼ਾਰ ਪਿੰਡਾਂ ਵਿਚ ਸੱਠ ਹਜ਼ਾਰ ਜਾਅਲੀ ਕੇਸ ਤਾਂ ਬਣ ਹੀ ਜਾਣਗੇ, ਸ਼ਹਿਰਾਂ ਦੇ ਇਸ ਤੋਂ ਵੱਖਰੇ ਹੋਣਗੇ। ਇਨ੍ਹਾਂ ਦੇ ਕਾਗਜ਼ਾਂ ਦੀ ਤਸਦੀਕ ਅਤੇ ਗਵਾਹੀ ਪਾਉਣ ਵੇਲੇ ਝੂਠ ਬੋਲਣ ਦਾ ਜੁਰਮ ਕਰਨ ਵਾਲੇ ਜੋੜ ਕੇ ਗਿਣਤੀ ਸੱਤਰ ਹਜ਼ਾਰ ਤੋਂ ਉਪਰ ਹੋ ਜਾਵੇਗੀ।

ਬਾਕੀ ਸਭ ਕਿਸਮ ਦੀ ਧੋਖਾਧੜੀ ਤੇ ਭ੍ਰਿਸ਼ਟਾਚਾਰ ਨੂੰ ਪਾਸੇ ਰਹਿਣ ਦਿਓ, ਸਿਰਫ ਬੁਢਾਪਾ ਤੇ ਵਿਧਵਾ ਪੈਨਸ਼ਨਾਂ ਦੀ ਧੋਖਾਧੜੀ ਦੇ ਕੇਸਾਂ ਵਿਚ ਹੀ ਜਦੋਂ ਇਹ ਸੱਤਰ ਹਜ਼ਾਰ ਲੋਕ ਫੜਨੇ ਪਏ, ਏਨੀ ਫੌਜ ਨੂੰ ਫੜਨ ਵਾਸਤੇ ਹਿੰਮਤ ਕਿਹੜੀ ਸਰਕਾਰ ਕਰੇਗੀ, ਏਨੀ ਕਾਰਵਾਈ ਕਰਨ ਜੋਗੀ ਪੁਲਸ ਕਿਥੋਂ ਲਿਆਏਗੀ, ਜੇਲ੍ਹਾਂ ਕਿਹੜੀਆਂ ਵਿਚ ਰੱਖੇਗੀ ਤੇ ਜਦੋਂ ਤਕ ਮੁਕੱਦਮੇ ਦਾ ਨਿਪਟਾਰਾ ਨਹੀਂ ਹੋ ਜਾਂਦਾ, ਓਦੋਂ ਤੱਕ ਦੀ ਮੁਕੱਦਮੇਬਾਜ਼ੀ ਉਤੇ ਕਿੰਨੇ ਕਰੋੜ ਦਾ ਖਰਚ ਕਿੱਥੋਂ ਕਰੇਗੀ? ਸਾਫ ਹੈ ਕਿ ਭ੍ਰਿਸ਼ਟਾਚਾਰ ਵਧਿਆ ਨਹੀਂ, ਵਧਾਇਆ ਜਾ ਰਿਹਾ ਹੈ ਤਾਂ ਜੋ ਖਿਲਾਰਾ ਹੀ ਏਨਾ ਜ਼ਿਆਦਾ ਪੈ ਜਾਵੇ ਕਿ ਫਿਰ ਮੌਕੇ ਦੀ ਸਰਕਾਰ ਵੀ ਵਾਜਪਾਈ ਸਰਕਾਰ ਦੇ ਖਜ਼ਾਨਾ ਮੰਤਰੀ ਵਾਂਗ ਇਹ ਕਹਿ ਸਕੇ, ''ਹੁਣ ਤਾਂ ਭਾਣਾ ਮੰਨਣ ਬਿਨਾਂ ਚਾਰਾ ਹੀ ਕੋਈ ਨਹੀਂ, ਇਸ ਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ।''

# ਵਿਧਾਨ ਸਭਾ ਨੂੰ ਟਿੱਚ ਸਮਝਦੀ ਸਾਡੀ ਅਫਸਰਸ਼ਾਹੀ

**ਕਈ-ਕਈ ਵਰ੍ਹੇ ਵਿਭਾਗ ਨਹੀਂ ਭੇਜਦੇ ਜਵਾਬ**

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀ ਅਫਸਰਸ਼ਾਹੀ ਕਿੰਨੀ ਪ੍ਰਵਾਹ ਕਰਦੀ ਹੈ ਇਸ ਦਾ ਪਤਾ ਇਨ੍ਹਾਂ ਤੱਥਾਂ ਤੋਂ ਲਗਦਾ ਹੈ ਕਿ ਵਿਧਾਨ ਸਭਾ ਦੀ ਕਮੇਟੀ ਵਲੋਂ ਅਪਰੈਲ 1992 ਵਿਚ ਕੀਤੀਆਂ ਕਈ ਟਿੱਪਣੀਆਂ ਦਾ ਜਵਾਬ ਹੁਣ ਤੱਕ ਵੀ ਨਹੀਂ ਆਇਆ। ਕਮੇਟੀ ਨੇ ਅਧਿਕਾਰੀਆਂ ਦੀ ਲਾਪ੍ਰਵਾਹੀ ਤੇ ਸਰਕਾਰੀ ਲਾਰਿਆਂ ਨੂੰ ਪੂਰੀ ਗੰਭੀਰਤਾ ਨਾਲ ਲਿਆ ਹੈ।

ਪੰਜਾਬ ਵਿਧਾਨ ਸਭਾ ਦੀ ਸਰਕਾਰੀ ਭਰੋਸਿਆਂ ਬਾਰੇ ਕਮੇਟੀ ਦੀ ਰਿਪੋਰਟ ਸਾਲ 2009-10 ਲਈ ਪੇਸ਼ ਕੀਤੀ ਗਈ। ਇਸ ਕਮੇਟੀ ਦੇ ਸਭਾਪਤੀ ਚੌਧਰੀ ਮੋਹਨ ਲਾਲ ਹਨ। ਕਮੇਟੀ ਵਿਚ ਸਾਰੀਆਂ ਰਾਜਸੀ ਪਾਰਟੀਆਂ ਦੇ ਕੁੱਲ 13 ਮੈਂਬਰ ਸਪੀਕਰ ਵਿਧਾਨ ਸਭਾ ਵਲੋਂ ਨਾਮਜ਼ਦ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਪੰਜਾਬ ਦੇ ਵੱਖ-ਵੱਖ ਮਾਮਲਿਆਂ ਬਾਰੇ ਸਰਕਾਰੀ ਤੇ ਵਿਰੋਧੀ ਧਿਰ ਵਲੋਂ ਸਵਾਲ-ਜਵਾਬ, ਬਹਿਸ ਤੇ ਵਿੱਤੀ ਮਾਮਲਿਆਂ ਸਮੇਤ ਸਾਰੇ ਪਹਿਲੂਆਂ 'ਤੇ ਭਰਵੀਂ ਬਹਿਸ ਹੁੰਦੀ ਹੈ। ਇਸ ਬਹਿਸ ਦੇ ਬਾਅਦ ਵਿਧਾਨ ਸਭਾ ਦੀ ਕਮੇਟੀ ਵਲੋਂ ਵਿਭਾਗਾਂ ਦੇ ਜਵਾਬ ਮੰਗੇ ਜਾਂਦੇ ਹਨ। ਕਮੇਟੀ ਵਲੋਂ ਆਪਣੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬਹੁਤ ਸਾਰੇ ਵਿਭਾਗਾਂ ਵਲੋਂ ਨਿਯਮਾਂ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ ਤੇ ਵਿਧਾਨ ਸਭਾ ਵਲੋਂ ਵਾਰ-ਵਾਰ ਕਹਿਣ 'ਤੇ ਵੀ ਜਵਾਬ ਨਹੀਂ ਦਿੱਤਾ ਜਾਂਦਾ। ਕਮੇਟੀ ਨੇ ਇਹ ਗੱਲ ਬਹੁਤ ਦੁਖ ਨਾਲ ਕਹੀ ਹੈ ਕਿ ਲੰਮਾ ਸਮਾਂ ਬੀਤ ਜਾਣ ਬਾਅਦ ਵੀ ਬਹੁਤ ਸਾਰੇ ਸਵਾਲਾਂ ਦੇ ਮੁੱਢਲੇ ਉਤਰ ਵੀ ਸਭਾ ਨੂੰ ਨਹੀਂ ਮਿਲੇ ਹਨ। ਕਮੇਟੀ ਦਾ ਇਹ ਅਧਿਕਾਰ ਹੈ ਕਿ ਜੇਕਰ ਜਵਾਬ ਸਮੇਂ ਸਿਰ ਨਹੀਂ ਮਿਲਦੇ ਤਾਂ ਕਮੇਟੀ ਸੰਬੰਧਿਤ ਅਧਿਕਾਰੀ ਜਾਂ ਸਕੱਤਰ ਦੀ ਜਵਾਬ ਤਲਬੀ ਕਰ ਸਕਦੀ ਹੈ। ਚਾਰ-ਪੰਜ ਸਾਲ ਦਾ ਸਮਾਂ ਬੀਤ ਜਾਣ ਬਾਅਦ ਵੀ ਜਦੋਂ ਕਾਰਵਾਈ ਨਹੀਂ ਹੁੰਦੀ ਤਾਂ ਉਨ੍ਹਾਂ ਮਾਮਲਿਆਂ ਦਾ ਮਹੱਤਵ ਹੀ ਗਵਾਚ ਜਾਂਦਾ ਹੈ। ਕਮੇਟੀ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਲਿਖਤੀ ਰੂਪ ਵਿਚ ਕਿਹਾ ਹੈ ਕਿ ਸਾਰੇ ਵਿੱਤ ਕਮਿਸ਼ਨਰਾਂ ਤੇ ਸਕੱਤਰਾਂ ਨੂੰ ਹਦਾਇਤਾਂ ਜਾਰੀ ਕਰਕੇ ਕਮੇਟੀਆਂ ਦੀਆਂ ਟਿੱਪਣੀਆਂ ਦੇ ਜਵਾਬ ਦੇਣ ਲਈ ਕਿਹਾ ਜਾਵੇ।

ਕਮੇਟੀ ਦੇ ਇਹ ਵੀ ਧਿਆਨ ਵਿਚ ਆਇਆ ਹੈ ਕਿ ਕਈ ਕੇਸਾਂ ਵਿਚ ਵਿਭਾਗ ਆਪਣਾ ਸਬੰਧ ਨਾ ਹੋਣ ਕਾਰਨ ਸੰਬੰਧਿਤ ਵਿਭਾਗ ਨੂੰ ਮਾਮਲਾ ਭੇਜ ਦਿੰਦੇ ਹਨ ਪਰ ਉਸ ਬਾਰੇ ਜਾਣਕਾਰੀ ਵਿਧਾਨ ਸਭਾ ਕੋਲ ਨਹੀਂ ਭੇਜੀ ਜਾਂਦੀ ਹੈ। ਸਿੱਟਾ ਇਹ ਨਿਕਲਦਾ ਹੈ ਕਿ ਦੂਜਾ ਵਿਭਾਗ ਆਪਣੀ ਜ਼ਿੰਮੇਵਾਰੀ ਨਹੀਂ ਸਮਝਦਾ ਤੇ ਮਾਮਲਾ ਉਸੇ ਤਰ੍ਹਾਂ ਲਟਕਿਆ ਰਹਿੰਦਾ ਹੈ। ਕਈ ਮਾਮਲਿਆਂ ਵਿਚ ਕਮੇਟੀ ਜਦੋਂ ਮੁੜ ਪੁੱਛ-ਪੜਤਾਲ ਕਰਦੀ ਹੈ ਤਾਂ ਸੰਬੰਧਿਤ ਵਿਭਾਗ ਹਰਕਤ ਵਿਚ ਆਉਂਦਾ ਹੈ। ਇਸ ਸਥਿਤੀ ਵਿਚ ਜੇਕਰ ਵਿਭਾਗ ਦਾ ਮੁਖੀ ਨਾਲ ਹੀ ਵਿਧਾਨ ਸਭਾ ਨੂੰ ਸੂਚਨਾ ਭੇਜ ਦੇਵੇ ਤਾਂ ਵੇਲੇ ਸਿਰ ਕਾਰਵਾਈ ਹੋ ਸਕਦੀ ਹੈ। ਇਸ ਤੋਂ ਇਲਾਵਾ ਵਿਧਾਨ ਸਭਾ ਨੂੰ ਭੇਜੀ ਜਾਣਕਾਰੀ ਵਿਚ ਕਈ ਕੇਸਾਂ ਦੀਆਂ ਫੋਟੋ ਕਾਪੀਆਂ ਭੇਜ ਦਿੱਤੀਆਂ ਜਾਂਦੀਆਂ ਹਨ ਜੋ ਕਿ ਪੜ੍ਹਨਯੋਗ ਵੀ ਨਹੀਂ ਹੁੰਦੀਆਂ। ਇਸ ਤੋਂ ਇਲਾਵਾ ਕਈ ਟਿੱਪਣੀਆਂ ਦੇ ਜਵਾਬ ਸੰਬੰਧਿਤ ਅਧਿਕਾਰੀ ਨਹੀਂ ਦਿੰਦੇ ਸਗੋਂ ਕਿਸੇ ਹੇਠਲੇ ਅਧਿਕਾਰੀ ਨੂੰ ਖਾਨਾਪੂਰਤੀ ਲਈ ਜਵਾਬ ਦੇਣ ਲਈ ਆਖ ਦਿੱਤਾ ਜਾਂਦਾ ਹੈ। ਇਸ ਨਾਲ ਜਾਣਕਾਰੀ ਵੀ ਅਧੂਰੀ ਮਿਲਦੀ ਹੈ। ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਅਧੀਨ ਸਕੱਤਰ ਦੇ ਪੱਧਰ ਤੋਂ ਹੇਠਾਂ ਸਭਾ ਕੋਲ ਅਧਿਕਾਰੀਆਂ ਦੇ ਜਵਾਬ ਨਾ ਭੇਜੇ ਜਾਣ। ਸੰਸਦੀ ਮਾਮਲੇ ਵਿਭਾਗ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਹਦਾਇਤਾਂ ਦੀ ਪਾਲਣਾ ਕਰਵਾਈ ਜਾਵੇ।

ਕਮੇਟੀ ਵਲੋਂ ਬਿਜਲੀ ਵਿਭਾਗ, ਸਥਾਨਕ ਸਰਕਾਰ ਵਿਭਾਗ ਤੇ ਸਿੱਖਿਆ ਵਿਭਾਗ ਦਾ ਨਮੂਨੇ ਵਜੋਂ ਟਿੱਪਣੀਆਂ ਦੇ ਜਵਾਬ ਦੇਣ ਲਈ ਅਧਿਐਨ ਕੀਤਾ ਹੈ। ਕਮੇਟੀ ਨੇ ਮਹਿਸੂਸ ਕੀਤਾ ਹੈ ਕਿ ਸਹੀ ਢੰਗ ਦਾ ਜਵਾਬ ਤਾਂ ਦੂਰ ਦੀ ਗੱਲ ਹੈ। ਕਮੇਟੀ ਨੂੰ ਆਪਣੀ ਰਿਪੋਰਟ ਵਿਚ ਇਹ ਲਿਖਣ ਲਈ ਮਜਬੂਰ ਹੋਣਾ ਪਿਆ ਹੈ ਕਿ ਵਿਭਾਗਾਂ ਦੇ ਉਚ ਅਧਿਕਾਰੀ ਵੀ ਇਸ ਕਮੇਟੀ ਦੀ ਅਹਿਮੀਅਤ ਨਹੀਂ ਸਮਝਦੇ।

ਰਿਪੋਰਟ 'ਚ ਇਹ ਵੀ ਨੋਟਿਸ ਲਿਆ ਗਿਆ ਹੈ ਕਿ ਕਈ ਮਾਮਲਿਆਂ ਵਿਚ ਪੈਸੇ ਦੀ ਘਾਟ ਕਰਨ ਭਰੋਸੇ ਸਿਰ ਨਹੀਂ ਚੜ੍ਹਦੇ। ਇਸ ਲਈ ਕਮੇਟੀ ਦੀ ਰਾਇ ਹੈ ਕਿ ਸਦਨ ਵਿਚ ਭਰੋਸਾ ਦੇਣ ਤੋਂ ਪਹਿਲਾਂ ਸਰਕਾਰ ਆਪਣੀ ਵਿਤੀ ਹਾਲਤ ਵੇਖੇ ਤਾਂ ਜੋ ਲੋਕਾਂ ਨੂੰ ਬਾਅਦ ਵਿਚ ਨਿਰਾਸ਼ਾ ਦਾ ਸ਼ਿਕਾਰ ਨਾ ਹੋਣਾ ਪਵੇ।

# ਭੁੱਕੀ ਦੀ ਬਰਾਮਦਗੀ ਨਾਲ ਕਈ ਅਧਿਕਾਰੀਆਂ ਦੇ ਚਿਹਰੇ ਬੇਨਕਾਬ

**ਬਠਿੰਡਾ:** ਬਰਨਾਲਾ ਵਿਖੇ ਹੋਈ ਪੰਜਾਹ ਬੋਰੀਆਂ ਭੁੱਕੀ ਦੀ ਬਰਾਮਦਗੀ ਨੇ ਪੰਜਾਬ ਪੁਲਿਸ ਵਿਚ ਤਰਥੱਲੀ ਮਚਾ ਕੇ ਰੱਖ ਦਿੱਤੀ ਹੈ, ਕਿਉਂਕਿ ਕਥਿਤ ਦੋਸ਼ੀਆਂ ਦੀ ਪੁੱਛਗਿੱਛ ਤੋਂ ਮਾਲਵਾ ਖਿੱਤੇ ਵਿਚ ਚਲ ਰਹੇ ਨਸ਼ੀਲੇ ਪਦਾਰਥਾਂ ਦੇ ਇੱਕ ਵੱਡੇ ਅੱਡੇ ਦੀ ਹੀ ਸ਼ਨਾਖਤ ਨਹੀਂ ਹੋਈ, ਬਲਕਿ ਕਥਿਤ ਤੌਰ 'ਤੇ ਥਾਣੇਦਾਰਾਂ ਤੋਂ ਲੈ ਕੇ ਡੀ ਐਸ ਪੀ ਪੱਧਰ ਤਕ ਦੇ ਉਨ੍ਹਾਂ ਅਧਿਕਾਰੀਆਂ ਦੇ ਚਿਹਰੇ ਵੀ ਬੇਨਕਾਬ ਹੋ ਗਏ ਹਨ, ਜੋ ਮੋਟੀਆਂ ਰਕਮਾਂ ਹਾਸਲ ਕਰਕੇ ਅਜਿਹੇ ਗੰਭੀਰ ਅਪਰਾਧ ਨੂੰ ਪ੍ਰਫੁੱਲਤ ਕਰਨ ਵਿਚ ਯੋਗਦਾਨ ਪਾਉਂਦੇ ਆ ਰਹੇ ਸਨ।

ਜ਼ਿਕਰਯੋਗ ਹੈ ਕਿ ਬਰਨਾਲਾ ਬਠਿੰਡਾ ਰੋਡ 'ਤੇ ਅਨਾਜ ਮੰਡੀ ਹੰਡਿਆਇਆ ਕੋਲੋਂ ਬਰਨਾਲਾ ਪੁਲਿਸ ਨੇ ਪਿਛਲੇ ਦਿਨੀਂ ਟਰੱਕ ਨੰਬਰ ਆਰ ਜੇ-31ਜੀ-2647 'ਚੋਂ ਪੰਜਾਹ ਬੋਰੀਆਂ ਭੁੱਕੀ ਬਰਾਮਦ ਕਰਕੇ ਇਸ ਜ਼ਿਲ੍ਹੇ ਦੇ ਥਾਣਾ ਫੂਲ ਅਧੀਨ ਪੈਂਦੇ ਪਿੰਡ ਫੂਲੇਵਾਲਾ ਦੇ ਗੁਰਪਰਤਾਪ ਸਿੰਘ, ਇਸੇ ਜ਼ਿਲ੍ਹੇ ਦੇ ਹੀ ਪਿੰਡ ਸਲਾਬਤਪੁਰਾ ਦੇ ਨਰਿੰਦਰ ਸਿੰਘ ਅਤੇ ਪਟਿਆਲਾ ਦੇ ਗੁਰਸੇਵਕ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਸੀ। ਪੁੱਛਗਿੱਛ ਦੌਰਾਨ ਜਿੱਥੇ ਇਸ ਗਿਰੋਹ ਨੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਫੂਲੇਵਾਲਾ ਵਿਖੇ ਪਿਛਲੇ ਕਈ ਵਰ੍ਹਿਆਂ ਤੋਂ ਚੱਲ ਰਹੇ ਨਸ਼ੀਲੇ ਪਦਾਰਥਾਂ ਦੇ ਉਸ ਵੱਡੇ ਅੱਡੇ ਦਾ ਪਰਦਾਫਾਸ਼ ਕੀਤਾ, ਜੋ ਸਮੁੱਚੇ ਮਾਲਵਾ ਖੇਤਰ ਨੂੰ ਭੁੱਕੀ ਸਪਲਾਈ ਕਰਦਾ ਆ ਰਿਹਾ ਸੀ, ਉਥੇ ਥਾਣੇਦਾਰਾਂ ਤੋਂ ਲੈ ਕੇ ਡੀ ਐਸ ਪੀ ਪੱਧਰ ਤਕ ਦੇ ਉਨ੍ਹਾਂ ਅਧਿਕਾਰੀਆਂ ਦੇ ਵੀ ਨਾਂ ਬੇਪਰਦ ਕਰ ਦਿੱਤੇ, ਜਿਨ੍ਹਾਂ ਨੂੰ ਮੋਟੀਆਂ ਰਕਮਾਂ ਦੇ ਕੇ ਉਹ ਅਜਿਹਾ ਧੰਦਾ ਕਰਦੇ ਆ ਰਹੇ ਸਨ।

ਜਾਣਕਾਰੀ ਅਨੁਸਾਰ ਸਮਗਲਰਾਂ ਵਲੋਂ ਮੁਹੱਈਆ ਕਰਵਾਈ ਸੂਚਨਾ ਅਨੁਸਾਰ ਕਥਿਤ ਪੁਲਿਸੀਆਂ ਦੀ ਜੋ ਸੂਚੀ ਬਰਨਾਲਾ ਪੁਲਿਸ ਨੇ ਤਿਆਰ ਕੀਤੀ ਹੈ, ਉਸ ਦੀਆਂ ਨਕਲਾਂ ਰਾਜ ਦੇ ਵੱਡੇ ਪੁਲਿਸ ਅਧਿਕਾਰੀਆਂ ਤੱਕ ਪਹੁੰਚਾ ਦਿੱਤੀਆਂ ਹਨ। ਤਸਦੀਕ ਲਈ ਅਜਿਹੀਆਂ ਸੂਚੀਆਂ ਰਾਜ ਦੇ ਖੁਫ਼ੀਆ ਵਿਭਾਗ ਅਤੇ ਕਾਊਂਟਰ ਇੰਟੈਲੀਜੈਂਸ ਦੇ ਵੀ ਹਵਾਲੇ ਕਰ ਦਿੱਤੀਆਂ ਹਨ। ਸਮਗਲਰਾਂ ਦੇ ਗਰੋਹ ਨੇ ਜਿਨ੍ਹਾਂ ਪੁਲਿਸ ਕਰਮਚਾਰੀਆਂ ਤੇ ਅਧਿਕਾਰੀਆਂ ਦੇ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਵਾਉਣ ਵਿਚ ਸਹਾਇਕ ਹੋਣ ਦਾ ਇੰਕਸਾਫ ਕੀਤਾ ਹੈ, ਉਨ੍ਹਾਂ ਵਿਚ ਥਾਣਾ ਫੂਲ ਰਹਿ ਚੁੱਕੇ ਕਈ ਮੁੱਖ ਅਫ਼ਸਰਾਂ, ਉਥੋਂ ਦੇ ਕਈ ਡੀ ਐਸ ਪੀਜ਼, ਸੀ ਆਈ ਏ ਸਟਾਫ ਅਤੇ ਬਠਿੰਡਾ ਦੇ ਨਾਰਕੋਟੈਕ ਸੈਲ 'ਚ ਕੰਮ ਕਰ ਚੁੱਕੇ ਕਰਮਚਾਰੀਆਂ ਦੇ ਨਾਂ ਵੀ ਸਾਮਲ ਹਨ। ਜਿੱਥੋਂ ਤੱਕ ਇਸ ਗਰੋਹ ਦੀ ਕਾਰਜ ਪ੍ਰਣਾਲੀ ਦਾ ਸੁਆਲ ਹੈ, ਉਹ ਵੀ ਬਹੁਤ ਦਿਲਚਸਪ ਹੈ ਕਿਉਂਕਿ ਇਸ ਜ਼ਿਲ੍ਹੇ ਨਾਲ ਸਬੰਧਤ ਇਸਦੇ ਸਰਗਨੇ ਗੁਰਪ੍ਰਤਾਪ ਸਿੰਘ ਨੇ ਜਿੱਥੇ ਕਾਂਗਰਸੀ ਹਕੂਮਤ ਵੇਲੇ ਕਾਂਗਰਸੀ ਆਗੂਆਂ ਨਾਲ ਭਾਈ ਨੇੜਤਾ ਬਣਾਈ ਹੋਈ ਸੀ, ਸਿਆਸੀ ਫਿਜ਼ਾ ਦੇ ਤਬਦੀਲ ਹੁੰਦਿਆਂ ਹੀ ਉਸਨੇ ਅਕਾਲੀ ਆਗੂਆਂ ਨਾਲ ਯਾਰਾਨਾ ਗੰਢ ਲਿਆ ਸੀ।

# ਬਾਜਾਂ ਵਾਲਿਆ ਲਾਜ ਰੱਖ ਲਈਂ ਗਰੀਬ ਦੀ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856

ਅਫਰੀਕਾ ਦੀ ਇਕ ਸੀ-ਪੋਰਟ ਸੈਨ ਪੀਡਰੋ 'ਤੇ ਅਸੀਂ ਸ਼ਿਪ ਵਿਚ ਕੌਫੀ ਲੋਡ ਕਰ ਰਹੇ ਸਾਂ। ਸਾਨੂੰ ਇਕ ਅਫਰੀਕੀ ਕਾਮੇ ਨੇ ਦੱਸਿਆ ਕਿ ਤੁਹਾਡਾ ਸ਼ਿਪ ਇਥੋਂ ਬਰਾਜ਼ੀਲ ਜਾਵੇਗਾ ਤੇ ਉਥੋਂ ਅੱਗੇ ਅਮਰੀਕਾ ਦੀ ਮਿਆਮੀ ਸੀ-ਪੋਰਟ 'ਤੇ ਲੱਗੇਗਾ। ਉਸ ਕਾਮੇ ਦੀ ਗੱਲ 'ਤੇ ਯਕੀਨ ਕਰਨਾ ਔਖਾ ਹੋ ਗਿਆ। ਅਸੀਂ ਇਸ ਗੱਲ ਨੂੰ ਠੁਕਰਾ ਵੀ ਨਹੀਂ ਸਕਦੇ ਸਾਂ ਕਿਉਂਕਿ ਇਹ ਸ਼ਿਪ ਪਹਿਲਾਂ ਵੀ ਅਮਰੀਕਾ ਦੋ ਚੱਕਰ ਲਾ ਗਿਆ ਸੀ। ਅਸੀਂ ਹੌਲੀ ਹੌਲੀ ਇਹ ਪਤਾ ਕਰਨ ਲੱਗ ਪਏ ਕਿ ਸ਼ਿਪ ਸੱਚੀਂ ਅਮਰੀਕਾ ਜਾ ਰਿਹਾ ਹੈ। ਜਦੋਂ ਇਹ ਗੱਲ ਸੱਚ ਨਿਕਲੀ ਤਾਂ ਮਨ ਵਿਚ ਬਹੁਤ ਜਿਆਦਾ ਖੁਸ਼ੀ ਹੋਈ ਪਰ ਇਕ ਡਰ ਵੀ ਸਤਾਉਣ ਲੱਗਿਆ। ਡਰ ਇਹ ਸੀ ਕਿ ਸਾਡਾ ਏਜੰਟ ਚੁਗਲੀ ਕਰਕੇ ਸਾਡੇ ਸਾਈਨ ਔਫ ਨਾ ਕਰਵਾ ਦੇਵੇ। ਉਸ ਟਾਈਮ ਏਜੰਟ ਸ਼ਿਪ ਚੜ੍ਹਾਉਣ ਲੱਗੇ ਇਕ ਇਕਰਾਰਨਾਮੇ 'ਤੇ ਦਸਤਖਤ ਕਰਵਾ ਲੈਂਦੇ ਸੀ ਕਿ ਜੇ ਸ਼ਿਪ ਅਮਰੀਕਾ ਗਿਆ ਤਾਂ ਇੰਨੇ ਹੋਰ ਪੈਸੇ ਦੇਣੇ ਪੈਣਗੇ। ਅਸੀਂ ਵੀ ਦਸਤਖਤ ਕਰਕੇ ਆਏ ਸੀ।

ਬਰਾਜ਼ੀਲ ਹੁੰਦੇ ਹੋਏ ਅਸੀਂ ਸੈਨ ਵਾਨ ਪੋਰਟੋ ਰਿਕੋ ਪਹੁੰਚੇ। ਇਥੇ ਸਾਡੇ ਏਜੰਟ ਦੇ ਫੋਨ ਆਉਣ ਲੱਗ ਗਏ। ਮੇਰੀ ਤੇ ਜਤਿੰਦਰ ਦੀ ਗਾਰੰਟੀ ਏਜੰਟ ਕੋਲ ਪਹੁੰਚ ਗਈ, ਮੇਰੇ ਇਕ ਪੇਂਡੂ ਦੀ ਗਾਰੰਟੀ ਨਾ ਪਹੁੰਚੀ। ਕੈਪਟਨ ਨੇ ਉਸ ਦੀ ਦਿੱਲੀ ਦੀ ਟਿਕਟ ਬਣਾ ਦਿੱਤੀ। ਹੁਣ ਮੈਂ ਤੇ ਜਤਿੰਦਰ ਰਹਿ ਗਏ। ਮੈਨੂੰ ਅਮਰੀਕਾ ਜਾਣ ਦੀ ਬਹੁਤ ਖੁਸ਼ੀ ਹੋ ਰਹੀ ਸੀ ਪਰ ਪਿੱਛੇ ਕਰਜ਼ੇ ਦੀ ਪੰਡ ਵੀ ਭਾਰੀ ਹੋ ਰਹੀ ਸੀ। ਡਰ ਲਗਦਾ ਸੀ ਕਿ ਜੇ ਸ਼ਿਪ ਵਿਚੋਂ ਨਿਕਲਦੇ ਸਮੇਂ ਫੜੇ ਗਏ ਤਾਂ ਚੱਕ ਕੇ ਇੰਡੀਆ ਭੇਜ ਦੇਣਾ। ਇਸ ਡਰ ਤੋਂ ਛੁਟਕਾਰਾ ਪਾਉਣ ਲਈ ਅਸੀਂ ਗੁਰਬਾਣੀ ਦਾ ਸਹਾਰਾ ਲਿਆ। ਸਾਡੇ ਕੋਲ ਨਿਤਨੇਮ ਦਾ ਗੁਟਕਾ ਸਾਹਿਬ ਸੀ। ਅਸੀਂ ਦੋਵੇਂ ਵਾਰੀ-ਵਾਰੀ ਪਾਠ ਕਰਕੇ ਅਰਦਾਸ ਕਰਦੇ। ਕਹਿੰਦੇ ਨੇ, ਮਨ ਨਾਲ ਭਿੱਜ ਕੇ ਕੀਤੀ ਅਰਦਾਸ ਕਦੇ ਬੇ-ਅਰਥ ਨਹੀਂ ਜਾਂਦੀ, ਸਿਰਫ ਸਾਨੂੰ ਮਨ ਦੀ ਇਕਾਗਰਤਾ ਦੀ ਲੋੜ ਹੈ। ਸੈਨ ਵਾਨ ਤੋਂ ਮਿਆਮੀ ਦਾ ਗਿਆਰਾਂ ਦਿਨਾਂ ਦਾ ਸਫਰ ਇਉਂ ਲੱਗਿਆ ਜਿਵੇਂ ਪਰਮਾਤਮਾ ਦੀ ਬੁੱਕਲ ਵਿਚ ਬੈਠ ਕੇ ਤੈਅ ਕੀਤਾ ਹੋਵੇ।

ਢਾਡੀ ਗੁਰਬਖਸ਼ ਸਿੰਘ ਅਲਬੇਲੇ ਦੀ ਇਕ ਕੈਸੇਟ ਵਿਚੋਂ ਸੁਣੀ ਹੋਈ ਕਵਿਤਾ ਦੇ ਬੋਲ "ਮੇਹਰਾਂ ਵਾਲਿਆਂ ਲਾਜ ਰੱਖ ਲਈਂ ਗਰੀਬ ਦੀ", ਬੜੇ ਪਿਆਰੇ ਲੱਗਦੇ ਸਨ ਪਰ ਮੈਂ ਇਨ੍ਹਾਂ ਬੋਲਾਂ ਨੂੰ "ਬਾਜ਼ਾਂ ਵਾਲਿਆ ਲਾਜ ਰੱਖ ਲਈਂ ਗਰੀਬ ਦੀ" ਕਰਕੇ ਗਾਉਂਦਾ। ਮੈਂ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਇਹੀ ਬੇਨਤੀ ਅਰਦਾਸ ਕਰਦਾ ਕਿ ਹੁਣ ਗਰੀਬ ਦੀ ਲਾਜ (ਇੱਜ਼ਤ) ਤੁਹਾਡੇ ਹੱਥ ਹੈ। ਤੁਸੀਂ ਆਪ ਅੰਗ ਸੰਗ ਸਹਾਈ ਹੋ ਕੇ ਸਾਡੀ ਰੱਖਿਆ ਕਰਨੀ। ਸੱਚ ਦੱਸਾਂ ਤਾਂ ਜਿਸ ਸ਼ਰਧਾ ਤੇ ਲਗਨ ਨਾਲ ਅਸੀਂ ਸ਼ਿਪ ਵਿਚ ਸਿਮਰਨ ਕੀਤਾ, ਉਹ ਸ਼ਰਧਾ ਤੇ ਲਗਨ ਅੱਜ ਤਕ ਦੁਬਾਰਾ ਬਣੀ ਨਹੀਂ। ਪਤਾ ਨਹੀਂ ਕਿਉਂ ਮਨ ਭਟਕਦਾ ਰਹਿੰਦਾ ਹੈ? ਜਿੰਨੇ ਮੂਲ ਮੰਤਰ ਦੇ ਪਾਠ ਸ਼ਿਪ ਵਿਚ ਕੀਤੇ, ਉਹ ਦੁਬਾਰਾ ਨਹੀਂ ਹੋਏ। ਸ਼ਿਪ ਵਿਚੋਂ ਉਤਰਨ ਵੇਲੇ ਅਸੀਂ ਇਕੱਲਾ ਗੁਟਕਾ ਸਾਹਿਬ ਤੇ ਬਾਬਿਆਂ ਦਾ ਸਿਰੋਪਾਓ ਲੈ ਕੇ ਹੀ ਉਤਰੇ ਸਾਂ।

ਬਾਜਾਂ ਵਾਲੇ ਨੇ ਗਰੀਬ ਦੀ ਲਾਜ ਰੱਖੀ। ਸ਼ਿਪ ਵਿਚੋਂ ਤਾਂ ਅਸੀਂ ਇਸ ਤਰ੍ਹਾਂ ਉਤਰੇ ਜਿਵੇਂ ਬਰਾਤ ਵਾਲੀ ਬੱਸ ਵਿਚੋਂ ਬਰਾਤੀ ਉਤਰ ਕੇ ਪੂਰੀ ਟੌਹਰ ਨਾਲ ਕੁੜੀ ਵਾਲਿਆਂ ਦੇ ਬੂਹੇ ਢੁੱਕਦੇ ਹਨ। ਸਾਡਾ ਕੀਤਾ ਹੋਇਆ ਸਿਮਰਨ ਸਾਡੇ ਨਾਲ ਸਹਾਈ ਹੋਇਆ। ਮਨ ਵਿਚ ਸੋਚ ਆਈ, ਇਸੇ ਤਰ੍ਹਾਂ ਜੇ ਅਸੀਂ ਸੱਚੇ ਦਿਲੋਂ ਸਿਮਰਨ, ਸੇਵਾ ਤੇ ਅਰਦਾਸ ਕਰਾਂਗੇ ਤਾਂ ਭਵ-ਜਲ ਸਾਗਰ ਵਿਚੋਂ ਨਾਮ ਵਾਲੇ ਸ਼ਿਪ ਵਿਚ ਬੈਠ ਕੇ ਸਿੱਧੇ ਸੱਚਖੰਡ ਜਾ ਬਿਰਾਜਾਂਗੇ। ਸਾਡੇ ਵਾਂਗ ਹੀ ਬਾਜ਼ਾਂ ਵਾਲੇ ਨੇ ਤਾਏ ਬਿੱਕਰ ਦੀ ਲਾਜ ਰੱਖੀ। ਇਹ ਮਨਘੜਤ ਕਹਾਣੀ ਨਹੀਂ, ਸਗੋਂ ਆਪਣੀਆਂ ਅੱਖਾਂ ਨਾਲ ਵੇਖੀ ਤੇ ਕੰਨੀਂ ਸੁਣੀ ਤਾਏ ਬਿੱਕਰ ਦੀ ਜ਼ਿੰਦਗੀ ਦੀ ਦਿਲਚਸਪ ਕਹਾਣੀ ਹੈ। ਗੱਲ ਇਸ ਤਰ੍ਹਾਂ ਹੈ;

ਬਿੱਕਰ ਤਿੰਨ ਭਰਾਵਾਂ ਤੋਂ ਵੱਡਾ ਸੀ। ਰੱਬ ਦੀਆਂ ਦਿੱਤੀਆਂ ਖਾਣ ਵਾਲਾ, ਦੇਸੀ ਬੰਦਾ, ਮਿਹਨਤੀ ਬਹੁਤ ਜ਼ਿਆਦਾ ਸੀ। ਆਪਣੇ ਬਾਪ ਨਾਲ ਕੰਮ ਵਿਚ ਹੱਥ ਵਟਾ ਕੇ ਆਪਣੇ ਭਰਾਵਾਂ ਨੂੰ ਪਾਲਿਆ। ਜਦੋਂ ਭਰਾ ਜਵਾਨੀ ਵਿਚ ਆਏ ਤਾਂ ਉਨ੍ਹਾਂ ਨੇ ਬਿੱਕਰ ਨੂੰ ਅੱਡ ਕਰ ਦਿੱਤਾ। ਬਿੱਕਰ ਆਪਣੀ ਘਰ ਵਾਲੀ ਤਾਰੋ ਤੇ ਤਿੰਨ ਧੀਆਂ ਨੂੰ ਲੈ ਕੇ ਚੁੱਪ-ਚਾਪ ਅੱਡ ਹੋ ਗਿਆ। ਸਾਰੇ ਪਿੰਡ ਨੇ ਬਿੱਕਰ ਨੂੰ ਕਿਹਾ ਕਿ ਉਹ ਭਰਾਵਾਂ ਨਾਲ ਰੌਲਾ ਪਾ ਕੇ ਆਪਣਾ ਬਣਦਾ ਹੱਕ ਲਵੇ ਪਰ ਬਿੱਕਰ ਨੇ ਸਭ ਕੁਝ ਬਾਜ਼ਾਂ ਵਾਲੇ ਉਪਰ ਛੱਡ ਦਿੱਤਾ।

ਤਾਰੋ ਮਾਪਿਆਂ ਦੀ ਇਕੱਲੀ ਧੀ ਸੀ। ਪੰਜ-ਸੱਤ ਜਮਾਤਾਂ ਪੜ੍ਹੀ ਹੋਈ ਸੀ। ਸਿਆਣੀ ਤੇ ਸਮਝਦਾਰ ਬਥੇਰੀ ਸੀ। ਬਿੱਕਰ ਨੇ ਥੋੜ੍ਹੇ ਕੁ ਸਾਲ ਤਾਂ ਖੇਤੀ ਕੀਤੀ, ਮੱਝਾਂ ਰੱਖ ਕੇ ਦੁੱਧ ਪਾਉਂਦਾ ਰਿਹਾ ਪਰ ਹਾੜ੍ਹੀ-ਸਾਉਣੀ ਮਸਾਂ ਬਰਾਬਰ ਹੀ ਹੁੰਦਾ। ਮਾਮਲੇ 'ਤੇ ਜ਼ਮੀਨਾਂ ਲੈ ਕੇ ਖੇਤੀ ਕਰਨ ਵਾਲਿਆਂ ਨੂੰ ਆੜ੍ਹਤੀਏ ਦੇ ਮੱਥੇ ਲੱਗ ਕੇ 'ਸੇਠ ਜੀ, ਰਾਮ ਰਾਮ' ਕਹਿਣਾ ਹੀ ਪੈਂਦਾ ਹੈ। ਪਰ ਬਿੱਕਰ ਕਹਿੰਦਾ, "ਜਿਸ ਦਾ ਬਾਜਾਂ ਵਾਲਾ ਗੁਰੂ ਹੋਵੇ, ਉਸ ਨੂੰ ਕਿਸੇ ਅੱਗੇ ਸਿਰ ਝੁਕਾਉਣ ਦੀ ਕੀ ਲੋੜ ਹੈ।"

ਤਾਰੋ ਵਿਚਾਰੀ ਮੁਰਗੀਆਂ ਦੇ ਆਂਡੇ ਵੇਚ ਕੇ ਕੁੜੀਆਂ ਦਾ ਦਾਜ ਬਣਾਉਂਦੀ ਰਹਿੰਦੀ। ਬਿੱਕਰ ਨਾਰਾਜ਼ ਹੁੰਦਾ ਕਿ ਤਾਰੋ ਆਂਡੇ ਕਿਉਂ ਵੇਚਦੀ ਹੈ, ਕਿਉਂ ਮੁਰਗੀਆਂ ਰੱਖੀਆਂ ਨੇ? ਫਿਰ ਬਿੱਕਰ ਕਹਿੰਦਾ "ਤਾਰੋ ਆਂਡੇ ਵੇਚ ਕੇ ਕੁੜੀਆਂ ਦੇ ਦਾਜ ਨਹੀਂ ਬਣਾਏ ਜਾਂਦੇ, ਬਾਜਾਂ ਵਾਲੇ 'ਤੇ ਭਰੋਸਾ ਰੱਖ, ਸਾਡੀ ਭੋਲੀ ਲਈ ਤਾਂ ਕੋਈ ਅਮਰੀਜ਼ਾਦਾ ਅਮਰੀਕਾ, ਕੈਨੇਡਾ ਵਿਚੋਂ ਆਊ ਤੇ ਤਿੰਨਾਂ ਕੱਪੜਿਆਂ ਵਿਚ ਭੋਲੀ ਨੂੰ ਵਿਆਹ ਕੇ ਲੈ ਜਾਊ।" ਇਹ ਸੁਣ ਕੇ ਤਾਰੋ ਕਦੇ ਹੱਸਦੀ, ਕਦੇ ਗੁੱਸੇ ਵਿਚ ਬੋਲਦੀ।

ਬਿੱਕਰ ਜਦੋਂ ਨਵਾਂ-ਨਵਾਂ ਅੱਡ ਹੋਇਆ ਸੀ ਤਾਂ ਤਾਰੋ ਨੇ ਸੌਦਾ-ਪੱਤਾ ਲਿਆਉਣ ਲਈ ਮੁੱਲਾਂਪੁਰ ਭੇਜ ਦਿੱਤਾ। ਬਿੱਕਰ ਨੇ ਸਾਈਕਲ ਚੁੱਕਿਆ ਤੇ ਫਾਟਕ ਦੇ ਕੋਲ ਆਰੇ 'ਤੇ ਪਹੁੰਚ ਕੇ ਕਹਿੰਦਾ ਕਿ ਮੈਂ ਖੰਡ, ਘਿਉ ਲਿਜਾਣਾ ਹੈ। ਅੱਗੋਂ ਆਰੇ ਵਾਲਾ ਕਹਿੰਦਾ ਭਰਾਵਾ ਇਹ ਆਰਾ ਹੈ, ਇਥੇ ਤਾਂ ਲੱਕੜ ਦਾ ਕੰਮ ਹੁੰਦਾ ਹੈ। ਖੰਡ ਘਿਉ ਦੀਆਂ ਦੁਕਾਨਾਂ ਅੱਗੇ ਬਾਜ਼ਾਰ ਵਿਚ ਹਨ। ਬਿੱਕਰ ਦੀਆਂ ਫੱਕਰ ਗੱਲਾਂ 'ਤੇ ਅੱਜ ਵੀ ਹਾਸਾ ਆਉਂਦਾ ਹੈ।

ਬਿੱਕਰ ਨੇ ਤਾਰੋ ਨਾਲ ਸਲਾਹ ਕਰਕੇ ਅਰਬ ਦੇਸ਼ਾਂ ਵਿਚ ਜਾਣ ਵਾਸਤੇ ਪਾਸਪੋਰਟ ਬਣਾ ਲਿਆ। ਪਿੰਡ ਦੇ ਇਕ ਹੋਰ ਬੰਦੇ ਨਾਲ ਬਿੱਕਰ ਕੁਵੈਤ ਨੂੰ ਜਹਾਜ਼ ਚੜ੍ਹ ਗਿਆ। ਲੇਬਰ ਦਾ ਕੰਮ ਸੀ। ਬਿੱਕਰ ਛੇਤੀ ਹੀ ਅਰਬੀ ਮਾਲਕ ਦੇ ਦਿਲ ਵਿਚ ਵਸ ਗਿਆ। ਅੱਜ ਕੁਝ, ਕੱਲ ਕੁਝ ਬਿੱਕਰ ਦੀ ਤਰੱਕੀ ਹੋਣ ਲੱਗੀ, ਅਰਬੀ ਬੋਲੀ ਵੀ ਸਿੱਖਣ ਲੱਗਿਆ। ਪਿੰਡ ਵੀ ਘਰ ਵਿਚ ਆਰਥਿਕ ਹਾਲਤ ਮਜਬੂਤ ਹੋਣ ਲੱਗੀ। ਬਿੱਕਰ ਨੇ ਸਿਆਣੀ ਸੋਚ ਨਾਲ ਚਾਰ ਪੈਸੇ ਜਮ੍ਹਾਂ ਕਰ ਲਏ।

ਬਿੱਕਰ ਮੁਟਿਆਰ ਹੋਈਆਂ ਧੀਆਂ ਦਾ ਫਿਕਰ ਕਰਦਾ ਪੰਜ ਸਾਲ ਲਾ ਕੇ ਵਾਪਸ ਪਿੰਡ ਆ ਗਿਆ। ਘਰ ਬਾਰ ਬਣਾ ਕੇ, ਰਹਿਣ ਸਹਿਣ ਵੀ ਵਧੀਆ ਕਰ ਲਿਆ, ਪੰਜਾਂ ਸਾਲਾਂ ਵਿਚ ਚੁਸਤੀ ਫੁਰਤੀ ਵੀ ਆ ਗਈ। ਦੋ ਕੁੜੀਆਂ ਕਾਲਜ ਪੜ੍ਹਦੀਆਂ ਬਹੁਤ ਹੀ ਸੋਹਣੀਆਂ ਤੇ ਸੁਨੱਖੀਆਂ, ਸਾਊ ਸੁਭਾਅ, ਮਾਪਿਆਂ ਦੀ ਇੱਜ਼ਤ ਦਾ ਖਿਆਲ ਹਰ ਪਲ ਰੱਖਦੀਆਂ। ਬਿੱਕਰ ਨੂੰ ਹੁਣ ਉਨ੍ਹਾਂ ਦੇ ਵਿਆਹਾਂ ਦਾ ਫਿਕਰ ਹੋਣ ਲੱਗਿਆ। ਧੀਆਂ ਵਾਸਤੇ ਵਰ ਦੀ ਤਲਾਸ਼ ਕਰਨ ਲੱਗਾ। ਆਪਣੇ ਸਾਕ-ਸਬੰਧੀਆਂ ਨੂੰ ਪੁੱਛਦਾ ਰਹਿੰਦਾ।

ਇਕ ਦਿਨ ਪੱਕੇ ਦਰਵਾਜ਼ੇ ਬੈਠੇ ਬਿੱਕਰ ਨੂੰ ਕਿਸੇ ਨੇ ਟਿੱਚਰ ਕੀਤੀ, "ਊਏ ਬਿੱਕਰਾ, ਵੇਖ ਅਖਬਾਰ, ਲਿਖਿਆ ਅਮਰੀਕਾ ਵਿਚੋਂ ਮੁੰਡਾ ਆਇਆ, ਕੋਈ ਦਾਜ ਦਹੇਜ ਨਹੀਂ, ਕੁੜੀ ਸੋਹਣੀ ਤੇ ਪੜ੍ਹੀ ਲਿਖੀ ਹੋਵੇ, ਤਿੰਨਾਂ ਕੱਪੜਿਆਂ ਵਿਚ ਵਿਆਹ ਕਰਾਂਗੇ।" ਬਿੱਕਰ ਉਸ ਤੋਂ ਅਖਬਾਰ ਲਿਆਇਆ ਤੇ ਘਰ ਆ ਕੇ ਤਾਰੋ ਨੂੰ ਵਿਖਾਇਆ। ਤਾਰੋ ਨੇ ਕਿਹਾ, "ਜੀ ਕਦੇ ਖੂਹ ਦੀ ਇੱਟ ਵੀ ਚੁਬਾਰੇ ਲੱਗੀ ਏ, ਤੁਸੀਂ ਸੋਚ ਕੇ ਮੁੰਡਾ ਵੇਖਣ ਜਾਇਓ।" ਬਿੱਕਰ ਨੇ ਆਪਣਾ ਭਾਣਜਾ ਸੱਦ ਲਿਆ, ਦੋਵੇਂ ਸਕੂਟਰ 'ਤੇ ਮੁੰਡੇ ਵਾਲਿਆਂ ਦੇ ਘਰ ਪਹੁੰਚ ਗਏ। ਮੁੰਡੇ ਵਾਲਿਆਂ ਵਧੀਆ ਢੰਗ ਨਾਲ ਗੱਲ ਕੀਤੀ। ਬੱਸ ਇਹੀ ਕਿਹਾ ਕਿ ਕੁੜੀ ਸੋਹਣੀ ਤੇ ਪੜ੍ਹੀ ਹੋਵੇ। ਵਿਆਹ ਇਕ ਹਫਤੇ ਵਿਚ ਕਰਨਾ ਪਊ। ਬਿੱਕਰ ਕਹਿੰਦਾ ਜੀ ਕੋਈ ਗੱਲ ਨਹੀਂ, ਵਿਆਹ ਭਾਵੇਂ ਸਵੇਰੇ ਲੈ ਲਵੋ ਪਰ ਮੈਂ ਦੇ ਕੁਝ ਨਹੀਂ ਸਕਦਾ। ਮੇਰੇ ਕੋਲ ਤਾਂ ਦੋ ਖੇਤ ਹਨ, ਦੋ ਮੱਝਾਂ ਤੇ ਇਹ ਸਕੂਟਰ। ਤਿੰਨ ਧੀਆਂ ਦਾ ਪਿਓ ਹਾਂ।

ਮੁੰਡੇ ਵਾਲਿਆਂ ਨੇ ਕੁੜੀ ਵਿਖਾਉਣ ਲਈ ਜਗ੍ਹਾ ਦੀ ਚੋਣ ਕਰ ਲਈ। ਦੂਜੇ ਦਿਨ ਬਿੱਕਰ ਭੋਲੀ ਨੂੰ ਸਕੂਟਰ 'ਤੇ ਬਿਠਾ ਕੇ ਦੱਸੀ ਥਾਂ ਲੈ ਗਿਆ। ਮੁੰਡਾ ਵੀ ਆਪਣੇ ਮਾਪਿਆਂ ਨਾਲ ਆਇਆ ਸੀ। ਵੇਖ ਵਖਾਈ ਵਿਚ ਮੁੰਡੇ ਨੂੰ ਕੁੜੀ ਪਸੰਦ ਆ ਗਈ। ਅਗਲੇ ਐਤਵਾਰ ਦਾ ਵਿਆਹ ਰੱਖ ਦਿੱਤਾ। ਬਿੱਕਰ ਸ਼ਹਿਰੋਂ ਲੱਡੂਆਂ ਦਾ ਡੱਬਾ ਖਰੀਦ ਕੇ ਪਿੰਡ ਆ ਗਿਆ। ਤਾਰੋ ਦਾ ਚਾਅ ਨਾ ਚੱਕਿਆ ਜਾਵੇ।

ਤਾਰੋ ਨੂੰ ਯਕੀਨ ਨਾ ਹੋਵੇ ਕਿ ਸਾਡੀ ਭੋਲੀ ਨੂੰ ਅਮਰੀਕਾ ਵਾਲੇ ਨੇ ਪਸੰਦ ਕਰ ਲਿਆ। ਵਿਆਹ ਦੀ ਤਿਆਰੀ ਹੋਣ ਲੱਗੀ। ਬਰਾਤ ਵਿਚ ਗਿਆਰਾਂ ਬੰਦੇ ਆਉਣੇ ਸਨ। ਬਿੱਕਰ ਨੇ ਪਿੰਡੋਂ ਹੀ ਹਲਵਾਈ ਨਾਲ ਬਰਫੀ ਤੇ ਪਕੌੜਿਆਂ ਦੀ ਗੱਲ ਕਰ ਲਈ, ਪਿੰਡੋਂ ਹੀ ਚਾਨਣੀ ਤੇ ਕਨਾਤਾਂ ਲੈ ਆਂਦੀਆਂ, ਆਂਢ-ਗੁਆਂਢ ਦੇ ਪੰਦਰਾਂ ਵੀਹ ਬੰਦੇ ਇਕੱਠੇ ਹੋ ਗਏ। ਵਿਆਹ ਵਾਲੇ ਦਿਨ ਸਾਰੀ ਤਿਆਰੀ ਹੋ ਗਈ। ਹੁਣ ਬਰਾਤ ਦੀ ਉਡੀਕ ਹੋਣ ਲੱਗੀ। ਬਰਾਤ ਥੋੜ੍ਹਾ ਜਿਹਾ ਲੇਟ ਹੋ ਗਈ। ਆਂਢੀ ਗੁਆਂਢੀ ਅੰਦਰੋ-ਅੰਦਰੀਂ ਇਕ ਦੂਜੇ ਨੂੰ ਮਖੌਲ ਕਰਨ ਲੱਗੇ। ਅਮਰੀਕਾ ਵਾਲੇ ਇਸ ਤਰ੍ਹਾਂ ਵਿਆਹ ਕਰਨ ਲੱਗੇ ਤਾਂ ਟੈਂਟਾਂ ਵਾਲੇ, ਮੈਰਿਜ ਪੈਲਸਾਂ ਵਾਲੇ ਤੇ ਮੂਵੀ ਵਾਲੇ ਭੁੱਖੇ ਮਰ ਜਾਣਗੇ, ਲਗਦਾ ਬਿੱਕਰ ਨਾਲ ਧੋਖਾ ਹੋ ਗਿਆ। ਇਸ ਮੌਕੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਹੋ ਰਹੀਆਂ ਸਨ।

ਬਿੱਕਰ ਅੰਦਰ ਗਿਆ ਤੇ ਗਲ ਵਿਚ ਸਾਫਾ ਪਾ ਕੇ ਦਸ਼ਮੇਸ਼ ਪਿਤਾ ਦਾ ਧਿਆਨ ਧਰ ਕੇ ਅਰਦਾਸ ਕੀਤੀ, "ਬਾਜਾਂ ਵਾਲਿਆ ਗਰੀਬ ਦੀ ਲਾਜ ਤੇਰੇ ਹੱਥ ਹੈ। ਤੂੰ ਮੇਰਾ ਰਾਖਾ, ਆਪ ਸਹਾਈ ਹੋਵੋ।" ਅਜੇ ਬਿੱਕਰ ਦੀਆਂ ਅੱਖਾਂ ਬੰਦ ਹੀ ਸਨ ਕਿ ਤਾਰੋ ਨੇ ਕਿਹਾ, "ਦੇਖੋ ਜੀ, ਬਰਾਤ ਆ ਗਈ।" ਮੁੰਡੇ ਵਾਲਿਆਂ ਘੁੱਟ ਚਾਹ ਪੀਤੀ, ਅਨੰਦ ਕਾਰਜ ਦੀ ਰਸਮ ਪੂਰੀ ਹੋਈ ਤੇ ਭੋਲੀ ਦੀ ਡੋਲੀ ਘਰੋਂ ਤੁਰ ਪਈ। ਦੋ ਘੰਟਿਆਂ ਵਿਚ ਸਾਰਾ ਵਿਆਹ ਹੋ ਗਿਆ। ਛੇ ਮਹੀਨਿਆਂ ਵਿਚ ਭੋਲੀ ਅਮਰੀਕਾ ਆ ਗਈ। ਬਿੱਕਰ ਦਾ ਵਿਆਹ 'ਤੇ ਮਸਾਂ ਦਸ ਹਜ਼ਾਰ ਰੁਪਏ ਖਰਚ ਆਇਆ। ਅੱਜ ਬਿੱਕਰ ਅਮਰੀਕਾ ਵਿਚ ਆਪਣੇ ਦੋਹਤਿਆਂ ਤੇ ਧੀਆਂ ਨਾਲ ਵਧੀਆ ਜ਼ਿੰਦਗੀ ਬਤੀਤ ਕਰਦਾ ਹੈ। ਕਦੇ ਕਦੇ ਤਾਰੋ ਦੇ ਵੱਖੀ ਵਿਚ ਵੀ ਮਾਰਦਾ ਹੈ ਤੇ ਕਹਿੰਦਾ, "ਤੈਂ ਵੇਖਿਆ, ਮੇਰੇ ਬਾਜਾਂ ਵਾਲੇ ਨੇ ਕਿਵੇਂ ਸਾਡੀ ਲਾਜ ਰੱਖੀ, ਭੋਲੀ ਤਿੰਨ ਕੱਪੜਿਆਂ ਵਿਚ ਪਹੁੰਚ ਗਈ ਅਮਰੀਕਾ। ਐਵੇਂ ਆਂਡੇ ਵੇਚੀ ਜਾਂਦੀ ਸੀ।"

ਸੱਚ ਹੈ, ਜਦੋਂ ਵਾਹਿਗੁਰੂ ਦਾ ਮਿਹਰਾਂ ਭਰਿਆ ਹੱਥ ਸਿਰ 'ਤੇ ਹੋਵੇ, ਸਾਡਾ ਅੰਦਰੋਂ ਮਨ ਸਾਫ ਹੋਵੇ, ਫਿਰ ਬਾਜ਼ਾਂ ਵਾਲਾ ਗਰੀਬਾਂ ਦੀ ਲਾਜ ਜ਼ਰੂਰ ਰੱਖਦਾ ਹੈ। ਰੱਬ ਰਾਖਾ!

**Homeopathic Systems for Health Treatment**
**When you are tired of all treatments for any disease at any age**
**Try homeopathic, systems of treatment**

ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net

Consultant /Practitioner
**GURDIP SINGH SANDHU**
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com




ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**

**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

**Cell:(510) 557-6988, Ph:209-982-9996**



# ਡਿਕਸ਼ਨਰੀ ਬਣਾਉਣ ਦਾ ਸੁਗਲ ਮੇਲਾ

**ਬਲਜੀਤ ਬਾਸੀ**

ਡਿਕਸ਼ਨਰੀ ਬਣਾਉਣਾ ਪੂਰਾ ਨਿਆਰੀਆਂ ਵਰਗਾ ਕੰਮ ਹੈ, ਮਿਹਨਤ ਜ਼ਿਆਦਾ, ਹਾਸਿਲ ਬਹੁਤ ਘਟ। ਇਹ ਤਾਂ ਨਿਰਾ ਗਿੱਲਾ ਪੀਹਣ ਹੁੰਦਾ ਹੈ ਜੋ ਸਿਰੇ ਚੜ੍ਹਨ ਦਾ ਨਾਂ ਹੀ ਨਹੀਂ ਲੈਂਦਾ। ਭਾਵੇਂ ਇਹ ਗੱਲ ਇਕ-ਭਾਸ਼ੀ ਡਿਕਸ਼ਨਰੀਆਂ ਤੇ ਹੀ ਵਧੇਰੇ ਲਾਗੂ ਹੁੰਦੀ ਹੈ ਪਰ ਦੋ-ਭਾਸ਼ੀ ਡਿਕਸ਼ਨਰੀਆਂ ਵੀ ਘਟ ਜਾਨ ਨਹੀਂ ਕਢਦੀਆਂ। ਹਮੇਸ਼ਾ ਹੇਠਲਾ ਸਾਹ ਹੇਠਾਂ ਤੇ ਉਤਲਾ ਉਤੇ ਰਹਿੰਦਾ ਹੈ। ਸੈਮੂਅਲ ਜੌਹਨਸਨ, ਜਿਸ ਨੇ ਪਹਿਲੀਆਂ 'ਚ ਖੁਦ ਅੰਗਰੇਜ਼ੀ ਦੀ ਡਿਕਸ਼ਨਰੀ ਬਣਾਈ, ਨੇ ਕਿਹਾ ਹੈ ਕਿ ਕੋਸ਼ਕਾਰ ਇਕ ਅਜਿਹਾ ਮਸਤ ਮੁਸ਼ੱਕਤੀ ਹੈ ਜੋ ਸ਼ਬਦਾਂ ਦੇ ਖੁਰੇ ਨੱਪਣ ਤੇ ਅਰਥਾਂ ਦੇ ਵੇਰਵੇ ਦੇਣ ਦੇ ਆਪਣੇ ਆਹਰੇ ਲੱਗਾ ਰਹਿੰਦਾ ਹੈ। ਜਟਕੀ ਭਾਸ਼ਾ 'ਚ ਜੌਹਨਸਨ ਦੀ ਗੱਲ ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਕੋਸ਼ਕਾਰ ਇਕ ਅਜਿਹਾ ਖੋਲ੍ਹ ਦਾ ਬੈਲ ਹੈ ਜੋ ਚੱਤੋ ਪਹਿਰ ਕੁੱਤੇ ਕੰਮੀਂ ਲੱਗਾ ਰਹਿੰਦਾ ਹੈ ਪਰ ਕਿਸੇ ਨੂੰ ਛੜਾਂ ਨਹੀਂ ਮਾਰਦਾ।

ਇਸ ਗਧੀ-ਗੇੜ ਵਿਚ ਪੈਣ ਲਈ ਹਰ ਰੋਜ਼ ਸਵੇਰੇ ਸਵੇਰੇ ਅਸੀਂ ਦਫਤਰ ਤੁਰ ਜਾਂਦੇ। ਆਸਣ ਗ੍ਰਹਿਣ ਕਰਦਿਆਂ ਦੇਖਣਾ, ਮਾਰ ਕੁਰਸੀਆਂ ਮੇਜ਼ਾਂ 'ਤੇ ਖੂਬ ਪੋਚਾ ਮਾਰਿਆ ਪਿਆ ਹੈ, ਖੁਲ੍ਹੀਆਂ ਤੇ ਖਿਲਰੀਆਂ ਡਿਕਸ਼ਨਰੀਆਂ ਬੰਦ ਕਰਕੇ ਟਿਕਾਈਆਂ ਪਈਆਂ ਹਨ; ਕਾਰਡ ਅਤੇ ਟਾਈਪ ਕੀਤੇ ਪੰਨੇ ਨਥੀ ਕੀਤੇ ਮਿਲਦੇ। ਬੱਸ ਰਿਆਲ ਸਾਹਿਬ ਦੇ ਵੱਡੇ ਵੱਡੇ ਗ੍ਰੰਥ ਜਿਵੇਂ ਟਰਨਰ ਦਾ ਤੁਲਨਾਤਮਕ ਕੋਸ਼, ਮੋਨੀਅਰ ਵਿਲੀਅਮਜ਼ ਦਾ ਸੰਸਕ੍ਰਿਤ ਕੋਸ਼ ਤੇ ਸਕੀਟ ਦਾ ਅੰਗਰੇਜ਼ੀ ਨਿਰੁਕਤ ਕੋਸ਼, ਉਵੇਂ ਹੀ ਖੁਲ੍ਹੇ ਅਧਖੁਲ੍ਹੇ ਪਏ ਹੁੰਦੇ। ਚਪੜਾਸੀ ਏਨੇ ਭਾਰੇ ਕੋਸ਼ਾਂ ਨੂੰ ਹੱਥ ਲਾਉਣ ਤੋਂ ਹੀ ਡਰਦੇ ਸਨ। ਰਿਆਲ ਸਾਹਿਬ ਵੀ ਨਹੀਂ ਸਨ ਚਾਹੁੰਦੇ, ਉਨ੍ਹਾਂ ਦੇ ਕੋਸ਼ ਹਿਲਾਏ ਜਾਣ ਕਿਉਂਕਿ ਏਹੀ ਤਾਂ ਉਨ੍ਹਾਂ ਦੀ ਗਜ਼ਾ ਸੀ ਜਿਸ ਦੇ ਬੋਝ ਦਾ ਨਜ਼ਲਾ ਸਾਡੇ ਅਤੇ ਹਰ ਆਏ ਗਏ ਤੇ ਉਹ ਸੁੱਟਦੇ ਰਹਿੰਦੇ। ਸਫਾਈ ਦੇਖ ਕੇ ਕੰਮ ਕਰਨ ਨੂੰ ਦਿਲ ਮਚਲ ਉਠਦਾ ਤੇ 'ਧੂੜਾਂ ਪੱਟਣ ਲਈ' ਸਾਰਾ ਕਾਗ਼ਜ਼ਖਾਨਾ ਪ੍ਰਕਾਸ਼ ਕਰ ਲਿਆ ਜਾਂਦਾ ਪਰ ਹਰ ਰੋਜ਼ ਢਾਕ ਕੇ ਵਹੀ ਤੀਨ ਪਾਤ, ਕੰਮ ਉਥੇ ਦਾ ਉਥੇ ਰਹਿੰਦਾ। ਕਾਰਡ ਚੁੱਕਣ ਸਾਰ ਘਿਚ-ਮਿਚ ਤੇ ਕਟ-ਵੱਢ ਦੇਖ ਕੇ ਛੇਤੀ ਹੀ ਦਿਲ ਬੈਠਣ ਲਗਦਾ। ਮੈਂ ਤਾਂ ਆਪਣਾ ਲਿਖਿਆ ਆਪ ਨਹੀਂ ਪੜ੍ਹ ਸਕਦਾ, ਦੂਸਰੇ ਨੇ ਕੀ ਪੜ੍ਹਨਾ ਹੋਇਆ। ਟਾਈਪਿਸਟ ਤੇ ਪਰੂਫ਼ ਰੀਡਰ ਮੇਰੇ 'ਤੇ ਚੜ੍ਹੇ ਰਹਿੰਦੇ।



*ਰਘਬੀਰ ਸਿੰਘ*

'ਓੜਕ ਬੱਚਾ ਮੂਲਿਆ ਤੂੰ ਹੱਟੀ ਬਹਿਣਾ' ਦੇ ਅਖਾਣ ਮੁਤਾਬਕ ਅਸੀਂ ਚਾਹੁੰਦੇ ਨਾ ਚਾਹੁੰਦੇ ਕੰਮ ਸ਼ੁਰੂ ਕਰ ਹੀ ਦਿੰਦੇ। ਘਿਚ-ਮਿਚ ਤੇ ਹੋਰ ਘਿਚ-ਮਿਚ ਸ਼ੁਰੂ ਹੋ ਜਾਂਦੀ। ਆਪਣਾ ਹੀ ਕੀਤਾ ਕੰਮ ਚੈਕ ਕਰਦੇ ਜਾਂ ਦੂਸਰੇ ਦਾ, ਕਦੇ ਤਸੱਲੀ ਨਾ ਹੁੰਦੀ। ਕਦੇ ਨਵੇਂ ਸ਼ਬਦ ਅਹੁੜ ਪੈਂਦੇ; ਕਦੇ ਪੁਰਾਣਾ ਕੰਮ ਉਘੜ-ਦੁਘੜਾ ਲੱਗਣ ਲਗਦਾ, ਕਦੇ ਵਿਆਕਰਣਕ ਗਲਤੀ ਲਭ ਪੈਂਦੀ ਤੇ ਕਦੇ ਲੇਬਲਾਂ ਦੀ। ਦੂਜੇ ਦਾ ਕੰਮ ਤਾਂ ਕਦੇ ਚੰਗਾ ਹੀ ਨਾ ਲਗਦਾ। ਹੋਰ ਤਾਂ ਹੋਰ ਟਾਈਪਿਸਟ ਤੇ ਪਰੂਫ਼ ਰੀਡਰ ਨੇ ਆਪਣੀਆਂ ਗਲਤੀਆਂ ਪਾਈਆਂ ਹੁੰਦੀਆਂ। ਵਿਸਿਸ਼ਟ ਸਾਹਿਬ ਵੈਬਸਟਰ ਡਿਕਸ਼ਨਰੀ ਖੋਲ੍ਹ ਕੇ ਬੈਠੇ ਹੁੰਦੇ ਜਿਸ ਦਾ ਪ੍ਰਿੰਟ ਹੀ ਏਨਾ ਬਰੀਕ ਸੀ ਕਿ ਇਸ ਨੂੰ ਪੜ੍ਹਨ ਲਈ ਡਿਕਸ਼ਨਰੀ ਦੇ ਨਾਲ ਮਿਲਦੇ ਵਡਦਰਸ਼ੀ ਸ਼ੀਸ਼ੇ ਦੀ ਵਰਤੋਂ ਕਰਨੀ ਪੈਂਦੀ। ਇਹ ਵਿਸਿਸ਼ਟ ਸਾਹਿਬ ਦੇ ਬਹੁਤ ਵੱਡੇ ਸਕਾਲਰ ਹੋਣ ਦਾ ਭਰਮ ਵੀ ਪੈਦਾ ਕਰਦੀ ਸੀ।

ਸਾਡੇ 'ਚੋਂ ਜਦ ਕੋਈ ਕਿਸੇ ਦੂਜੇ ਦੀ ਗੰਭੀਰ ਗ਼ਲਤੀ ਫੜਦਾ ਤਾਂ ਦੂਜੇ ਦਾ ਮੂੰਹ ਰੀਣ ਕੁ ਹੋ ਜਾਂਦਾ। ਸ਼ੁਰੂ ਵਿਚ ਇਕ ਜਣੇ ਨੇ ਅੰਗਰੇਜ਼ੀ ਦੇ ਸ਼ਬਦ pleasant ਦਾ ਇੰਦਰਾਜ ਕੁਝ ਇਸ ਤਰ੍ਹਾਂ ਲਿਖ ਦਿੱਤਾ: pleasant, ਸੁਹਾਵਣਾ, ਬੇਈਮਾਨ।... ਚੈਕ ਕਰਨ ਵਾਲੇ ਨੂੰ ਸ਼ੱਕ ਪੈ ਗਈ ਕਿ ਸੁਹਾਵਣਾ, ਬੇਈਮਾਨ ਕਿਵੇਂ ਹੋ ਗਿਆ। ਲਿਖਣ ਵਾਲੇ ਦਾ ਜਵਾਬ ਸੀ, "ਇਕ ਗਾਣਾ ਨਹੀਂ ਸੁਣਿਆ ਕਦੇ, 'ਆਜ ਮੌਸਮ ਬੜਾ ਬੇਈਮਾਨ ਹੈ'। ਬੇਈਮਾਨ ਸੁਹਾਵਣਾ ਹੀ ਹੋਇਆ"! ਕੁਝ ਵੀ ਹੋਵੇ ਰਿਆਲ ਸਾਹਿਬ ਸਮੇਤ, ਗ਼ਲਤੀ ਹਰ ਕੋਈ ਕਰਦਾ ਸੀ ਤੇ ਦੂਜੇ ਫੜ੍ਹ ਲੈਂਦੇ ਸਨ। ਰਿਆਲ ਸਾਹਿਬ ਸੀਮਿਤ ਜਿਹੇ ਸ਼ਬਦਾਂ ਦੇ ਪਿਛੋਕੜ ਬਾਰੇ ਡੂੰਘੀ ਜਾਣਕਾਰੀ ਰੱਖਦੇ ਸਨ ਪਰ ਦੂਜੇ ਉਮਰ ਪੱਖੋਂ ਜਵਾਨ ਸਨ ਤੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਦਾ ਸਾਹਿਤ ਪੜ੍ਹਦੇ ਸਨ। ਨਾਲੇ ਇਸ ਕੰਮ ਵਿਚ ਜਹਾਨ ਭਰ ਦੇ ਹਰ ਵਿਸ਼ੇ ਬਾਰੇ ਥੋੜੀ ਬਹੁਤ ਜਾਣਕਾਰੀ ਲੋੜੀਂਦੀ ਹੈ। ਪਤਾ ਨਹੀਂ ਸ਼ਬਦ ਕਿਥੋਂ ਕਿਥੋਂ ਆ ਧਮਕਦੇ ਸਨ। ਈਸਾਈ ਬ੍ਰਹਮ-ਵਿਦਿਆ, ਨਾਵਿਕ ਵਿਗਿਆਨ, ਉਤਪਤੀ ਸ਼ਾਸਤਰ, ਕੁਲ-ਚਿੰਨ ਵਿਗਿਆਨ, ਜੋਤਿਸ਼, ਮਿਥਿਹਾਸ...। ਮੈਨੂੰ ਤਾਂ ਬਹੁਤ ਸਾਰੇ ਵਿਸ਼ਿਆਂ ਦੀ ਟੋਹ ਵੀ ਏਥੇ ਆ ਕੇ ਹੀ ਲੱਗੀ। ਈਸਾਈਅਤ, ਜਹਾਜ਼ਰਾਨੀ ਅਤੇ ਪਛਮੀ ਸੰਗੀਤ ਨਾਲ ਸਬੰਧਤ ਸ਼ਬਦ ਦੇਖ ਕੇ ਤਾਂ ਨਹਾਉਣ ਹੀ ਹੋ ਜਾਂਦਾ। ਕ੍ਰਿਕਟ ਦਾ ਮੈਨੂੰ ਏਨਾ ਕੁ ਹੀ ਗਿਆਨ ਸੀ ਜਿੰਨਾ ਕਪਿਲ ਦੇਵ ਨੂੰ ਕੋਸ਼ਕਾਰੀ ਦਾ, ਕਿਉਂਕਿ ਵਕਤ ਬਰਬਾਦੀ ਦੇ ਨਜ਼ਰੀਏ ਤੋਂ ਵੀ ਤੇ ਦੇਸ਼ ਭਗਤੀ ਦੇ ਦ੍ਰਿਸ਼ਟੀਕੋਣ ਤੋਂ ਵੀ, ਮੈਂ ਇਸ ਖੇਡ ਦੇ ਕਤਈ ਖਿਲਾਫ਼ ਸਾਂ। ਜਦ ਮੈਂ ਸੁਣਦਾ ਸਾਂ ਕਿ ਫਲਾਣੇ ਨੇ ਏਨੀਆਂ ਵਿਕਟਾਂ ਲਈਆਂ ਤਾਂ ਮੈਂ ਸਮਝਦਾ ਹੁੰਦਾ ਸਾਂ ਕਿ ਵਿਕਟਾਂ ਸ਼ਾਇਦ ਕੋਈ ਘਰ ਨੂੰ ਲਿਜਾਣ ਵਾਲੀ ਚੀਜ਼ ਹੈ। ਪਰ ਇਸ ਖੇਡ ਨਾਲ ਸਬੰਧਤ ਬਹੁਤ ਸਾਰੇ ਸ਼ਬਦ ਅਪਸ਼ਬਦ ਆਈ ਤੁਰੇ ਜਾਂਦੇ ਸਨ। ਮੈਨੂੰ ਆਪਣਾ ਹਠ ਤਿਆਗਣਾ ਪਿਆ। ਖੇਡ ਦੀਆਂ ਬਾਰੀਕੀਆਂ ਸਿੱਖਣ ਲਈ ਆਖਰਕਾਰ ਮੈਨੂੰ ਆਪਣੀ ਕ੍ਰਿਕਟ ਫ਼ੈਨ ਪਤਨੀ ਦੀ ਅਧੀਨਗੀ ਕਬੂਲਣੀ ਪਈ, ਨਹੀਂ ਤਾਂ ਮੈਂ ਸ਼ਾਇਦ 'ਸੁਕੇਅਰ ਲੈਗ' ਦਾ ਅਨੁਵਾਦ 'ਚੌਰਸ ਲੱਤ' ਹੀ ਕਰ ਦਿੰਦਾ। ਹੌਲੀ ਹੌਲੀ ਸਾਰੇ ਜਣੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲੱਗ ਪਏ ਸਨ ਤੇ ਸਮਝ ਆਉਣ ਲੱਗ ਪਈ ਕਿ ਗੜਬੜ ਕਿਥੇ ਅਤੇ ਕਿਉਂ ਹੁੰਦੀ ਹੈ। ਸਾਲੋ ਸਾਲ ਅਸੀਂ ਕੰਮ ਵਿਚ ਤਾਕ ਹੋਣ ਲੱਗ ਪਏ।

ਦਰਅਸਲ ਸਾਡੇ 'ਤੇ ਕੰਮ ਨਾਲੋਂ ਕੰਮ ਦਾ ਬੋਝ ਜ਼ਿਆਦਾ ਸੀ। ਫਿਰ ਇਹ ਕੰਮ ਬਹੁਤ ਰੁਖਾ ਤੇ ਦੁਹਰਾਉ ਭਰਿਆ ਸੀ। ਇਕੋ ਸ਼ਬਦ ਕਈ ਵਾਰ ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ ਆਦਿ ਕਈ ਵਿਆਕਰਣਕ ਕੋਟੀਆਂ ਅਧੀਨ ਲਿਖਣਾ ਪੈਂਦਾ ਸੀ। ਫਿਰ ਕਿਰਿਆ ਦੇ ਅਕਰਮਕ ਤੇ ਸਕਰਮਕ ਅਲੱਗ ਅਲੱਗ ਇੰਦਰਾਜ ਜਿਨ੍ਹਾਂ ਦੇ ਸੂਖਮ ਅੰਤਰ ਦੱਸਣ ਲੱਗਾਂ ਤਾਂ ਤੁਹਾਨੂੰ ਉਬਾਸੀਆਂ ਆਉਣ ਲੱਗਣਗੀਆਂ। ਇਸ ਸਾਰੀ ਗਰਦਾਨ ਨਾਲ ਸਾਡਾ ਆਪਣਾ ਸਿਰ ਚਕਰਾਉਣ ਲੱਗ ਪੈਂਦਾ ਸੀ। ਡਿਕਸ਼ਨਰੀ ਦਾ ਅੱਧਾ ਕੰਮ ਕਰਮ ਤੇ ਬਾਕੀ ਅੱਧਾ ਕਰਮਕਾਂਡ ਹੀ ਹੈ। ਸ਼ਬਦ ਦੀ ਆਤਮਾ ਸਮਝਣ ਤੇ ਫਿਰ ਸਮਝਾਉਣ ਦਾ ਕੰਮ ਤਿਲਕਵਾਂ ਵੀ ਬਹੁਤ ਸੀ। ਕਈ ਸ਼ਬਦ ਤਾਂ ਅਜਿਹੇ ਕੱਸਵੀਂ ਪੰਡ ਵਾਂਗ ਹੁੰਦੇ ਸਨ ਕਿ ਉਨ੍ਹਾਂ ਨੂੰ ਕਿਸੇ ਪਾਸਿਓਂ ਹੱਥ ਹੀ ਨਹੀਂ ਸੀ ਪੈਂਦਾ। ਅਜਿਹੇ ਸ਼ਬਦ ਸਭਿਆਚਾਰ ਵਿਸ਼ੇਸ਼ ਨਾਲ ਏਨਾ ਜੁੜੇ ਹੁੰਦੇ ਹਨ ਕਿ ਉਨ੍ਹਾਂ ਲਈ ਆਪਣੀ ਭਾਸ਼ਾ ਵਿਚ ਢੁਕਵਾਂ ਸ਼ਬਦ ਮਿਲਣਾ ਤਾਂ ਇਕ ਪਾਸੇ ਉਨ੍ਹਾਂ ਦੀ ਵਿਆਖਿਆ ਕਰਨਾ ਵੀ ਅਸੰਭਵ ਜਿਹਾ ਕੰਮ ਹੁੰਦਾ ਹੈ। ਹਰੇਕ ਭਾਸ਼ਾ 'ਚ ਅਜਿਹੇ ਸ਼ਬਦਾਂ ਦੀ ਭਰਮਾਰ ਹੁੰਦੀ ਹੈ। ਵਾਰ ਵਾਰ ਸੁਧਾਈ ਕਰਦੇ, ਖਿਝੇ ਤੇ ਅੱਕੇ ਹੋਏ ਅਸੀਂ ਵਾਰ ਵਾਰ ਚਾਹ ਪੀਂਦੇ। ਸਾਡਾ ਚਾਹ-ਪੱਤੀ-ਦੁਧ ਦਾ ਬਿੱਲ ਵੀ ਵਧਦਾ ਤੁਰਿਆ ਜਾਂਦਾ। ਕਈ ਵਾਰੀ ਸਾਡੇ ਮੂੰਹੋਂ ਨਿਕਲ ਜਾਂਦਾ ਕਿ ਅਸੀਂ ਡਿਕਸ਼ਨਰੀ ਦਾ ਜਬਰਜ਼ਿਨਾਹ ਹੀ ਕਰ ਰਹੇ ਹਾਂ। ਇਕ ਜਣਾ ਤਾਂ ਇਹ ਵੀ ਕਹਿਣ ਲੱਗ ਪਿਆ, ਯਾਰ ਮੇਰੇ ਕੋਲੋਂ ਚਾਹ ਬਣਵਾ ਲਿਆ ਕਰੋ, ਜਿਹੋ ਜਿਹੀ ਮਰਜ਼ੀ, ਜਿੰਨੀ ਵਾਰੀ ਮਰਜ਼ੀ, ਕੰਡੇਦਾਰ, ਡੱਕਾ ਗੱਡਵੀਂ, ਪਰ ਆਹ ਪੋਥੇ ਤੇ ਹਮਕ ਵਾਲੀ ਸਟੇਸ਼ਨਰੀ ਮੇਰੇ ਮੂਹਰਿਉਂ ਚੱਕ ਲਓ।

ਫਿਰ ਵੀ ਲਾ ਪਾ ਕੇ ਬਹੁਰੰਗੇ, ਬਹੁਅਰਥੀ ਸ਼ਬਦ ਹੀ ਉਹ ਚੀਜ਼ ਸਨ ਜੋ ਸਾਡਾ ਦਿਲ ਪਰਚਾਵਾ ਕਰਦੇ ਸਨ। ਕਿਸੇ ਨੇ ਕਹਿ ਦਿੱਤਾ, ਆਹ ਦੇਖੋ ਜੀ ਇਕ ਸ਼ਬਦ, ਇਸਦਾ ਅਰਥ ਕਵੀ ਵੀ ਹੈ ਤੇ ਕਮਲਾ ਵੀ। ਦੂਜੇ ਨੇ ਕਹਿਣਾ ਸੱਚੀ ਗੱਲ ਹੈ, ਕਵੀ ਤੇ ਕਮਲੇ ਵਿਚ ਅੰਤਰ ਹੀ ਕੀ ਹੁੰਦਾ ਹੈ? ਇਕ ਸ਼ਬਦ ਦਾ ਅਰਥ ਕਿਸੇ ਨੇ ਲਿਖਿਆ 'ਗਰਦਨ ਤੋੜਨੀ।' ਰਿਆਲ ਸਾਹਿਬ ਦੇ ਗੁੱਸੇ 'ਚ ਬੁਲ੍ਹ ਫਰਕਣ ਲੱਗ ਪਏ, ਕਹਿੰਦੇ ਇਹ ਕੀ ਬਾਣੀਆਂ ਵਾਲੀ ਗੱਲ ਕੀਤੀ, ਗਰਦਨ ਟੁੱਟਣ ਨਾਲ ਕਿਸੇ ਦਾ ਕੀ ਵਿਗੜਨਾ। ਉਨ੍ਹਾਂ ਜੱਟਾਂ ਵਾਲੀ ਗੱਲ ਕਰਦਿਆਂ ਕੱਟ ਕੇ ਲਿਖ ਦਿੱਤਾ 'ਧੌਣ ਭੰਨਣੀ'। ਭਾਸ਼ਾ ਵਿਭਾਗ ਦੇ ਪੰਜਾਬੀ ਕੋਸ਼ ਵਿਚ ਕੁਝ ਸ਼ਬਦਾਂ ਦੀ ਵਿਆਖਿਆ ਲਈ ਚਿੱਤਰਾਂ ਦਾ ਵੀ ਸਹਾਰਾ ਲਿਆ ਗਿਆ ਹੈ ਪਰ ਇਹ ਚਿੱਤਰ ਬਹੁਤ ਹੀ ਬੇਢੰਗੇ ਤੇ ਬਚਗਾਨੇ ਜਿਹੇ ਹਨ, ਕਿਸੇ ਦਾ ਸਿਰ ਪੈਰ ਨਹੀਂ। ਚਿੱਤਰ ਮੂੰਹ ਬੋਲਦਾ ਹੋਣਾ ਚਾਹੀਦਾ ਹੈ ਪਰ ਇਸ ਦੇ ਹਰ ਚਿੱਤਰ ਵਿਚ ਚਿੱਤਰ ਵੱਲ ਨੂੰ ਸੇਧਤ ਇਕ ਤੀਰ ਜ਼ਰੂਰ ਵਾਹਿਆ ਹੁੰਦਾ ਸੀ। ਜਿਵੇਂ ਚਰਖੇ ਦੇ ਹੇਠਾਂ 'ਚਰਖਾ' ਲਿਖ ਕੇ ਚਿੱਤਰ ਵੱਲ ਨੂੰ ਤੀਰ ਮਾਰਿਆ ਮਿਲੇਗਾ। ਅਸੀਂ ਹੱਸਣਾ ਕਿ ਤੀਰ ਇਹ ਦੱਸਣ ਲਈ ਹੈ ਕਿ ਚਰਖੇ ਦੇ ਚਿੱਤਰ ਵਿਚ ਚਰਖਾ ਕਿਥੇ ਹੈ।



*ਬਲਬੀਰ ਸਿੰਘ ਸੰਧੂ*

ਅੰਗਰੇਜ਼ੀ ਦੇ 'ਐਸ' ਅੱਖਰ ਤੇ ਕੰਮ ਕਰ ਰਿਹਾ ਬਖਸ਼ੀਸ਼ ਸਿੰਘ ਇਕ ਦਿਨ ਕਹਿੰਦਾ, "ਯਾਰ ਸਾਰਾ ਭਾਰ ਤਾਂ ਮੇਰੇ ਤੇ ਪਾਇਆ ਹੋਇਆ ਹੈ।" ਅੰਗਰੇਜ਼ੀ ਦੇ ਕੁਲ ਸ਼ਬਦਾਂ ਦਾ ਤਕਰੀਬਨ ਪੰਜਵਾਂ ਹਿੱਸਾ 'ਐਸ' ਅੱਖਰ ਨਾਲ ਹੀ ਸ਼ੁਰੂ ਹੁੰਦਾ ਹੈ। "ਛੱਡ ਯਾਰ, 'ਸ' ਧੁਨੀ ਦਾ ਅੱਧਾ ਭਾਰ ਤਾਂ 'ਸੀ' ਨੇ ਵੰਡਾਇਆ ਹੋਇਆ ਹੈ। ਮੈਂ ਕੋਈ ਸੀ ਕੀਤੀ?" ਰਘਬੀਰ ਸਿੰਘ ਜੋ 'ਸੀ' ਕਰ ਰਿਹਾ ਸੀ, ਨੇ ਅਹਿਸਾਨ ਜਤਾਇਆ। "ਸੀ' ਵਿਚਾਰੀ ਨੂੰ ਤਾਂ 'ਐਸ' ਦੇ ਨਾਲ ਨਾਲ 'ਕੇ' ਦੀ ਵਗਾਰ ਵੀ ਕਰਨੀ ਪੈ ਰਹੀ ਹੈ।" ਅਜਮੇਰ ਸਿੰਘ ਨੇ ਰਘਬੀਰ ਸਿੰਘ ਨਾਲ ਹਮਦਰਦੀ ਪ੍ਰਗਟ ਕੀਤੀ।

ਇਕ ਦੁਬਿਧਾ ਨਾਲ ਅਸੀਂ ਵਾਰ ਵਾਰ ਦੋ-ਚਾਰ ਹੁੰਦੇ ਸਾਂ ਜਿਸਦੀ ਵਿਸ਼ੇਸ਼ਤਾ ਅਸੀਂ ਆਪਣੇ ਹੀ ਬਣਾਏ ਹੋਏ ਮੁਹਾਵਰੇ 'ਅੰਗੂਰਾਂ ਦੀ ਰੁੱਤ, ਦਾਖਾਂ ਦਾ ਮੌਸਮ' ਨਾਲ ਬਿਆਨਦੇ ਸਾਂ। ਕਿਸੇ ਅੰਗਰੇਜ਼ੀ ਸ਼ਬਦ ਦੇ ਮੁਕਾਬਲੇ ਜੇ ਸਾਨੂੰ ਕੋਈ ਇੱਕ ਸ਼ਬਦ ਨਹੀਂ ਸੀ ਲਭਦਾ ਤਾਂ ਇਸ ਦੀ ਵਿਆਖਿਆ ਲਈ ਦੋ ਜਾਂ ਦੋ ਤੋਂ ਵੱਧ ਸ਼ਬਦਾਂ ਦੀ ਜ਼ਰੂਰਤ ਪੈਂਦੀ ਸੀ ਤਦ ਇਹ ਮਸਲਾ ਸਾਹਮਣੇ ਆਉਂਦਾ ਸੀ। ਜਿਵੇਂ ਅੰਗਰੇਜ਼ੀ 'ਗਰੇਪ ਸੀਜ਼ਨ' ਦੀ ਵਿਆਖਿਆ ਕਰਨ ਲਈ ਕਿਸੇ ਨੇ ਕਹਿਣਾ 'ਅੰਗੂਰਾਂ ਦੀ ਰੁੱਤ' ਦੂਜੇ ਨੇ ਕਹਿਣਾ 'ਦਾਖਾਂ ਦਾ ਮੌਸਮ'। ਅਸਲ ਵਿਚ ਇਕ ਕੋਸ਼ ਵਿਚ ਇਹ ਦੋਵੇਂ ਵਿਆਖਿਆਵਾਂ ਇਸੇ ਤਰ੍ਹਾਂ ਸਨ, ਇਕ ਸਾਥ ਦਿੱਤੀਆਂ ਹੋਈਆਂ ਸਨ ਤੇ ਬੜੀਆਂ ਹਾਸੋਹੀਣੀਆਂ ਲਗਦੀਆਂ ਹਨ। ਸਾਡੀ ਆਪਣੀ ਕੋਸ਼ਿਸ਼ ਹੁੰਦੀ ਸੀ ਕਿ ਇਕੋ ਵਿਆਖਿਆ ਦਿੱਤੀ ਜਾਵੇ, ਪਰ ਦੋਨਾਂ 'ਚੋਂ ਕਿਹੜੀ? ਕਿਸੇ ਨੂੰ ਦਾਖਾਂ ਪਸੰਦ ਹਨ ਤੇ ਕਿਸੇ ਨੂੰ ਅੰਗੂਰ; ਕਿਸੇ ਨੂੰ ਮੌਸਮ ਚੰਗਾ ਲਗਦਾ ਹੈ ਤੇ ਕਿਸੇ ਨੂੰ ਰੁੱਤ। ਫਿਰ ਇਹ ਸੰਭਾਵਨਾਵਾਂ ਵੀ ਤਾਂ ਮੌਜੂਦ ਹਨ: ਅੰਗੂਰਾਂ ਦਾ ਮੌਸਮ, ਦਾਖਾਂ ਦੀ ਰੁੱਤ। ਜੇ ਕਿਸੇ ਨੇ ਕਹਿਣਾ ਕਿ 'ਮੌਸਮੀ ਡੱਡੂ' ਮੁਹਾਵਰੇ ਤੋਂ ਤਾਂ ਅੰਗਰੇਜ਼ੀ ਸੀਜ਼ਨ ਲਈ 'ਮੌਸਮ' ਵਧੇਰੇ ਢੁਕਵਾਂ ਸ਼ਬਦ ਲਗਦਾ ਹੈ ਤਾਂ ਦੂਜੇ ਨੇ ਕਹਿ ਦੇਣਾ ਫਿਰ 'ਰੁੱਤ ਰੁੱਤ ਦਾ ਮੇਵਾ' ਮੁਹਾਵਰੇ ਦਾ ਕੀ ਕਰੀਏ। ਕਈ ਵਾਰੀ ਫਾਰਸੀ ਜਾਂ ਸੰਸਕ੍ਰਿਤ ਪਿਛੋਕੜ ਵਾਲੇ ਸ਼ਬਦਾਂ ਨੂੰ ਪਹਿਲ ਦੇਣ ਦਾ ਝਗੜਾ ਵੀ ਸ਼ੁਰੂ ਹੋ ਜਾਂਦਾ ਸੀ। ਮੈਨੂੰ ਇਹ ਕਹਿਣ ਵਿਚ ਕੋਈ ਹਿਚਕਚਾਹਟ ਨਹੀਂ ਕਿ ਅਸੀਂ ਖੁਦ ਕਈ ਅੰਗਰੇਜ਼ੀ ਸ਼ਬਦਾਂ ਨੂੰ 'ਅੰਗੂਰਾਂ ਦੀ ਰੁੱਤ, ਦਾਖਾਂ ਦਾ ਮੌਸਮ' ਮੁਹਾਵਰੇ ਅਨੁਸਾਰ ਹੀ ਸੁਲਝਾਇਆ ਹੈ!

ਉਪਬੋਲੀਆਂ ਦੇ ਮਾਮਲੇ 'ਚ ਵੀ ਏਹੀ ਇੱਟ-ਖੜਿੱਕਾ ਰਹਿੰਦਾ ਸੀ; ਕਿਸੇ ਨੇ ਕਹਿਣਾ 'ਏਦਾਂ' ਚਾਹੀਦਾ ਹੈ, ਦੂਜੇ ਨੇ ਕਹਿਣਾ 'ਇਵੇਂ' ਜਦ ਕਿ 'ਇੰਝ' ਤੇ 'ਏਕਣ' ਦੇ ਝੰਡਾਬਰਦਾਰ ਅਲੱਗ ਬੈਠੇ ਸਨ। ਭਾਸ਼ਾ ਦੇ ਅਜੀਬੋ-ਗ਼ਰੀਬ ਚਰਿਤਰ ਤੇ ਵੀ ਅਸੀਂ ਅਚੰਭੇ 'ਚ ਪਏ ਰਹਿੰਦੇ ਸਾਂ। ਕਿਤੇ ਏਨੀ ਕੰਜੂਸ ਕਿ ਬੇਹੱਦ ਮਹੱਤਵਪੂਰਨ ਸੰਕਲਪ 'ਆਉਣ ਵਾਲੇ' ਤੇ 'ਬੀਤੇ ਹੋਏ' ਦਿਨ ਲਈ ਇਕੋ ਸ਼ਬਦ 'ਕਲ੍ਹ' ਨਾਲ ਹੀ ਸਾਰਿਆ ਹੋਇਆ ਹੈ ਤੇ ਕਿਤੇ ਨਿਗੂਣੇ ਸੰਕਲਪ ਲਈ ਧੂੜ, ਕਿਣਕਾ, ਜ਼ੱਰਾ, ਰੀਣ, ਭੋਰਾ... ਆਦਿ ਕਈ ਸ਼ਬਦਾਂ ਦੀ ਟਾਂਡ ਲੱਗੀ ਪਈ ਹੈ। ਹੈਰਾਨੀ ਹੁੰਦੀ ਹੈ ਕਿ ਸਾਡੇ ਕੋਲ ਆਉਣ ਵਾਲੇ ਕਲ੍ਹ ਲਈ 'ਭਲਕ' ਸ਼ਬਦ ਮੌਜੂਦ ਹੈ ਪਰ ਇਹ ਸ਼ਬਦ ਬੋਲਚਾਲ ਵਿਚੋਂ ਅਲੋਪ ਹੋ ਰਿਹਾ ਹੈ। ਬਜ਼ੁਰਗਾਂ ਨੇ ਤਾਂ ਸਾਨੂੰ ਮਾੜਾ ਮੋਟਾ ਸ਼ਬਦ ਦਿੱਤਾ ਪਰ ਅਸੀਂ ਇਸ ਦੀ ਜੋਤ ਜਗਦੀ ਨਹੀਂ ਰੱਖੀ।

ਸਾਡੇ ਵਿਭਾਗ ਨੂੰ ਸ਼ਬਦਾਂ ਦਾ ਖਜ਼ਾਨਾ ਸਮਝੇ ਜਾਣ ਕਰਕੇ ਲੋਕ ਸਾਡੇ ਕੋਲ ਆਪਣੇ ਬੱਚਿਆਂ ਦੇ ਨਾਮਕਰਣ ਲਈ ਆਉਂਦੇ ਸਨ। 'ਪੈਟਰੀਆਟ' ਅਖਬਾਰ ਦੇ ਪੱਤਰਕਾਰ ਮਰਹੂਮ ਸ਼ੌਕੀਨ ਸਿੰਘ ਦੀ ਪਤਨੀ ਰੀਟਾ ਸ਼ਰਮਾ ਜੋ ਖੁਦ ਨਾਮੀ ਪੱਤਰਕਾਰ ਸੀ, ਅਕਸਰ ਸਾਡੇ ਕੋਲ ਆਉਂਦੀ ਰਹਿੰਦੀ। ਅਸੀਂ ਉਸਦੇ 'ਸ਼ਿਸ਼ੂ' ਦਾ ਨਾਂ ਰੱਖਿਆ 'ਸੁਰਖਾਬ'। ਇਸ ਤਰ੍ਹਾਂ ਸਜੀਵ, ਸਜਿੰਦ, ਰਸ਼ਿਮ, ਰੁਮਕਾ, ਮਾਨਵਜੀਤ ਆਦਿ ਅਨੇਕਾਂ ਨਾਂ ਅਸੀਂ ਲੋਕਾਂ ਦੇ ਬੱਚਿਆਂ ਨੂੰ ਦਿੱਤੇ।

ਸ਼ਬਦ-ਇਤਿਹਾਸ ਦੇ ਅਧਿਐਨ ਨੂੰ 'ਨਿਰੁਕਤੀ' ਕਹਿੰਦੇ ਹਨ ਜਿਸ ਦਾ ਪਤਾ ਮੈਨੂੰ ਰਿਆਲ ਸਾਹਿਬ ਤੋਂ ਪਹਿਲੀ ਵਾਰ ਲੱਗਾ। ਡਿਕਸ਼ਨਰੀ ਮੁਕੰਮਲ ਹੋਣ ਪਿਛੋਂ ਜਦ ਮੇਰਾ ਜਤੀਸਤੀਪੁਣਾ ਖਤਮ ਹੋਇਆ ਤਾਂ ਮੇਰੀ ਪਤਨੀ ਦੀ ਕੁਖੋਂ ਇਕ ਬੇਟੀ ਦਾ ਜਨਮ ਹੋਇਆ ਜਿਸ ਦਾ ਮੈਂ ਨਾਂ ਰੱਖਿਆ 'ਨਿਰੁਕਤੀ'। ਅਤਰ ਸਿੰਘ ਹੁਰੀਂ ਕਹਿੰਦੇ ਜੇ ਲੜਕਾ ਹੋਇਆ ਤਾਂ ਉਸਦਾ ਨਾਂ ਰੱਖ ਦੇਵੀਂ 'ਗੋਸ਼ਟ ਸਿੰਘ'!



*ਡਾ. ਅਤਰ ਸਿੰਘ*

ਅਕਸਰ ਹਉਂ ਦਾ ਮਸਲਾ ਵੀ ਖੜਾ ਹੋਇਆ ਰਹਿੰਦਾ। ਇਕ ਦੂਜੇ ਦੇ ਕਾਰਡ ਚੈਕ ਕਰਨ ਦੀ ਖਿਚ-ਧੂਹ ਵਿਚ ਕਈ ਵਾਰੀ ਇਕ ਜਣਾ ਦੂਜੇ ਦਾ ਸ਼ਬਦ ਕੱਟ ਦਿੰਦਾ, ਦੂਜਾ ਜਣਾ ਆਪਣੀ ਵਾਰੀ ਤੇ ਫਿਰ ਇਸ ਨੂੰ ਬਹਾਲ ਕਰ ਦਿੰਦਾ। 'ਲੰਪਟ' ਸਾਡੇ ਇਕ ਸਹਿਕਰਮੀ ਦਾ ਮਨਭਾਉਂਦਾ ਸ਼ਬਦ ਸੀ ਪਰ ਰਿਆਲ ਸਾਹਿਬ ਨੂੰ ਇਸ ਸ਼ਬਦ ਤੋਂ ਚਿੜ੍ਹ ਸੀ। ਉਹ ਉਸਨੂੰ ਹਰ ਵਾਰੀ ਕੱਟ ਮਾਰਦੇ ਪਰ ਏਨੀ ਵਢ-ਟੁੱਕ ਦੇ ਬਾਵਜੂਦ ਇਹ ਸ਼ਬਦ ਡਿਕਸ਼ਨਰੀ ਵਿਚ ਕਈ ਥਾਵਾਂ 'ਤੇ ਡਟਿਆ ਪਿਆ ਹੈ। ਇਕ ਅੰਗਰੇਜ਼ੀ ਸ਼ਬਦ ਆਇਆ bass, ਜਿਸ ਦਾ ਹਿੰਦੀ, ਪੰਜਾਬੀ ਸਭ ਕੋਸ਼ਾਂ ਨੇ ਅਰਥ ਦਿੱਤਾ, 'ਨਿੰਬੂ ਦੇ ਦਰਖਤ ਦੀ ਅੰਦਰਲੀ ਛਿੱਲ, ਸੁਫਾ, ਮੂਹੜਾ'। ਸਾਡੇ ਕਾਰਡ ਵਿਚ ਵੀ ਕਿਸੇ ਨੇ ਅਜਿਹਾ ਹੀ ਲਿਖ ਦਿੱਤਾ। ਇਹ ਦਰਅਸਲ ਇਕ ਲਿੰਡਨ ਨਾਮੀ ਦਰਖਤ ਦੀ ਅੰਦਰਲੀ ਛਿੱਲ ਹੈ ਤੇ ਲਿੰਡਨ ਦਾ ਅੰਗਰੇਜ਼ੀ ਕੋਸ਼ਾਂ ਵਿਚ ਅਰਥ 'ਲਾਈਮ' ਮਿਲਦਾ ਹੈ। ਜਿਸ ਤੋਂ ਸਭ ਨੂੰ ਭੁਲੇਖਾ ਲੱਗਾ। ਮਜ਼ੇ ਦੀ ਗੱਲ ਇਹ ਹੈ ਕਿ ਇਹ 'ਲਾਈਮ' ਨਿੰਬੂ ਨਹੀਂ ਬਲਕਿ ਹੋਰ ਦਰਖਤ ਹੈ। ਰਿਆਲ ਸਾਹਿਬ ਨੇ ਇਹ ਬੂਟਾ ਇੰਗਲੈਂਡ ਵਿਚ ਦੇਖਿਆ ਹੋਇਆ ਸੀ ਜਿਸ ਕਰਕੇ ਇਹ ਗਲਤੀ ਫੜ੍ਹੀ ਗਈ। ਮੈਂ ਅੱਜ ਦੇ ਦਿਨ ਵੀ, ਔਨਲਾਈਨ ਸਮੇਤ ਬਹੁਤ ਸਾਰੇ ਅੰਗਰੇਜ਼ੀ-ਹਿੰਦੀ ਕੋਸ਼ਾਂ ਵਿਚ ਦੇਖਿਆ ਹੈ, ਸਭ

*(ਬਾਕੀ ਅਗਲੇ ਸਫੇ 'ਤੇ)*

# ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦਾ ਲੰਮਾ ਸੰਗੀਤਕ ਸਫਰ

**ਹਰਜਾਪ ਸਿੰਘ ਔਜਲਾ**

ਇਕ ਸਹਿਜਧਾਰੀ ਸਿੱਖ ਸ੍ਰੀ ਬਿਸ਼ਨ ਦਾਸ ਦੇ ਘਰ ਪੰਜ ਪੁੱਤਰੀਆਂ ਨੇ ਜਨਮ ਲਿਆ। ਇਨ੍ਹਾਂ ਪੰਜਾਂ ਵਿਚੋਂ ਸਭ ਤੋਂ ਵੱਡੀ ਲੜਕੀ ਦਾ ਨਾਂ ਪ੍ਰਕਾਸ਼ ਕੌਰ ਰੱਖਿਆ ਗਿਆ। ਇਹ ਪਰਿਵਾਰ ਲਾਹੌਰ ਸ਼ਹਿਰ ਦੇ ਅੰਦਰੂਨ ਭਾਟੀਗੇਟ ਵਿਚ ਰਿਹਾ ਕਰਦਾ ਸੀ। ਪ੍ਰਕਾਸ਼ ਕੌਰ ਦਾ ਜਨਮ 1919 ਵਿਚ ਹੋਇਆ। ਬਚਪਨ ਤੋਂ ਹੀ ਪ੍ਰਕਾਸ਼ ਕੌਰ ਦੇ ਗਲ ਵਿਚ ਇਕ ਮੁਰਕੀ ਸੀ, ਜਿਸਦੀ ਬਦੌਲਤ ਉਹ ਔਖੀਆਂ ਔਖੀਆਂ ਰੀਤਾਂ ਆਸਾਨੀ ਨਾਲ ਅਦਾ ਕਰ ਲੈਂਦੀ ਸੀ। ਪ੍ਰਕਾਸ਼ ਕੌਰ ਦੀ ਆਵਾਜ਼ ਐਨੀ ਮਧੁਰ ਸੀ ਕਿ ਉਸਨੂੰ ਬਾਰਾਂ-ਤੇਰਾਂ ਸਾਲਾਂ ਦੀ ਉਮਰ ਵਿਚ ਹੀ ਰਿਸ਼ਤੇਦਾਰ ਆਪਣੇ ਘਰਾਂ ਵਿਚ ਕੁੜਮਾਈਆਂ, ਵਿਆਹਾਂ, ਬੱਚਿਆਂ ਦੇ ਜਨਮ ਆਦਿ ਸਮਾਰੋਹਾਂ ਵਿਚ ਬੁਲਾਉਣ ਲੱਗ ਪਏ। ਪ੍ਰਕਾਸ਼ ਕੌਰ ਕਿਸੇ ਵੀ ਸਾਜ਼ ਤੋਂ ਬਿਨਾਂ ਸਿਰਫ ਢੋਲਕੀ ਨਾਲ ਹੀ ਗਾਇਆ ਕਰਦੇ ਸਨ। ਢੋਲਕੀ ਵਜਾਉਣ ਵਾਸਤੇ ਕੋਈ ਨਾ ਕੋਈ ਰਿਸ਼ਤੇਦਾਰਾਂ ਦੀ ਬਾਲੜੀ ਉਸਦਾ ਸੰਗ ਕਰਿਆ ਕਰਦੀ ਸੀ।

1937 ਵਿਚ ਲਾਹੌਰ ਵਿਚ ਇਕ ਆਲੀਸ਼ਾਨ ਸਟੂਡੀਓ ਪਰੀਸਰ ਵਿਚ ਆਲ ਇੰਡੀਆ ਰੇਡੀਓ ਦਾ ਆਗਾਜ਼ ਹੋਇਆ। ਉਸ ਸਮੇਂ ਤਾਈਂ ਪ੍ਰਕਾਸ਼ ਕੌਰ ਵੀ ਅਠਾਰਾਂ ਸਾਲ ਦੀ ਆਯੂ ਪ੍ਰਾਪਤ ਕਰ ਚੁੱਕੇ ਸਨ। ਪ੍ਰਕਾਸ਼ ਕੌਰ ਦੀ ਮਧੁਰ ਆਵਾਜ਼ ਦੀ ਮਸ਼ਹੂਰੀ ਰਿਸ਼ਤੇਦਾਰਾਂ ਵਿਚੋਂ ਤਮਾਮ ਸ਼ਹਿਰ ਵਿਚ ਫੈਲ ਗਈ। ਪਹਿਲੇ ਸਾਲ ਵਿਚ ਹੀ ਸ਼ਮਸ਼ਾਦ ਬੇਗਮ ਅੰਮ੍ਰਿਤਸਰ ਤੋਂ ਲਾਹੌਰ ਆ ਕੇ ਰੇਡੀਓ ਸਟੇਸ਼ਨ ਤੇ ਔਡੀਸ਼ਨ ਟੈਸਟ ਪਾਸ ਕਰਕੇ ਰੇਡੀਓ ਕਲਾਕਾਰ ਬਣ ਗਈ ਸੀ। ਅਲਬੱਤਾ ਪ੍ਰਕਾਸ਼ ਕੌਰ ਦਾ ਰਾਹ ਕੁਝ ਔਖਾ ਸੀ।

ਪ੍ਰਕਾਸ਼ ਕੌਰ ਉਪਰ ਵੀ ਰੇਡੀਓ ਸਟੇਸ਼ਨ ਦੇ ਸੀਨੀਅਰ ਅਧਿਕਾਰੀਆਂ ਦਾ ਦਬਾਓ ਵਧ ਰਿਹਾ ਸੀ ਕਿ ਉਹ ਰੇਡੀਓ ਗਾਇਕਾ ਬਣਨ ਲਈ ਔਡੀਸ਼ਨ ਟੈਸਟ ਦੇਣ ਵਾਸਤੇ ਤਸ਼ਰੀਫ ਲਿਆਉਣ। ਲੇਕਿਨ ਪ੍ਰਕਾਸ਼ ਕੌਰ ਦਾ ਪਰਿਵਾਰ ਪੁਰਾਣੇ ਵਿਚਾਰਾਂ ਦਾ ਧਾਰਨੀ ਸੀ। ਪਹਿਲਾਂ ਤਾਂ ਪਿਤਾਸ੍ਰੀ ਹੀ ਅੜ ਕੇ ਬੈਠ ਗਏ ਕਿ ਮੇਰੀ ਲੜਕੀ ਰੇਡੀਓ ਸਟੇਸ਼ਨ 'ਤੇ ਨਹੀਂ ਜਾਏਗੀ। ਫੇਰ ਕਈ ਸਿਆਣੇ ਸੱਜਣਾਂ ਨੇ ਰਾਏ ਦਿੱਤੀ ਕਿ ਰੇਡੀਓ ਸਟੇਸ਼ਨ ਇਕ ਸਰਕਾਰੀ ਅਦਾਰਾ ਹੈ ਹੀਰਾ ਮੰਡੀ ਨਹੀਂ, ਇੱਥੇ ਔਰਤਾਂ ਪੂਰੀ ਤਰ੍ਹਾਂ ਮਹਿਫੂਜ਼ ਹਨ, ਕੋਈ ਉਨ੍ਹਾਂ ਦੇ ਵਲ ਬੁਰੀ ਨਜ਼ਰ ਨਾਲ ਵੇਖ ਨਹੀਂ ਸਕਦਾ। ਪੁਲਿਸ ਦਾ ਪ੍ਰਬੰਧ ਵੀ ਉਪਲਬਧ ਹੈ।

ਆਖਿਰਕਾਰ 1940 ਦੇ ਕਰੀਬ ਪਰਿਵਾਰ ਨੇ ਪ੍ਰਕਾਸ਼ ਕੌਰ ਨੂੰ ਰੇਡੀਓ ਸਟੇਸ਼ਨ ਤੇ ਟੈਸਟ ਦੇਣ ਦੀ ਆਗਿਆ ਦੇ ਹੀ ਦਿੱਤੀ। ਭਾਵੇਂ ਪ੍ਰਕਾਸ਼ ਕੌਰ ਨੇ ਉਸਤਾਦਾਂ ਕੋਲੋਂ ਬਾਕਾਇਦਾ ਸੰਗੀਤ ਦੀ ਤਰਬੀਅਤ ਨਹੀਂ ਸੀ ਲਈ, ਲੇਕਿਨ ਔਡੀਸ਼ਨ ਟੈਸਟ ਪਾਸ ਕਰਨਾ ਉਨ੍ਹਾਂ ਦੇ ਵਾਸਤੇ ਖੱਬੇ ਹੱਥ ਦਾ ਕੰਮ ਸਿੱਧ ਹੋਇਆ। ਰੇਡੀਓ ਸਟੇਸ਼ਨ 'ਤੇ ਪ੍ਰਕਾਸ਼ ਕੌਰ ਮਹੀਨੇ ਵਿਚ ਇਕ ਜਾਂ ਦੋ ਵਾਰੀ ਜਾਇਆ ਕਰਦੇ ਸਨ। ਸ਼ੁਰੂ ਸ਼ੁਰੂ ਵਿਚ ਉਹ ਸ਼ਬਦ




ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ

ਗਾਇਨ ਕਰਿਆ ਕਰਦੇ ਸਨ। ਹੌਲੀ ਹੌਲੀ ਉਹ ਵਿਆਹਾਂ-ਸ਼ਾਦੀਆਂ ਦੇ ਗੀਤ ਅਤੇ ਲੋਕਗੀਤ ਵੀ ਗਾਉਣ ਲੱਗ ਪਏ। ਇਕ ਦੋ ਵਾਰੀ ਪ੍ਰਕਾਸ਼ ਕੌਰ ਅਤੇ ਸ਼ਮਸ਼ਾਦ ਬੇਗਮ ਨੇ ਮਿਲ ਕੇ ਵੀ ਜੁਗਲ ਗੀਤ ਗਾਏ। ਦੋਹਾਂ ਦੀਆਂ ਆਵਾਜ਼ਾਂ ਸੁੱਖ ਨਾਲ ਗੜ੍ਹਕੇਦਾਰ ਸਨ। ਦੋਵੇਂ ਹੀ 1919 ਦੀ ਪੈਦਾਇਸ਼ ਸਨ। ਰੇਡੀਓ ਉਪਰ ਪ੍ਰਕਾਸ਼ ਕੌਰ ਨੂੰ ਸੁਣ ਕੇ ਲੋਕ ਗੁੱਜਰਾਂਵਾਲਾ, ਗੁਜਰਾਤ, ਫਿਰੋਜ਼ਪੁਰ, ਸੇਖੂਪੁਰਾ, ਸਿਆਲਕੋਟ ਅਤੇ ਅੰਮ੍ਰਿਤਸਰ ਤੋਂ ਵੀ ਉਨ੍ਹਾਂ ਨੂੰ ਸੱਦੇ ਦੇਣ ਲੱਗੇ।

ਸੁਰਿੰਦਰ ਕੌਰ ਦਾ ਜਨਮ ਪਾਸਪੋਰਟ ਦੇ ਅਨੁਸਾਰ ਨਵੰਬਰ 1929 ਦਾ ਸੀ। ਉਹ ਪ੍ਰਕਾਸ਼ ਕੌਰ ਤੋਂ ਦਸ ਸਾਲ ਛੋਟੇ ਸਨ। ਸੁਰਿੰਦਰ ਕੌਰ ਅਜੇ ਮਸਾਂ ਦਸਾਂ ਕੁ ਸਾਲਾਂ ਦੀ ਹੀ ਸੀ ਕਿ ਪ੍ਰਕਾਸ਼ ਕੌਰ ਨੇ ਆਪਣੇ ਨਾਲ ਵਿਆਹਾਂ ਸ਼ਾਦੀਆਂ 'ਤੇ ਗਾਉਣ ਵਾਸਤੇ ਉਸਨੂੰ ਤਿਆਰ ਕਰ ਲਿਆ। ਪ੍ਰਕਾਸ਼ ਕੌਰ ਪਹਿਲਾਂ ਗਾਉਂਦੇ ਸਨ, ਮਗਰ ਮਗਰ ਸੁਰਿੰਦਰ ਕੌਰ ਸਾਥ ਦਿੰਦੇ ਸਨ। ਹੌਲੀ ਹੌਲੀ ਦੋਵੇਂ ਇਕੱਠਿਆਂ ਗਾਉਣ ਲੱਗ ਪਈਆਂ।

ਰੇਡੀਓ ਕਲਾਕਾਰ ਬਣਨ ਵਾਸਤੇ ਜਿੰਨੀ ਮੁਖਾਲਫਤ ਦਾ ਸਾਹਮਣਾ ਪ੍ਰਕਾਸ਼ ਕੌਰ ਨੂੰ ਕਰਨਾ ਪਿਆ, ਉਨੀ ਦੁਸ਼ਵਾਰੀ ਸੁਰਿੰਦਰ ਕੌਰ ਦੇ ਸਾਹਮਣੇ ਨਹੀਂ ਆਈ। ਸੁਰਿੰਦਰ ਕੌਰ ਅਜੇ 14 ਵਰ੍ਹਿਆਂ ਦੇ ਵੀ ਨਹੀਂ ਸਨ ਹੋਏ ਕਿ ਉਹ ਆਲ ਇੰਡੀਆ ਰੇਡੀਓ ਲਾਹੌਰ ਤੇ ਔਡੀਸ਼ਨ ਟੈਸਟ ਦੇਣ ਵਾਸਤੇ ਹਾਜ਼ਰ ਹੋ ਗਏ। ਵੱਡੀ ਭੈਣ ਦੀ ਤਰ੍ਹਾਂ ਛੋਟੀ ਭੈਣ ਵੀ ਬੜੀ ਆਸਾਨੀ ਨਾਲ ਔਡੀਸ਼ਨ ਟੈਸਟ ਪਾਰ ਕਰ ਗਈ। ਮੁਹੰਮਦ ਰਫੀ ਨੇ ਮਾਰਚ 1943 ਵਿਚ ਆਲ ਇੰਡੀਆ ਰੇਡੀਓ ਲਾਹੌਰ ਤੋਂ ਔਡੀਸ਼ਨ ਟੈਸਟ ਪਾਸ ਕੀਤਾ ਸੀ ਅਤੇ 31 ਮਾਰਚ ਨੂੰ ਉਨ੍ਹਾਂ ਨੇ ਪਹਿਲੀ ਵਾਰੀ ਰੇਡੀਓ ਤੋਂ ਪੰਜਾਬੀ ਲੋਕ ਸੰਗੀਤ ਪੇਸ਼ ਕੀਤਾ ਸੀ। ਪੰਜ ਮਹੀਨੇ ਬਾਅਦ ਸੁਰਿੰਦਰ ਕੌਰ ਨੇ 31 ਅਗਸਤ 1943 ਨੂੰ ਰੇਡੀਓ ਤੋਂ ਪਹਿਲਾ ਪ੍ਰੋਗਰਾਮ ਪੇਸ਼ ਕੀਤਾ।

ਉਨ੍ਹਾਂ ਦਿਨਾਂ ਵਿਚ ਆਲ ਇੰਡੀਆ ਰੇਡੀਓ ਲਾਹੌਰ ਦੇ ਸੰਗੀਤ ਦੇ ਸ਼ੋਬੇ ਦੇ ਸੀਨੀਅਰ ਅਧਿਕਾਰੀ ਪੰਡਿਤ ਜੀਵਨ ਲਾਲ ਮੱਟੂ ਸਨ। ਉਹ ਬਜ਼ਾਤ-ਏ-ਖੁਦ ਭਾਰਤੀ ਸ਼ਾਸਤਰੀ ਸੰਗੀਤ ਦੇ ਮਾਹਿਰ ਸਨ। ਸੰਗੀਤ ਦੇ ਬੁਨਿਆਦੀ ਗੁਰ ਪੰਡਿਤ ਮੱਟੂ ਨੇ ਮੁਹੰਮਦ ਰਫੀ ਦੇ ਨਾਲ ਵੀ ਸਾਂਝੇ ਕੀਤੇ ਅਤੇ ਸੁਰਿੰਦਰ ਕੌਰ ਨਾਲ ਵੀ। ਬਾਕਾਇਦਾ ਟਰੇਨਿੰਗ ਵਾਸਤੇ ਉਨ੍ਹਾਂ ਨੇ ਆਪਣੇ ਸਹਾਇਕ ਸ. ਬੁੱਧ ਸਿੰਘ ਤਾਨ ਦੀ ਡਿਊਟੀ ਲਗਾਈ ਕਿ ਉਹ ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਨੂੰ ਕਲਾਸਕੀ ਰਾਗਾਂ ਵਿਚ ਵੀ ਤਿਆਰ ਕਰਨ ਅਤੇ ਲੋਕ ਸੰਗੀਤ ਵਾਸਤੇ ਵੀ। ਬੁੱਧ ਸਿੰਘ ਤਾਨ ਨੇ ਸ਼ੁਰੂ ਸ਼ੁਰੂ ਵਿਚ ਕਲਾਸਕੀ ਰਾਗਾਂ ਵਿਚ ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਕੋਲੋਂ ਰੀਤਾਂ ਤਿਆਰ ਕਰਵਾ ਕੇ ਸ਼ਬਦ ਗਾਇਨ ਕਰਵਾਇਆ। ਬਾਅਦ ਵਿਚ ਉਨ੍ਹਾਂ ਨੇ ਲੋਕ ਸੰਗੀਤ ਦੇ ਗੁਰ ਵੀ ਸਿਖਾਏ।

ਇਕ ਪਾਸੇ ਬੁੱਧ ਸਿੰਘ ਤਾਨ ਦੋਹਾਂ ਭੈਣਾਂ ਨੂੰ ਮੰਝੀਆਂ ਹੋਈਆਂ ਗਾਇਕਾਵਾਂ ਬਣਾ ਰਹੇ ਸਨ, ਦੂਜੇ ਪਾਸੇ ਸੰਗੀਤ ਨਿਰਦੇਸ਼ਕ ਮਾਸਟਰ ਇਨਾਇਤ ਹੁਸੈਨ ਦੋਹਾਂ ਭੈਣਾਂ ਨੂੰ ਕਲਾਸਿਕੀ, ਨੀਮ ਕਲਾਸਿਕੀ ਅਤੇ ਸੁਗਮ ਸੰਗੀਤ ਵਿਚ ਪਰਪੱਕ ਕਰ ਰਹੇ ਸਨ। 1943 ਦੇ ਅੰਤ ਤਾਈਂ ਮਾਸਟਰ ਇਨਾਇਤ ਹੁਸੈਨ ਦੀਆਂ ਬਣਾਈਆਂ ਤਰਜ਼ਾਂ ਉਪਰ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਨੇ ਦੋ ਰਿਕਾਰਡ ਬਣਵਾਏ। ਇਨ੍ਹਾਂ ਰਿਕਾਰਡਾਂ ਵਿਚ ਹੇਠ ਲਿਖੇ ਗੀਤ ਸਨ।

1. "ਹਾਏ ਨਾ ਵੱਸ ਓ, ਨਾ ਵੱਸ ਬੱਦਲਾ, ਅਜੇ ਨਾ ਵੱਸ ਓਏ ਕਾਲਿਆ"
2. "ਢੋਲ ਸਿਪਾਹੀਆ, ਮੇਰਿਆ ਮਾਹੀਆ ਵੇ, ਕਿੱਥੇ ਗਇਓ ਦਿਲ ਲਾ ਕੇ"
3. "ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ, ਕੋਈ ਕਰਦੀਆਂ ਗਲੋਂੜੀਆਂ"

ਜ਼ੀਨਤ ਬੇਗਮ, ਜਿਸਦਾ ਗਾਇਆ ਹੋਇਆ ਗੀਤ "ਰੱਬ ਖ਼ੈਰ ਕਰੇ, ਪਈ ਅੱਖ ਫੜਕੇ, ਬੂੰਦਾਂ ਵਰਸਣ, ਬਿਜਲੀ ਪਈ ਕੜਕੇ" ਅਜੇ ਤਾਈਂ ਲੋਕਾਂ ਦੀ ਜ਼ੁਬਾਨ ਤੇ ਹੈ, 1944 ਵਿਚ ਲਾਹੌਰ ਤੋਂ ਬੰਬਈ ਚਲੀ ਗਈ। ਤਕਰੀਬਨ ਉਸੇ ਹੀ ਸਮੇਂ ਸ਼ਮਸ਼ਾਦ ਬੇਗਮ ਵੀ ਮਾਸਟਰ ਗੁਲਾਮ ਹੈਦਰ ਦੀ ਮੰਡਲੀ ਦੇ ਨਾਲ ਹੀ ਬੰਬਈ ਚਲੀ ਗਈ। ਮੁਹੰਮਦ ਰਫੀ ਵੀ 1945 ਵਿਚ ਲਾਹੌਰ ਤੋਂ ਬੰਬਈ ਮੁੰਤਕਿਲ ਹੋ ਗਏ। ਲਾਹੌਰ ਦਾ ਮੰਚ ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਵਾਸਤੇ ਪੂਰੀ ਤਰ੍ਹਾਂ ਖਾਲੀ ਹੋ ਗਿਆ। ਦੋਹਾਂ ਭੈਣਾਂ ਨੇ ਖ਼ੂਬ ਨਾਮ ਕਮਾਇਆ ਅਤੇ ਲਾਹੌਰ ਦੀ ਜੋੜੀ ਨੰਬਰ ਇਕ ਬਣ ਗਈਆਂ।

ਫੇਰ 1947 ਦੀ ਕੱਟ ਵੱਢ ਸ਼ੁਰੂ ਹੋ ਗਈ। ਪੰਜਾਂ ਹੀ ਭੈਣਾਂ ਨੂੰ ਲਾਹੌਰ ਤੋਂ ਬਗ਼ੈਰ ਕੀਮਤੀ ਵਸਤਾਂ ਦੇ ਨੱਸਣਾ ਪਿਆ। ਪ੍ਰਕਾਸ਼ ਕੌਰ ਸਿੱਧੀ ਦਿੱਲੀ ਪਹੁੰਚ ਗਈ। ਸੁਰਿੰਦਰ ਕੌਰ ਸ਼ੁਰੂ ਸ਼ੁਰੂ ਵਿਚ ਫਿਰੋਜ਼ਪੁਰ ਕੁਝ ਸਮੇਂ ਲਈ ਰਹੇ। 1948 ਵਿਚ ਸੁਰਿੰਦਰ ਕੌਰ ਨੂੰ ਮਾਸਟਰ ਗੁਲਾਮ ਹੈਦਰ ਨੇ ਬੰਬਈ ਬੁਲਾ ਲਿਆ। ਬੰਬਈ ਬਹੁਤ ਹੀ ਮਹਿੰਗਾ ਸ਼ਹਿਰ ਸੀ, ਉਥੇ ਕਿਰਾਏ 'ਤੇ ਮਕਾਨ ਲੈਣਾ ਵੀ ਨਵੇਂ ਬੰਦੇ ਵਾਸਤੇ ਬੜਾ ਕਠਿਨ ਸੀ। ਮਸ਼ਹੂਰ ਸ਼ਾਇਰ ਦੀਨਾ ਨਾਥ ਮਧੋਕ ਬੰਬਈ ਵਿਚ ਕੁਝ ਸਮੇਂ ਤੋਂ ਰਹਿ ਰਹੇ ਸਨ। ਉਨ੍ਹਾਂ ਕੋਲ ਰਹਿਣ ਵਾਸਤੇ ਇਕ ਕੁੱਲਾ ਸੀ। ਇਕ ਛੋਟਾ ਜਿਹਾ ਕਮਰਾ ਉਨ੍ਹਾਂ ਨੇ ਸੁਰਿੰਦਰ ਕੌਰ ਨੂੰ ਵੀ ਦੇ ਦਿੱਤਾ। ਸੁਰਿੰਦਰ ਕੌਰ ਨੂੰ ਰਾਹਾਂ ਦਾ ਪਤਾ ਨਹੀਂ ਸੀ। ਕਈ ਵਾਰੀ ਡੀ ਐਨ ਮਧੋਕ ਸੁਰਿੰਦਰ ਕੌਰ ਨੂੰ ਸਟੂਡੀਓ ਤੱਕ ਵੀ ਅਪੜਾ ਕੇ ਆਉਂਦੇ ਸਨ।

ਸੁਰਿੰਦਰ ਕੌਰ ਨੂੰ ਬੰਬਈ ਵਿਚ ਬੁਲਾਇਆ ਮਾਸਟਰ ਗੁਲਾਮ ਹੈਦਰ ਨੇ ਸੀ। 1948 ਵਿਚ ਉਹ ਫਿਲਮ "ਸ਼ਹੀਦ" ਵਾਸਤੇ ਸੰਗੀਤ ਤਿਆਰ ਕਰ ਰਹੇ ਸਨ। ਇਸ ਫਿਲਮ ਵਾਸਤੇ ਮਾਸਟਰ ਹੋਰਾਂ ਨੇ ਸੁਰਿੰਦਰ ਕੌਰ ਨੂੰ ਤਿੰਨ ਗੀਤ ਦਿੱਤੇ। ਇਨ੍ਹਾਂ ਵਿਚੋਂ ਸਭ ਤੋਂ ਮਸ਼ਹੂਰ ਗੀਤ ਦੇ ਬੋਲ ਸਨ "ਬਦਨਾਮ ਨਾ ਹੋ ਜਾਏ, ਮੁਹੱਬਤ ਕਾ ਫਸਾਨਾ, ਐ ਦਰਦ ਭਰੇ ਆਂਸੂਓ, ਆਂਖੋਂ ਮੇ ਨਾ ਆਨਾ"। ਲੇਕਿਨ ਇਸ ਗੀਤ ਦੀ ਰਿਕਾਰਡਿੰਗ ਤੋਂ ਪਹਿਲਾਂ ਹੀ ਪੰਡਿਤ ਹੁਸਨ ਲਾਲ ਭਗਤ ਰਾਮ ਨੇ ਫਿਲਮ "ਪਿਆਰ ਕੀ ਜੀਤ" ਵਾਸਤੇ ਇਕ ਗੀਤ ਸੁਰਿੰਦਰ ਕੌਰ ਕੋਲੋਂ ਰਿਕਾਰਡ ਕਰਵਾ ਲਿਆ। ਇਸਦੇ ਬੋਲ ਸਨ "ਇਤਨੇ ਦੂਰ ਹੈਂ ਹਜ਼ੂਰ ਕੈਸੇ ਮੁਲਾਕਾਤ ਹੋ, ਕੁਝ ਹਮ ਕਹੇਂ ਕੁਝ ਤੁਮ ਕਹੋ ਔਰ ਦਿਲ ਸੇ ਦਿਲ ਕੀ ਬਾਤ ਹੋ।" ਇਹ ਗੀਤ ਸ਼ਾਇਆ ਵੀ ਪਹਿਲਾਂ ਹੋਇਆ ਅਤੇ ਮਸ਼ਹੂਰ ਵੀ ਬਹੁਤ ਹੋਇਆ।

1948 ਵਿਚ ਹੀ ਸ਼ੌਕਤ ਦੇਹਲਵੀ ਨੇ ਫਿਲਮ "ਦਾਦਾ" ਵਾਸਤੇ ਸੰਗੀਤ ਤਿਆਰ ਕੀਤਾ। ਇਸ ਫਿਲਮ ਦਾ ਸੁਰਿੰਦਰ ਕੌਰ ਦਾ ਗੀਤ "ਐ ਚਾਂਦ ਤੇਰੇ ਸਾਥ ਹੀ ਰਹਿਤੇ ਹੈਂ ਸਿਤਾਰੇ" ਬੜਾ ਹੀ ਜਜ਼ਬਾਤੀ ਗੀਤ ਸਿੱਧ ਹੋਇਆ। ਇਸ ਫਿਲਮ ਨੂੰ ਮੁਕੇਸ਼ ਨੇ ਵੀ ਆਪਣੀ ਆਵਾਜ਼ ਦਿੱਤੀ ਸੀ। ਸੁਰਿੰਦਰ ਕੌਰ ਅਤੇ ਮੁਕੇਸ਼ ਦਾ ਗਾਇਆ ਹੋਇਆ ਇਕ ਜੁਗਲ ਗੀਤ "ਤੇਰਾ ਕਿਸੀ ਸੇ ਪਿਆਰ ਥਾ, ਤੂ ਵੋਹ ਜ਼ਮਾਨਾ ਭੂਲ ਜਾ, ਉਜੜੀ ਹੁਈ ਬਹਾਰ ਕਾ, ਲੌਟ ਕੇ ਆਨਾ ਭੂਲ ਜਾ" ਕਾਫੀ ਲੋਕ ਪ੍ਰਸਿਧ ਹੋਇਆ। ਸੁਰਿੰਦਰ ਕੌਰ ਦੀ ਆਵਾਜ਼ ਲਤਾ ਦੀ ਤਰ੍ਹਾਂ ਬਾਰੀਕ ਨਹੀਂ ਸੀ।

ਬੰਬਈ ਵਿਚ ਜਿੰਨੀ ਦੇਰ ਵੀ ਸੁਰਿੰਦਰ ਕੌਰ ਰਹੇ, ਉਨ੍ਹਾਂ ਨੂੰ ਪੰਡਿਤ ਹੁਸਨ ਲਾਲ ਭਗਤ ਰਾਮ, ਪੰਡਿਤ ਗੋਬਿੰਦ ਰਾਮ, ਵਿਨੋਦ, ਅੱਲਾ ਰੱਖਾ ਕੁਰੈਸ਼ੀ, ਸ਼ਾਮ ਸੁੰਦਰ, ਸ੍ਰੀ ਰਾਮ ਚੰਦਰ, ਸ਼ੌਕਤ ਦੇਹਲਵੀ ਅਤੇ ਮਾਸਟਰ ਗੁਲਾਮ ਹੈਦਰ ਨੇ ਆਪਣੇ ਆਪਣੇ ਅੰਦਾਜ਼ ਵਿਚ ਤਰਬੀਅਤ ਦੇ ਕੇ ਨਿਪੁੰਨ ਗਾਇਕਾ ਬਣਾਇਆ।

ਦੂਜੇ ਪਾਸੇ ਦਿੱਲੀ ਵਿਚ ਬੈਠਿਆਂ ਹੀ ਵੱਡੀ ਭੈਣ ਪ੍ਰਕਾਸ਼ ਕੌਰ ਨੇ ਪੰਜਾਬੀ ਲੋਕ ਗੀਤ ਗਾਉਣ ਦਾ ਸਿਲਸਿਲਾ ਜਾਰੀ ਰੱਖਿਆ। ਪੰਜਾਬੀ ਦੇ ਦੋ ਮਸ਼ਹੂਰ ਗੀਤ "ਚੰਨ ਵੇ ਕਿ ਸ਼ੌਕਣ ਮੇਲੇ ਦੀ, ਪੈਰ ਧੋ ਕੇ ਝਾਂਜਰਾਂ ਪਾਉਂਦੀ, ਮੇਲਦੀ ਆਉਂਦੀ ਕਿ ਸ਼ੌਕਣ ਮੇਲੀ ਦੀ" ਅਤੇ "ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ ਗੋਰੀ ਦੀਆਂ, ਗਲੀਆਂ ਦੇ ਵਿਚ ਡੰਡ ਪਾਉਂਦੀਆਂ ਗਈਆਂ ਗੋਰੀ ਦੀਆਂ"



ਸੁਰਿੰਦਰ ਕੌਰ

ਬਹੁਤ ਹੀ ਮਕਬੂਲ ਹੋਏ।

ਬੰਬਈ ਵਿਚ ਸੁਰਿੰਦਰ ਕੌਰ ਨੇ ਮੁਹੰਦਰ ਰਫੀ, ਤਲਤ ਮਹਿਮੂਦ ਅਤੇ ਮੁਕੇਸ਼ ਨਾਲ ਮਿਲ ਕੇ ਜੁਗਲ ਗੀਤ ਵੀ ਗਾਏ। ਐਨੇ ਨੂੰ ਲਤਾ ਮੰਗੇਸ਼ਕਰ ਬੰਬਈ ਵਿਚ ਸੁਰਈਆ ਅਤੇ ਗੀਤਾਂ ਦੱਤ ਸਣੇ ਸਭ ਨੂੰ ਪੈਰਾਂ ਥੱਲੇ ਲਤਾੜ ਰਹੀ ਸੀ। ਇਸੇ ਹੀ ਸਮੇਂ ਵਿਚ ਸੁਰਿੰਦਰ ਨੇ 1952 ਵਿਚ ਦਿੱਲੀ ਵਾਸਤੇ ਚਾਲੇ ਪਾ ਲਏ ਅਤੇ ਪੰਜਾਬੀ ਦੀ ਸਭ ਤੋਂ ਵੱਧ ਰਿਕਾਰਡ ਗਾਇਕਾ ਬਣ ਗਈ। ਆਸਾ ਸਿੰਘ ਮਸਤਾਨਾ ਨਾਲ ਉਸਦੇ ਦੋਗਾਣੇ ਬੜੇ ਮਕਬੂਲ ਹੋਏ।

## ਡਿਕਸ਼ਨਰੀ ...

ਵਿਚ 'ਨੀਂਬੂ ਕਾ ਪੇੜ' ਹੀ ਮਿਲਦਾ ਹੈ! ਅਸਲ ਵਿਚ ਅੰਗਰੇਜ਼ੀ ਡਿਕਸ਼ਨਰੀਆਂ ਨੂੰ ਵੀ ਏਥੇ ਲਾਈਮ ਸ਼ਬਦ ਦੀ ਨਿਖੇੜਵੀਂ ਵਿਆਖਿਆ ਕਰਨੀ ਚਾਹੀਦੀ ਹੈ।

ਅਸੀਂ ਜਿੰਨਾ ਹੋਰ ਡਿਕਸ਼ਨਰੀਆਂ ਵਿਚੋਂ ਗਲਤੀਆਂ ਕਢਦੇ ਸਾਂ ਉਨਾ ਹੀ ਖੁਦ ਡਰ ਜਾਂਦੇ ਸਾਂ। ਦਰਅਸਲ ਕੰਮ ਕਰਦੇ ਕਰਦੇ ਹੀ ਅਸੀਂ ਸਿੱਖ ਵੀ ਰਹੇ ਸਾਂ। ਕਿਸੇ ਨੂੰ ਪਹਿਲਾਂ ਇਸ ਕੰਮ ਦਾ ਤਜਰਬਾ ਨਹੀਂ ਸੀ। ਹਾਂ, ਸਭ ਤੋਂ ਸੀਨੀਅਰ ਵਿਸਿਸ਼ਟ ਸਾਹਿਬ ਨੂੰ ਇਸ ਦਾ ਅਨੁਭਵ ਜ਼ਰੂਰ ਸੀ ਕਿਉਂਕਿ ਉਹ ਪਹਿਲਾਂ ਪਟਿਆਲਾ ਯੂਨੀਵਰਸਿਟੀ ਵਾਲੀ ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ ਵਿਚ ਕੰਮ ਕਰ ਚੁਕੇ ਸਨ ਪਰ ਉਹ ਹਮੇਸ਼ਾ ਸ਼ਰਮਸਾਰ ਹੁੰਦੇ ਰਹਿੰਦੇ ਕਿਉਂਕਿ ਉਸ ਕੋਸ਼ ਵਿਚ ਸਭ ਤੋਂ ਵਧ ਗਲਤੀਆਂ ਲਭਦੀਆਂ ਸਨ। ਦਰਅਸਲ ਉਨ੍ਹਾਂ ਦਾ ਕਸੂਰ ਨਹੀਂ ਸੀ, ਉਨ੍ਹਾਂ ਅਨੁਸਾਰ ਇਹ ਕੋਸ਼ ਸਿਰਫ਼ ਛੇ ਮਹੀਨਿਆਂ ਵਿਚ ਤਿਆਰ ਹੋਇਆ ਸੀ। ਅਜਿਹੇ ਵਿਚ ਉਨ੍ਹਾਂ ਨੇ ਬਾਹਰੀ ਦੇ ਅੰਗਰੇਜ਼ੀ-ਹਿੰਦੀ ਕੋਸ਼ ਦੀ ਚੋਖੀ ਨਕਲ ਕਰ ਮਾਰੀ। ਇਸ ਤਰ੍ਹਾਂ ਬਾਹਰੀ ਦੀਆਂ ਗਲਤੀਆਂ ਤਾਂ ਰਹਿ ਹੀ ਗਈਆਂ, ਖੁਦ ਆਪ ਵੀ ਹੋਰ ਪਾ ਦਿਤੀਆਂ।

ਬਾਹਰੋਂ ਅੰਦਰੋਂ ਆਉਂਦੇ ਪੰਜਾਬੀ ਦੇ ਸਾਹਿਤਕਾਰ ਸਾਡੇ ਵਿਭਾਗ ਵਿਚ ਆ ਕੇ ਜੀਅ ਲਾਉਂਦੇ। ਇਕ ਲੇਖਕ ਤਾਂ ਏਥੋਂ ਤੱਕ ਕਹਿੰਦਾ ਹੁੰਦਾ ਸੀ ਕਿ ਮੈਂ ਚੰਡੀਗੜ੍ਹ ਦੇ ਸਾਰੇ ਸਾਹਿਤਕਾਰਾਂ ਕੋਲ ਜਾਂਦਾ ਹਾਂ ਪਰ ਜੋ ਸਕੂਨ ਇਹ ਖੁਸ਼ਕ ਜਿਹਾ ਕੰਮ ਕਰਨ ਵਾਲੇ ਲੋਕਾਂ ਕੋਲ ਮਿਲਦਾ ਹੈ, ਹੋਰ ਕਿਧਰੇ ਨਹੀਂ। ਗੇੜਾ ਮਾਰਨ ਵਾਲਿਆਂ 'ਚ ਹਰਭਜਨ ਹਲਵਾਰਵੀ ਵੀ ਸੀ। ਅਤਰ ਸਿੰਘ ਨੇ ਉਸਦੀ ਸੁਅਰਤ ਦੇਖ ਕੇ ਉਸਨੂੰ ਸਹਾਇਕ ਕੋਸ਼ਕਾਰ ਰੱਖ ਲਿਆ ਪਰ ਉਹ ਕੁਝ ਮਹੀਨਿਆਂ ਪਿਛੋਂ ਹੀ ਔਖਾ ਹੋ ਕੇ 'ਪੰਜਾਬੀ ਟ੍ਰਿਬਿਊਨ' 'ਚ ਚਲੇ ਗਿਆ। ਰਿਆਲ ਸਾਹਿਬ ਕਿਸੇ ਨਾ ਕਿਸੇ ਨੂੰ ਫੜ ਕੇ ਕਿਸੇ ਨਾ ਕਿਸੇ ਸ਼ਬਦ ਦੀ ਨਿਰੁਕਤੀ ਸਮਝਾਉਣ ਲੱਗ ਜਾਂਦੇ ਤੇ ਮਲਕ ਦੇਣੀ ਡੱਬ 'ਚੋਂ ਕੱਢ ਕੇ ਆਪਣੀ ਲਿਖੀ ਕੋਈ ਕਿਤਾਬ ਵੀ ਫੜਾ ਦਿੰਦੇ। ਕਦੇ ਕਦਾਈਂ ਉਹ ਬਾਹਲਾ ਹੀ ਖਹਿੜੇ ਪੈ ਜਾਂਦੇ ਤਾਂ ਲੋਕ ਉਨ੍ਹਾਂ ਤੋਂ ਪਿੱਛਾ ਛਡਾਉਣ ਦੀ ਵੀ ਕਰਦੇ। ਰਿਆਲ ਸਾਹਿਬ ਨੇ ਜਿਊਂਦੇ ਜੀਅ ਇਸ ਸੁੰਦ ਦੀ ਗੱਠੀ ਦੀ ਖ਼ੂਬ ਖੱਟੀ ਖਾਧੀ।

ਯੂਨੀਵਰਸਿਟੀ 'ਚ ਸਾਡੇ ਖਿਲਾਫ ਪ੍ਰਚਾਰ ਗਰਮ ਹੋ ਗਿਆ ਕਿ ਅਸੀਂ ਕੁਝ ਨਹੀਂ ਕਰਦੇ। ਸਾਨੂੰ ਕੁਝ ਦਿਖਾਉਣ ਲਈ ਅੰਗਰੇਜ਼ੀ ਦੇ ਅੱਖਰ 'ਐਲ' ਤੱਕ ਬੇਮਤਲਬ ਹੀ ਪਹਿਲੀ ਜਿਲਦ ਛਪਵਾਉਣੀ ਪਈ। ਸਾਡੇ ਡਿਕਸ਼ਨਰੀ ਪ੍ਰਾਜੈਕਟ ਦੇ ਖਰਾਇਤੀ ਪੰਜਾਬ ਸਰਕਾਰ ਦੇ ਟੈਕਸਟ ਬੁੱਕ ਬੋਰਡ ਦੇ ਉਦੋਂ ਦੇ ਚੇਅਰਮੈਨ ਪ੍ਰਿਥੀਪਾਲ ਸਿੰਘ ਕਪੂਰ ਨੇ ਫੰਕਸ਼ਨ ਰਖਵਾਇਆ ਪਰ ਉਸ ਨੇ ਹੈਂਕੜ 'ਚ ਆਏ ਨੇ ਸਟਾਫ ਦੇ ਦੋ ਜੂਨੀਅਰ ਮੈਂਬਰਾਂ, ਨਛੱਤਰ ਸਿੰਘ ਤੇ ਮੈਨੂੰ, ਕੋਸ਼ ਵਿਮੋਚਨ ਦੇ ਸਮਾਗਮ ਤੇ ਨਾ ਸੱਦਿਆ। ਅਸੀਂ ਸਾਰੇ 'ਪਹੁੰਚੇ ਹੋਏ' ਬੰਦੇ ਸਾਂ ਤੇ ਸਾਡੇ 'ਖਾੜਕੂਪਣੇ' ਤੋਂ ਲੋਕ ਵਾਕਿਫ਼ ਸਨ। ਅਸੀਂ ਲੋੜ ਪੈਣ 'ਤੇ ਸਰਕਾਰੇ ਦਰਬਾਰੇ ਜਾਂ ਕਚਹਿਰੀ ਤੱਕ ਦੀ ਰਸਾਈ ਕਰ ਲੈਂਦੇ ਸਾਂ, ਧਰਨਿਆਂ ਆਦਿ ਤੋਂ ਵੀ ਪਿੱਛੇ ਨਹੀਂ ਸੀ ਹਟਦੇ। ਅਸੀਂ ਅਜਿਹੇ ਦਾਅ ਪੇਚ ਚਲਾਏ ਤਾਂ ਜਾ ਕੇ ਸਾਨੂੰ ਬੁਲਾਇਆ ਗਿਆ।

ਦੋ ਕਦਮ ਅੱਗੇ ਇਕ ਕਦਮ ਪਿਛੇ ਚਲਦਿਆਂ ਆਖਰ ਡਿਕਸ਼ਨਰੀ ਤਿਆਰ ਹੋ ਹੀ ਗਈ ਪਰ ਇਸ ਸਮੇਂ ਡਾ. ਅਤਰ ਸਿੰਘ ਨੇ ਵਿਭਾਗ ਦਾ ਡਾਵਾਂ ਡੋਲ ਭਵਿਖ ਦੇਖਦਿਆਂ ਆਪਣੇ ਲਈ ਸ਼ੇਖ ਫਰੀਦ ਚੇਅਰ ਸਥਾਪਤ ਕਰਵਾ ਲਈ ਤੇ ਉਨ੍ਹਾਂ ਦੀ ਜਗ੍ਹਾ ਡਾ. ਬਲਬੀਰ ਸਿੰਘ ਸੰਧੂ ਨੇ ਲੈ ਲਈ। ਉਨ੍ਹਾਂ ਦਾ ਇਸ ਕੋਸ਼ ਦੇ ਨਿਰਮਾਣ ਵਿਚ ਕੋਈ ਵੀ ਰੋਲ ਨਹੀਂ ਸੀ। ਉਧਰ ਪੰਜਾਬ ਯੂਨੀਵਰਸਿਟੀ ਨੂੰ ਇਸ ਗੱਲ ਦਾ ਕੋਈ ਫ਼ਖ਼ਰ ਨਾ ਹੋਇਆ ਕਿ ਇਸ ਦੇ ਵਿਦਵਾਨਾਂ ਨੇ ਏਡਾ ਵੱਡਾ ਕੰਮ ਨਜਿੱਠ ਲਿਆ ਹੈ। ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਾ ਹੈ, ਡਿਕਸ਼ਨਰੀ ਪ੍ਰਾਜੈਕਟ ਲਈ ਪੈਸੇ ਪੰਜਾਬ ਸਰਕਾਰ ਦਾ ਟੈਕਸਟ ਬੁੱਕ ਬੋਰਡ ਦੇ ਰਿਹਾ ਸੀ। ਬੋਰਡ ਦੇ ਉਦੋਂ ਦੇ ਚੇਅਰਮੈਨ ਪ੍ਰਿਥੀਪਾਲ ਸਿੰਘ ਰੰਧਾਵਾ ਨੇ ਫੰਕਸ਼ਨ ਰਖਵਾਇਆ ਪਰ ਉਸਨੇ ਹੈਂਕੜ 'ਚ ਆਏ ਨੇ ਸਟਾਫ਼ ਦੇ ਦੋ ਜੂਨੀਅਰ ਮੈਂਬਰਾਂ ਨਛੱਤਰ ਸਿੰਘ ਤੇ ਮੈਨੂੰ, ਕੋਸ਼ ਵਿਮੋਚਨ ਦੇ ਸਮਾਗਮ 'ਤੇ ਨਾ ਸੱਦਿਆ। ਸਾਡੇ 'ਖਾੜਕੂਪਣੇ' ਤੋਂ ਲੋਕ ਵਾਕਿਫ਼ ਸਨ। ਅਸੀਂ ਲੋੜ ਪੈਣ 'ਤੇ ਸਰਕਾਰੇ-ਦਰਬਾਰੇ ਜਾਂ ਕਚਹਿਰੀ ਤੱਕ ਦੀ ਰਿਸਾਈ ਕਰ ਲੈਂਦੇ ਸਾਂ, ਧਰਨਿਆਂ ਆਦਿ ਤੋਂ ਵੀ ਪਿੱਛੇ ਨਹੀਂ ਸੀ ਹਟਦੇ। ਅਸੀਂ ਅਜਿਹੇ ਦਾਅ-ਪੇਚ ਚਲਾਏ ਤਾਂ ਜਾ ਕੇ ਸਾਨੂੰ ਬੁਲਾਇਆ ਗਿਆ। ਸਮਾਗਮ ਪਿਛੋਂ ਜਦ ਕੋਸ਼ ਖੋਲ੍ਹ ਕੇ ਦੇਖਿਆ ਗਿਆ, ਜਿਲਦ ਅਤੇ ਅੰਦਰਲੇ ਦੋ ਵਰਕਿਆਂ ਤੇ ਛਪਿਆ ਹੋਇਆ ਸੀ: ਮੁਖ ਸੰਪਾਦਕ-ਬਲਬੀਰ ਸਿੰਘ ਸੰਧੂ, ਸਾਬਕਾ ਮੁਖ ਸੰਪਾਦਕ-ਅਤਰ ਸਿੰਘ। ਅਤਰ ਸਿੰਘ ਜੋ ਸੰਧੂ ਦਾ ਲੰਗੋਟੀਆ ਯਾਰ ਰਿਹਾ ਸੀ, ਅੱਗ ਭਭੂਕਾ ਹੋ ਗਿਆ। ਭਾਵੇਂ ਉਸਦਾ ਸ਼ਬਦ-ਯੋਗਦਾਨ ਤਾਂ ਬਹੁਤਾ ਨਹੀਂ ਸੀ ਪਰ ਸਾਰਾ ਚੱਕਣ ਤਾਂ ਉਸੇ ਨੇ ਚੱਕਿਆ ਸੀ ਤੇ ਕੋਸ਼ ਨਿਬੜਿਆ ਵੀ ਉਸੇ ਦੇ ਕਾਰਜਕਾਲ ਦੌਰਾਨ ਸੀ। ਇਸ ਪਿਛੋਂ ਦੋਵਾਂ ਦਾ ਇਟ-ਕੁੱਤੇ ਦਾ ਵੈਰ ਹੋ ਗਿਆ। ਪਿਛੇ ਪਾਇਆ ਬਾਕੀ ਕੋਸ਼ਕਾਰੀ ਅਮਲਾ ਵੀ ਤੜਪ ਕੇ ਰਹਿ ਗਿਆ। ਦੂਸਰੇ ਦਿਨ ਵਿਭਾਗ ਦੀ ਮੀਟਿੰਗ ਦੌਰਾਨ ਗੁੱਸੇ 'ਚ ਆਏ ਮੇਰੇ ਮੂੰਹੋਂ ਨਿਕਲ ਗਿਆ, "ਡਾਕਟਰ ਸਾਹਿਬ ਤੁਸੀਂ ਡੱਕਾ ਨਹੀਂ ਤੋੜਿਆ ਪਰ ਨਾਂ ਆਪਣਾ ਚਮਕਾ ਲਿਆ ਹੈ।" ਸੰਧੂ ਸਾਹਿਬ ਨੂੰ ਉਮੀਦ ਨਹੀਂ ਸੀ, ਉਸਦਾ ਰਹਿ-ਚੁੱਕਾ ਵਿਦਿਆਰਥੀ ਏਨਾ ਮੂੰਹਫੱਟ ਬੋਲੇਗਾ। ਕਹਿੰਦੇ, "ਦੇਖੋ ਜੀ, ਸਭ ਤੋਂ ਜੂਨੀਅਰ ਬੰਦਾ ਕਿਵੇਂ ਬੋਲ ਰਿਹਾ ਹੈ।" ਸਾਰੇ ਚੁੱਪ ਰਹੇ ਪਰ ਰਿਆਲ ਸਾਹਿਬ ਮੇਰੇ ਵੱਲ ਮੁਖਾਤਿਬ ਹੋ ਕੇ ਫੁਸਫੁਸਾਏ, "You hit the nail on the head." (ਤੂੰ ਠਾਹ ਸੋਟਾ ਮਾਰਿਆ!)

ਰਾਏ ਆਪੋ ਆਪਣੀ

# ਪੰਜਾਬੀ ਸਮਾਗਮਾਂ ਸਬੰਧੀ ਕੁਝ ਚੁੰਝ ਚਰਚਾ

**ਐਸ਼ੀ ਬਿੱਕਰ ਕੰਮੇਆਣਾ***

ਪਰਵਾਸੀ ਪੰਜਾਬੀਆਂ ਵਿਚ ਇਕ ਗੱਲ ਬਹੁਤ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਉਹ ਸਾਹਿਤਕ, ਸਭਿਆਚਾਰਕ, ਰਾਜਨੀਤਕ ਸਮਾਗਮਾਂ ਅਤੇ ਖੇਡ ਮੇਲਿਆਂ ਰਾਹੀਂ ਮਾਂ ਬੋਲੀ ਪੰਜਾਬੀ ਤੇ ਪੰਜਾਬੀ ਸਭਿਆਚਾਰ ਨੂੰ ਲੱਗ ਰਹੇ ਖੋਰੇ ਨੂੰ ਰੋਕਣ ਲਈ ਪਹਿਲਾਂ ਤੋਂ ਵੱਧ ਸੁਚੇਤ ਹੋ ਗਏ ਹਨ। ਇਸ ਪੱਖੋਂ ਕਈ ਸੰਜੀਦਾ ਸਭਾਵਾਂ ਤੇ ਜਥੇਬੰਦੀਆਂ ਅਤੇ ਨਿੱਜ ਤੋਂ ਉਪਰ ਉਠੇ ਹੋਏ ਕੁਝ ਇਨਸਾਨ, ਜੋ ਸਮੂਹ ਲਈ ਆਪਣੇ ਜਾਤੀ ਹਿਤ ਕੁਰਬਾਨ ਕਰ ਦਿੰਦੇ ਹਨ, ਵਧਾਈ ਦੇ ਪਾਤਰ ਹਨ ਤੇ ਉਨ੍ਹਾਂ ਦਾ ਜਿੰਨਾ ਵੀ ਸਾਥ ਦਿੱਤਾ ਜਾਵੇ, ਥੋੜ੍ਹਾ ਹੈ। ਪਰ ਅਫਸੋਸ ਇਸ ਗੱਲ ਦਾ ਹੈ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਪ੍ਰੋਗਰਾਮ ਸਹੀ ਢੰਗ ਨਾਲ ਨਿਭਾਏ ਨਹੀਂ ਜਾਂਦੇ ਅਤੇ ਜਲੇਬੀਆਂ ਤੇ ਪਕੌੜਾ ਪ੍ਰੋਗਰਾਮ ਹੀ ਬਣ ਕੇ ਰਹਿ ਜਾਂਦੇ ਹਨ। ਇਕ ਪਾਸੇ ਮੁੱਖ ਬੁਲਾਰੇ ਦੇ ਮੁਖਾਰਬਿੰਦ 'ਚੋਂ ਭਾਸ਼ਣ ਕਿਰ-ਕਿਰ ਪੈਂਦਾ ਹੈ ਤੇ ਦੂਜੇ ਪਾਸੇ ਸਰੋਤਿਆਂ ਦਾ ਤਕੜਾ ਗਰੁਪ, ਕੰਨ ਖੁਰਕਦਾ ਹੋਇਆ ਆਪਣਾ ਸਾਰਾ ਧਿਆਨ ਪਾਪੀ ਪੇਟ 'ਤੇ ਕੇਂਦ੍ਰਿਤ ਕਰਕੇ ਕੁੱਖਾਂ ਕੱਢਣ 'ਚ ਮਗਨ ਹੁੰਦਾ ਹੈ। ਸੋ ਹਥਲੀ ਲਿਖਤ ਰਾਹੀਂ, ਅਸਫਲ ਸਮਾਗਮਾਂ ਦੇ ਕਰਤਿਆਂ-ਧਰਤਿਆਂ ਦੀ ਦੁਖਦੀ ਰਗ ਨੂੰ ਹੱਥ ਲਾਉਣੋਂ ਬਚਦਿਆਂ ਉਹ ਕਾਰਨ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਉਹ ਸਫਲ ਕਿਉਂ ਨਹੀਂ ਹੁੰਦੇ? ਇਹ ਵੀ ਸੋਚਣਾ ਬਣਦਾ ਹੈ ਕਿ ਸਫਲ ਸਮਾਗਮਾਂ ਦੇ ਪ੍ਰਬੰਧਕਾਂ ਵਿਚ ਆਖਰ ਕੀ ਖੂਬੀਆਂ ਹਨ ਕਿ ਜਿਨ੍ਹਾਂ ਨਾਲ ਉਹ ਸਫਲਤਾ ਦੇ ਝੰਡੇ ਗੱਡ ਜਾਂਦੇ ਆ? ਸਫਲਤਾ ਡੱਡੂ-ਛੜੱਪਿਆਂ ਰਾਹੀਂ ਨਹੀਂ ਮਿਲਦੀ, ਪੌੜੀ ਚੜ੍ਹਨ ਵਾਂਗ ਪੌਡਾ-ਪੌਡਾ ਕਰਕੇ ਹੀ ਸਿਖਰਲੇ ਡੰਡੇ ਨੂੰ ਹੱਥ ਪੈਂਦਾ ਹੈ।

ਸੋ ਆਓ ਪਹਿਲਾਂ ਖਿਚੜੀ ਸਾਹਿਤਕ, ਸਭਿਆਚਾਰਕ ਅਤੇ ਰਾਜਨੀਤਕ ਸਮਾਗਮਾਂ ਦੀਆਂ ਊਣਤਾਈਆਂ 'ਤੇ ਪੁੱਠਾ ਤਵਾ ਲਾ ਲਈਏ।

1. ਪ੍ਰੋਗਰਾਮ ਦੇ ਦਿੱਤੇ ਸਮੇਂ ਤੋਂ ਵੱਡੀ ਗਿਣਤੀ 'ਚ ਸਰੋਤੇ, ਬੁਲਾਰੇ, ਮਹਿਮਾਨ ਤੇ ਕਵੀ ਕਈ ਵਾਰ ਘੰਟੇ ਤੋਂ ਵੀ ਵਧ ਲੇਟ ਹੋ ਜਾਂਦੇ ਹਨ।

2. ਪਹਿਲਾਂ ਬੋਲਣ ਵਾਲੇ ਤਿੰਨ-ਚਾਰ ਬੁਲਾਰਿਆਂ ਲਈ ਖੁੱਲ੍ਹਾ ਸਮਾਂ ਹੁੰਦਾ ਹੈ ਤੇ ਉਸ ਤੋਂ ਬਾਅਦ ਬੋਲਣ ਵਾਲਿਆਂ 'ਤੇ ਸਮੇਂ ਦੀ ਪਾਬੰਦੀ ਲਾ ਕੇ ਸਟੇਜ ਸਕੱਤਰ ਪੈਂਟਾਂ ਖਿੱਚਣ ਲੱਗ ਪੈਂਦਾ ਹੈ।

3. ਕਈ ਕਵੀ ਸੱਜਣ ਇਕ ਤੋਂ ਵਧ ਰਚਨਾ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ ਤੇ ਨਾਲ ਹੀ ਭੂਮਿਕਾਵਾਂ ਬੰਨ-ਬੰਨ ਕੀਮਤੀ ਸਮੇਂ ਨੂੰ ਕੌਡੀਆਂ ਵਾਂਗ ਰੋਲ ਦਿੰਦੇ ਹਨ।

4. ਇਨ੍ਹਾਂ ਸਮਾਗਮਾਂ ਵਿਚ ਗੌਣ ਵਾਲੇ ਘੱਟ ਰੇਟ 'ਤੇ ਬੁੱਕ ਕੀਤੇ ਹੁੰਦੇ ਹਨ ਤੇ ਕਈ ਉਭਰ ਰਹੇ ਗਾਇਕ ਮੁਫਤ ਵੀ ਆ ਜਾਂਦੇ ਹਨ। ਇਸ ਕਰਕੇ ਵਾਰੀ ਮਿਲਣ 'ਤੇ, ਖਾਸ ਕਰਕੇ ਜਦੋਂ ਇਨਾਮ ਦੇ ਰੂਪ ਵਿਚ ਡਾਲਰਾਂ ਦੀ ਬਰਸਾਤ ਹੋਣ ਲੱਗ ਪਵੇ ਤਾਂ ਉਨ੍ਹਾਂ ਵਿਚੋਂ ਕਈ ਛੇਤੀ ਕੀਤੇ ਸਟੇਜ ਤੋਂ ਉਤਰਨ ਦਾ ਨਾਂ ਨਹੀਂ ਲੈਂਦੇ। ਸਮੱਸਿਆ ਉਸ ਸਮੇਂ ਹੋਰ ਵੀ ਗੰਭੀਰ ਹੋ ਜਾਂਦੀ ਹੈ ਜਦੋਂ ਕੋਈ ਗੌਣ ਵਾਲਾ ਸਮਾਨੰਤਰ ਸਟੇਜ ਸੰਚਾਲਕ ਬਣਕੇ ਸਰੋਤਿਆਂ ਨੂੰ ਨਾਲ ਗੰਢਣ ਲਈ ਕਹਿੰਦਾ ਹੈ ਕਿ ਅਜੇ ਤਾਂ ਉਹ ਵਾਰਮ-ਅੱਪ ਹੀ ਹੋਇਆ ਹੈ। ਕੀ ਉਹ ਹੋਰ ਸੁਣਨਾ ਚਾਹੁਣਗੇ?

5. ਕਈ ਵਾਰ ਸਮਾਗਮ ਦੀ ਸੰਚਾਲਕ ਸੰਸਥਾ ਵਲੋਂ ਆਪਣੇ ਮੈਂਬਰਾਂ ਨੂੰ ਬਾਹਰੋਂ ਸੱਦਿਆਂ ਨਾਲੋਂ ਵੀ ਵਧ ਮਹੱਤਵ ਦਿੱਤਾ ਜਾਂਦਾ ਹੈ ਤੇ ਉਨ੍ਹਾਂ ਵਲੋਂ ਪੇਸ਼ ਕੀਤੀਆਂ ਕਲਾ-ਵੰਨਗੀਆਂ ਦੇ ਪੇਸ਼ ਕਰਤਿਆਂ ਨੂੰ ਨਾ ਸਿਰਫ ਉਸ ਸਮੇਂ ਹੀ ਇਨਾਮਾਂ ਨਾਲ ਨਿਵਾਜਿਆ ਜਾਂਦਾ ਹੈ ਸਗੋਂ ਫੋਟੋ ਖਿੱਚਣ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ ਜੋ ਪਹਿਲਾਂ ਤੈਅ ਨਹੀਂ ਹੁੰਦਾ ਜਿਸ ਕਾਰਨ ਆਈਟਮ ਪੇਸ਼ ਕਰਨ ਵਾਲੇ, ਆਈਟਮ ਪੇਸ਼ ਕਰਕੇ ਜਦੋਂ ਖਿੰਡਣ-ਪੁੰਡਣ ਲੱਗਦੇ ਹਨ ਤਾਂ ਸੈਕਟਰੀ ਭੱਜ ਕੇ ਆ ਕੇ ਮਾਈਕ ਸੰਭਾਲਦਾ ਹੋਇਆ ਉਨ੍ਹਾਂ ਨੂੰ ਕਹਿੰਦਾ ਹੈ ਕਿ ਅਜੇ ਨਹੀਂ ਜਾਣਾ, ਇਨਾਮ ਲੈ ਕੇ ਜਾਣਾ ਹੈ। ਇਨਾਮ ਵੰਡ ਕੇ ਕਿਹਾ ਜਾਂਦਾ ਹੈ ਕਿ ਹੁਣ ਫੋਟੋ ਹੋਵੇਗੀ। ਇਸ ਮਕਸਦ ਲਈ ਉਥੇ ਹਾਜ਼ਰ ਪ੍ਰਬੰਧਕਾਂ ਤੋਂ ਬਿਨਾਂ ਕਈ ਹੋਰਾਂ ਨੂੰ ਵੀ ਸੱਦਿਆ ਜਾਂਦਾ ਹੈ ਤਾਂ ਕਿ ਉਹ ਵੀ ਉਲਾਂਭਾ ਨਾ ਦੇ ਸਕਣ ਕਿ ਉਨ੍ਹਾਂ ਦੀ ਫੋਟੋ ਨਹੀਂ ਖਿੱਚੀ। ਇਸ ਤਰ੍ਹਾਂ ਇਕ ਆਈਟਮ ਜਾਂ ਕਲਾ-ਵੰਨਗੀ ਲਗਭਗ ਦੁੱਗਣਾ ਸਮਾਂ ਲੈ ਜਾਂਦੀ ਹੈ। ਹੁਣ ਸੋਚੋ ਕਿ ਜੇਕਰ ਅਜਿਹੀਆਂ ਪੰਜ-ਸੱਤ ਕਲਾ-ਵੰਨਗੀਆਂ ਪੇਸ਼ ਕਰਨੀਆਂ ਹੋਣ ਤਾਂ ਸਟੇਜ ਦਾ ਕਿੰਨਾ ਸਮਾਂ ਵਿਅਰਥ ਜਾਵੇਗਾ?

6. ਖਾਣ-ਪੀਣ ਲਈ ਕੋਈ ਨਿਸ਼ਚਿਤ ਬੱਝਵਾਂ ਸਮਾਂ ਨਹੀਂ ਹੁੰਦਾ। ਜਦੋਂ ਕੋਈ ਆ ਗਿਆ ਜਾਂ ਬੈਠਿਆਂ 'ਚੋਂ ਵੀ ਕਿਸੇ ਦਾ ਦੂਜੀ-ਤੀਜੀ ਵਾਰ ਮੂੰਹ ਮਾਰਨ ਨੂੰ ਚਿੱਤ ਕਰਨ 'ਤੇ ਉਸੇ ਵੇਲੇ ਹੀ ਤੱਤੀ ਚਾਹ, ਠੰਢਾ ਸੋਢਾ, ਗਰਮਾ-ਗਰਮ ਪਕੌੜੇ, ਜਲੇਬੀਆਂ ਤੇ ਹੋਰ ਪਕਵਾਨ ਹਾਜ਼ਰ। ਫੇਰ ਬਹੁਤਿਆਂ ਦਾ ਕੰਨਾਂ ਨਾਲੋਂ ਮੂੰਹ ਤੇ ਢਿੱਡ ਵਲ ਧਿਆਨ ਜਾਣਾ ਕੁਦਰਤੀ ਹੈ। ਸੋ, ਅਜਿਹੀ ਸਥਿਤੀ 'ਚ ਸਟੇਜ ਅਤੇ ਸਰੋਤਿਆਂ ਦਾ ਜੋ ਰਾਬਤਾ ਕਾਇਮ ਹੋਣਾ ਚਾਹੀਦਾ ਹੈ, ਉਹ ਨਹੀਂ ਹੁੰਦਾ।

ਆਓ ਹੁਣ ਵਿਚਾਰੀਏ ਕਿ ਪ੍ਰੋਗਰਾਮ ਸਫਲ ਕਿਵੇਂ ਹੋ ਸਕਦੇ ਹਨ?

1. ਜਿਵੇਂ ਝੋਟੇ ਨਾਲ ਚਮਜੂੰਆਂ ਹੁੰਦੀਆਂ ਹਨ, ਅਸੀਂ ਵੀ ਦੇਸੋਂ-ਪਰਦੇਸ ਹੋਣ ਲੱਗਿਆਂ ਆਪਣੀਆਂ ਊਣਤਾਈਆਂ ਨਾਲ ਲੈ ਕੇ ਆਉਂਦੇ ਹਾਂ, ਜਿਨ੍ਹਾਂ ਵਿਚੋਂ ਇਕ ਹੈ ਪ੍ਰੋਗਰਾਮ 'ਤੇ ਲੇਟ ਪਹੁੰਚਣ ਦੀ। ਸੋ ਇਸ ਕਾਰਨ ਕੋਈ ਵੀ ਪ੍ਰੋਗਰਾਮ ਸਮੇਂ ਸਿਰ ਸ਼ੁਰੂ ਨਹੀਂ ਹੋ ਸਕਦਾ। ਕੋਸ਼ਿਸ਼ ਕੀਤੀ ਜਾਵੇ ਕਿ ਪ੍ਰੋਗਰਾਮ ਸਮੇਂ ਸਿਰ ਸ਼ੁਰੂ ਹੋਵੇ ਨਹੀਂ ਤਾਂ ਉਲੀਕਿਆ ਹੀ ਇਸ ਤਰ੍ਹਾਂ ਜਾਵੇ ਕਿ ਹਰ ਇਕ ਨੂੰ ਸੱਦਾ-ਪੱਤਰ ਸ਼ੁਰੂ ਹੋਣ ਤੋਂ ਘੰਟਾ ਪਹਿਲਾਂ ਦਾ ਹੋਵੇ।

2. ਸਮਾਗਮ ਨੂੰ ਖਿਚੜੀ ਜਾਂ ਮਿਲ-ਗੋਭਾ ਨਾ ਬਣਾਇਆ ਜਾਵੇ ਪਰ ਕੁਝ ਸਹਾਇਕ-ਵੰਨਗੀਆਂ ਜ਼ਰੂਰ ਹੋਣ।

3. ਪੀਣ-ਖਾਣ ਆਦਿ ਦੇ ਸੰਬੰਧ ਵਿਚ ਸਮਾਂ ਤੈਅ ਹੋਵੇ। ਪ੍ਰੋਗਰਾਮ ਸ਼ੁਰੂ ਹੋਣ ਤੋਂ ਘੰਟਾ ਪਹਿਲਾਂ ਵਰਤਾਉਣਾ ਸ਼ੁਰੂ ਕਰਕੇ ਇਸ ਨੂੰ ਪ੍ਰੋਗਰਾਮ ਸ਼ੁਰੂ ਹੋਣ ਤੋਂ ਅੱਧਾ ਘੰਟਾ ਬਾਅਦ ਤਕ ਜਾਰੀ ਰੱਖਿਆ ਜਾਵੇ ਪਰ ਲੋੜ ਅਨੁਸਾਰ ਪੰਡਾਲ ਵਿਚ ਪਾਣੀ ਦੀ ਸੇਵਾ ਦਾ ਜ਼ਰੂਰ ਪ੍ਰਬੰਧ ਹੋਵੇ।

4. ਸਟੇਜ ਸਕੱਤਰ ਅਜਿਹਾ ਹੋਵੇ ਜੋ ਥੋੜ੍ਹੇ ਸ਼ਬਦਾਂ 'ਚ ਬਹੁਤਾ ਕਹਿਣ ਦੀ ਸਮਰੱਥਾ ਰਖਦਾ ਹੋਵੇ ਤੇ ਆਪ ਘੱਟ ਸਮਾਂ ਲੈਂਦਿਆਂ, ਸ਼ਬਦ ਜਾਲ ਦੇ ਚੱਕਰਵਿਊ 'ਚ ਸਰੋਤਿਆਂ ਨੂੰ ਵਲ ਕੇ ਰੱਖੇ।

5. ਪ੍ਰੋਗਰਾਮ ਦੇ ਸ਼ੁਰੂ ਦੇ ਤੀਹ-ਚਾਲੀ ਮਿੰਟ ਸਥਾਨਕ ਭਾਗ ਲੈਣ ਵਾਲਿਆਂ ਨੂੰ ਦਿੱਤੇ ਜਾਣ।

6. ਹਰ ਇਕ ਬੁਲਾਰੇ ਜਾਂ ਕਵੀ ਲਈ ਉਸ ਦੇ ਰੁਤਬੇ ਅਨੁਸਾਰ ਸਮਾਂ ਤੈਅ ਹੋਵੇ। ਉਨੀ-ਇਕੀ ਹੋ ਸਕਦੀ ਹੈ ਪਰ ਉਨੀ-ਇਕੱਤੀ ਨਾ ਹੋਵੇ। ਪ੍ਰੋਗਰਾਮ ਜਿਸ ਵਿਸ਼ੇ ਵਸਤੂ ਨੂੰ ਲੈ ਕੇ ਹੋ ਰਿਹਾ ਹੈ, ਉਸ ਨਾਲ ਸੰਬੰਧਤ ਹੀ ਗੱਲਾਂਬਾਤਾਂ ਕੀਤੀਆਂ ਜਾਣ।

7. ਗਿੱਧਾ, ਭੰਗੜਾ, ਸਕਿਟ ਜਾਂ ਗੌਣ ਵਜਾਉਣ ਜੇ ਮੁਖ ਸਮਾਗਮ ਦਾ ਹਿੱਸਾ ਨਾ ਹੋਣ 'ਤੇ ਸਿਰਫ ਦਿਲਪ੍ਰਚਾਵੇ ਲਈ ਪੇਸ਼ ਕਰਨੇ ਪੈਣ ਤਾਂ ਇਨ੍ਹਾਂ ਨੂੰ ਅਖੀਰ 'ਤੇ ਰੱਖਿਆ ਜਾਵੇ ਤੇ ਇਸ ਤੋਂ ਪਹਿਲਾਂ ਇਨਾਮ ਵੰਡ ਤੇ ਫੋਟੋ ਆਦਿ ਦਾ ਪ੍ਰਬੰਧ ਇਕੋ ਵਾਰ ਇਕੱਠਾ ਕਰ ਲਿਆ ਜਾਵੇ।

ਸੋ, ਮੇਰਾ ਖਿਆਲ ਹੈ ਕਿ ਪ੍ਰੋਗਰਾਮ ਦੀ ਸਫਲਤਾ ਲਈ ਇਹ ਕਾਫੀ ਹੈ।

*ਫੋਨ:805-727-0516*

## ਸਿਆਣਿਆਂ ਦਾ ਕਿਹਾ

(1) ਪਤੀ ਪਤਨੀ ਦੇ ਸਬੰਧ ਇਕ ਬਹੁ ਮੰਜਿਲ ਇਮਾਰਤ ਦੀ ਤਰ੍ਹਾਂ ਹੁੰਦੇ ਹਨ।

(2) ਔਰਤ ਦਾ ਵੀ ਤੁਹਾਡੇ ਉੱਪਰ ਉਤਨਾ ਹੀ ਹੱਕ ਹੈ ਜਿਤਨਾ ਕੇ ਤੁਹਾਡਾ ਔਰਤ ਉੱਪਰ।

(3) ਔਰਤ ਦਾ ਪਿਆਰ ਸ਼ੀਸ਼ੇ ਦੀ ਤਰ੍ਹਾਂ ਹੁੰਦਾ ਹੈ ਅਤੇ ਮਰਦ ਦਾ ਗੁੱਸਾ ਲੁਹਾਰ ਦੇ ਹਥੌੜੇ ਵਰਗਾ।

(4) ਔਰਤ ਤਿੰਨ ਪੱਪਿਆਂ ਦੀ ਗੁਲਾਮ ਹੈ-ਪਿਤਾ-ਪਤੀ-ਪੁੱਤਰ।

(5) ਹਰ ਕਾਮਯਾਬ ਮਰਦ ਦੇ ਪਿਛੇ ਔਰਤ ਦਾ ਸਹਿਯੋਗ ਜਰੂਰ ਹੁੰਦਾ ਹੈ।

(6) ਔਰਤ ਘਰ ਅੰਦਰ ਇਕ ਖੁਬਸੂਰਤ ਫੁੱਲ ਹੈ।

(7) ਔਰਤ ਦਿਲੋਂ ਜਾਂ ਤਾਂ ਸਤਿਕਾਰ ਕਰਦੀ ਹੈ ਜਾਂ ਫਿਰ ਨਫਰਤ।

(8) ਮਰਦ ਜਿਹੋ ਜਿਹਾ ਵੀ ਹੋਵੇ ਪਰ ਹੈ ਤਾਂ ਔਰਤ ਦੀ ਸੰਤਾਨ।

(9) ਗਰੀਬ ਅਤੇ ਕਮਜ਼ੋਰ ਦੀ ਢਾਲ ਬਣੋ।

(10) ਗਰੀਬ ਤੋਂ ਗਰੀਬ ਘਰ ਨੂੰ ਵੀ ਔਰਤ ਸਵਰਗ ਬਣਾ ਦਿੰਦੀ ਹੈ।

(11) ਔਰਤ ਨੂੰ ਮਰਦ ਦੀ ਰਾਖੀ ਵਿਚ ਨਹੀਂ ਰਹਿਣਾ ਚਾਹੀਦਾ ਬਲਕਿ ਆਪਣੀ ਰੱਖਿਆ ਆਪ ਕਰਨ ਦੇ ਕਾਬਲ ਬਣਨਾ ਚਾਹੀਦਾ ਹੈ।

(12) ਔਰਤ ਮਰਦ ਨਾਲੋਂ ਜ਼ਿਆਦਾ ਸਿਆਣੀ ਅਤੇ ਠੰਡੇ ਸੁਭਾ ਦੀ ਹੁੰਦੀ ਹੈ।

(13) ਜ਼ਿਆਦਾ ਔਰਤਾਂ ਬਹਿਸ ਕਰਨ ਮੌਕੇ ਦਲੀਲ ਨਾ ਦੇ ਸਕਣ ਮਗਰੋਂ (ਚੰਗਾ) ਕਹਿ ਕੇ ਸਾਰ ਦਿੰਦੀਆਂ ਹਨ।

(14) ਔਰਤ ਅਗਰ ਮਾਂ ਹੈ ਤਾਂ ਇਹਦੇ ਪੈਰਾਂ ਥੱਲੇ ਸਵਰਗ ਹੈ।

(15) ਔਰਤ ਅਗਰ ਘਰਵਾਲੀ ਹੈ ਤਾਂ ਉਹ ਆਪਣੇ ਮਰਦ ਦੇ ਸਿਰ ਦਾ ਤਾਜ ਹੈ।

(16) ਔਰਤ ਅਗਰ ਬੇਟੀ ਹੈ ਤਾਂ ਉਹ ਘਰ ਦੀ ਸ਼ਾਨ ਹੈ।

(17) ਸਿਆਣੀ ਔਰਤ (ਘਰੇਲੂ ਕੰਡਿਆਲੀ) ਵਾੜ ਨੂੰ ਫੁੱਲਾਂ ਦੇ ਬੂਟਿਆਂ ਵਿਚ ਬਦਲ ਸਕਦੀ ਹੈ।

(18) ਔਰਤ ਦੀ ਕਾਮਯਾਬੀ ਉਪਰ ਹੀ ਧਰਮ-ਸਮਾਜ-ਸਭਿਆਚਾਰ-ਸੰਘਰਸ਼ ਦੀ ਕਾਮਯਾਬੀ ਨਿਰਭਰ ਹੈ।

(19) ਔਰਤ ਤੋਂ ਬਿਨਾਂ ਮਰਦ ਅਧੂਰਾ ਹੈ।

(20) ਔਰਤ ਦਾ ਕੋਈ ਵੈਰੀ ਨਹੀਂ ਬਲਕਿ ਔਰਤ ਹੀ ਔਰਤ ਦੀ ਸਭ ਤੋਂ ਵੱਡੀ ਵੈਰੀ ਹੈ।

(21) ਸੁੰਦਰ ਔਰਤ ਇਕ ਹੀਰਾ ਹੈ ਪਰ ਨੇਕ ਔਰਤ ਇਕ ਖਜ਼ਾਨਾ ਹੈ।

(22) ਬੱਚੇ ਹੀ ਔਰਤ ਰੂਪੀ ਮਾਂ ਦੀ ਦੁਨੀਆਂ ਹੁੰਦੇ ਹਨ।

(23) ਬਹੂ ਤੋਂ ਬਿਨਾਂ ਪੁੱਤਰ ਦਾ ਵਜੂਦ ਅਧੂਰਾ ਹੈ।

(24) ਔਰਤ ਨੂੰ ਬੁਰੇ ਸ਼ਬਦ ਨਹੀਂ ਬੋਲਣੇ ਚਾਹੀਦੇ ਕਿਉਂਕਿ ਇਸ ਦੀ ਗੋਦ ਵਿਚੋਂ ਹੀ ਸਭ ਨੇ ਜਨਮ ਲਿਆ ਹੈ।

(25) ਔਰਤ ਦੇ ਚਾਰ ਰੂਪ ਹਨ-ਮਾਂ, ਭੈਣ, ਘਰਵਾਲੀ ਅਤੇ ਬੇਟੀ।

(26) ਘੋੜਿਆਂ ਨੂੰ ਰੇਸ, ਦੀ ਬੀਬੀਆਂ ਨੂੰ ਰੀਸ ਦੀ ਬਿਮਾਰੀ ਕੁਝ ਜ਼ਿਆਦਾ ਹੀ ਹੁੰਦੀ ਹੈ।

(27) ਮਾਂ ਜਦੋਂ ਪੁੱਤ ਦੀ ਲਾਸ਼ ਕੋਲ ਬੈਠੀ ਹੋਵੇ, ਉਹ ਘੜੀ ਮਾਂ ਦੀ ਜ਼ਿੰਦਗੀ ਲਈ ਬੜੀ ਦੁਖਦਾਈ ਹੁੰਦੀ ਹੈ।

(28) ਪਿਤਾ-ਪਤੀ-ਪੁੱਤਰ ਦੀ ਗੁਲਾਮੀ ਦਾ ਲੰਮਾ ਪੈਂਡਾ ਤੈਅ ਕਰਦੀ ਹੋਈ ਔਰਤ ਅੰਤ ਨੂੰ ਕੇਵਲ ਮੌਤ ਦੇ ਹਥੋਂ ਹੀ ਸੰਪੂਰਨ ਤੌਰ 'ਤੇ, ਸਰੀਰਕ ਤੌਰ 'ਤੇ, ਮਾਨਿਸਕ ਤੌਰ 'ਤੇ ਆਜ਼ਾਦੀ ਪ੍ਰਾਪਤ ਕਰਦੀ ਹੈ।

(29) ਵਰਤਮਾਨ ਅਕਸ ਭੂਤ ਕਾਲ ਵਿਚੋਂ ਸਿਰਜਿਆ ਜਾਂਦਾ ਹੈ।

(30) ਆਜ਼ਾਦੀ ਅਤੇ ਸਵੈਮਾਣ ਤੋਂ ਬਗੈਰ ਜੀਵਨ ਦੁੱਖਾਂ ਦਾ ਘਰ ਹੈ।

(31) ਖਾਲਸਾ ਜੀ ਆਪਾਂ ਭਾਰਤੀਆਂ ਦੇ ਗੁਲਾਮ ਹਾਂ, ਖਾਲਿਸਤਾਨ ਲੈ ਕੇ ਆਜ਼ਾਦ ਹੋਣਾ ਹੈ।

(32) ਸਿੱਖ ਪੰਥ ਨੂੰ ਖਤਮ ਕਰਨ ਲਈ ਅੱਜ ਬ੍ਰਾਹਮਣ ਇਕ ਮੁੱਠ ਹੈ।

(33) ਅਸਲੀ ਤੇ ਨਕਲੀ ਦੀ ਪਛਾਣ ਗਿਣਤੀਆਂ ਨਾਲ ਨਹੀਂ, ਸਗੋਂ ਅਸੂਲਾਂ ਨਾਲ ਹੁੰਦੀ ਹੈ।

(34) ਜਿਸ ਦੇ ਪੈਰ ਨਾ ਫਟੀ ਬਿਆਈ ਉਹ ਕੀ ਜਾਣੇ ਪੀੜ ਪਰਾਈ।

(35) ਜੁਦਾ ਹੋ ਦੀਨ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜ਼ੀ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

# ਸਾਈਂ ਵੇ ਸਾਈਂ, ਸਰਤਾਜ 'ਤੇ ਨਜ਼ਰ ਮਿਹਰ ਦੀ ਟਿਕਾਈਂ

**ਕੁਲਵਿੰਦਰ ਧਾਲੀਵਾਲ 'ਮਿਲਵਾਕੀ'**

ਰਾਏ ਤਾਂ ਕਦੇ-ਕਦੇ ਦੋ ਬੰਦਿਆਂ ਦੀ ਵੀ ਵੱਖ-ਵੱਖ ਹੋ ਸਕਦੀ ਹੈ। ਇਸੇ ਲਈ ਇਕ ਲਈ ਉਹੀ ਚੀਜ਼ ਚੰਗੀ ਤੇ ਦੂਜੇ ਲਈ ਬੁਰੀ। ਕਿਸੇ ਨੂੰ ਗਲਾਸ ਅੱਧਾ ਭਰਿਆ ਹੋਇਆ ਦਿਸਦੈ ਤੇ ਕਿਸੇ ਨੂੰ ਉਹੀ ਗਲਾਸ ਅੱਧਾ ਖਾਲੀ। ਗਲਤ ਕੋਈ ਵੀ ਨਹੀਂ ਹੁੰਦਾ। ਆਪੋ-ਆਪਣੀ ਸੋਚ ਤੇ ਸਮਝ ਮੁਤਾਬਕ ਇਕੋ ਚੀਜ਼ ਦੇ ਹੱਕ ਵਿਚ ਵੀ ਤੇ ਵਿਰੋਧ ਵਿਚ ਵੀ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ। ਆਦਮੀ ਦੇ ਖਿਆਲ ਜਾਂ ਵਿਚਾਰ ਗਣਿਤ ਦੇ ਜਮ੍ਹਾ, ਘਟਾਓ, ਜ਼ਰਬ, ਤਕਸੀਮ ਦੇ ਸਵਾਲ ਨਹੀਂ ਹੁੰਦੇ, ਜਿਨ੍ਹਾਂ ਦਾ ਹਮੇਸ਼ਾ ਇਕ ਹੀ ਉਤਰ ਹੋਵੇ। ਤਕਰੀਬਨ ਹਰੇਕ ਆਦਮੀ ਹੀ ਆਪਣੀ ਜ਼ਰੂਰਤ ਤੇ ਸਹੂਲਤ ਮੁਤਾਬਕ ਜਾਂ ਕਹਿ ਲਵੋ ਸੋਚ ਤੇ ਸਮਝ ਮੁਤਾਬਕ, ਇਕੋ ਸਵਾਲ ਦੇ ਵੱਖ-ਵੱਖ ਜਵਾਬ ਸਿਰਜ ਸਕਦਾ ਹੈ।

ਕੁਝ ਇਹੋ ਜਿਹਾ ਹੀ ਗਾਇਕ ਸਰਤਾਜ ਬਾਰੇ ਲਿਖੇ ਗਏ ਵੱਖ-ਵੱਖ ਲੇਖਾਂ ਨੂੰ ਪੜ੍ਹ ਕੇ ਲੱਗਦਾ ਹੈ। ਮੈਨੂੰ ਹੈਰਾਨੀ ਹੁੰਦੀ ਹੈ ਕਿ ਲੋਕੀਂ ਦੂਜੇ ਵਿਚ ਨੁਕਸ ਏਨੀ ਜਲਦੀ ਕਿਵੇਂ ਕੱਢ ਲੈਂਦੇ ਹਨ? ਕਿਸੇ ਨੂੰ ਤਾਂ ਹਜ਼ਾਰਾਂ ਖੂਨ ਵੀ ਮਾਫ ਹੋ ਜਾਂਦੇ ਨੇ ਤੇ ਕੋਈ ਵਿਚਾਰਾ ਦੋ ਮੱਖੀਆਂ ਮਾਰ ਕੇ ਵੀ ਕਾਤਲਾਂ ਦੀ ਕਤਾਰ ਵਿਚ ਖੜ੍ਹਾ ਕਰ ਦਿੱਤਾ ਜਾਂਦਾ ਹੈ। ਸਰਤਾਜ ਬਾਰੇ ਬਹੁਤੇ ਭੁਲੇਖੇ ਤਾਂ ਪਿਛਲੇ ਹਫਤੇ ਦੇ ਪੰਜਾਬ ਟਾਈਮਜ਼ ਵਿਚ ਅਸ਼ੋਕ ਭੌਰੇ ਦੇ ਲੇਖ ਨੇ ਹੀ ਦੂਰ ਕਰ ਦਿੱਤੇ ਸਨ ਪਰ ਫਿਰ ਵੀ ਦਿਮਾਗ਼ 'ਚ ਸਰਤਾਜ ਬਾਰੇ ਛਿੜੀ ਇਸ ਬਹਿਸ ਨੇ ਸ਼ੋਰ ਮਚਾਇਆ ਹੋਇਆ ਹੈ। ਜਿਨ੍ਹਾਂ ਸੱਜਣਾਂ ਨੂੰ ਸਰਤਾਜ ਦੀ ਪੱਗ 'ਤੇ ਟੰਗਿਆ ਗਹਿਣਾ ਹਜ਼ਮ ਨਹੀਂ ਹੁੰਦਾ, ਕੀ ਉਨ੍ਹਾਂ ਨੂੰ ਪਤੈ ਕਿ ਉਹ ਵੀ ਕਿਸੇ ਪਾਰਟੀ ਜਾਂ ਮਹਿਫਿਲ 'ਚ ਜਾਣ ਲੱਗੇ ਆਪਣਾ ਪੂਰਾ ਵਾਹ ਲਾਉਂਦੇ ਨੇ ਕਿ ਦੂਜਿਆਂ ਤੋਂ ਵੱਖਰੇ ਦਿਖ ਸਕਣ। ਜੇ ਮੇਰੀ ਗੱਲ ਸਮਝਣੀ ਔਖੀ ਲੱਗਦੀ ਹੋਵੇ ਤਾਂ ਆਪਣੀ ਪਤਨੀ ਨੂੰ ਕਹਿ ਕੇ ਵੇਖ ਲੈਣਾ ਕਿ ਇਸ ਐਤਵਾਰ ਵੀ ਗੁਰਦੁਆਰੇ ਉਹੀ ਸੂਟ ਪਾ ਕੇ ਜਾਵੀਂ, ਜਿਹੜਾ ਪਿਛਲੇ ਐਤਵਾਰ ਪਾਇਆ ਸੀ।

ਮੈਂ ਦੋ ਕੁ ਮਹੀਨੇ ਪਹਿਲਾਂ ਬਿਮਾਰ ਹੋ ਗਿਆ ਸਾਂ। ਤਕਰੀਬਨ ਡੇਢ ਕੁ ਮਹੀਨਾ ਘਰੇ ਰਹਿਣਾ ਪਿਆ। ਇਸ ਬਿਮਾਰੀ ਦੌਰਾਨ ਹੀ ਸਰਤਾਜ ਦੇ ਗੀਤ ਯੂ ਟਿਊਬ 'ਤੇ ਰੱਜ ਕੇ ਸੁਣੇ। ਸੱਚ ਜਾਣਿਓ, ਉਸਦਾ 'ਸਾਈਂ' ਵਾਲਾ ਗੀਤ ਕਿਸੇ ਪੀਰ ਫਕੀਰ ਦੀ ਦੁਆ ਤੋਂ ਘੱਟ ਨਹੀਂ ਲੱਗਦਾ। 'ਪਾਣੀ ਪੰਜਾਂ ਦਰਿਆਵਾਂ ਵਾਲਾ...', 'ਜਿੱਤ ਦੇ ਨਿਸ਼ਾਨ' ਆਦਿ ਗੀਤ ਕਿਸੇ ਸਾਧਾਰਨ ਮਨੁੱਖ ਦੀ ਸੋਚ ਨਹੀਂ ਹੋ ਸਕਦੇ।

ਸਰਬ ਕਲਾ ਸੰਪੂਰਨ ਤਾਂ ਕੁਦਰਤ ਜਾਂ ਕੁਦਰਤ ਦਾ ਸਿਰਜਣਹਾਰ ਹੀ ਹੈ। ਇਨਸਾਨ ਤੋਂ ਤਾਂ ਗਲਤੀਆਂ ਹੋ ਹੀ ਜਾਂਦੀਆਂ ਨੇ ਪਰ ਕਿਸੇ ਨੂੰ ਵੀ ਇੰਨਾ ਨਹੀਂ ਭੰਡਿਆ ਜਾਣਾ ਚਾਹੀਦਾ ਕਿ ਉਸਦੀ ਇਕ ਗਲਤੀ ਪਿੱਛੇ ਉਸਦੇ ਹਜ਼ਾਰਾਂ ਗੁਣਾਂ ਨੂੰ ਨੱਕਾਰ ਦਿੱਤਾ ਜਾਵੇ। ਉਮੀਦ ਹੈ ਕਿ ਸਰਤਾਜ ਆਪਣੀ ਆਲੋਚਨਾ ਨੂੰ ਉਸਾਰੀ ਨਜ਼ਰੀਏ ਨਾਲ ਲੈ ਕੇ ਅੱਗੇ ਤੋਂ ਆਪਣੀਆਂ ਕਮੀਆਂ ਨੂੰ ਦਰੁਸਤ ਕਰਨ ਦੀ ਕੋਸ਼ਿਸ਼ ਕਰੇਗਾ। ਸਰੋਤਿਆਂ ਤੇ ਆਲੋਚਕਾਂ ਨੂੰ ਵੀ ਆਪਣਾ ਫਰਜ਼ ਇਮਾਨਦਾਰੀ ਨਾਲ ਨਿਭਾਉਣਾ ਚਾਹੀਦਾ ਹੈ। ਸਰਤਾਜ ਵਰਗਾ ਗਾਇਕ ਪੰਜਾਬੀਆਂ ਨੂੰ ਮਿਲਣਾ ਮੇਰੇ ਹਿਸਾਬ ਨਾਲ ਪੰਜਾਬੀ ਗਾਇਕੀ 'ਤੇ ਰੱਬ ਦੀ ਮਿਹਰ ਹੈ। ਨਹੀਂ ਤਾਂ ਪੰਜਾਬੀ ਗਾਇਕੀ ਪਿਛਲੇ ਕੁਝ ਸਾਲਾਂ ਤੋਂ ਕੁੜੀ ਦੁਆਲੇ ਘੁੰਮਦੇ ਹਲਕੀ ਪੱਧਰ ਦੇ ਗੀਤਾਂ ਨਾਲ ਜਾਂ 'ਜੱਟ' ਸ਼ਬਦ ਦੀ ਹੱਦੋਂ ਵਧ ਵਰਤੋਂ ਨਾਲ ਇਸ ਤਬਕੇ ਨੂੰ ਡਾਕੂ, ਅਮਲੀ ਜਾਂ ਅੰਤ ਦੇ ਸ਼ਰਾਬੀ ਸਾਬਤ ਕਰਨ 'ਤੇ ਤੁਲੀ ਹੋਈ ਹੈ। ਗੀਤਾਂ ਦੇ ਵੀਡੀਓ ਵੀ ਪਰਿਵਾਰ ਵਿਚ ਇਕੱਠਿਆਂ ਬੈਠ ਕੇ ਦੇਖਣੇ ਮੁਸ਼ਕਲ ਹੋਏ ਪਏ ਹਨ। ਸੋ, ਇਸ ਵਕਤ ਸਰਤਾਜ ਦਾ ਸੰਗੀਤ ਮੰਡੀ ਵਿਚ ਆਉਣਾ ਇਕ ਬਹੁਤ ਹੀ ਸ਼ੁਭ ਸ਼ਗਨ ਹੈ। ਰੱਬ ਕਰੇ ਇਹ ਮੁੰਡਾ ਆਪਣੇ ਪੈਰ ਨਾ ਛੱਡੇ, ਸਸਤੀ ਸ਼ੋਹਰਤ, ਪੈਸੇ ਦੇ ਲਾਲਚ ਅਤੇ ਪ੍ਰੋਮੋਟਰਾਂ ਦੇ ਭੁਚਲਾਵੇ ਵਿਚ ਆਉਣ ਤੋਂ ਬਚਿਆ ਰਹਿ ਕੇ ਹਮੇਸ਼ਾ ਰੂਹ ਨੂੰ ਸਕੂਨ ਦੇਣ ਵਾਲੇ, ਮਾਂ ਦੀਆਂ ਲੋਰੀਆਂ ਵਰਗੇ ਤੇ ਖੁਸ਼ੀਆਂ ਖੇੜੇ ਵੰਡਣ ਵਾਲੇ ਗੀਤਾਂ ਨਾਲ ਲੋਕਾਂ ਦਾ ਰਾਂਝਾ ਰਾਜ਼ੀ ਕਰਦਾ ਰਹੇ।

# ਤੇ ਹੁਣ ਦਲਿਤ ਵੀ ਨਿਗਲਿਆ ਗਿਆ

**ਗੁਰਦਿਆਲ ਸਿੰਘ***

ਕਈ ਸਾਲ ਪਹਿਲਾਂ ਮੈਂ ਸਵਰਗੀ ਕੁਲਬੀਰ ਸਿੰਘ ਕੌੜਾ ਦੀ ਕਿਤਾਬ 'ਸਿੱਖ ਵੀ ਨਿਗਲਿਆ ਗਿਆ' ਪੜ੍ਹੀ, ਜਿਹੜੀ ਕਿ ਸਿੱਖ ਸਮਾਜ ਨੂੰ ਬਹੁਤ ਯੋਗ ਹਲੂਣਾ ਮੰਨੀ ਗਈ ਹੈ। ਇਸ ਨੂੰ ਕੋਈ ਇਕ ਵਾਰ ਵੀ ਪੜ੍ਹ ਲਵੇ, ਜਿਸ ਇਨਸਾਨ ਦੇ ਅੰਦਰ ਜ਼ਮੀਰ ਨਾਂ ਦੀ ਕੋਈ ਚੀਜ਼ ਹੈ, ਉਹ ਝੰਜੋੜਿਆ ਜਾਵੇਗਾ। ਆਰ.ਐਸ.ਐਸ. ਇਕ ਅਜਿਹਾ ਜ਼ਹਿਰੀਲਾ ਸੱਪ ਹੈ ਜੋ ਕਿ ਬ੍ਰਾਹਮਣਵਾਦ ਨੂੰ ਸਹੀ ਸਲਾਮਤ ਰੱਖਣ ਵਾਸਤੇ ਕਿਸੇ ਦੂਸਰੇ ਮਿਸ਼ਨ ਨੂੰ ਉਠਣ ਨਹੀਂ ਦਿੰਦਾ। ਇਹ ਮਿਸ਼ਨ ਭਾਵੇਂ ਬੁੱਧ ਧਰਮ ਹੋਵੇ ਜਾਂ ਸਿੱਖ ਧਰਮ। ਇਹ ਉਸ ਨੂੰ ਨਿਗਲ ਕੇ ਆਪਣੇ ਧਰਮ ਦਾ ਹੀ ਹਿੱਸਾ ਬਣਾਉਣਾ ਚਾਹੁੰਦੇ ਹਨ ਤਾਂ ਕਿ ਹਕੂਮਤ ਨੂੰ ਵੀ ਇਕ ਹਿੰਦੂ ਸਟੇਟ ਐਲਾਨਿਆ ਜਾ ਸਕੇ।

ਤੁਸੀਂ ਜ਼ਰਾ ਸੋਚੋ ਬੁੱਧ ਧਰਮ ਭਾਰਤ ਵਿਚ ਹੀ ਪੈਦਾ ਹੋਇਆ ਪਰ ਬੁੱਧ ਧਰਮ ਦੀਆਂ ਜੜ੍ਹਾਂ ਓਨੀਆਂ ਹਿੰਦੋਸਤਾਨ ਵਿਚ ਨਹੀਂ ਜਿੰਨੀਆਂ ਚੀਨ, ਕੋਰੀਆ, ਥਾਈਲੈਂਡ, ਉਤਰੀ ਕੋਰੀਆ, ਤਿੱਬਤ ਵਿਚ ਹਨ। ਹੁਣ ਐਸੀ ਹੀ ਤਾਜ਼ਾ ਮਿਸਾਲ ਸਿੱਖ ਧਰਮ ਦੀ ਹੈ। ਸਿੱਖ ਧਰਮ ਇਸ ਵੇਲੇ ਜਿੰਨਾ ਬਾਹਰਲੇ ਮੁਲਕਾਂ ਵਿਚ ਫੈਲ ਰਿਹਾ ਹੈ ਓਨਾ ਭਾਰਤ ਵਿਚ ਨਹੀਂ, ਇਸ ਦੇ ਕੀ ਕਾਰਨ ਹਨ? ਹਿੰਦੂ ਸਮਾਜ ਨਹੀਂ ਚਾਹੁੰਦਾ ਕਿ ਕੋਈ ਦੂਸਰਾ ਧਰਮ ਆਵੇ ਕਿਉਂਕਿ ਉਸ ਦੀਆਂ ਜੜ੍ਹਾਂ ਖੋਖਲੀਆਂ ਹੋ ਜਾਣਗੀਆਂ ਪਰ ਜਮਹੂਰੀਅਤ ਇਕ ਇਹੋ ਜਿਹੀ ਚੀਜ਼ ਹੈ ਜਿਹੜੀ ਇਨ੍ਹਾਂ ਚੀਜ਼ਾਂ ਤੋਂ ਉਪਰ ਉਠ ਕੇ ਮਾੜੇ ਤੇ ਚੰਗੇ ਸਿਸਟਮ ਦੀ ਮਾਂ ਹੈ।

ਸੋ, ਆਪਣੇ ਵਿਸ਼ੇ ਤੋਂ ਬਾਹਰ ਨਾ ਜਾਵਾਂ ਤਾਂ ਮੈਂ ਗੱਲ ਕਰਨੀ ਚਾਹੁੰਦਾ ਹਾਂ ਦਲਿਤ ਸਮਾਜ ਦੀ ਤੇ ਧਰਮਾਂ ਦੀ। ਜੇਕਰ ਬੁੱਧ ਧਰਮ ਦਾ ਅਜਿਹਾ ਹਸ਼ਰ ਹੋਇਆ ਤੇ ਸਿੱਖ ਲੋਕ ਆਪਣੇ ਆਪ ਨੂੰ ਖਤਰਾ ਸਮਝਦੇ ਹਨ ਤਾਂ ਤੁਸੀਂ ਅੰਦਾਜ਼ਾ ਸਹਿਜੇ ਹੀ ਲਗਾ ਸਕਦੇ ਹੋ ਕਿ ਇਹ ਜਿਹੜੇ ਨਵਾਂ ਧਰਮ ਲਈ ਫਿਰਦੇ ਹਨ, ਇਨ੍ਹਾਂ ਦਾ ਕੀ ਬਣੇਗਾ? ਸ਼ਾਇਦ ਇਸੇ ਡਰ ਦੇ ਮਾਰੇ ਰਵਿਦਾਸ ਜੀ ਮਹਾਰਾਜ ਦੀਆਂ ਗੁਰੂ ਮੂਰਤੀਆਂ ਤੇ ਥਾਲ ਵਿਚ ਦੀਵੇ ਬਾਲ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਆਰਤੀਆਂ ਕਰਦੇ ਹਨ। ਇਹ ਡਰਾਮਾ ਕੁਝ ਕੁ ਸਾਲ ਤਾਂ ਚੱਲੇਗਾ। ਅਖੀਰ ਹਿੰਦੂ ਲੋਕ ਇਹ ਗੱਲ ਜ਼ਰੂਰ ਕਹਿਣਗੇ ਕਿ ਭਾਈ ਸਾਡੀ ਸੋਚ ਤਾਂ ਸਾਂਝੀ ਹੈ, ਅਸੀਂ ਵੀ ਪੱਥਰ ਪੂਜਕ ਹਾਂ ਤੇ ਨਵੇਂ ਧਰਮ ਵਾਲੇ ਵੀ ਪੱਥਰ ਪੂਜਕ ਹਨ, ਫਰਕ ਤਾਂ ਕੋਈ ਨਹੀਂ ਰਹਿ ਗਿਆ, ਇਹ ਵੀ ਸਾਡਾ ਹੀ ਹਿੱਸਾ ਹਨ। ਫਿਰ ਗੁਰੂ ਰਵਿਦਾਸ ਜੀ ਦੇ ਸੁਪਨੇ ਤੇ ਡਾ. ਅੰਬੇਡਕਰ ਦੇ ਸੁਪਨੇ ਚੂਰ ਚੂਰ ਹੋ ਜਾਣਗੇ। ਲੋਕ ਕਹਿਣਗੇ ਕਿ ਜਿਸ ਤਰ੍ਹਾਂ ਸਿੱਖ ਨਿਗਲਿਆ ਗਿਆ, ਉਸੇ ਤਰ੍ਹਾਂ ਜਿਹੜਾ ਸਮਾਜ ਬ੍ਰਾਹਮਣਵਾਦ ਨੂੰ ਸਾਰੀ ਜ਼ਿੰਦਗੀ ਭੰਡਦਾ ਆਇਆ ਹੈ, ਉਹ ਵੀ ਨਿਗਲਿਆ ਗਿਆ।

ਕਈ ਮੇਰੇ ਵਰਗੇ ਭੋਲੇ ਭਾਲੇ ਲੋਕ ਪੁੱਛਣਗੇ ਕਿ ਅਸੀਂ ਭਾਈ ਕਿਵੇਂ ਨਿਗਲੇ ਗਏ ਤਾਂ ਮੈਂ ਉਨ੍ਹਾਂ ਦੀ ਜਾਣਕਾਰੀ ਲਈ ਇਹ ਜ਼ਰੂਰ ਲਿਖਣਾ ਚਾਹਾਂਗਾ ਕਿ ਜਿਨ੍ਹਾਂ ਨੂੰ ਤੁਸੀਂ ਆਪਣੇ ਲੀਡਰ ਸਮਝਦੇ ਹੋ, ਇਹ ਲੋਕ ਤੁਹਾਡੇ ਲੀਡਰ ਨਹੀਂ ਹਨ ਬਲਕਿ ਜਾਣੇ-ਅਣਜਾਣੇ ਆਰ.ਐਸ.ਐਸ. ਦੇ ਛੱਡੇ ਹੋਏ ਚਮਚੇ ਹਨ। ਇਹ ਉਹੋ ਹੀ ਕੰਮ ਕਰਨਗੇ ਜਿਹੜਾ ਆਰ.ਐਸ.ਐਸ. ਦੇ ਪਸੰਦ ਹੈ। ਜਿਵੇਂ ਗੁਰੂ ਰਵਿਦਾਸ ਜੀ ਦੀ ਤਸਵੀਰ ਉਤੇ ਮੱਥੇ 'ਤੇ ਤਿਲਕ ਲਗਾਉਣਾ, ਜੰਞੂਆਂ ਵਾਲੀ ਤਸਵੀਰ, ਨੰਗੇ ਸਿਰ ਵਾਲੀ ਤਸਵੀਰ, ਗੋਰਖਨਾਥ ਵਰਗੀ ਤਸਵੀਰ, ਕੰਨਾਂ ਵਿਚ ਮੁੰਦਰਾਂ ਵਾਲੀ ਤਸਵੀਰ, ਕਿਸੇ ਗਾਂ ਦੇ ਪੈਰਾਂ ਵਿਚ ਰਵਿਦਾਸ ਜੀ ਦੀ ਤਸਵੀਰ। ਗੁਰੂ ਰਵਿਦਾਸ ਜੀ ਨੂੰ ਭੁਖੇ ਸਾਧੂ ਬਣਾ ਕੇ ਲੋਕਾਂ ਵਿਚ ਪ੍ਰਚਾਰਨਾ ਇਨ੍ਹਾਂ ਲੋਕਾਂ ਦਾ ਮਿਸ਼ਨ ਹੈ ਤਾਂ ਕਿ ਅੱਜ ਤੋਂ 200 ਜਾਂ 300 ਸਾਲ ਬਾਅਦ ਇਹ ਸਾਬਤ ਕੀਤਾ ਜਾ ਸਕੇ ਕਿ ਰਵਿਦਾਸ ਜੀ ਇਕ ਹਿੰਦੂ ਸਨ ਤੇ ਉਨ੍ਹਾਂ ਨੇ ਹਿੰਦੂ ਧਰਮ ਦਾ ਪ੍ਰਚਾਰ ਕੀਤਾ। ਅੱਜ ਕੱਲ੍ਹ ਤਾਂ ਇਹ ਲੋਕ ਹੋਰ ਵੀ ਸਾਹਮਣੇ ਆ ਗਏ ਹਨ ਜਿਵੇਂ ਗੁਰੂ ਰਵਿਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਤੋਂ ਅਲੱਗ ਕਰਨੀ, ਨਵਾਂ ਧਰਮ ਨਵਾਂ ਨਿਸ਼ਾਨ, ਇਸ ਤੋਂ ਵੱਧ ਅਸੀਂ ਹੋਰ ਕਿਹੜਾ ਸਬੂਤ ਚਾਹੁੰਦੇ ਹਾਂ?

ਇਨ੍ਹਾਂ ਲੋਕਾਂ ਨੂੰ ਉਪਰ ਦੱਸੇ ਅਨੁਸਾਰ ਉਨ੍ਹਾਂ ਤਸਵੀਰਾਂ 'ਤੇ ਕੋਈ ਇਤਰਾਜ਼ ਨਹੀਂ, ਜਿੰਨਾ ਦਸਤਾਰ ਵਾਲੀ ਤਸਵੀਰ ਉਤੇ ਹੈ ਕਿਉਂਕਿ ਇਹ ਤਸਵੀਰ ਇਕ ਸੱਚ ਨੂੰ ਉਜਾਗਰ ਕਰਦੀ ਹੈ। ਇਹ ਸੱਚ ਹੈ ਤੇ ਇਹ ਸੱਚ ਉਨ੍ਹਾਂ ਲੋਕਾਂ ਨੂੰ ਨੰਗਾ ਕਰਦਾ ਹੈ ਜਿਹੜੇ ਅਖਵਾਉਂਦੇ ਤਾਂ ਅੰਬੇਦਕਰਵਾਦੀ ਹਨ ਪਰ ਹਨ ਆਰ.ਐਸ.ਐਸ. ਦੇ ਏਜੰਟ। ਸਾਨੂੰ ਵੀ ਇਨ੍ਹਾਂ ਲੋਕਾਂ ਤੇ ਕੋਈ ਸ਼ਿਕਵਾ ਨਹੀਂ ਕਿਉਂਕਿ ਇਹ ਵੀ ਉਸੇ ਕਹਾਵਤ ਨੂੰ ਸੱਚੀ ਕਰ ਰਹੇ ਹਨ ਕਿ ਜਿਸ ਦਾ ਖਾਂਦੇ ਨੇ, ਉਸ ਲਈ ਹੀ ਭੌਂਕਣਗੇ। ਤੇ ਹੁਣ ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਕਿ ਦਲਿਤ ਵੀ ਨਿਗਲਿਆ ਜਾ ਚੁੱਕਾ ਹੈ।

**ਸਾਬਕਾ ਚੇਅਰਮੈਨ,*
*ਗੁਰੂ ਰਵਿਦਾਸ ਸਭਾ, ਨਿਊ ਯਾਰਕ।*

# ਵੇ ਥਾਣੇਦਾਰਾਂ ਦੋ ਮੰਜੀਆਂ ਦੀ ਥਾਂ

## ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ:510-277-2592

*ਇਸ ਗੱਲ ਨੂੰ ਮੰਨਣਾ ਹੀ ਪਵੇਗਾ ਕਿ ਸਾਰੀਆਂ ਮਾਵਾਂ ਮਾਂਵਾਂ ਨਹੀਂ ਹੁੰਦੀਆਂ ਜੇ ਅਜਿਹਾ ਹੁੰਦਾ ਤਾਂ ਗਰੀਬ ਮੁਸਾਫਰਾਂ ਵਾਂਗ ਵਿਚਾਰੀਆਂ ਗਊਆਂ ਨੂੰ ਦਿੱਲੀ ਦੇ ਬੱਸ ਅੱਡੇ 'ਤੇ ਰਾਤਾਂ ਨਹੀਂ ਕੱਟਣੀਆਂ ਪੈਣੀਆਂ ਸਨ। ਸਾਰੇ ਧਰਮ ਕਹਿੰਦੇ ਨੇ ਕਿ ਉਪਰ ਵਾਲਾ ਇਕ ਹੈ। ਤਾਂ ਲੱਗਦਾ ਨਹੀਂ ਜਿਨ੍ਹਾਂ ਨੇ ਰੱਜ ਕੇ ਗਾਂ ਅਤੇ ਸੂਰ ਖਾ ਲਏ ਨੇ ਉਨ੍ਹਾਂ ਨਾਲ ਕਪੱਤ ਬਹੁਤ ਬੁਰੀ ਹੋਵੇਗੀ, ਇਹ ਵੀ ਹੁਣ ਸੱਚਾਈ ਬਨਦੀ ਜਾ ਰਹੀ ਹੈ। ਕਈ ਰੱਬ ਦੇ ਬੰਦੇ ਅੱਜ ਕੱਲ੍ਹ ਵਰਦੀਆਂ ਪਾ ਕੇ ਰੱਖਣ ਲੱਗ ਪਏ ਹਨ। ਯੁੱਗ ਬਦਲ ਗਿਆ ਹੈ ਪਰ ਹਾਲੀ ਇਹ ਧਾਰਨਾ ਨਹੀਂ ਬਦਲੀ ਕਿ ਥਾਣੇਦਾਰਾਂ ਦੇ ਬਰਾਬਰ ਮੂੰਹ ਖੋਲ੍ਹਣ ਦੀ ਜੁਰਅਤ, ਅੱਧੀ ਰਾਤ ਨੂੰ ਬਿਨਾਂ ਬਰਸਾਤ ਦੇ ਵੀ ਗਰੀਬ ਦੀਆਂ ਨੀਵੀਆਂ ਛੱਤਾਂ ਚੋਣ ਲਗਾ ਸਕਦੀ ਹੈ। ਪੁਲਿਸ ਦੇ ਅਰਥ ਸੰਤ ਰਾਮ ਉਦਾਸੀ ਦੇ ਟੱਬਰ ਨੂੰ ਪੁੱਛ ਕੇ ਦੇਖਿਓ ਤੇ ਜਾਂ ਫਿਰ ਤੁਸੀਂ ਜਸਵੰਤ ਸਿੰਘ ਖਾਲੜਾ ਦੇ ਪਰਿਵਾਰ ਨੂੰ। ਹਾਲ ਹੀ ਵਿਚ ਇਹ ਵਰਦੀ ਦਿੱਲੀ 'ਚ ਕਿਵੇਂ ਲੀਰਾਂ ਹੋਈ ਹੈ, ਇਹਦੀ ਸਿਖਰ ਉਦੋਂ ਹੋਈ ਜਦੋਂ ਚੋਰੀ ਦੇ ਇਕ ਕੇਸ ਵਿਚ ਥਾਣੇ ਲਿਆਂਦੇ ਪੁੱਤ ਨੂੰ ਵਰਦੀਧਾਰੀ ਨੇ ਮਾਂ ਦੇ ਕੱਪੜੇ ਉਤਰਵਾ ਕੇ ਹੁਕਮ ਕੀਤਾ ਕਿ ਇਹਦੇ ਨਾਲ ਤੂੰ ਮੂੰਹ ਕਾਲਾ ਕਰ। ਸ਼ਰੀਫ ਤੇ ਭਲੇਮਾਨਸ ਹਾਲੇ ਵੀ ਥਾਣਿਆਂ ਵਾਲੀਆਂ ਸੜਕਾਂ ਨੂੰ ਕੁਰਾਹੇ ਪੈਣਾ ਸਮਝ ਕੇ ਘੁੰਮ ਕੇ ਜਾਣ ਨੂੰ ਗੁਣ ਸਮਝਣ ਲੱਗੇ ਹਨ। ਖਾਣ-ਪੀਣ ਵਾਲੀਆਂ ਵਸਤਾਂ ਨੂੰ ਚੋਰੀ ਦੇ ਸਿਲਸਿਲੇ ਵਿਚੋਂ ਬਾਹਰ ਹੀ ਕੱਢ ਦੇਣਾ ਚਾਹੀਦਾ ਹੈ। ਮੂਰਤੀਘਾੜਾ ਮੂਰਤੀ ਅੱਗੇ ਮੱਥਾ ਟੇਕਣ ਲੱਗਿਆਂ ਭੁੱਲ ਜਾਂਦਾ ਹੈ ਕਿ ਰੱਬ ਮੇਰੇ ਹੱਥਾਂ ਵਿਚੋਂ ਨਿਕਲ ਕੇ ਆਇਆ ਹੈ। ਭਾਬੀ ਨੂੰ 'ਮੰਜੇ ਥੱਲੇ ਕੌਣ?' ਬਹੁਤਾ ਉਹੀ ਪੁੱਛਦੇ ਹਨ ਜਿਨ੍ਹਾਂ ਦੀ ਬੇਸ਼ਰਮ ਨੀਅਤ ਉਹਦੇ ਨਾਲ ਮੰਜੇ 'ਤੇ ਬੈਠਣ ਦੀ ਹੁੰਦੀ ਹੈ। ਬੜੀ ਦੇਰ ਪਹਿਲਾਂ ਦਿੱਲੀ 'ਚ ਬਰਤਾਨਵੀਂ ਹਾਈ ਕਮਿਸ਼ਨ 'ਚ ਪਹਿਲੀ ਵਾਰ ਵੀਜ਼ਾ ਮਿਲਣ 'ਤੇ ਇਕ ਬਾਗੋ ਬਾਗ ਹੋਇਆ ਅਤੇ ਬੜੀਆਂ ਡੂੰਘੀਆਂ ਗੱਲਾਂ ਲਿਖਣ ਵਾਲਾ ਲੇਖਕ ਆਪਣੇ ਪਰਿਵਾਰ ਦੀ ਜਾਣ-ਪਛਾਣ ਕਰਵਾਉਂਦਿਆਂ ਕਹਿਣ ਲੱਗਾ, "ਜਨਾਬ ਇਹ ਮੇਰੀ ਸ਼ਰੀਕੇ-ਹਿਆਤ ਏ ਬੇਗਮ ਬਲਜੀਤ ਕੌਰ।" ਮੈਂ ਹੱਸਦਿਆਂ ਕਿਹਾ, "ਆਇਆ ਤਾਂ ਹੁਸ਼ਿਆਰਪੁਰੋਂ ਆਂ ਤੇ ਸਿਰਨਾਮਾ ਲਾਹੌਰ ਦਾ ਲਿਖਾਈ ਜਾਨਾਂ ਏਨਾ ਤੰਗ ਹੋਣ ਦੀ ਕੀ ਲੋੜ ਐ ਸਿੱਧਾ ਕਹਿ ਇਹ ਮੇਰੀ ਵਹੁਟੀ ਹੈ ਬਲਜੀਤ।" ਅਸਲ 'ਚ ਕਈਆਂ ਨੂੰ ਕੋਠੇ 'ਤੇ ਚੜ੍ਹਨ ਲਈ ਪਿਛਲੇ ਪਾਸੇ ਪੌੜੀ ਲਾਉਣ ਦੀ ਆਦਤ ਗਈ ਹੀ ਨਹੀਂ। ਦਰਅਸਲ ਕਈ ਕੰਡੇ ਸੂਈਆਂ ਤੋਂ ਨਿਕਲਦੇ ਹੀ ਨਹੀਂ। ਚਲੋ...?*

ਕਈਆਂ ਦੀ ਗਾਨੀ ਤਾਂ ਵੇਖਣ ਨੂੰ ਬਹੁਤ ਸੋਹਣੀ ਲਗਦੀ ਹੈ ਪਰ ਇਹਦੇ ਵਿਚ ਮਣਕੇ ਝੂਠ, ਫਰੇਬ, ਧੱਕੇਸ਼ਾਹੀ, ਜ਼ੁਲਮ, ਸਿਤਮ ਦੇ ਹੀ ਪਰੋਏ ਗਏ ਹੁੰਦੇ ਹਨ। ਤੇ ਜਦੋਂ ਇਹ ਟੁੱਟਦੇ ਹਨ ਤਾਂ ਗਾਨੀ ਅਤੇ ਪਹਿਨਣ ਵਾਲਾ ਦੋਵੇਂ ਖਿਲਰ ਜਾਂਦੇ ਹਨ। ਕਈ ਵਾਰ ਅਸੀਂ ਆਖ ਤਾਂ ਦਿੰਦੇ ਹਾਂ ਕਿ ਇਸ ਗੱਲ ਦਾ ਕੋਈ ਮਤਲਬ ਨਹੀਂ ਪਰ ਉਂਜ ਹਰ ਗੱਲ ਦਾ ਅਰਥ ਜ਼ਰੂਰ ਹੁੰਦਾ ਹੈ, ਬਸ਼ਰਤੇ ਕਿ ਸਮਝਣ ਦਾ ਥਰਮਾਮੀਟਰ ਗੁਆਚ ਨਾ ਗਿਆ ਹੋਵੇ। ਵੱਡਿਆਂ ਲੋਕਾਂ ਦੀ ਜ਼ਿੰਦਗੀ ਵਿਚ ਵੀ ਉਹ ਕੁਝ ਨਹੀਂ ਹੋਇਆ ਜੋ ਉਹ ਚਾਹੁੰਦੇ ਸਨ। ਸੱਦਾਮ ਹੁਸੈਨ ਨੇ ਕਦੇ ਸੋਚਿਆ ਸੀ ਕਿ ਫਾਂਸੀ ਦਾ ਫੰਦਾ ਵੀ ਵੇਖਣਾ ਪਵੇਗਾ ਤੇ ਇਸ ਨੂੰ ਪੁਆਉਣ ਲਈ ਵੀ ਮੂੰਹ ਨੰਗਾ ਰੱਖਣ ਦੀ ਆਖਰੀ ਖਾਹਿਸ਼ ਰੱਖਣੀ ਪਵੇਗੀ? ਧਨ ਵਾਲਿਆਂ ਕੋਲ ਮਨ ਨਹੀਂ ਹੁੰਦਾ ਜੇ ਹੁੰਦਾ ਤਾਂ ਉਨ੍ਹਾਂ ਨੇ ਨੋਟਾਂ ਦੀ ਗਠੜੀ ਸਿਰਹਾਣੇ ਮੂੰਹ ਲਮਕਾ ਕੇ ਨਹੀਂ ਬੈਠਣਾ ਸੀ।

ਇਕ ਵਾਰ ਵਿਆਹ ਦਾ ਜਸ਼ਨ ਸੀ-ਗੀਤ-ਸੰਗੀਤ ਦਾ ਵਾਵਰੋਲਾ ਆਇਆ ਹੋਇਆ ਸੀ। ਇਕ ਬੰਦਾ ਨੱਕੋ-ਨੱਕ ਹਾੜ੍ਹਾ ਭਰ ਕੇ ਸੜ੍ਹਾਕ ਜਾਵੇ ਤੇ ਫਿਰ ਭੱਜ ਕੇ ਸਪੀਕਰ ਵਾਲੇ ਮੁੰਡੇ ਨੂੰ ਆਖੇ 'ਲਾ ਦੇ ਕੇਰਾਂ ਚੱਕਵੀਆਂ ਜਿਹੀਆਂ ਬੋਲੀਆਂ।' ਇਉਂ ਜਦੋਂ ਉਹਨੇ ਕਈ ਵਾਰ ਕੀਤਾ ਤਾਂ ਮੈਂ ਰੋਕ ਕੇ ਪੁੱਛ ਹੀ ਲਿਆ 'ਜਨਾਬ ਬਿਜਲੀ ਬੋਰਡ 'ਚ ਕੰਮ ਕਰਦੇ ਹੋ?'

'ਯਾਰ ਤੈਨੂੰ ਕਿਵੇਂ ਪਤੈ?'

'ਖੰਭੇ ਖਿੱਚਣ ਵਾਲਾ ਭਾਰਾ ਕੰਮ ਕਰਨਾ ਪੈਂਦੇ?'

'ਕਮਾਲ ਐ ਬਈ, ਇਹ ਵੀ ਤੈਨੂੰ ਪਤੈ।'

ਤੇ ਗਾਉਣ ਵਾਲਿਆਂ ਦੇ ਕਹਿਣ ਤੇ ਜਦੋਂ ਸਪੀਕਰ ਵਾਲੇ ਮੁੰਡੇ ਨੇ ਉਹਦੀ ਪੁਰਜ਼ੋਰ ਮੰਗ 'ਤੇ ਬੋਲੀਆਂ ਦੀ ਰੀਲ੍ਹ ਫਸਾਈ ਤਾਂ ਵਿਚ ਇਕ ਬੋਲੀ ਆ ਗਈ 'ਵੇ ਥਾਣੇਦਾਰਾ ਦੋ ਮੰਜੀਆਂ ਦੀ ਥਾਂ...।' ਤੇ ਉਸ ਭੱਦਰ-ਪੁਰਸ਼ ਨੇ ਜਿਹੜਾ ਬੋਲੀਆਂ ਦੀ ਮੁੜ ਮੁੜ ਸਿਫਾਰਸ਼ ਕਰਦਾ ਸੀ, ਦਾਰੂ ਦਾ ਭਰਿਆ ਪੈਗ ਪਰੇ ਵਗਾਹ ਮਾਰਿਆ ਤੇ ਲਾਲ-ਪੀਲਾ ਹੋਇਆ ਸਪੀਕਰ ਵਾਲੇ ਨੂੰ ਕਹਿਣ ਲੱਗਾ' 'ਬੰਦ ਕਰ ਦੇਹ ਇਹਨੂੰ ਨਹੀਂ ਤਾਂ ਤੇਰੀ ਹੱਡੀ-ਪੱਸਲੀ ਇਕ ਕਰ ਦਿਆਂਗਾ।'

ਬੋਲੀਆਂ ਤਾਂ ਬੰਦ ਹੋ ਗਈਆਂ ਪਰ ਮੈਂ ਉਹਨੂੰ ਇਕ ਵਾਰ ਫੇਰ ਬੜੇ ਪਿਆਰ ਨਾਲ ਪੁੱਛਿਆ 'ਬਾਈ ਜੀ, ਕਿਨੀ ਕੁ ਦੇਰ ਹੋ ਗਈ ਪੁਲਿਸ ਦੀ ਮੰਜੀ ਦਾ ਸੁਆਦ ਦੇਖੇ ਨੂੰ।'

'ਚਾਰ ਪੰਜ, ਸਾਲ ਹੋ ਗਏ।'

ਕਰੇਲਾ ਜਿਵੇਂ ਖਰਬੂਜ਼ੇ 'ਤੇ ਚੜ੍ਹ ਗਿਆ ਹੋਵੇ, ਉਹ ਹੱਸ ਪਿਆ ਤੇ ਪੁੱਛਣ ਲੱਗਾ, 'ਯਾਰ ਤੂੰ ਪੰਡਿਤ ਐਂ?'

'ਬਿਲਕੁਲ ਨਹੀਂ, ਨਾ ਪੰਡਿਤ ਤੇ ਨਾ ਪੰਡਿਤਾਂ ਦਾ ਚੇਲਾ।'

'ਫਿਰ ਤੈਨੂੰ ਕਿਵੇਂ ਪਤੈ ਕਿ ਮੈਂ ਬਿਜਲੀ ਬੋਰਡ 'ਚ ਨੌਕਰੀ ਕਰਦੈਂ ਖੰਭੇ ਖਿੱਚਣ ਦੀ ਤੇ ਪੁਲਿਸ ਦੀ ਮੰਜੀ ਵੀ ਮੇਰੇ ਲੱਗ ਚੁੱਕੀ ਐ।''

'ਕਿਉਂਕਿ ਛਪਾਰ ਦੇ ਮੇਲੇ ਨਾਲੋਂ ਵੀ ਕਿਤੇ ਵੱਧ ਕਸੂਤੀਆਂ ਤੇ ਅਲਫ ਨੰਗੀਆਂ ਬੋਲੀਆਂ ਬਿਜਲੀ ਆਲੇ ਹੀ ਪਾਉਂਦੇ ਆ, ਖੰਭੇ ਗੱਡਣ ਵਾਲੇ ਸੁਣਨ ਦੇ ਸ਼ੌਕੀ ਹੁੰਦੇ ਨੇ। ਤੇ ਮੈਨੂੰ ਲੱਗਾ ਕਿ ਮੰਜੀ ਆਲੀ ਬੋਲੀ ਤੋਂ ਹੀ ਤੂੰ ਖਫਾ ਹੋਇਐਂ। ਅੰਦਾਜ਼ਾ ਮੇਰਾ ਠੀਕ ਸੀ?'

'ਸੋਲਾਂ ਆਨੇ ਸੱਚ।'

ਤੇ ਜਿਨ੍ਹਾਂ ਨੇ ਮੰਜੀ ਲੁਆਈ ਜਾਂ ਲਗਦੀ ਦੇਖੀ ਹੈ ਉਨ੍ਹਾਂ ਨੂੰ ਹੀ ਪਤਾ ਹੁੰਦੈ ਕਿ ਪੁਲਿਸ ਦੀ ਅੱਤ ਵਾਲੀ ਸਿਖਰ ਕਿਹੜੀ ਹੁੰਦੀ ਹੈ। ਮੈਂ ਇਹ ਸੀਰੀਅਲ ਥਾਣੇ 'ਚ ਕਿਵੇਂ ਦੇਖਿਆ, ਇਸ ਗੱਲ ਦੇ ਵਿਸਥਾਰ 'ਚ ਤਾਂ ਫਿਰ ਕਦੇ ਚਰਚਾ ਕਰਾਂਗਾ ਪਰ ਮੋਟੇ ਹਿਸਾਬ 'ਚ ਖੁਲਾਸਾ ਕਰਦਾਂ ਕਿ ਇਹ ਹੈ ਕੀ ਬਲਾ?

ਦਰਅਸਲ ਮੁਜਰਮਾਂ ਲਈ ਤੇ ਜਾਂ ਫਿਰ ਵੱਡੇ ਆਕਾਵਾਂ, ਰਾਜਨੀਤਕ ਚਹੇਤਿਆਂ ਨੂੰ ਖੁਸ਼ ਕਰਨ ਲਈ ਇਸ ਹਥਿਆਰ ਨੂੰ ਵਰਤਦਿਆਂ ਜਿਹੜਾ ਚੀਕ-ਚਿਹਾੜਾ ਪੈਂਦਾ ਹੈ ਉਹ ਖਤਰੇ ਦਾ ਇਕ ਤਰ੍ਹਾਂ ਨਾਲ ਘੁੱਗੂ ਹੀ ਹੁੰਦਾ ਹੈ। ਮੰਜੀ ਅਕਸਰ ਅੱਧੀ ਕੁ ਰਾਤ ਨੂੰ ਲਗਦੀ ਹੈ, ਜਦੋਂ ਲਾਉਣ ਵਾਲੇ ਨੱਕੋ-ਨੱਕ ਨਸ਼ੇ ਨਾਲ ਵੀ ਭਰੇ ਹੁੰਦੇ ਹਨ। ਗਿੱਟਿਆਂ ਤੋਂ ਦੋਵੇਂ ਲੱਤਾਂ ਬੰਨ੍ਹ ਕੇ ਤੇ ਗੁੱਟਾਂ ਤੋਂ ਬਾਹਾਂ ਤੇ ਵਿਚਲੇ ਦੀ ਲੰਘਾ ਕੇ ਬਾਂਸ ਜਿਵੇਂ ਪੁਰਾਣੇ ਜ਼ਮਾਨੇ 'ਚ ਔਰਤਾਂ ਬੱਚੇ ਦਾ ਮੰਜੇ ਨਾਲ ਝੂਲਾ ਬੰਨ੍ਹਦੀਆਂ ਸਨ, ਇਉਂ ਦੋ ਮੰਜੀਆਂ ਦੇ ਵਿਚਕਾਰ ਡੰਡੇ ਦੇ ਸਹਾਰੇ ਬੰਦਾ ਲਟਕਾ ਦਿੱਤਾ ਜਾਂਦਾ ਹੈ। ਧੌਣ ਬਹੁਤਾ ਚਿਰ ਸਾਂਭੀ ਨਹੀਂ ਜਾਂਦੀ ਤੇ ਹੇਠਾਂ ਨੂੰ ਲਟਕ ਜਾਂਦੀ ਹੈ। ਡਾਕਟਰੀ ਸ਼ਬਦਾਂ ਵਿਚ ਖੂਨ ਦਾ ਸਾਰਾ ਦਬਾਅ ਸਿਰ ਤੇ ਦਿਮਾਗ ਨੂੰ ਪੈਂਦਾ ਹੈ, ਅੱਖਾਂ ਬਾਹਰ ਆਉਂਦੀਆਂ ਹਨ ਤੇ ਜਦੋਂ ਫਿਰ ਪੈਰਾਂ ਦੀਆਂ ਤਲੀਆਂ ਡਾਂਗਾਂ ਨਾਲ ਛੱਲੀਆਂ ਵਾਂਗ ਕੁੱਟੀਆਂ ਜਾਂਦੀਆਂ ਹਨ ਤਾਂ ਕੋਈ ਸੂਰਮਾ ਹੀ ਜ਼ਬਾਨ ਬੰਦ ਰੱਖ ਸਕਦੈ, ਵਰਨਾ ਲੇਰਾਂ ਸੱਚ-ਝੂਠ ਸਭ ਕੁਝ ਬਿਆਨ ਕਰ ਜਾਂਦੀਆਂ ਹਨ। ਰੱਬ ਕਰਕੇ ਕਿਸੇ 'ਤੇ ਇਹ ਦਿਨ ਨਾ ਆਉਣ। ਤੇ ਜਿਨ੍ਹਾਂ ਨੇ ਭਾਦੋਂ ਦੀ ਸੰਗਰਾਂਦ ਵਾਂਗ ਮੰਜੀ ਲੁਆਈ ਹੋਊ ਉਨ੍ਹਾਂ ਨੂੰ 'ਦੋ ਮੰਜੀਆਂ' ਵਾਲੀ ਬੋਲੀ ਤੇ ਜ਼ਹਿਰ ਚੜ੍ਹੇਗਾ ਹੀ ਚੜ੍ਹੇਗਾ।

ਸਾਨੂੰ ਆਮ ਇਹ ਕਹਿਣ ਦੀ ਆਦਤ ਪੈ ਗਈ ਹੈ ਕਿ ਪੁਲਿਸ ਕਿਆ ਬਾਤ ਹੈ ਅਮਰੀਕਾ, ਕੈਨੇਡਾ ਤੇ ਯੂਰਪ ਦੀ, ਬਹੁਤ ਚੰਗੀ ਹੈ। ਪਰ ਸੱਚ ਇਹ ਹੈ ਕਿ ਇਹ ਸਿਰਫ ਆਪਣੇ ਮੁਲਕ 'ਚ ਹੀ ਚੰਗੀ ਹੈ, ਅਫਗਾਨਿਸਤਾਨ ਤੇ ਇਰਾਨ ਦੇ ਲੋਕਾਂ ਨੂੰ ਪੁੱਛ ਕੇ ਵੇਖੋ ਕਿ ਅਸਲੀ ਰਸ ਕਿਹੜਾ ਹੈ। ਦੁੱਖ ਇਸ ਗੱਲ ਦਾ ਹੈ ਕਿ ਸਾਡੀ ਪੁਲਿਸ ਸਾਡੇ ਮੁਲਕ 'ਚ ਵੀ ਚੰਗੀ ਨਹੀਂ।

ਅਸਲ ਵਿਚ ਕੁੱਟ-ਕੁਟਾਪੇ ਵਾਲਾ ਪੁਲਿਸ ਦਾ 'ਥਰਡ ਡਿਗਰੀ ਟਰੀਟਮੈਂਟ' ਯੂਮਾ ਦੀ ਦੇਣ ਹੈ। ਹਿਟਲਰ ਨੇ ਦੱਸਿਆ ਸੀ ਕਿ ਸ਼ਰੀਫਾਂ ਦੀ ਛਿੱਲ ਕਿਵੇਂ ਉਤਾਰੀਦੀ ਹੈ। ਅੰਗਰੇਜ਼ ਤਾਂ ਚਲੇ ਗਏ ਪਰ ਆਪਣਾ ਪ੍ਰਛਾਵਾਂ ਨਾਲ ਨਹੀਂ ਲੈ ਕੇ ਗਏ। ਹਿਟਲਰ ਜਿਹੜਾ ਚਾਹੁੰਦਾ ਸੀ ਕਿ ਮੈਨੂੰ ਕੱਕੇ ਵਾਲਾਂ ਵਾਲੀਆਂ ਔਰਤਾਂ ਹੀ ਦਿਸਣ, ਬਜ਼ੁਰਗਾਂ ਦੀ ਨਸੀਹਤ ਤੇ ਦਲੀਲ ਨਹੀਂ ਚਾਹੀਦੀ। ਲੱਖਾਂ ਯਹੂਦੀਆਂ ਨੂੰ ਗੈਸ ਚੈਂਬਰਾਂ 'ਚ ਮਾਰਨ ਵਾਲੇ ਹਿਟਲਰ ਦਾ ਆਸਟਰੀਆ ਦੀ ਰਾਜਧਾਨੀ ਵਿਆਨਾ ਤੋਂ ਕੋਈ ਡੇਢ ਸੌ ਮੀਲ ਦੱਖਣ ਵਿਚ ਕੰਸਟਰੇਸ਼ਨ ਕੈਂਪ ਵੇਖਣ ਦਾ ਮੌਕਾ ਮਿਲਿਆ ਤਾਂ ਬਗਾਵਤ ਨੂੰ ਦਬਾਉਣ ਦਾ ਜ਼ੁਲਮ ਤਸਵੀਰਾਂ ਵਿਚ ਆਪਣੀਆਂ ਅੱਖਾਂ ਨਾਲ ਬਿਆਨ ਕਰਦਿਆਂ ਵੇਖਿਆ। ਇਥੇ ਇਕ ਕਿਲ੍ਹਾ ਹੈ ਜਿਥੇ ਕਰੀਬ ਇਕ ਦਹਾਕਾ ਮਾੜੇ ਤੇ ਕਮਜ਼ੋਰ ਬਾਗੀਆਂ ਤੇ ਕਹਿਰ ਵਰਤਦਾ ਰਿਹਾ ਤੇ ਆਲੇ-ਦੁਆਲੇ ਦੇ ਪਿੰਡਾਂ ਨੂੰ ਪਤਾ ਹੀ ਨਹੀਂ ਲੱਗਾ ਕਿ ਕਿਲੇ ਅੰਦਰ ਹੁੰਦਾ ਕੀ ਹੈ? ਜ਼ਰਾ ਕੁ ਉਜਰ ਕਰਨ ਵਾਲੇ ਨੂੰ ਬੰਦੂਕਾਂ ਨਾਲ ਭੁੰਨ ਦੇਣਾ, ਰਾਤ ਨੂੰ ਭੱਜਣ ਦੀ ਕੋਸ਼ਿਸ਼ ਕਰਨ ਵਾਲੇ ਨੂੰ ਗੋਲੀ ਮਾਰ ਦੇਣਾ ਆਮ ਗੱਲ ਸੀ। ਕੈਦੀਆਂ ਨੂੰ ਸਿਰਫ ਸੌ-ਸੌ ਬੂੰਦ ਪਾਣੀ ਅਤੇ ਦਿਨ 'ਚ ਦੋ ਬੁਰਕੀਆਂ ਖਾਣਾ ਦੇ ਕੇ ਉਹ ਲੱਠੇ ਵਰਗਾ ਸਰੀਰ ਪਿੰਜਰ ਬਣਾ ਦੇਂਦਾ ਸੀ। ਉਹ ਆਖਦਾ ਰਿਹਾ ਕਿ ਮੈਨੂੰ ਮੱਤਾਂ ਦੇਣ ਵਾਲੇ ਬੁੜੇ ਨਹੀਂ ਚਾਹੀਦੇ ਤੇ ਉਥੇ ਇਕ 75 ਡਿਗਰੀ 'ਤੇ ਪੌੜੀ ਬਣੀ ਹੋਈ ਹੈ, ਜੀਹਦੇ ਪੌਡੇ ਵੀ ਪਝੱਤਰ ਨੇ ਤੇ ਪੰਜਾਹਵਿਆਂ ਤੋਂ ਜਿਹੜਾ ਉਪਰ ਵਾਲਾ ਕੈਦੀ ਹੁੰਦਾ ਸੀ ਉਹਨੂੰ ਪਝੱਤਰ ਕਿਲੋ ਭਾਰ ਦੇ ਕੇ ਪੌੜੀਆਂ ਚੜ੍ਹਾਉਂਦਾ ਸੀ। ਬਹੁਤੇ ਤਾਂ ਰਾਹ 'ਚ ਦਮ ਤੋੜ ਜਾਂਦੇ ਸਨ, ਕਿਉਂਕਿ 18 ਇੰਚ ਪੌਡਿਆਂ ਦੁਆਲੇ ਰੇਲਿੰਗ ਨਹੀਂ ਸੀ ਹੁੰਦੀ ਤੇ ਜੇ ਕੋਈ ਖੁਸ਼ਕਿਸਮਤ ਪੌੜੀ ਦੇ ਸਿਖਰਲੇ ਡੰਡੇ ਤੱਕ ਚੜ੍ਹ ਵੀ ਜਾਵੇ ਤਾਂ ਅੱਗੇ ਖਾਈ 'ਚ ਡਿਗਣਾ ਪੈਂਦਾ ਸੀ। ਜੇ ਕਦੇ ਇਸ ਕਿਲੇ 'ਚ ਜਾਣ ਦਾ ਅਵਸਰ ਨਸੀਬ ਹੋ ਗਿਆ ਤਾਂ ਝੱਟ ਮੰਨ ਲਵੋਗੇ ਕਿ ਆਪਣੀ ਪੁਲਿਸ ਨੇ ਸਾਰਾ 'ਆਈਡੀਆ' ਇਥੋਂ ਹੀ ਚੋਰੀ ਕੀਤਾ ਹੈ।

ਨਿਆਂ ਪ੍ਰਬੰਧ 'ਤੇ ਚੰਡੀਗੜ੍ਹ 'ਚ ਹੋਈ ਇਕ ਵਰਕਸ਼ਾਪ ਵਿਚ ਮੈਂ ਹਾਲੇ ਪਹਿਲੀ ਸਤਰ ਹੀ ਕਹੀ ਸੀ ਕਿ 'ਥਾਣੇ, ਜੇਲ੍ਹਾਂ ਤੇ ਅਦਾਲਤਾਂ ਮਨੁੱਖ ਦੀ ਮੂਰਖਤਾ 'ਚੋਂ ਪੈਦਾ ਹੋਈਆਂ ਸੰਸਥਾਵਾਂ ਹਨ। ਇਕ ਆਈ. ਜੀ. ਰੈਂਕ ਦਾ ਅਧਿਕਾਰੀ ਕਹਿਣ ਲੱਗਾ 'ਬਿਠਾਓ ਇਹਨੂੰ ਇਹ ਆਂਹਦਾ ਸਾਨੂੰ ਮੂਰਖਤਾ ਕਰਕੇ ਭਰਤੀ ਕੀਤਾ ਹੋਇਐ।' ਬੜੇ ਸਤਿਕਾਰ ਨਾਲ ਮੈਂ ਕਿਹਾ, 'ਜਨਾਬ ਅਗਲੀ ਗੱਲ ਤਾਂ ਸੁਣ ਲਵੋ। ਜੇ ਮਨੁੱਖ ਬੰਦਾ ਬਣ ਕੇ ਰਹੇ ਤਾਂ ਇਨ੍ਹਾਂ ਦੀ ਲੋੜ ਹੀ ਕੀ ਹੈ?' ਤਾਂ ਕਿਤੇ ਜਾ ਕੇ ਉਹ ਖਫਾ ਹੋਇਆ ਹਲਕਾ ਪਿਆ। ਤੇ ਸਿਆਣੇ ਬੰਦੇ ਸੁੱਖਾਂ ਸੁੱਖਦੇ ਨੇ ਹੇ ਵਾਹਿਗੁਰੂ ਇਨ੍ਹਾਂ ਤਿੰਨਾਂ ਹੀ ਥਾਵਾਂ ਤੋਂ ਬਚਾਈਂ।

ਮੇਰਾ ਖ਼ੈਰ! ਥਾਣਿਆਂ ਤੇ ਪੁਲਿਸ ਨਾਲ ਬਹੁਤਾ ਵਾਹ ਨਹੀਂ ਪਿਆ ਤੇ ਜਿੰਨਾ ਕੁ ਪਿਆ ਹੈ ਉਹਦੇ ਦੁਆਲੇ ਇਤਫਾਕ ਦੀ ਗੱਲਵੱਕੜੀ ਪਾਉਨੇ ਆਂ। ਜਿਨ੍ਹਾਂ ਦਿਨਾਂ 'ਚ ਲਾਲਾ ਜਗਤ ਨਾਰਾਇਣ ਦਾ ਕਤਲ ਹੋਇਆ ਲਾਢੂਵਾਲ, ਉਸ ਤੋਂ ਅਗਲੇ ਦਿਨਾਂ 'ਚ ਪੰਜਾਬ ਦੇ ਹਾਲਾਤ ਬੜੇ ਭੰਨੇ ਗਏ। ਹਾਲੇ ਮੈਂ ਕਾਲਜ ਤੋਂ ਪੜ੍ਹ ਕੇ ਹਟਿਆ ਹੀ ਸੀ ਕਿ ਦੀਵਾਲੀ ਵਾਲੇ ਦਿਨ ਪਿੰਡ ਦੇ ਬੋਹੜ ਹੇਠ ਬੈਠਿਆਂ ਪਿੰਡ ਦਾ ਇਕ ਅੱਧਖੜ ਜਿਹਾ ਬੰਦਾ ਬੁਲਿਟ ਮੋਟਰਸਾਈਕਲ ਤੇ ਆਇਆ, ਕਹਿਣ ਲੱਗਾ, 'ਚੱਲ ਸ਼ਹਿਰੋਂ ਦੀਵਾਲੀ ਤੇ ਕੁਝ ਖਰੀਦ ਲਿਆਉਂਦੇ ਆਂ।' ਮਾੜੀ ਕਿਸਮਤ ਮੈਂ ਵੀ ਛਾਲ ਮਾਰ ਕੇ ਬਹਿ ਗਿਆ ਤੇ ਨਾਲ ਹੀ ਇਕ ਪੰਡਿਤਾਂ ਦਾ ਮੁੰਡਾ ਚਾਅ 'ਚ ਚੜ੍ਹ ਗਿਆ ਮੋਟਰਸਾਈਕਲ 'ਤੇ। ਉਦੋਂ ਬੁਲਿਟ ਮੋਟਰ ਸਾਈਕਲ ਏ. ਕੇ. 47 ਨਾਲੋਂ ਵੀ ਡਰਾਉਣੇ ਸਨ। ਅਨਾੜੀਪੁਣੇ 'ਚ ਤਿੰਨੇ ਜਣੇ ਥਾਣੇ ਅੱਗੋਂ ਲੰਘਦੇ ਫੜ ਲਏ ਪੁਲਿਸ ਨੇ। ਪੈ ਗਿਆ ਸਿਆਪਾ ਬਿਠਾ 'ਤੇ ਹੇਠਾਂ ਤਿੰਨੇ। ਨਾ ਮੋਟਰਸਾਈਕਲ ਦੇ ਕਾਗਜ਼-ਪੱਤਰ, ਨਾ ਲਾਇਸੈਂਸ।

ਜਦੋਂ ਥਾਣੇਦਾਰ ਨੇ ਕਿਹਾ 'ਮਨਾਉਂਦੇ ਹਾਂ ਤੁਹਾਡੀ ਦੀਵਾਲੀ, ਲੱਗਜੂ ਪਤਾ ਕਿਥੇ ਕਿਥੇ ਬੈਂਕਾਂ ਲੁੱਟੀਆਂ ਨੇ ਤੇ ਕਿੰਨੀਆਂ ਵਾਰਦਾਤਾਂ ਕੀਤੀਆਂ ਨੇ। ਪੈ ਜੋ ਲੰਮੇ। ਵਰ੍ਹਾਈਂ ਓਏ ਪਟਾ।'

ਇਹ ਗੱਲ ਕਹਿਣ ਦੀ ਦੇਰ ਸੀ ਕਿ ਉਹ ਪੰਡਿਤਾਂ ਦਾ ਮੁੰਡਾ ਲੱਗ ਪਿਆ ਧਾਹਾਂ ਮਾਰਨ ਮੁਕਲਾਵੇ ਜਾਂਦੀ ਤੀਵੀਂ ਵਾਂਗ। ਅਸੀਂ ਕਹੀਏ ਜਿਗਰਾ ਰੱਖ ਪਰ ਕਿਥੇ? ਉਹ ਕਹੇ 'ਮੈਂ ਤਾਂ ਬਾਥਰੂਮ ਜਾਣੈ।' ਕੱਬਾ ਥਾਣੇਦਾਰ ਪੈ ਗਿਆ, 'ਕੱਢਦਾਂ ਤੇਰਾ ਵਿਚੇ ਸਭ ਕੁੱਝ।'

ਤੇ ਉਹੀ ਗੱਲ ਹੋਈ ਉਹਨੇ ਤਾਂ ਹਾਲੇ ਕਿਹਾ ਹੀ ਸੀ ਕਿ ਪੰਡਿਤਾਂ ਦੇ ਮੁੰਡੇ ਨੇ ਤਾਂ ਪੈਂਟ ਨਿਚੋੜਨ ਵਾਲੀ ਕਰਤੀ।

ਪੁਆੜੇ ਦੀ ਜੜ੍ਹ ਉਹ ਸਾਡਾ ਤੀਜਾ ਮਿੱਤਰ ਮੋਟਰ ਸਾਈਕਲ ਵਾਲਾ ਹੱਸੇ, ਪਰ ਮੈਨੂੰ ਕੁਝ ਨਾ ਚੰਗਾ ਲੱਗੇ। ਕਿਉਂਕਿ ਰਾਤ ਪੈ ਰਹੀ ਸੀ, ਤੇ ਦੀਵਾਲੀ ਕਰਕੇ ਥਾਣੇ 'ਚ ਸਣੇ ਥਾਣੇਦਾਰ ਦੇ, ਸਾਰੇ ਅੰਦਰੋਂ ਲਗਦਾ ਸੀ ਪੈਗ ਵੀ ਠੋਕੀ ਜਾਂਦੇ ਸਨ ਤੇ ਇਹ ਉਤਰਨੀ ਸਾਡੇ 'ਤੇ ਸੀ।

ਮੇਰੇ ਨਾਲ ਆਏ ਨੇ ਇਕ ਹੋਰ ਛੱਡ'ਤੀ, ਕਹਿੰਦਾ, 'ਟੋਕਰੀ 'ਚ ਓਲਡ ਮੌਕ ਦੀ ਬੋਤਲ ਹੈ, ਉਹ ਵੀ ਪਾਉਣਗੇ ਕੇਸ।'

ਪੰਡਿਤ ਤਾਂ ਲੱਗ ਪਿਆ ਪਿੱਟਣ, 'ਹਾਏ ਓਏ, ਭਾਪਾ ਬਚਾ ਲੈ।' ਤੇ ਉਹ ਫੇਰ ਕਦੇ ਬਹਿ ਜਾਇਆ ਕਰੇ, ਕਦੇ ਖੜਾ ਹੋ ਜਾਇਆ ਕਰੇ। ਥਾਣੇਦਾਰ ਫੇਰ ਪੈ ਗਿਆ, 'ਓ ਤੇਰੇ ਖੁਰਕ ਹੁੰਦੀ ਐ। ਬੈਠਦਾ ਨੀ ਟਿਕ ਕੇ।'

'ਸਰ ਮੈਂ ਘਰ ਜਾ ਕੇ ਪੂਜਾ ਕਰਨੀ ਐ?'

'ਹੌਲਦਾਰ ਲੈ ਜਾਹ ਇਹਨੂੰ ਪਿਛਲੇ ਕਮਰੇ 'ਚ, ਕਰਾ ਇਹਦੀ ਪੂਜਾ।'

'ਨਾ ਮਹਾਰਾਜ ਮੈਂ ਨ੍ਹੀ ਹੁਣ ਕਹਿੰਦਾ। ਰਹਿਣ ਦਿਓ ਪੂਜਾ ਪੂਜਾ ਨੂੰ।'

ਤੇ ਰੱਬ ਦੀ ਮਰਜ਼ੀ, ਰਾਤੀਂ ਗਿਆਰਾਂ ਵਜੇ ਪਿੰਡ ਦਾ ਇਕ ਬੰਦਾ ਆ ਗਿਆ ਸਾਡੇ ਮੁਕੱਦਰਾਂ ਨੂੰ। ਉਹਨੇ ਕਿਹਾ, 'ਭਾਈ ਇਹ ਤਾਂ ਗਊ ਮੁੰਡੇ ਐ।'

ਤੇ ਮੇਰੇ ਨਾਲ ਦਾ ਮਲਕ ਦੇਣੀ ਜਦੋਂ ਮੋਟਰ ਸਾਈਕਲ 'ਚੋਂ ਰਹਿੰਦੀ ਬੋਤਲ ਚੁੱਕਣ ਲੱਗਾ ਤਾਂ ਪੈ ਗਈ ਥਾਣੇਦਾਰ ਦੀ ਨਿਗਾਹ। ਪੈ ਗਿਆ ਚਾਰੇ ਖੁਰ ਚੁੱਕ ਕੇ 'ਸਾਲਿਆ ਇਥੇ ਤਾਂ ਅਸੀਂ ਜੇਬਾਂ ਖਾਲੀ ਕਰ ਦੇਈਦੀਆਂ ਤੇ ਤੂੰ ਭਰੀਉ ਬੋਤਲ ਲੈ ਜੂੰ।' ਤੇ ਜਾਮਾਤਲਾਸ਼ੀ ਵੇਲੇ ਰੱਖੀਆਂ ਘੜੀਆਂ ਤਾਂ ਮੋੜਤੀਆਂ ਪਰ ਬਟੂਏ ਨਈਂ ਮੋੜੇ, ਤੇ ਨਾ ਹੀ ਅੱਜ ਤੱਕ ਬੁਲਿਟ ਮੋਟਰ ਸਾਈਕਲ ਦਾ ਕੀ ਕੀਤਾ ਪੁਲਿਸ ਨੇ? ਪਤੈ।

ਤੇ ਯਕੀਨ ਕਰਿਓ ਉਹ ਪੰਡਿਤਾਂ ਦਾ ਮੁੰਡਾ ਉਦੋਂ ਦਾ ਕਿਸੇ ਵੀ ਦੀਵਾਲੀ ਤੇ ਤਿੰਨ ਵਜੇ ਤੋਂ ਬਾਅਦ ਘਰੋਂ ਨੀ ਨਿਕਲਿਆ।

ਕਈ ਵਾਰ ਬੰਦੇ ਦੇ ਅਵੱਲੇ ਸ਼ੌਕ ਛਿੱਤਰਾਂ ਨੂੰ ਥਾਂ ਕਰ ਦੇਂਦੇ ਨੇ ਤੇ ਕਈ ਪੁਲਿਸ ਨਾਲ ਵੀ ਸ਼ੌਕ ਪਾਲਣ ਦੇ ਚੱਕਰ 'ਚ ਇਕ ਦੂਣੀ ਦੂਣੀ ਹੋ ਜਾਂਦੇ ਨੇ। ਕੁਝ ਵਰ੍ਹੇ ਹੋਏ ਮੇਰੇ ਇਕ ਦੋਸਤ ਦਾ ਬਾਬਾ ਮਰ ਗਿਆ। ਸੀ ਤਾਂ ਅੱਸੀਆਂ ਤੋਂ ਉਪਰ ਪਰ ਸੀ ਤਕੜਾ। ਮੋਟਰ ਤੇ ਪਾਣੀ ਪੀਂਦੇ ਨੂੰ ਦਿਲ ਦਾ ਦੌਰਾ ਪੈ ਗਿਆ। ਤੇ ਦੋਸਤ ਦਾ ਚਾਚਾ ਛੜ੍ਹਾ ਸੁਚਾ ਸਿੰਘ ਰੰਗੀਲਾ ਬੰਦ ਹੋਣ ਕਰਕੇ ਮੇਰਾ ਬੜਾ ਆੜੀ ਸੀ। ਫੁੱਲ ਚੁਗਣ ਵਾਲੇ ਦਿਨ ਉਹ ਮੈਨੂੰ ਕਹਿਣ ਲੱਗਾ 'ਸਾਡੇ ਨਾਲ ਚਲਣੈ ਗੰਗਾ ਅਸਤ ਪਾਉਣ।'

ਮੈਂ ਵੀ ਹਾਂ ਕਰ'ਤੀ ਪਈ ਚਲੋ ਜਿਉਂਦੇ ਜੀਅ ਹਰਿਦੁਆਰ ਹੀ ਦੇਖ ਆਉਨੇ ਆਂ। ਜੇ ਪਾਪ ਨਾ ਵੀ ਉਤਰੇ ਤਾਂ ਗੰਗਾ ਨਹਾਉਣ 'ਚ ਕੀ ਹਰਜ ਐ? ਬਹਿਰਾਮ ਦੇ ਲਾਗੇ ਉਨ੍ਹਾਂ ਦਾ ਪਿੰਡ ਸੀ ਤੇ ਚਾਰ ਜਣੇ ਉਹ ਘਰ ਦੇ ਪੰਜਵਾਂ ਮੈਂ, ਨਵੇਂ ਸ਼ਹਿਰ 'ਕੱਠੇ ਹੋ ਕੇ ਤੜਕੇ ਦੋ ਵਜੇ ਨਿਕਲ ਪਏ ਹਰਿਦੁਆਰ ਨੂੰ। ਫੁੱਲਾਂ ਦੀ ਗੱਠੜੀ ਸੁੱਚਾ ਸਿੰਘ ਕੋਲ ਹੀ ਸੀ ਤੇ ਰੋਪੜ ਆਲੀ ਨਹਿਰ ਟੱਪੇ ਤਾਂ ਸੁੱਚੇ ਦਾ ਬੜਾ ਭਰਾ ਜੋਗਿੰਦਰ ਕਹਿਣ ਲੱਗਾ 'ਯਾਰ ਗੁਰਦੁਆਰਾ ਲੰਘ ਗਿਆ ਮੱਥਾ ਟੇਕਣਾ ਸੀ।

'ਗੱਡੀ ਮੋੜ ਲਓ,' ਸੁੱਚਾ ਬੋਲਿਆ।

'ਫੁੱਲ ਪਾਉਣ ਤੋਂ ਪਹਿਲਾਂ ਪਿੱਛੇ ਨੂੰ ਨ੍ਹੀ ਮੁੜੀਦਾ।'

'ਬੁੜਾ ਤਾਂ ਮੇਰੀ ਕੱਛ 'ਚ ਐ। ਭੱਜ ਚੱਲਿਆ ਕਿਤੇ?'

ਅਸੀਂ ਮੱਥਾ ਟੇਕਿਆ ਤੇ ਅਸੀਂ ਦਿਨ ਚੜ੍ਹਦੇ ਨੂੰ ਅੰਬਾਲਾ ਟੱਪ ਗਏ। ਇਕ ਥਾਂ ਚਾਹ ਪੀਣ ਲਈ ਰੁਕੇ ਤਾਂ ਸੁੱਚਾ ਭੱਜ ਕੇ ਅਧੀਆ ਫੜ੍ਹ ਲਿਆਇਆ। ਜੋਗਿੰਦਰ ਕਹੇ 'ਸ਼ਰਮ ਕਰ ਪਤੰਦਰਾ! ਪਿਓ ਦੇ ਫੁੱਲ ਪਾਉਣ ਚੱਲੇ ਆਂ।'

'ਉਮਰ ਭੋਗ ਕੇ ਮਰਿਆ ਐ, ਐਵੇਂ ਕਾਹਨੂੰ ਟੱਪੀ ਜਾਨੈ।'

ਤੇ ਉਹ ਚਿੱਟੇ ਕੱਪੜਿਆਂ 'ਚ ਬੰਨ੍ਹੇ ਫੁੱਲਾਂ ਨਾਲ ਗਲਾਸੀ ਟਕਰਾ ਕੇ ਕਹਿਣ ਲੱਗਾ 'ਲੈ ਭਾਈਆ ਲਾ ਲੈ ਤੂੰ ਵੀ ਘੁੱਟ, ਬਥੇਰੀ 'ਕੱਠਿਆਂ ਨੇ ਪੀਤੀ ਐ।'

ਗਿਆਰਾਂ ਕੁ ਵੱਜਦੇ ਨੂੰ ਅਸੀਂ ਪਹੁੰਚ ਗਏ ਹਰਿ ਕੀ ਪੌੜੀ। ਫੁੱਲ੍ਹ ਤਾਰ ਕੇ ਪਤਾ ਨੀਂ ਕਿਹੜੇ ਵੇਲੇ ਉਹਨੇ ਜੇਬ੍ਹ 'ਚੋਂ ਬੋਤਲ ਕੱਢੀ ਤੇ ਗੰਗਾ ਦਾ ਪਾਣੀ ਵਿਚ ਭਰ ਕੇ ਕਹਿੰਦਾ 'ਹੁਣ ਬਣੀ ਐ ਗੱਲ।'

ਮੈਂ ਕਿਹਾ 'ਚਾਚਾ ਕੀ ਗੱਲ ਬਣ ਗਈ।'

'ਬੁੜੇ ਦੇ ਹੱਥਾਂ ਦੀ ਕੱਢੀ ਲਿਆਇਆ ਸੀ, ਸੋਚਿਆ ਗੰਗਾ ਜਲ ਪਾ ਕੇ ਪੀਆਂਗੇ।'

'ਪਤੰਦਰਾ ਤੈਨੂੰ ਪਤੈ ਇਹ ਪਵਿੱਤਰ ਸ਼ਹਿਰ ਐ। ਇਥੇ ਦਾਰੂ ਨਾ ਵਿਕਦੀ ਐ, ਨਾ ਕੋਈ ਪੀ ਸਕਦੈ।'

ਤੇ ਉਹ ਗਟਾ ਗਟ ਚੜ੍ਹਾ ਕੇ ਬੋਲਿਆ, 'ਲੈ ਸੁੱਟ ਲੀ ਅੰਦਰ। ਇਹ ਭਈਏ ਆ ਸਾਲੇ ਪੁਲਿਸ ਆਲੇ। ਨਾ ਅਸੀਂ ਪੰਜਾਬ ਪੁਲਿਸ ਤੋਂ ਡਰਦੇ ਸੀ, ਨਾ ਸਾਡਾ ਬੁੜਾ।'

ਤੇ ਪਤਾ ਨੀਂ ਸੁੱਚੇ ਨੂੰ ਕੀ ਹੋਇਆ ਕਿ ਝੂਲੇ ਕੋਲ ਆ ਕੇ ਕਹਿੰਦਾ, 'ਇਕ ਮੱਘਾ ਕੱਢ ਲਵਾਂ, ਭਾਈਆ ਕਹਿੰਦਾ ਹੁੰਦਾ ਸੀ ਚਾਵਾਂ ਨਾਲ ਤੋਰਿਓ।' ਤੇ ਸਲਾਹ ਦੇਣ ਤੋਂ ਪਹਿਲਾਂ ਹੀ ਮੂੰਹ 'ਚ ਹੱਥ ਫਸਾ ਕੇ ਕਰਤੀ 'ਦੁ..ਰ..ਰ।'

ਆ ਗਏ ਦੋ ਸਿਪਾਹੀ, ਮਗਰੇ ਇਕ ਜੀਪ 'ਚ ਹੌਲਦਾਰ ਆਣ ਟਪਕਿਆ। ਸੁੱਚਾ ਮਾਰੇ ਮੀਲ ਤੋਂ ਹਵਾੜ੍ਹ।

'ਉਏ ਤੈਂ ਦਾਰੂ ਪੀਤੀ ਐ?' ਹੌਲਦਾਰ ਚੀਕਿਆ।

'ਕਾਹਨੂੰ ਜਨਾਬ ਸਾਡੀ ਤਾਂ ਕਿਸੇ ਨੇ ਕੁੱਲ 'ਚ ਨਾ ਪੀਤੀ। ਭਲਾ ਭਾਈਏ ਦੇ ਫੁੱਲ ਤਾਰਨ ਆਏ ਅਸੀਂ ਦਾਰੂ ਪੀਵਾਂਗੇ?'

'ਚੱਲ ਤੈਨੂੰ ਥਾਣੇ ਦੱਸਦੇ ਆਂ।' ਕਾਲਰ ਤੋਂ

(ਬਾਕੀ ਸਫਾ 36 'ਤੇ)

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਐਨ.ਆਰ.ਆਈ. ਲਾੜਾ

ਅਸੀਂ ਐਨ. ਆਰ.ਆਈ. ਇਕ ਲਾੜਾ ਵੇਖਿਆ, ਜੀਹਦੇ ਵਿਆਹ ਵਿਚ ਪਿਆ ਸੀ ਪੁਆੜਾ ਵੇਖਿਆ।
ਦੰਦ ਮੂੰਹ 'ਚ ਨਹੀਂ ਕੋਈ ਨਿਗਾਹ ਬੜੀ ਕਮਜ਼ੋਰ, ਉਹਦਾ ਬਸਮੇਂ ਨਾਲ ਰੰਗਿਆ ਸੀ ਦਾੜ੍ਹਾ ਵੇਖਿਆ।
ਜਿਹੜਾ ਘੋੜੀ 'ਤੇ ਚੜ੍ਹਨ ਲਈ ਗਿਆ ਚੌਥੀ ਵਾਰ, ਗਿਆ ਹਾਸੇ ਉਤੇ ਬੈਠ ਕੰਮ ਮਾੜਾ ਵੇਖਿਆ।
ਸੀਗਾ ਬੜਾ ਉਹ ਚਲਾਕ ਨਹੀਂ ਹੋਇਆ ਸੀ ਤਲਾਕ, ਫਿਰ ਸਾਲਿਆਂ ਤੋਂ ਭੱਜਦਾ ਬੁਥਾੜਾ ਵੇਖਿਆ।
ਪਿਆ ਰੰਗ ਵਿਚ ਭੰਗ, ਚੱਕੀ ਖੁਸ਼ਕੀ ਤੇ ਖੰਘ, ਜਦੋਂ ਪੁਲਿਸ ਦਾ ਵੱਜਦਾ ਨਗਾਰਾ ਵੇਖਿਆ।
ਸਣੇ ਲਾੜੇ ਦੇ ਬਰਾਤ ਹੇਠ ਗੋਡਿਆਂ ਦੇ ਲੈ ਲਈ, ਫੇਰ ਭੇਡਾਂ ਵਾਲਾ ਬਣਿਆ ਸੀ ਵਾੜਾ ਵੇਖਿਆ।
ਵਰ੍ਹੇ ਧੌਣ ਵਿਚ ਛਿੱਤਰਾਂ ਦਾ ਮੋਹਲੇਧਾਰ ਮੀਂਹ, ਵਿਆਹ ਪਹਿਲੀ ਵਾਰ ਜੰਗ ਦਾ ਅਖਾੜਾ ਵੇਖਿਆ।
ਧੀਆਂ ਬੁੱਢਿਆਂ ਨਾ ਹਟਦੇ ਵਿਆਹੁਣੋਂ ਕਿਥੇ ਲੋਕੀਂ, ਬੜਾ ਮਹਿੰਗਾ ਪਿਆ ਡਾਲਰਾਂ ਦਾ ਭਾੜਾ ਵੇਖਿਆ।

# ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

**ਸਫਰਨਾਮਾ**

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਅਸੀਂ ਵਾਪਸ ਗ੍ਰੰਥੀ ਸਿੰਘ ਨਾਲ ਲੰਗਰ ਛਕਿਆ ਤੇ ਕਮਰੇ ਵਿਚ ਆ ਗਏ। ਅਸੀਂ ਦੇਖਿਆ ਕਿ ਸੁਖ-ਆਸਨ ਵੇਲੇ ਜਿਹੜੇ 2 ਮੋਨੇ ਮੁੰਡੇ ਸੀ, ਉਹ ਵੀ ਇਕ ਰਿਹਾਇਸ਼ੀ ਕਮਰੇ ਵਿਚ ਸਨ ਤੇ ਉਨ੍ਹਾਂ ਦੇ ਮੰਜਿਆਂ-ਬਿਸਤਰਿਆਂ ਤੇ ਕਮਰੇ ਦੀਆਂ ਹੋਰ ਚੀਜ਼ਾਂ ਤੋਂ ਅੰਦਾਜ਼ਾ ਲਗਾਇਆ ਕਿ ਇਹ ਯਾਤਰੀ ਨਹੀਂ ਹਨ। ਫਿਰ ਮੈਂ ਉਨ੍ਹਾਂ ਦੇ ਕਮਰੇ ਵਿਚ ਚਲਾ ਗਿਆ ਕਿਉਂਕਿ ਦਰਵਾਜ਼ਾ ਖੁੱਲ੍ਹਾ ਸੀ। ਉਨ੍ਹਾਂ ਨੇ ਬੜੇ ਅਦਬ ਨਾਲ ਬਿਠਾਇਆ। ਅਸਲ ਵਿਚ ਮੈਂ ਉਨ੍ਹਾਂ ਬਾਰੇ ਜਾਣਨਾ ਚਾਹੁੰਦਾ ਸੀ। ਅੰਦਰੋਂ

**ਮੰਝੈਲ ਸਿੰਘ ਸਰਾਂ**

ਉਨ੍ਹਾਂ ਦਾ ਕਮਰਾ ਹੋਸਟਲ ਦੀ ਝਲਕ ਮਾਰਦਾ ਸੀ। ਮੈਂ ਪੁੱਛਿਆ ਕਿ ਉਹ ਇਥੇ ਕਿਵੇਂ ਰੁਕੇ ਹਨ ਤਾਂ ਇਕ ਜਣਾ, ਜਿਹੜਾ ਦੂਜੇ ਨਾਲੋਂ ਵੱਡਾ ਲੱਗਦਾ ਸੀ, ਕਹਿੰਦਾ ਕਿ ਅਸੀਂ ਦੋਵੇਂ ਭਰਾ ਹਾਂ ਤੇ ਨਨਕਾਣਾ ਸਾਹਿਬ ਦੇ ਹਾਂ। ਵੱਡੇ ਨੇ ਦੱਸਿਆ ਕਿ ਉਹ ਪੰਜਾਬ ਯੂਨੀਵਰਸਿਟੀ ਵਿਚ ਸੀ ਏ (ਚਾਰਟਰਡ ਅਕਾਊਂਟੈਂਟ) ਦੇ ਆਖਰੀ ਸਾਲ ਵਿਚ ਹੈ ਤੇ ਉਹਦਾ ਛੋਟਾ ਭਰਾ ਇਕ ਕਾਲਜ ਵਿਚ ਡਿਗਰੀ ਕਰਦਾ ਹੈ, ਉਸਨੇ ਦੱਸਿਆ ਕਿ ਅਸੀਂ ਅਰੋੜੇ ਹਾਂ। ਮੈਂ ਥੋੜ੍ਹਾ ਜਕਦੇ ਜਿਹੇ ਨੇ ਪੁੱਛ ਹੀ ਲਿਆ ਕਿ ਕੀ ਤੁਸੀਂ ਹਿੰਦੂ ਹੋ ਜਾਂ ਸਿੱਖ? ਤਾਂ ਉਹ ਕਹਿੰਦਾ ਕਿ ਓਦਾਂ ਤਾਂ ਅਸੀਂ ਸਿੱਖ ਹੀ ਹਾਂ ਪਰ ਜਦੋਂ ਅੰਮ੍ਰਿਤ ਛਕ ਕੇ ਗੁਰੂ ਚਰਨੀਂ ਲੱਗਾਂਗੇ ਤਾਂ ਸਾਡੇ ਨਾਂ ਨਾਲ ਸਿੰਘ ਲੱਗਣਾ ਹੈ ਤੇ ਅਸੀਂ ਕੇਸ ਰੱਖਣੇ ਹਨ। ਉਹਦਾ ਜੁਆਬ ਮੈਨੂੰ ਬਹੁਤਾ ਸਪੱਸ਼ਟ ਜਿਹਾ ਨਾ ਲੱਗਾ ਪਰ ਮੈਂ ਅਗੋਂ ਇਸ ਬਾਰੇ ਹੋਰ ਕੁਝ ਵੀ ਨਾ ਪੁੱਛਿਆ। ਇਥੇ ਰਹਿਣ ਬਾਰੇ ਉਸਨੇ ਦੱਸਿਆ ਕਿ ਅਸੀਂ ਮੁਫਤ ਹੀ ਰਹਿੰਦੇ ਹਾਂ ਅਤੇ ਗੁਰਦੁਆਰੇ ਅਤੇ ਇਨ੍ਹਾਂ ਰਿਹਾਇਸ਼ੀ ਕਮਰਿਆਂ ਦੀ ਸਾਂਭ-ਸੰਭਾਲ ਕਰਵਾ ਦਿੰਦੇ ਹਾਂ। ਉਸਨੇ ਹੀ ਸਾਨੂੰ ਦੱਸਿਆ ਕਿ ਜਿਹੜੇ ਦੋ ਦਿਨ ਪਹਿਲਾਂ ਲਾਹੌਰ ਵਿਚ ਬੰਬ ਧਮਾਕੇ ਹੋਏ ਹਨ, ਉਸ ਦੇ ਮੱਦੇਨਜ਼ਰ ਪੰਜਾਬ ਦੇ ਸਾਰੇ ਹੀ ਸਕੂਲ, ਕਾਲਜ ਇਕ ਹਫਤੇ ਲਈ ਬੰਦ ਕਰ ਦਿੱਤੇ ਗਏ ਹਨ ਤੇ ਕੱਲ੍ਹ ਨੂੰ ਉਹ ਵੀ ਆਪਣੇ ਘਰ ਨਨਕਾਣਾ ਸਾਹਿਬ ਜਾ ਰਹੇ ਹਨ। ਵੱਡਾ ਮੁੰਡਾ ਕਾਫੀ ਤੇਜ਼ ਲੱਗਦਾ ਸੀ। ਉਸਨੂੰ ਜਦੋਂ ਪੁੱਛਿਆ ਕਿ ਸੀ ਏ ਕਰਨ ਤੋਂ ਬਾਅਦ ਕੀ ਤੈਨੂੰ ਨੌਕਰੀ ਮਿਲਣ ਵਿਚ ਇਸ ਕਰਕੇ ਤਾਂ ਦਿੱਕਤ ਨਹੀਂ ਆਉਂਗੀ ਕਿ ਤੂੰ ਮੁਸਲਮਾਨ ਨਹੀਂ, ਤਾਂ ਉਹ ਕਹਿੰਦਾ ਕਿ ਪ੍ਰਾਈਵੇਟ ਕੰਪਨੀਆਂ ਤਾਂ ਕੰਮ ਦੇਖਦੀਆਂ, ਪੈਸੇ ਵੀ ਠੀਕ ਦਿੰਦੀਆਂ, ਉਂਜ ਸਰਕਾਰੀ ਨੌਕਰੀਆਂ ਲੈਣ ਵਿਚ ਵੀ ਕੋਈ ਦਿੱਕਤ ਨਹੀਂ। ਕਈ ਹਿੰਦੂ ਸਰਕਾਰੀ ਦਫਤਰਾਂ ਵਿਚ ਕੰਮ ਕਰਦੇ ਹਨ। ਉਸਨੇ ਇਹ ਵੀ ਦੱਸਿਆ ਕਿ ਪੰਜਾਬ ਵਿਚ ਸਿੱਖਾਂ ਦੀ ਗੱਲ ਸਰਕਾਰ ਬਹੁਤ ਸੁਣਦੀ ਹੈ। ਜਦੋਂ ਉਹਨੂੰ ਇਹ ਪੁੱਛਿਆ ਕਿ ਇਕ ਗੈਰ ਮੁਸਲਮਾਨ ਹੋਣ ਕਰਕੇ ਕੀ ਉਹਨੂੰ ਕਦੇ ਸ਼ਹਿਰ ਵਿਚ ਜਾਂ ਕਲਾਸ ਜਾਂ ਯੂਨੀਵਰਸਿਟੀ ਵਿਚ ਮੁਸਲਮਾਨਾਂ ਵਲੋਂ ਕੋਈ ਪ੍ਰੇਸ਼ਾਨੀ ਤਾਂ ਨਹੀਂ ਆਈ, ਤਾਂ ਉਹਨੇ ਸਾਫ ਕਿਹਾ ਕਿ ਇਕ ਤਾਂ ਮੋਨਾ ਹੋਣ ਕਰਕੇ ਛੇਤੀ ਕਿਸੇ ਨੂੰ ਵੀ ਮੇਰਾ ਪਤਾ ਹੀ ਨਹੀਂ ਲੱਗਦਾ ਪਰ ਜਿਵੇਂ ਕਲਾਸ ਵਿਚ ਤੇ ਮੇਰੇ ਟੀਚਰਾਂ ਨੂੰ ਮੇਰਾ ਪਤਾ ਹੈ ਤਾਂ ਉਹ ਸਗੋਂ ਮੇਰਾ ਉਚੇਚਾ ਖਿਆਲ ਰੱਖਦੇ ਹਨ। ਮੇਰੇ ਦੋਸਤ, ਜੋ ਅਕਸਰ ਮੁਸਲਮਾਨ ਹੀ ਹਨ, ਉਹ ਅੱਗੇ ਆਪਣੇ ਹੋਰ ਦੋਸਤਾਂ ਨੂੰ ਵੀ ਮੈਨੂੰ ਮਿਲਾਉਣ ਲਈ ਲਿਆਉਂਦੇ ਹਨ ਜੋ ਬੜੇ ਖੁਸ਼ ਹੋ ਕੇ ਮਿਲਦੇ ਹਨ। ਉਦਾਂ ਮੈਂ ਯੂਨੀਵਰਸਿਟੀ ਵਿਚ ਕੋਈ ਸਿੱਖ ਮੁੰਡਾ ਪੜ੍ਹਦਾ ਨਹੀਂ ਦੇਖਿਆ। ਇਸ ਦਾ ਕਾਰਨ, ਸਿੱਖ ਜ਼ਿਆਦਾਤਰ ਆਪਣੇ ਕਾਰੋਬਾਰ ਹੀ ਚਲਾਉਂਦੇ ਹਨ। ਇਕ ਗੱਲ ਹੋਰ ਮੈਂ ਉਹਦੇ ਕੋਲੋਂ ਪੁੱਛੀ ਕਿ ਪਾਕਿਸਤਾਨ ਵਿਚ ਸਕੂਲੀ ਪੜ੍ਹਾਈ ਖਾਸ ਕਰਕੇ ਪੰਜਾਬ ਦੀ ਹਿਸਟਰੀ ਤੇ ਸਿੱਖਾਂ ਸੰਬੰਧੀ ਕਿਤਾਬਾਂ ਵਿਚ ਕਿਹੋ ਜਿਹਾ ਲਿਖਿਆ ਹੋਇਆ ਹੈ ਤਾਂ ਉਹ ਕਹਿੰਦਾ ਕਿ ਪੰਜਾਬ ਦੀ ਹਿਸਟਰੀ ਵਿਚ ਗੁਰੂਆਂ ਬਾਰੇ ਕੁਝ ਵੀ ਖਾਸ ਨਹੀਂ ਲਿਖਿਆ। ਬੰਦਾ ਸਿੰਘ ਬਹਾਦਰ ਨੂੰ ਇਕ ਨਾਇਕ ਨਹੀਂ, ਸਗੋਂ ਖਲਨਾਇਕ ਪੇਸ਼ ਕੀਤਾ ਹੋਇਆ ਹੈ। ਕਿਤੇ ਵੀ ਮੁਗਲ ਹਕੂਮਤ ਵਲੋਂ ਸਿੱਖਾਂ ਨਾਲ ਵਧੀਕੀ ਦੀ ਗੱਲ ਨਹੀਂ ਲਿਖੀ ਮਿਲਦੀ। ਅਹਿਮਦ ਸ਼ਾਹ ਅਬਦਾਲੀ ਨੂੰ ਕਿਸੇ ਹੋਰ ਲਹਿਜ਼ੇ ਨਾਲ ਪੇਸ਼ ਕੀਤਾ ਹੈ। ਉਹ ਕਹਿੰਦਾ ਕਿ ਇਹ ਕਿਤਾਬਾਂ ਪੜ੍ਹ ਕੇ ਤਾਂ ਲੱਗਦਾ ਹੀ ਨਹੀਂ ਕਿ ਸਿੱਖ ਧਰਮ ਵੀ ਅਹਿਮ ਹੈ। ਮੈਂ ਕਿਹਾ ਕਿ ਤੁਸੀਂ ਫਿਰ ਕਿਵੇਂ ਜਾਣਦੇ ਹੋ ਸਿੱਖਾਂ ਬਾਰੇ, ਗੁਰੂਆਂ ਬਾਰੇ। ਉਸ ਨੇ ਕਿਹਾ ਕਿ ਨਨਕਾਣਾ ਸਾਹਿਬ ਗੁਰਦੁਆਰੇ ਵਲੋਂ ਖਾਲਸਾ ਸਕੂਲ ਚਲਾਇਆ ਜਾਂਦਾ ਹੈ, ਜਿਥੇ ਨਿਰੋਲ ਸਿੱਖ ਧਰਮ ਬਾਰੇ ਹੀ ਪੜ੍ਹਾਇਆ ਜਾਂਦਾ ਹੈ, ਉਥੋਂ ਹੀ ਅਸਲੀਅਤ ਦਾ ਪਤਾ ਲੱਗਦਾ ਹੈ।

ਮੈਂ ਪੁੱਛਿਆ ਕਿ ਇਥੋਂ ਦੇ ਲੋਕੀਂ, ਖਾਸ ਕਰਕੇ ਨੌਜਵਾਨ ਤਬਕਾ ਕਿਵੇਂ ਦੇ ਵਿਚਾਰ ਰੱਖਦਾ ਹੈ ਤਾਂ ਜੁਆਬ ਸੀ ਕਿ ਤਰੱਕੀ ਪੱਖੋਂ ਇਥੇ ਇਹ ਰਾਇ ਹੈ ਕਿ 1947 ਤੋਂ ਮਗਰੋਂ ਹਿੰਦੋਸਤਾਨ ਨੇ ਜੇ 100% ਵਿਕਾਸ ਕੀਤਾ ਹੈ ਤਾਂ ਪਾਕਿਸਤਾਨ ਉਸ ਦੇ ਮੁਕਾਬਲੇ 50% ਨੂੰ ਵੀ ਨਹੀਂ ਅੱਪੜਿਆ। ਭਾਰਤੀ ਅਰਥਵਿਵਸਥਾ ਪਾਕਿਸਤਾਨ ਨਾਲੋਂ ਕਈ ਗੁਣਾ ਬਿਹਤਰ ਹੈ। ਇਨਫਰਮੇਸ਼ਨ ਟੈਕਨਾਲੋਜੀ ਵਿਚ ਤਾਂ ਭਾਰਤ ਬਹੁਤ ਅਗੇ ਹੈ। ਉਹ ਕਹਿੰਦਾ ਕਿ ਇਹ ਆਮ ਲੋਕਾਂ ਦੀ ਰਾਇ ਹੈ।

ਭਾਵੇਂ ਨਵੀਂ ਥਾਂ ਸੀ ਪਰ ਮੈਨੂੰ ਨੀਂਦ ਠੀਕ ਤਰ੍ਹਾਂ ਨਾਲ ਆਈ। ਓਦਾਂ ਮੇਰੇ ਵਿਚ ਇਹ ਭੈੜ ਹੈ ਕਿ ਓਪਰੀ ਜਗ੍ਹਾ 'ਤੇ ਜਾ ਕੇ ਮੈਨੂੰ ਨੀਂਦ ਬਹੁਤ ਘੱਟ ਆਉਂਦੀ ਹੈ। ਅਸੀਂ 11 ਕੁ ਵਜੇ ਸੌਂ ਗਏ ਤੇ ਮੈਨੂੰ ਉਸ ਵੇਲੇ ਜਾਗ ਆਈ ਜਦੋਂ ਗੁਰਦੁਆਰੇ ਦੇ ਲਾਗੇ, ਕਿਸੇ ਮਸੀਤ ਦੇ ਲਾਊਡ ਸਪੀਕਰ ਤੋਂ ਮੌਲਵੀ ਨੇ 4 ਕੁ ਵਜੇ ਕੂਕ ਵਰਗੀ ਆਵਾਜ਼ ਵਿਚ ਅੱਲਾ-ਹੂ-ਅਕਬਰ ਦੀ ਬਾਂਗ ਦਿੱਤੀ। ਅਸਲ ਵਿਚ ਜ਼ਿੰਦਗੀ ਦਾ ਇਹ ਵੀ ਪਹਿਲਾ ਤਜਰਬਾ ਸੀ ਕਿ ਕੰਨਾਂ ਵਿਚ ਪਹਿਲੀ ਆਵਾਜ਼ ਕੁਰਾਨ ਦੇ ਲਫਜ਼ਾਂ ਦੀ ਪੈਣ ਨਾਲ ਜਾਗ ਆਈ ਹੋਵੇ। ਆਪਣੇ ਪਿੰਡ ਤਾਂ ਹਰ ਰੋਜ਼ ਗੁਰਦੁਆਰੇ ਤੋਂ ਤੜਕੇ ਸਭ ਤੋਂ ਪਹਿਲਾਂ ਭਾਈ ਨਗਾਰਾ ਵਜਾ ਕੇ ਜੈਕਾਰਾ ਗੂੰਜਾਉਂਦਾ ਹੈ ਤੇ ਫਿਰ ਨਿਤਨੇਮ ਦਾ ਪਾਠ ਕਰਦਾ ਹੈ। ਬਾਂਗ ਦੀ ਆਵਾਜ਼ ਤੋਂ ਅਹਿਸਾਸ ਹੋਇਆ ਕਿ ਪਾਕਿਸਤਾਨ ਵਿਚ ਸੁੱਤੇ ਪਏ ਹਾਂ। ਮੌਲਵੀ ਦੀ ਨਮਾਜ਼ ਪੜ੍ਹਨ ਦੀ ਆਵਾਜ਼ ਕਿੰਨੀ ਦੇਰ ਹੀ ਆਉਂਦੀ ਰਹੀ ਪਰ ਮੇਰੀ ਲੱਖ ਕੋਸ਼ਿਸ਼ ਦੇ ਬਾਵਜੂਦ ਕੁਝ ਵੀ ਪੱਲੇ ਨਹੀਂ ਪਿਆ। ਬੱਸ ਉਹੀ ਕੂਕ ਜਿਹੀ ਦੀ ਲੈਅ ਵਿਚ ਅੱਲਾ-ਹੂ-ਅਕਬਰ-ਅੱਲਾ ਦੀ ਗੱਲ ਹੀ ਦਿਮਾਗ ਵਿਚ ਪੈਂਦੀ ਸੀ।


ਤੜਕਾ ਹੋਣ ਕਰਕੇ ਸਭ ਪਾਸੇ ਚੁੱਪ ਚਾਂ ਸੀ। ਉਸ ਵਿਚ ਲਾਊਡ ਸਪੀਕਰ ਵਿਚੋਂ ਨਮਾਜ਼ ਪੜ੍ਹਨ ਦੀ ਆਵਾਜ਼ ਜੇ ਮੇਰੇ ਕੰਨਾਂ ਨੂੰ ਬਹੁਤੀ ਮਿਠਾਸ ਨਹੀਂ ਦਿੰਦੀ ਸੀ ਤਾਂ ਮਾੜੀ ਵੀ ਨਹੀਂ ਲੱਗੀ। ਪਰ ਜੋ ਗੁਰਬਾਣੀ ਦੇ ਸ਼ਬਦ ਕੰਨਾਂ 'ਚ ਰਸ ਘੋਲਦੇ ਆ, ਖਾਸ ਕਰਕੇ ਜਦੋਂ ਆਪਾਂ ਕੁਦਰਤ ਦੇ ਨੇੜੇ ਹੋਈਏ, ਉਹ ਗੱਲ ਨਹੀਂ ਸੀ। ਇਥੇ ਮੈਂ ਆਪਣਾ ਤਜਰਬਾ ਦਸਦਾਂ ਕਿ ਕਈ ਵਾਰੀ ਸਿਆਲਾਂ ਨੂੰ ਜਦੋਂ ਬਿਜਲੀ ਦੀ ਵਾਰੀ ਰਾਤ ਨੂੰ ਹੋਣੀ ਤਾਂ ਸਾਰੀ ਰਾਤ ਕਣਕ ਨੂੰ ਪਾਣੀ ਲਾਉਣਾ। ਕਿਸੇ ਦੂਰ ਦੇ ਪਿੰਡ ਵਿਚੋਂ ਟਿਕੀ ਰਾਤ ਨੂੰ 3 ਕੁ ਵਜੇ ਤੜਕੇ ਸਪੀਕਰ ਤੇ ਗੁਰਬਾਣੀ ਦਾ ਪਾਠ ਹੋਣਾ ਤਾਂ ਮਨ ਨੂੰ ਠਰ੍ਹੰਮਾ ਮਿਲ ਜਾਣਾ, ਸਾਰੀ ਰਾਤ ਦੇ ਠਰੇ ਹੋਣ 'ਤੇ ਵੀ ਸਰੀਰ ਤਰੋਤਾਜ਼ਾ ਜਿਹਾ ਹੋ ਜਾਣਾ। ਕਈ ਪਾਠੀ ਪਾਠ ਕਰਦੇ ਵੀ ਬੜੀ ਲੈਅ ਵਿਚ ਹੁੰਦੇ, ਖਾਸ ਕਰਕੇ ਬਾਬਾ ਫਰੀਦ ਦੇ ਅਤੇ ਬਾਬਾ ਕਬੀਰ ਦੇ ਸ਼ਲੋਕ, ਜੇ ਕਿਤੇ ਬਾਹਰ ਖੇਤਾਂ ਵਿਚ ਰਾਤ ਨੂੰ ਕੰਮ ਕਰਦਿਆਂ ਨੇ ਸੁਣਨੇ ਤਾਂ ਕਿਆ ਬਾਤ ਹੁੰਦੀ ਸੀ। ਹੁਣ ਤਾਂ ਆਪਣੇ ਪਿੰਡਾਂ ਵਿਚ ਕਈ-ਕਈ ਗੁਰਦੁਆਰੇ ਬਣ ਗਏ ਤੇ ਸਵੇਰੇ ਸਾਝਰੇ ਹੀ ਲਾਊਡ ਸਪੀਕਰ ਮੁਕਾਬਲਾ ਸ਼ੁਰੂ ਹੋ ਜਾਂਦਾ ਹੈ।

ਮੈਂ ਜਾਗਦਾ ਮੰਜੇ 'ਤੇ ਪਿਆ ਹੀ ਸੀ ਤਾਂ ਮੈਨੂੰ ਚੇਤਾ ਆ ਗਿਆ ਕਿ 7 ਵਜੇ ਤਾਂ ਕਾਦਿਰ ਭਾਈ ਨੇ ਆ ਜਾਣਾ। ਨਾਲੇ ਉਹ ਜਾਣ ਲੱਗਾ ਕਹਿ ਵੀ ਗਿਆ ਸੀ ਕਿ ਤੁਸੀਂ ਬਾਹਰਲੇ ਮੁਲਕਾਂ ਵਿਚ ਰਹਿਣ ਵਾਲੇ ਟਾਈਮ ਦੀ ਬਹੁਤ ਕਦਰ ਕਰਦੇ ਹੋ ਤੇ ਸਮੇਂ ਦੇ ਜ਼ਿਆਦਾ ਪਾਬੰਦ ਹੋ, ਇਸ ਖਿਆਲ ਨਾਲ ਮੈਂ ਉਠਣਾ ਹੀ ਠੀਕ ਸਮਝਿਆ ਕਿ ਉਹਦੇ ਮਨ ਤੇ ਸਾਡੇ ਟਾਈਮ ਦੇ ਪਾਬੰਦ ਹੋਣ ਦਾ ਲੇਬਲ ਲੱਗਾ ਹੀ ਰਹੇ ਤਾਂ ਚੰਗਾ ਹੈ। ਨਹੀਂ ਤਾਂ ਜਿੰਨੀ ਕੁ ਅਸੀਂ ਟਾਈਮ ਦੀ ਪਾਬੰਦੀ ਦੇ ਮਾਲਕ ਹਾਂ, ਉਹ ਤਾਂ ਸਾਨੂੰ ਹੀ ਪਤਾ ਹੈ ਕਿ ਮਜਬੂਰੀ ਦਾ ਨਾਂ ਸ਼ੁਕਰੀਆ ਹੁੰਦੈ। ਬਾਹਰ ਤਾਂ ਸਮੇਂ ਦੀ ਕਦਰ ਇਸ ਕਰਕੇ ਹੁੰਦੀ ਏ ਕਿ ਜੇ ਕੋਈ 5 ਮਿੰਟ ਕੰਮ 'ਤੇ ਲੇਟ ਪਹੁੰਚੇ ਤਾਂ ਅਗਲਿਆਂ ਨੇ 15 ਮਿੰਟਾਂ ਦੇ ਪੈਸੇ ਕੱਟ ਲੈਣੇ ਹੁੰਦੇ ਹਨ ਤੇ ਪੈਸੇ ਕਟਾਉਣੇ ਤਾਂ ਸਾਡੇ ਲਈ ਮੌਤ ਬਰਾਬਰ ਹੁੰਦੇ ਆ। ਫਿਰ ਮੈਂ ਉਠ ਪਿਆ ਤੇ ਆਪਣੇ ਭਰਾ ਨੂੰ ਵਾਜ਼ ਮਾਰੀ ਤਾਂ ਉਹ ਵੀ ਜਾਗਦਾ ਹੀ ਸੀ। ਨਾਲੇ ਮੈਨੂੰ ਇਹ ਵੀ ਪਤਾ ਸੀ ਕਿ ਮੇਰੇ ਭਰਾ ਨੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਤਾਂ ਹਰ ਹਾਲਤ ਵਿਚ ਕਰਨਾ ਹੈ ਤੇ ਉਨ੍ਹਾਂ ਨੂੰ ਕਿਹਾ ਕਿ ਉਠੀਏ ਤੇ ਤਿਆਰ ਹੋਈਏ। ਗੱਲ ਕੀ ਅਸੀਂ 6.30 ਵਜੇ ਤਕ ਤਿਆਰ-ਬਿਆਰ ਹੋ ਕੇ ਅਟੈਚੀ ਬੰਦ ਕਰਕੇ ਕਮਰੇ ਤੋਂ ਬਾਹਰ ਆ ਗਏ। ਗ੍ਰੰਥੀ ਸਿੰਘ ਨੇ ਲਾਂਗਰੀ ਹੱਥ ਸਾਡੇ ਲਈ ਚਾਹ ਪਹਿਲਾਂ ਹੀ ਭੇਜ ਦਿੱਤੀ ਸੀ। ਹੁਣ ਬਾਹਰ ਨਿਕਲ ਕੇ ਦਿਨ ਹੋਣ ਕਰਕੇ ਆਲਾ-ਦੁਆਲਾ ਸਾਫ ਦਿਸਦਾ ਸੀ।



ਉਥੋਂ ਦੇ ਗ੍ਰੰਥੀ ਸਿੰਘ ਭਾਈ ਬਲਜਿੰਦਰ ਸਿੰਘ ਤੇ ਕਾਦਿਰ ਭਾਈ ਨੇ ਦੱਸਿਆ ਕਿ ਜਿੱਥੇ ਇਹ ਗੁਰਦੁਆਰਾ ਸ਼ਹੀਦ ਗੰਜ ਸਿੰਘ-ਸਿੰਘਣੀਆਂ ਬਣਿਆ ਹੋਇਆ ਹੈ, ਇਥੇ ਮੀਰ ਮਨੂੰ ਦੀ ਜੇਲ੍ਹ ਸੀ ਜਿਸ ਦੀਆਂ ਕੋਠੜੀਆਂ ਅਜੇ ਵੀ ਉਥੇ ਹਨ ਤੇ ਕਾਫੀ ਨੀਵੀਆਂ ਵੀ ਹਨ। ਬਸ ਭੋਰੇ ਵਾਂਗਰ ਬੰਦ ਹੀ ਹਨ। ਇਹ ਜੇਲ੍ਹ ਸਿਰਫ ਸਿੱਖਾਂ ਲਈ ਹੀ ਬਣਾਈ ਹੋਈ ਸੀ। ਇਹ ਕੋਠੜੀਆਂ ਦੇਖਣ ਲਈ ਅਸੀਂ ਵਿਚ ਵੜ ਗਏ। ਅਸਲ ਵਿਚ ਇਹੋ ਹੀ ਉਹ ਕੋਠੜੀਆਂ ਹਨ ਜਿਥੇ ਸਿੱਖ ਬੀਬੀਆਂ ਨੂੰ ਉਨ੍ਹਾਂ ਦੇ ਬੱਚਿਆਂ ਸਮੇਤ ਕੈਦ ਕਰਕੇ ਉਨ੍ਹਾਂ ਤੋਂ ਸਵਾ ਸਵਾ ਮਣ ਦੇ ਪੀਸਣੇ ਪਿਸਵਾਏ ਜਾਂਦੇ ਸਨ ਤੇ 8 ਪਹਿਰਾਂ ਵਿਚ ਇਕ ਰੋਟੀ ਖਾਣ ਨੂੰ ਦਿੱਤੀ ਜਾਂਦੀ ਸੀ। ਉਨ੍ਹਾਂ ਕੋਠੜੀਆਂ ਵਿਚ ਦੋ ਥਾਂਵਾਂ 'ਤੇ ਚੱਕੀ ਦੇ ਪੁੜ ਵੀ ਪਏ ਸਨ ਪਰ ਟੁੱਟੇ ਹੋਏ ਤੇ ਕਾਫੀ ਭਾਰੇ ਵੀ ਲੱਗਦੇ ਸਨ। ਇਕ ਗੱਲ ਜਿਹੜੀ ਕਾਦਿਰ ਭਾਈ ਨੇ ਨਵੀਂ ਦੱਸੀ ਉਹ ਸੀ ਚੱਕੀ ਦੇ ਉਪਰਲੇ ਪੁੜ ਦਾ ਭਾਰ, ਜਿਸਨੂੰ ਹੱਥ ਨਾਲ ਘੁਮਾਉਣਾ ਹੁੰਦਾ ਹੈ, ਸਵਾ ਮਣ ਪੱਕਾ ਸੀ, ਮਤਲਬ ਅੱਧੇ ਕੁਇੰਟਲ ਦੇ ਨੇੜੇ ਤੇੜੇ, ਜਿਸ ਨੂੰ ਸਾਰਾ ਦਿਨ ਬੀਬੀਆਂ ਘੁਮਾ ਕੇ ਆਟਾ ਪੀਂਹਦੀਆਂ ਸੀ ਤੇ ਕੁੱਛੜ ਹੁੰਦੇ ਸੀ ਦੁੱਧ-ਚੁੰਘਦੇ ਨਿਆਣੇ। ਇਹ ਉਹ ਸਮਾਂ ਸੀ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖੇ ਜਾਣ ਕਰਕੇ ਸਿੱਖ ਰੂਪੋਸ਼ ਹੋ ਕੇ ਘਰਾਂ ਤੋਂ ਚਲੇ ਗਏ ਸਨ ਤੇ ਹਕੂਮਤ ਨੇ ਪਿੱਛੇ ਰਹਿੰਦੀਆਂ ਸਿੱਖ ਬੀਬੀਆਂ ਤੇ ਬੱਚਿਆਂ ਨੂੰ ਕੈਦ ਕਰ ਲਿਆਂਦਾ ਸੀ। ਇਹੀ ਉਹ ਥਾਂ ਹੈ ਜਿੱਥੇ ਸਿੱਖ ਬੀਬੀਆਂ ਕੋਲੋਂ ਉਨ੍ਹਾਂ ਦੇ ਬੱਚਿਆਂ ਨੂੰ ਖੋਹ ਕੇ ਉਪਰ ਹਵਾ ਵਿਚ ਉਲਾਰ ਕੇ ਸੁੱਟਦੇ ਸੀ ਤੇ ਥੱਲੇ ਡਿੱਗਣ ਵੇਲੇ ਬਰਛਾ ਕਰ ਦਿੰਦੇ ਸਨ ਜਿਸ ਵਿਚ ਬੱਚਾ ਪਰੁੰਨਿਆ ਜਾਂਦਾ ਸੀ ਤੇ ਉਹਦੀਆਂ ਆਂਦਰਾਂ ਬਾਹਰ ਖਿੱਚ ਕੇ ਉਹਦੀ ਹੀ ਬੇਬਸ ਮਾਂ ਦੇ ਗਲ ਵਿਚ ਪਾ ਦਿੱਤੀਆਂ ਜਾਂਦੀਆਂ ਤੇ ਫਿਰ ਚੱਕੀ ਪੀਹਣ ਲਾ ਦਿੱਤਾ ਜਾਂਦਾ। ਇਕੋ ਹੀ ਸਵਾਲ ਉਨ੍ਹਾਂ ਮੂਹਰੇ ਰੱਖਿਆ ਜਾਂਦਾ ਕਿ ਤੁਹਾਡੇ ਸਿੱਖ ਖਤਮ ਹੋ ਗਏ, ਤੁਸੀਂ ਮੁਸਲਮਾਨ ਬਣ ਜਾਓ, ਕੀ ਰੱਖਿਆ ਹੁਣ ਸਿੱਖੀ ਵਿਚ।

ਇਤਿਹਾਸ ਗਵਾਹ ਹੈ ਕਿ ਇਕ ਵੀ ਬੀਬੀ ਡੋਲੀ ਨਹੀਂ ਤੇ ਉਨ੍ਹਾਂ ਦਾ ਅੰਤ ਵੀ ਇਨ੍ਹਾਂ ਕਾਲ ਕੋਠੜੀਆਂ ਵਿਚ ਹੀ ਹੋਇਆ। ਇਨ੍ਹਾਂ ਹੀ ਸਿੰਘਣੀਆਂ ਦਾ ਜ਼ਿਕਰ ਅਰਦਾਸ ਵਿਚ 'ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ' ਕਰਕੇ ਯਾਦ ਕੀਤਾ ਜਾਂਦਾ ਹੈ। ਜਿਹੜੇ ਚੱਕੀ ਦੇ ਪੁੜ ਪਏ ਸਨ, ਉਨ੍ਹਾਂ ਬਾਰੇ ਪੁੱਛਿਆ ਤਾਂ ਉਸਨੇ ਦੱਸਿਆ ਕਿ ਜਦੋਂ ਨਵਾਂ ਗੁਰਦੁਆਰਾ ਬਣਾਉਣ ਵੇਲੇ ਕੁਝ ਕੋਠੜੀਆਂ ਢਾਹ ਕੇ ਨੀਂਹਾਂ ਪੁੱਟੀਆਂ ਤਾਂ ਇਹ ਚੱਕੀ ਦੇ ਪੁੜ ਵੀ ਉਥੋਂ ਮਿਲੇ ਤੇ ਇਸ ਕਰਕੇ ਲੱਗਦਾ ਇਹੀ ਹੈ ਕਿ ਇਹ ਮੀਰ ਮੰਨੂ ਦੀ ਜੇਲ੍ਹ ਦੀਆਂ ਹੀ ਚੱਕੀਆਂ ਹੋਣੀਆਂ ਹਨ। ਇਨ੍ਹਾਂ ਕੋਠੜੀਆਂ ਦੇ ਅੱਗੇ ਤੇ ਗੁਰਦੁਆਰੇ ਦੀ ਨਵੀਂ ਬਿਲਡਿੰਗ ਦੇ ਨਾਲ ਵੱਡਾ ਖੂਹ ਹੈ ਜੋ ਕਾਫੀ ਡੂੰਘਾ ਤੇ ਹੁਣ ਸੁੱਕਾ ਸੀ, ਉਸ ਖੂਹ ਬਾਰੇ ਸਾਨੂੰ ਗ੍ਰੰਥੀ ਸਿੰਘ ਤੇ ਕਾਦਿਰ ਭਾਈ ਨੇ ਇਕੋ ਜਿਹੀ ਹੀ ਗੱਲ ਦੱਸੀ ਕਿ ਇਸ ਖੂਹ ਵਿਚ ਬਹੁਤ ਸਾਰੀਆਂ ਸਿੱਖ ਬੀਬੀਆਂ ਨੇ ਆਪਣੀ ਇੱਜ਼ਤ ਬਚਾਉਣ ਖਾਤਰ ਛਾਲਾਂ ਮਾਰ ਦਿੱਤੀਆਂ ਸਨ, ਪਰ ਇਹ ਗੱਲ ਉਨ੍ਹਾਂ ਦੀ ਮੈਨੂੰ ਜੇ ਝੂਠੀ ਨਹੀਂ ਤਾਂ ਸਹੀ ਵੀ ਨਾ ਲੱਗੀ। ਆਪਣੇ ਭਰਾ ਨੂੰ ਜੋ ਇਤਿਹਾਸ ਦੇ ਅਧਿਆਪਕ ਵੀ ਰਹੇ ਹਨ, ਪੁੱਛਿਆ ਤਾਂ ਉਨ੍ਹਾਂ ਦਾ ਵੀ ਇਹੋ ਵਿਚਾਰ ਸੀ ਕਿ ਸਿੱਖ ਬੀਬੀਆਂ 'ਤੇ ਤਸ਼ੱਦਦ, ਮੁਸ਼ੱਕਤ ਤੇ ਬੱਚਿਆਂ ਨੂੰ ਕੋਹ ਕੋਹ ਕੇ ਮਾਰਨ ਤੇ ਗਲ 'ਚ ਆਂਦਰਾਂ ਦੇ ਹਾਰ ਪਾਉਣ ਦੀ ਗੱਲ ਤਾਂ ਹਰ ਕਿਤਾਬ ਵਿਚ ਹੈ ਪਰ ਕੈਦ ਵਿਚੋਂ ਨੱਠ ਕੇ, ਖੂਹ 'ਚ ਛਾਲ ਮਾਰਕੇ ਆਤਮ-ਹੱਤਿਆ ਕਰਨ ਦਾ ਵੇਰਵਾ ਨਹੀਂ ਮਿਲਿਆ ਕਿਤੇ। ਅਸਲ ਵਿਚ ਇਹ ਉਹੋ ਖੂਹ ਹੈ ਜਿੱਥੇ ਜੇਲ੍ਹ ਵਿਚ ਤਸੀਹਿਆਂ ਤੋਂ ਬਾਅਦ ਬੱਚਿਆਂ ਨੂੰ ਕਤਲ ਕਰਕੇ ਲਾਸ਼ਾਂ ਸੁੱਟ ਦਿੱਤੀਆਂ ਜਾਂਦੀਆਂ ਸਨ, ਇਹ ਜੇਲ੍ਹ ਨਖਾਸ਼ ਚੌਂਕ ਵਿਚ ਸੀ ਤੇ ਇਸੇ ਨਖਾਸ਼ ਚੌਂਕ ਵਿਚ ਮੀਰ ਮਨੂੰ ਲੋਕਾਂ ਵਲੋਂ ਸਿੱਖਾਂ ਦੇ ਸਿਰ ਵੱਢ ਕੇ ਲਿਆਉਣ 'ਤੇ ਉਨ੍ਹਾਂ ਦਾ ਮੁੱਲ ਦਿੰਦਾ ਸੀ ਤੇ ਫਿਰ ਜੇਲ੍ਹ 'ਚ ਬਣੇ ਇਸੇ ਖੂਹ ਵਿਚ ਸਿਰ ਸੁਟਵਾ ਦਿੰਦਾ ਸੀ। ਹੋ ਸਕਦਾ ਹੈ ਕਿ ਜਿੰਨੀਆਂ ਬੀਬੀਆਂ ਨੇ ਕੈਦ ਵਿਚ ਸ਼ਹੀਦੀ ਪਾਈ, ਉਨ੍ਹਾਂ ਦੀਆਂ ਲਾਸ਼ਾਂ ਵੀ ਇਸੇ ਖੂਹ ਵਿਚ ਸੁੱਟੀਆਂ ਹੋਣ। ਇਨ੍ਹਾਂ ਸ਼ਹੀਦ ਸਿੰਘਣੀਆਂ ਨੂੰ ਭਾਵੇਂ ਰੋਜ਼ ਹੀ ਅਰਦਾਸ ਵਿਚ ਯਾਦ ਕਰੀਦਾ ਹੈ ਪਰ ਉਸ ਦਿਨ, ਉਸ ਜਗ੍ਹਾ ਤੇ ਖੜ੍ਹ ਕੇ, ਉਨ੍ਹਾਂ ਕੋਠੜੀਆਂ ਅਤੇ ਚੱਕੀਆਂ ਨੂੰ ਅੱਖੀਂ ਦੇਖ ਕੇ ਤੇ ਇਹ ਚਿਤਵ ਕੇ ਕਿ ਇਸੇ ਚੌਂਕ ਵਿਚ ਕਦੇ ਸਿਰਾਂ ਦੀ ਮੰਡੀ ਲੱਗਦੀ ਹੋਣੀ ਏ, ਉਨ੍ਹਾਂ ਬੀਬੀਆਂ, ਬੱਚਿਆਂ ਤੇ ਸਿੰਘਾਂ ਲਈ ਸ਼ਰਧਾ ਸਤਿਕਾਰ ਬਹੁਤ ਵਧ ਗਿਆ।



**ਗੁਰਦੁਆਰਾ ਰੋੜੀ ਸਾਹਿਬ, ਪਾਕਿਸਤਾਨ**

22 ਅਕਤੂਬਰ ਸਵੇਰ ਦੇ ਸਵਾ ਕੁ ਸੱਤ ਹੋ ਗਏ ਸਨ ਤੇ ਅਸੀਂ ਮਿਥੇ ਪ੍ਰੋਗਰਾਮ ਅਨੁਸਾਰ ਅੱਗੇ ਤੁਰਨਾ ਸੀ। ਅਸੀਂ ਗੁਰਦੁਆਰੇ ਦੇ ਅੰਦਰ ਜਾ ਕੇ ਮੱਥਾ ਟੇਕਿਆ। ਸਾਮਾਨ ਚੁੱਕ ਕੇ ਕਾਦਿਰ ਭਾਈ ਨੇ ਪਹਿਲਾਂ ਹੀ ਗੱਡੀ ਵਿਚ ਰੱਖ ਲਿਆ ਸੀ ਕਿਉਂਕਿ ਹੁਣ ਸਵੇਰਾ ਹੋਣ ਕਰਕੇ ਬਾਜ਼ਾਰ ਵਿਚ ਭੀੜ ਹੈ ਨਹੀਂ ਸੀ ਤੇ ਗੱਡੀ ਗੁਰਦੁਆਰੇ ਦੇ ਗੇਟ ਮੂਹਰੇ ਹੀ ਆ ਗਈ ਸੀ। ਗ੍ਰੰਥੀ ਸਿੰਘ ਨੂੰ ਫਤਿਹ ਬੁਲਾ ਕੇ ਤੇ 24 ਤਰੀਕ ਨੂੰ ਵਾਪਸ ਆਉਣ ਦਾ ਦੱਸਕੇ ਅਸੀਂ ਟੈਕਸੀ ਵਿਚ ਬਹਿ ਗਏ।

ਟੈਕਸੀ ਉਸ ਨੇ ਜੀ.ਟੀ. ਰੋਡ ਪਿਸ਼ਾਵਰ 'ਤੇ ਪਾ ਲਈ। ਰਾਵੀ ਵੀ ਲਾਹੌਰ ਸ਼ਹਿਰ ਵਿਚੋਂ ਦੀ ਲੰਘਦਾ ਹੈ ਤੇ ਪੁਲ 'ਤੇ ਕਾਫੀ ਟਰੈਫਿਕ ਹੁੰਦੀ ਹੈ। ਮੀਲ ਕੁ ਚੱਲਣ ਬਾਅਦ ਕਾਦਿਰ ਭਾਈ ਨੇ ਆਪਣਾ ਡਰਾਈਵਰ ਵੀ ਰਸਤੇ ਵਿਚੋਂ ਨਾਲ ਲੈ ਲਿਆ ਤੇ ਉਹਨੂੰ ਚਲਾਉਣ ਲਾ ਕੇ ਆਪ ਸਾਡੇ ਕੋਲ ਪਿੱਛੇ ਬਹਿ ਗਿਆ ਤੇ ਤੁਰੇ ਜਾਂਦਿਆਂ ਜਿੰਨੀ ਕੁ ਲਾਹੌਰ ਬਾਰੇ ਜਾਣਕਾਰੀ ਸੀ, ਦੇਈ ਜਾਂਦਾ ਸੀ। ਉਸ ਹਫਤੇ ਕਿਉਂਕਿ ਸਕੂਲ-ਕਾਲਜ ਬੰਦ ਸਨ ਸੋ ਸ਼ਹਿਰ ਵਿਚ ਸਕੂਲਾਂ ਦੀਆਂ ਬੱਸਾਂ ਨਹੀਂ ਦਿਸੀਆਂ। ਟੈਕਸੀ ਵਿਚੋਂ ਹੀ ਦਿਸਦਾ ਸੀ ਕਿ ਲਾਹੌਰ ਵਿਚ ਵੀ ਕ੍ਰਿਕਟ ਬੁਖਾਰ ਜ਼ੋਰਾਂ 'ਤੇ ਹੈ। ਸਾਨੂੰ ਕੋਈ ਪਾਰਕ ਜਾਂ ਗਰਾਊਂਡ ਜਾਂ ਜਿਹਨੂੰ ਅਸੀਂ ਪਿੰਡਾਂ ਵਿਚ ਖੋਲਾ ਕਹਿੰਦੇ ਹਾਂ, ਐਸਾ ਨਹੀਂ ਦਿਸਿਆ ਜਿਥੇ ਕਿਆ ਵੱਡੇ ਤੇ ਕਿਆ ਛੋਟੇ ਕ੍ਰਿਕਟ ਨਾ ਖੇਡਦੇ ਹੋਣ। ਇਹ ਜੀ ਟੀ ਰੋਡ ਵੀ ਬਹੁਤ ਵਧੀਆ ਹੈ। ਵੱਡੀ ਗੱਲ ਇਹ ਸੀ ਬਈ ਸਾਡੇ ਪੰਜਾਬ ਵਾਲੀ ਜੀ.ਟੀ. ਰੋਡ ਨਾਲੋਂ ਟਰੈਫਿਕ ਚੌਥਾ ਹਿੱਸਾ ਸੀ। ਜਿੱਦਾਂ ਸਾਡੇ ਪਾਸੇ ਬੱਸ ਤੇ ਬੱਸ ਚੜ੍ਹੀ ਆਉਂਦੀ ਹੈ, ਉਥੇ ਬੱਸਾਂ ਬਹੁਤ ਘੱਟ ਤੇ ਜ਼ਿਆਦਾ ਪ੍ਰਾਈਵੇਟ ਕੰਪਨੀਆਂ ਦੀਆਂ ਹੀ ਨਜ਼ਰ ਆਈਆਂ। ਚੀਮਾ ਕੋਚ ਤੇ ਵੜੈਚ ਬੱਸ ਸਰਵਿਸ ਦੀਆਂ ਨਵੀਆਂ-ਨਕੋਰ ਬੱਸਾਂ ਦੇਖ ਕੇ ਐਦਾਂ ਲੱਗਾ ਕਿ ਜਿਵੇਂ ਜਲੰਧਰ-ਫਗਵਾੜੇ ਹੀ ਘੁੰਮਦੇ ਹੋਈਏ। ਜੀ.ਟੀ. ਰੋਡ 'ਤੇ ਜਿਹੜੇ ਪੈਟਰੋਲ ਪੰਪ ਆਉਂਦੇ ਸਨ, ਬਹੁਤ ਹੀ ਸੋਹਣੇ ਸਨ ਤੇ ਜ਼ਿਆਦਾਤਰ ਸੀ. ਐਨ. ਜੀ. ਗੈਸ ਦੇ ਹਨ, ਓਦਾਂ ਸਾਰੇ ਪਾਕਿਸਤਾਨ ਵਿਚ ਹੀ ਸੀ.ਐਨ.ਜੀ. ਦੇ ਪੰਪ ਜ਼ਿਆਦਾ ਹਨ। ਸਾਡੇ ਵਾਲੀ ਟੈਕਸੀ ਵੀ ਸੀ.ਐਨ.ਜੀ. 'ਤੇ ਹੀ ਸੀ। ਇਹਦਾ ਰੇਟ ਵੀ ਪੈਟਰੋਲ ਨਾਲੋਂ ਕਾਫੀ ਘੱਟ ਹੈ। ਜਿੰਨਾ ਕੁ ਆਪਣੇ ਪੰਜਾਬ ਵਿਚ ਡੀਜ਼ਲ ਦਾ ਰੇਟ ਹੈ, ਉਨਾ ਕੁ ਇਹਦਾ ਹੈ ਤੇ ਇਹ ਕਿੱਲੋਆਂ ਵਿਚ ਮਿਣਤੀ ਨਾਲ ਭਰਦੇ ਹਨ। ਸਾਡੇ ਵਾਲੀ ਟੈਕਸੀ ਵਿਚ ਦੋ ਸਲੰਡਰ ਸਨ ਤੇ ਇਕ ਵਿਚ 60 ਕਿਲੋ ਪੈਂਦੀ ਸੀ। ਤਕਰੀਬਨ ਦੋਹਾਂ ਸਿਲੰਡਰਾਂ ਨਾਲ 150 ਕੁ ਕਿਲੋਮੀਟਰ ਜਾ ਹੁੰਦਾ ਸੀ।

ਲਾਹੌਰ ਤੋਂ ਤਕਰੀਬਨ 60 ਕੁ ਕਿਲੋਮੀਟਰ ਜੀ.ਟੀ. ਰੋਡ 'ਤੇ ਚਲ ਕੇ ਉਹਨੇ ਟੈਕਸੀ ਚੜ੍ਹਦੇ ਵਾਲੇ ਪਾਸੇ ਨੂੰ ਮੋੜ ਲਈ ਕਿਉਂਕਿ ਸਾਨੂੰ ਉਹ 'ਏਮਨਾਬਾਦ' ਲਿਜਾ ਰਿਹਾ ਸੀ, ਜਿੱਥੇ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰੇ ਹਨ। ਇਹ ਸੜਕ ਕੋਈ ਖਾਸ ਨਹੀਂ ਸੀ। ਆਪਣੇ ਪਿੰਡਾਂ ਵਰਗੀ ਲਿੰਕ ਰੋਡ ਅਤੇ ਦੁਆਲੇ ਹੈ ਵੀ ਪਿੰਡ ਸਨ ਜਿਹੜਾ ਸਾਨੂੰ ਹੋਰ ਵੀ ਵਧੀਆ ਲੱਗਿਆ। ਜਦ ਕਿਸੇ ਦੀ ਨਜ਼ਰ ਟੈਕਸੀ ਵਿਚ ਸਾਡੇ, ਪੱਗਾਂ ਵਾਲਿਆਂ ਤੇ ਪੈਂਦੀ ਤਾਂ ਖੜ੍ਹ ਕੇ ਜ਼ਰੂਰ ਦੇਖਦੇ। ਖੇਤਾਂ ਵਿਚ ਫਸਲ ਝੋਨਾ ਜਾਂ ਬਾਸਮਤੀ ਉਸ ਵਕਤ ਤਿਆਰ ਹੋ ਗਈ ਸੀ, ਪੱਠੇ ਪਸ਼ੂਆਂ ਲਈ ਚਰ੍ਹੀ ਦੇ ਲੱਗਦੇ ਸਨ। ਏਮਨਾਬਾਦ ਤਹਿਸੀਲ ਹੈਡਕੁਆਰਟਰ ਹੈ ਤੇ ਜ਼ਿਲ੍ਹਾ ਸਿਆਲਕੋਟ ਵਿਚ ਪੈਂਦਾ ਹੈ। ਇਥੇ ਹੀ ਸ਼ਹਿਰੋਂ ਬਾਹਰ ਗੁਰਦੁਆਰਾ ਰੋੜੀ ਸਾਹਿਬ ਹੈ ਤੇ ਉਥੋਂ ਤੱਕ ਪੱਕੀ ਸੜਕ ਹੈ। ਗੁਰਦੁਆਰੇ ਤੋਂ ਥੋੜ੍ਹਾ ਉਰ੍ਹਾਂ ਇਕ ਖੁੱਲ੍ਹਾ ਮੈਦਾਨ ਹੈ ਤੇ ਕਾਦਿਰ ਭਾਈ ਨੇ ਦੱਸਿਆ ਕਿ ਇਥੇ ਵਿਸਾਖੀ ਨੂੰ ਬਹੁਤ ਵੱਡਾ ਮੇਲਾ ਲੱਗਦਾ, ਘੋਲ ਵੀ ਹੁੰਦੇ ਹਨ। ਜਦੋਂ ਉਹਨੂੰ ਪੁੱਛਿਆ ਕਿ ਇਸ ਮੇਲੇ ਦਾ ਵਿਸਾਖੀ ਨਾਲ ਸੰਬੰਧ ਹੋਣ ਕਰਕੇ, ਸਿੱਖਾਂ ਨਾਲ ਵੀ ਕੋਈ ਸੰਬੰਧ ਹੈ ਤਾਂ ਉਹ ਕਹਿੰਦਾ ਕਿ ਸ਼ਾਇਦ ਇਹ ਗੱਲ ਨਹੀਂ। ਓਦਾਂ ਉਹ ਕਹਿੰਦਾ ਸੀ ਪਈ ਜਦੋਂ 1947 ਤੋਂ ਪਹਿਲਾਂ ਇਹ ਮੇਲਾ ਲੱਗਦਾ ਸੀ ਤਾਂ ਸਿਆਣੇ ਕਹਿੰਦੇ ਹਨ ਕਿ ਸਿੱਖ ਜ਼ਿਆਦਾਤਰ ਪਹਿਲਾਂ ਗੁਰਦੁਆਰੇ ਆਉਂਦੇ ਸੀ ਤੇ ਮੱਥਾ ਟੇਕ ਕੇ ਫਿਰ ਮੇਲਾ ਦੇਖਦੇ ਸੀ। ਬਾਅਦ ਵਿਚ ਵੀ ਇਹ ਮੇਲਾ ਅੱਜ ਤਕ ਚੱਲਦਾ ਹੀ ਹੈ।

*(ਬਾਕੀ ਅਗਲੇ ਅੰਕ 'ਚ)*

# ਗੁਰੂ ਗ੍ਰੰਥ ਸਾਹਿਬ 'ਚ ਸਮਾਜਕ ਤਬਦੀਲੀ ਦਾ ਗਤੀਸ਼ੀਲ ਮਾਡਲ

### (ੳ) ਹਉਮੈ ਮਾਰਗ

1. ਦ੍ਰਿਸ਼ਟ ਅਦ੍ਰਿਸ਼ਟ, ਸਾਰੀ ਸ੍ਰਿਸ਼ਟੀ ਅਤੇ ਉਸਦਾ ਸੰਪੂਰਨ ਇਤਿਹਾਸ ਇਕ ਸ੍ਵੈ-ਚੇਤਨ ਸਮੁੱਚਤਾ ਵਿਚ ਬੱਝਿਆ ਹੋਇਆ ਮਨ ਹੈ। ਇਹ ਸਮੁੱਚਤਾ ਸਮੇਂ-ਸਥਾਨ ਅਤੇ ਪਦਾਰਥ-ਊਰਜਾ ਦੀ ਕੈਦ ਤੋਂ ਪਾਰ ਇਕ ਅਜਿਹੀ ਭਰਪੂਰ ਅਵਸਥਾ ਹੈ ਜਿੱਥੇ ਇਸ ਅੰਦਰਲੇ ਤਮਾਮ ਵਿਰੋਧੀ ਅਰਥਾਂ ਦੀ ਗੂੰਜ ਮਿਲ ਕੇ ਇਕ ਸੰਪੂਰਨ ਸੰਨਾਟਾ ਪੈਦਾ ਕਰ ਦਿੰਦੀ ਹੈ। ਇਹ ਸੰਪੂਰਨ ਸੰਨਾਟਾ ਹੀ ਸੁੰਨ-

ਅਮਰਜੀਤ ਸਿੰਘ ਗਰੇਵਾਲ

ਸ਼ਬਦ ਜਾਂ ਪਾਰ-ਬ੍ਰਹਮ ਹੈ ਜੋ ਜੀਵ ਆਤਮਾ ਅਤੇ ਬ੍ਰਹਮ ਦੇ ਟਕਰਾਅ ਤੋਂ ਪਾਰ ਸਮੁੱਚਤਾ ਦੀ ਆਪਣੇ ਆਪ 'ਚ ਲੱਗੀ ਹੋਈ ਸ਼ੁਧ ਗਿਆਨ ਰੂਪੀ ਅਕਾਲਿਕ ਅਤੇ ਅ-ਸਥਾਨਕ ਮੌਨ ਸਮਾਧੀ ਹੈ;

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨਮ ਸੁੰਨੰ॥
ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ॥
ਘਟਿ ਘਟਿ ਸੁੰਨ ਕਾ ਜਾਣੈ ਭੇਉ॥
ਆਦਿ ਪੁਰਖੁ ਨਿਰੰਜਨ ਦੇਉ॥
ਜੋ ਜਨੁ ਨਾਮ ਨਿਰੰਜਨ ਰਾਤਾ॥
ਨਾਨਕ ਸੋਈ ਪੁਰਖੁ ਬਿਧਾਤਾ॥
(1, 51, ਪੰਨਾ 943)

ਜੀਵ ਆਤਮਾ ਅਤੇ ਬ੍ਰਹਮ ਦੋਨੋਂ ਲਗਾਤਾਰ ਤਬਦੀਲ ਹੋਣ ਵਾਲੇ ਗਤੀਸ਼ੀਲ ਸੰਕਲਪ ਹਨ। ਨਾਲੇ ਫੇਰ ਇਨ੍ਹਾਂ ਦੀ ਹੋਂਦ ਵੀ ਇਕ ਦੂਸਰੇ ਨਾਲ ਰਿਸ਼ਤੇ ਵਿਚ ਹੀ ਬੱਝੀ ਹੋਈ ਹੈ। ਜੀਵ ਆਤਮਾ ਹੈ ਤਾਂ ਉਸ ਦਾ ਬ੍ਰਹਮ ਵੀ ਹੈ। ਬ੍ਰਹਮ ਹੈ ਤਾਂ ਉਸ ਨੂੰ ਆਪਣੀ ਸੁਰਤਿ ਵਿਚ ਪ੍ਰਕਾਸ਼ਮਾਨ ਕਰਨ ਵਾਲੀਆਂ ਜੀਵ ਆਤਮਾਵਾਂ ਵੀ ਹਨ ਪਰ ਪਾਰ-ਬ੍ਰਹਮ ਜੋ ਸਾਰੀ ਤਬਦੀਲੀ ਨੂੰ ਆਪਣੇ ਅੰਦਰ ਸਮਾਈ ਬੈਠਾ ਹੈ, ਇਨ੍ਹਾਂ ਤੋਂ ਪਾਰ ਇਕੋ ਇਕ ਸਦੀਵੀ ਅਤੇ ਸਥਾਈ ਸਤਿ ਹੈ:

ਨਰਕੁ ਸੁਰਗੁ ਨਹੀ ਜੰਮਣੁ ਮਰਣਾ
ਨਾ ਕੋ ਆਇ ਨ ਜਾਇਦਾ॥3॥
ਬ੍ਰਹਮਾ ਬਿਸਨੁ ਮਹੇਸੁ ਨ ਕੋਈ॥
ਅਵਰੁ ਨ ਦੀਸੈ ਏਕੋ ਸੋਈ॥
ਬੇਦ ਕਤੇਬ ਨ ਸਿੰਮ੍ਰਿਤਿ ਸਾਸਤ॥
ਪਾਠ ਪੁਰਾਣ ਉਦੈ ਨਹੀ ਆਸਤ॥
ਕਹਤਾ ਬਕਤਾ ਆਪਿ ਅਗੋਚਰੁ
ਆਪੇ ਅਲਖੁ ਲਖਾਇਦਾ॥13॥
(ਆਦਿ ਗ੍ਰੰਥ, ਮਾਰੂ 1, ਸੋ-3, ਪੰਨਾ 1035-36)

ਸੁੰਨ ਸਰੂਪ ਪਾਰ-ਬ੍ਰਹਮ (ਨਿਰਗੁਨ) ਅਤੇ ਸਮੁੱਚਾ ਟਾਈਮ-ਸਪੇਸ (ਸਰਗੁਨ) ਦੋ ਅਲੱਗ ਅਲੱਗ ਹਸਤੀਆਂ ਨਹੀਂ। ਸਮਾਨੰਤਰ ਹੋਂਦ ਵਿਚ ਬੱਝੇ ਹੋਏ ਇਕੋ ਇਕ ਸਤਿ ਦੇ ਦੋ ਪਰਿਪੂਰਨ ਰੂਪ ਹਨ-

''ਸੋਈ ਗੁਪਤੁ ਸੋਈ ਆਕਾਰੁ॥''

2. ਵਿਸ਼ਾਲ ਸਮੁੰਦਰ ਵਿਚ ਪੈਦਾ ਹੋ ਕੇ ਖ਼ਤਮ ਹੋ ਜਾਣ ਵਾਲੀਆਂ ਲਹਿਰਾਂ ਸਮੁੰਦਰ ਦੀ ਨਿਰੰਤਰਤਾ ਦਾ ਹੀ ਅੰਸ਼ ਹੋਣ ਕਾਰਨ ਸਤਿ ਹੁੰਦੀਆਂ ਹਨ ਪਰ ਇਨ੍ਹਾਂ ਲਹਿਰਾਂ ਦੀ ਸਮੁੰਦਰ ਅਤੇ ਸਮੁੰਦਰ ਦੇ ਇਤਿਹਾਸ ਤੋਂ ਵੱਖਰੀ ਕੋਈ ਆਜ਼ਾਦ ਹੋਂਦ ਨਹੀਂ ਹੁੰਦੀ। ਬਿਲਕੁਲ ਇਸੇ ਤਰ੍ਹਾਂ ਸੁੰਨ ਸ਼ਬਦ (ਨਿਰਗੁਨ) ਵਿਚੋਂ ਪੈਦਾ ਹੋਣ ਵਾਲੀ ਸ੍ਰਿਸ਼ਟੀ ਅਤੇ ਉਸਦਾ ਸਮੁੱਚਾ ਇਤਿਹਾਸ (ਸਰਗੁਨ) ਸਤਿ ਤਾਂ ਹਨ, ਪਰ ਇਨ੍ਹਾਂ ਦੀ ਸੁੰਨ ਸ਼ਬਦ ਤੋਂ ਵੱਖਰੀ ਅਤੇ ਆਜ਼ਾਦ ਹੋਂਦ ਵਿਚ ਵਿਸ਼ਵਾਸ ਨਿਸ਼ਚੇ ਹੀ ਇਕ ਭਰਮ ਹੈ ਜੋ ਸਤਿ ਨਹੀਂ:

''ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥
ਦਿਰਸਟਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥''

ਸੋ ਇਸ ਸ੍ਰਿਸ਼ਟੀ ਦਾ ਸਤਿ ਅਤੇ ਇਸਦੀ ਪਹਿਚਾਣ ਇਸਦੇ ਸਮੁੱਚਤਾ ਦਾ ਅਨਿਖੜਵਾਂ ਅੰਗ ਹੋਣ ਵਿਚ ਹੀ ਹੈ।

ਵੱਖਰੀ ਅਤੇ ਆਜ਼ਾਦ ਹੋਂਦ ਦਾ ਭਰਮ ਹੀ ਮਾਇਆ ਹੈ। ਇਹ ਅਗਿਆਨ ਵਿਚੋਂ ਪੈਦਾ ਹੁੰਦੀ ਹੈ- ''ਮਾਇਆ ਮੋਹ ਅਗਿਆਨ ਹੈ।'' ਗਿਆਨ ਕਾਰਨ ਜਿਹੜੀ ਹੋਂਦ ਸਤਿ ਹੈ-ਇਹ ਜੱਗ ਸੱਚੇ ਕੀ ਕੋਠੜੀ ਹੈ-ਅਗਿਆਨ ਕਾਰਨ ਉਹੋ ਹੋਂਦ ਅਸਤਿ (ਮਾਇਆ) ਹੈ-ਰੈਨਿ ਕੇ ਸੁਪਨੇ ਜੈਸੀ ਬਣ ਜਾਂਦੀ ਹੈ।

ਸੋ ਇਹ ਜਗਤ, ਇਹ ਰਚਨਾ, ਇਹ ਇਤਿਹਾਸ, ਇਹ ਦ੍ਰਿਸ਼ਟਮਾਨ ਸੰਸਾਰ ਸਭ ਸੱਚ ਹੈ। ਪਰ ਇਸਦੀ ਸ੍ਵੈ-ਚੇਤਨ ਸੁੰਨ ਸਰੂਪ ਪਾਰ-ਬ੍ਰਹਮ ਤੋਂ ਵੱਖਰੀ ਅਤੇ ਆਜ਼ਾਦ ਹੋਂਦ ਵਿਚ ਵਿਸ਼ਵਾਸ ਝੂਠ ਹੈ, ਭਰਮ ਹੈ, ਦੁਬਿਧਾ ਹੈ, ਦ੍ਵੈਤ ਹੈ, ਮਾਇਆ ਹੈ, ਬੰਧਨ ਹੈ, ਸਰਾਪ ਹੈ, ਦੁੱਖ ਹੈ, ਅਗਿਆਨ ਹੈ, ਵਿਛੋੜਾ ਹੈ, ਵਿਯੋਗ ਹੈ, ਤੜਪ ਹੈ, ਤਾਂਘ ਹੈ:

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ
ਕਿਤੁ ਕਿਤੁ ਦੁਖਿ ਬਿਨਸਿ ਜਾਈ॥
ਹਉਮੈ ਵਿਚਿ ਜਗੁ ਉਪਜੈ ਪੁਰਖਾ
ਨਾਮਿ ਵਿਸਰਿਐ ਦੁਖੁ ਪਾਈ॥
(ਆਦਿ ਗ੍ਰੰਥ, ਰਾਮਕਲੀ 1, ਸਿਧ ਗੋਸਟਿ, 98, ਪੰਨਾ 946)

3. ਮਾਇਆ ਕਾਰਨ ਮਨੁੱਖ ਵਿਚ ਹਉਮੈ ਉਪਜਦੀ ਹੈ। ਇਹ ਹਉਮੈ ਫੇਰ ਜਗਤ ਦੀ ਵੰਡੀ ਪਾ ਕੇ ਇਸ ਨੂੰ ''ਮੈਂ'' (ਸਬਜੈਕਟ) ਅਤੇ ''ਜਗਤ ਮਨਫ਼ੀ ਮੈਂ'' (ਅਬਜੈਕਟ) ਵਿਚ ਤਬਦੀਲ ਕਰ ਦਿੰਦੀ ਹੈ। 'ਮੈਂ' ਅਤੇ 'ਸ਼ਰੀਰ', ''ਮੈਂ'' ਅਤੇ ''ਉਹ'', ''ਮੈਂ'' ਅਤੇ 'ਸੰਸਾਰ' ਆਦਿ ਵਿਚ ਵੰਡ ਵੀ ਇਸ ਹਉਮੈ ਕਾਰਨ ਹੀ ਉਪਜਦੀ ਹੈ।

ਮਨੁੱਖ ਅੰਦਰ ਜਾਗੀ ਹਉਮੈ ਸਮੁੱਚਤਾ ਦੇ ਅਨੁਭਵ ਦੀ ਏਕਤਾ ਨੂੰ ਅਨੇਕਤਾ ਵਿਚ ਖੰਡ ਖੰਡ ਕਰ ਦਿੰਦੀ ਹੈ। ਖੰਡ ਖੰਡ ਹੋਇਆ ਅਨੁਭਵ ਆਪਣੇ ਟੋਟਿਆਂ ਦੇ ਜੋੜ-ਤੋੜ (ਜੋ ਹਉਮੈ ਦੀ ਆਜ਼ਾਦੀ ਅਤੇ ਸਿਰਜਣਾਤਮਕਤਾ ਹੈ) ਰਾਹੀਂ ਹੀ ਬੋਲੀ, ਸਭਿਆਚਾਰ ਅਤੇ ਦ੍ਰਿਸ਼ਟਮਾਨ ਦੀ ਰਚਨਾ ਕਰਦਾ ਹੈ। ਉਦਾਹਰਣ ਦੇ ਤੌਰ 'ਤੇ ਜਦੋਂ ਔਰਤ ਦਾ ਔਰਤਪਣ ਮਾਂ, ਧੀ, ਭੈਣ, ਭਰਜਾਈ, ਪਤਨੀ, ਮਾਸ਼ੂਕ ਆਦਿ ਵਿਚ ਵਿਖੰਡਿਤ ਹੁੰਦਾ ਹੈ ਤਾਂ ਕੇਵਲ ਉਦੋਂ ਹੀ ਸਭਿਆਚਾਰਕ ਪਹਿਚਾਣ ਅਤੇ ਵਿਕਾਸ ਦਾ ਕੰਮ ਸ਼ੁਰੂ ਹੁੰਦਾ ਹੈ।


ਸ੍ਰਿਸ਼ਟੀ, ਸਭਿਆਚਾਰ, ਵਿਭਿੰਨਤਾ, ਵਿਸ਼ਾਲਤਾ ਅਤੇ ਵਿਲੱਖਣਤਾ ਦੇ ਰੂਪ ਵਿਚ ਖਿਲਰੀ ਪਈ ਮਾਇਆ ਸਭ ਹਉਮੈ ਕਾਰਨ ਹੀ ਪੈਦਾ ਹੋਈ ਹੈ-

''ਹਉ ਵਿਚ ਮਾਇਆ, ਹਉ ਵਿਚ ਛਾਇਆ॥
ਹਉਮੈ ਕਰਿ ਕਰਿ ਜੰਤ ਉਪਾਇਆ॥''

ਇਹ ਹਉਮੈ ਜਿਸ ਨੂੰ ਹੀਗਲ ਨੇ ਮਨੋਵੇਗ (ਪੈਸ਼ਨ) ਆਖ ਕੇ ਇਤਿਹਾਸਕ ਗਤੀਸ਼ੀਲਤਾ ਦੀ ਚਾਲਕ ਸ਼ਕਤੀ ਕਿਹਾ ਹੈ, ਮਾਰਕਸ ਦੀਆਂ ਲਿਖਤਾਂ ਵਿਚ 'ਪੈਸ਼ਨ ਆਫ ਗਰੀਡ' (ਤਮ੍ਹਾਂ ਦੀ ਭੁੱਖ) ਦੇ ਨਾਮ ਹੇਠ ਮਨੁੱਖ ਨੂੰ ਉਸਦੇ ਅਸਲੇ ਨਾਲੋਂ ਨਿਖੇੜ ਕੇ ਭਾਵ ਐਲੀਨੇਟ ਕਰਕੇ ਸਮਾਜਕ ਇਤਿਹਾਸ ਦੀ ਚਾਲਕ ਸ਼ਕਤੀ ਬਣੀ ਰਹੀ।

ਮਨੁੱਖ ਦੀ ਦੌਲਤ ਅਤੇ ਸ਼ਕਤੀ ਪ੍ਰਤੀ ਭੁੱਖ ਜਾਂ ਹਉਮੈ ਨੇ ਹੀ ਉਸ ਨੂੰ ਜੰਗਲਾਂ ਵਿਚੋਂ ਭੋਜਨ ਲੱਭ ਕੇ ਗੁਜ਼ਾਰਾ ਕਰਨ ਵਾਲੇ ਵਿਅਕਤੀ ਤੋਂ ਖੰਡਾਂ ਬ੍ਰਹਿਮੰਡਾਂ ਦੀ ਸੈਰ ਕਰਨ ਵਾਲੇ ਅਤੇ ਸਾਰੀ ਮਨੁੱਖ ਜਾਤੀ ਨੂੰ ਇਕ ਸਾਂਝੇ ਸੰਚਾਰ ਨੈਟਵਰਕ ਵਿਚ ਬੰਨ੍ਹ ਕੇ ਅੱਗੇ ਵਧਣ ਵਾਲੇ ਮਨੁੱਖ ਵਿਚ ਤਬਦੀਲ ਕਰ ਦਿੱਤਾ ਹੈ। ਸਟਰਗਲ ਫਾਰ ਇਗਜ਼ਿਸਟੈਂਸ (ਹੋਂਦ ਲਈ ਸੰਘਰਸ਼) ਨੂੰ ਸਟਰਗਲ ਫਾਰ ਪਾਵਰ (ਤਾਕਤ ਲਈ ਸੰਘਰਸ਼) ਵਿਚ ਇਸ ਹਉਮੈ ਨੇ ਹੀ ਤਬਦੀਲ ਕੀਤਾ ਹੈ।

ਜਦੋਂ ਕਿਸੇ ਪੂੰਜੀਪਤੀ ਦੀ ਭੁੱਖ ਏਨੀ ਵਧ ਜਾਵੇ ਕਿ ਕੋਈ ਇਕ ਦੇਸ਼ (ਉਸਦਾ ਆਪਣਾ ਦੇਸ਼) ਉਸ ਦੀ ਭੁੱਖ ਨਾ ਮਿਟਾ ਸਕੇ ਤਾਂ ਉਹ ਸਾਰੀ ਦੁਨੀਆਂ ਵਿਚ ਆਪਣਾ ਵਪਾਰ ਅਤੇ ਕਾਰਖਾਨੇ ਖੋਲ੍ਹਣ ਲਈ ਤੁਰ ਪੈਂਦਾ ਹੈ। ਉਸ ਲਈ ਕੌਮੀ ਸਰਹੱਦਾਂ ਦੇ ਕੋਈ ਮਾਅਨੇ ਨਹੀਂ ਰਹਿ ਜਾਂਦੇ। ਇਸ ਤਰ੍ਹਾਂ ਮਨੁੱਖੀ ਹਉਮੈ ਅਤੇ ਉਸ ਦੀ ਮਾਇਆ (ਪੂੰਜੀ ਅਤੇ ਪਾਵਰ) ਲਈ ਭੁੱਖ ਹੀ ਸੰਸਾਰ ਨੂੰ ਇਕ ਹੋਣ ਦੇ ਰਸਤੇ ਪਾ ਰਹੀ ਹੈ। ਦੁਨੀਆਂ ਦੇ ਮਿਹਨਤਕਸ਼ਾਂ, ਵਿਦਵਾਨਾਂ, ਸੰਤਾਂ, ਸਾਧਾਂ ਆਦਿ ਦੀ ਥਾਂ ਦੁਨੀਆਂ ਦੇ ਪੂੰਜੀਪਤੀਆਂ ਦੀ ਭੁੱਖ ਜਾਂ ਹਉਮੈ ਨੇ ਸੰਸਾਰ ਨੂੰ ਇਕ ਕਰਨ ਦਾ ਰਸਤਾ ਖੋਲ੍ਹਿਆ ਹੈ।



ਇਸ ਤਰ੍ਹਾਂ ਹਉਮੈ, ਇਕ ਇਤਿਹਾਸਕ ਪ੍ਰਕਿਰਿਆ ਰਾਹੀਂ ਪਰਮ ਸਤਿ ਨੂੰ ਹੌਲੀ ਹੌਲੀ ਪ੍ਰਗਟ ਕਰਦੀ ਹੈ। ਗੁਰੂ ਨਾਨਕ ਸਾਹਿਬ ਵੀ ਇਸ ਹਉਮੈ ਨੂੰ ਇਸੇ ਲਈ ਕੇਵਲ ਦੁੱਖ ਦਾ ਸੋਮਾ ਹੀ ਨਹੀਂ, ਸਗੋਂ ਦੁੱਖਾਂ ਤੋਂ ਛੁਟਕਾਰੇ ਦਾ ਸਾਧਨ ਵੀ ਸਮਝਦੇ ਸਨ;

''ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥''

### (ਅ) ਸ਼ਬਦ ਮਾਰਗ

1. ਪੱਛਮ ਅਤੇ ਵਿਗਿਆਨ ਦੇ ਮਾਇਆਵਾਦੀ (ਹਉਮੈਵਾਦੀ) ਰਸਤੇ ਦੇ ਉਲਟ ਸਗਲ ਸਮੇਂ ਅਤੇ ਆਕਾਰ ਦੇ ਅਨੰਤ ਭਾਗਾਂ ਵਿਚਕਾਰ ਸ਼ਬਦ ਰਾਹੀਂ ਤਤਕਾਲੀਨ ਰਿਸ਼ਤੇ ਦੀ ਤਲਾਸ਼ ਪੂਰਬ ਅਤੇ ਗਿਆਨ ਦਾ ਸ਼ਬਦ ਮਾਰਗ ਹੈ। ਜਦੋਂ ਕੋਈ ਮਨੁੱਖ ਇਸ ਰਸਤੇ ਦੀ ਤਲਾਸ਼ ਕਰ ਲਵੇ, ਤਾਂ ਫੇਰ ਇਸ ਸਮੁੱਚਤਾ ਦਾ ਅਨੁਭਵ 'ਸ੍ਵੈ-ਚੇਤਨ ਮੈਂ' ਬਣ ਕੇ ਉਸਦੀ ਸੁਰਤਿ ਅੰਦਰ ਜਾਗ ਪੈਂਦਾ ਹੈ। ਉਸ ਦੀ ਨਿੱਜੀ 'ਮੈਂ' ਜਾਂ ਹਉਮੈ ਉਸੇ ਤਰ੍ਹਾਂ ਖਤਮ ਹੋ ਜਾਂਦੀ ਹੈ ਜਿਵੇਂ ਕਿ ਨੀਂਦਰ ਖੁਲ੍ਹਣ ਉਪਰੰਤ 'ਸੁਪਨ ਮੈਂ' ਖਤਮ ਹੋ ਜਾਂਦੀ ਹੈ। ਉਸ ਦੀ ਕੋਈ ਸਾਰਥਕਤਾ ਨਹੀਂ ਰਹਿ ਜਾਂਦੀ।

2. ਜਦੋਂ ਸ੍ਵੈ-ਚੇਤਨ ਮੈਂ ਜਾਗਦੀ ਹੈ ਤਾਂ ਇਸਨੂੰ ਵਾਸਤਵਿਕ ਸੰਸਾਰ ਦੀ ਅਸਥਾਈ ਅਤੇ ਮਾਇਆਵੀ ਹੋਂਦ ਦਾ ਪਤਾ ਚਲਦਾ ਹੈ- ''ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ'' ਅਤੇ ਸਮਝ ਪੈਂਦੀ ਹੈ ਕਿ ਵਾਸਤਵਿਕ ਸੰਸਾਰ ਦੀ ਮੋਹ ਮਾਇਆ ਅਤੇ ਦੁਖ ਸੁਖ ਸਭ ਛਲ ਮਾਤਰ ਹੀ ਹਨ;

''ਮਾਣੈ ਰੰਗ ਭੋਗ ਬਹੁ ਨਾਰੀ॥
ਜਿਉ ਨਰਪਤਿ ਸੁਪਨੈ ਭੇਖਾਰੀ॥''

ਸ੍ਵੈ-ਚੇਤਨ ਮੈਂ ਦੇ ਜਾਗਣ ਨਾਲ ਇਸ ਨੂੰ ਵਾਸਤਵਿਕ ਸੰਸਾਰ ਦੀ 'ਨਿੱਜੀ ਮੈਂ' ਦੇ ਤਨ ਮਨ ਦੀ ਅਸਲੀਅਤ ਦਾ ਵੀ ਪਤਾ ਚਲ ਜਾਂਦਾ ਹੈ- ''ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥'' ਜੀਵਨ ਮੌਤ ਦਾ ਮਹੱਤਵ ਉਵੇਂ ਖਤਮ ਹੋ ਜਾਂਦਾ ਹੈ ਜਿਵੇਂ ਜਾਗਣ ਉਪਰੰਤ 'ਸੁਪਨ ਮੈਂ' ਦੇ ਜਨਮ ਮਰਨ ਦਾ ਮਹੱਤਵ ਨਹੀਂ ਰਹਿ ਜਾਂਦਾ।

3. ਵਾਸਤਵਿਕ ਸੰਸਾਰ ਦੇ ਦੁੱਖਾਂ ਦਾ ਅੰਤ ਅਤੇ ਜੀਵਨ ਮੌਤ ਤੋਂ ਮੁਕਤੀ ਦਾ ਮਾਰਗ 'ਸ੍ਵੈ-ਚੇਤਨ ਮੈ' ਦੇ ਜਾਗਣ ਨਾਲ ਹੀ ਜੁੜਿਆ ਹੋਇਆ ਹੈ। ਵਾਸਤਵਿਕ ਸੰਸਾਰ ਦੀ ਨਿੱਜੀ ਮੈਂ ਜੋ ਮਨੁੱਖ ਦੇ ਸਾਰੇ ਦੁੱਖਾਂ ਦਾ ਕਾਰਨ ਹੈ ਅਤੇ ਜਿਸ ਨੇ ਮਨੁੱਖ ਨੂੰ ਜੀਵਨ ਮੌਤ ਦੇ ਗੇੜ ਵਿਚ ਪਾਇਆ ਹੋਇਆ ਹੈ, ਹਉਮੈ ਅਤੇ ਅਗਿਆਨ ਦੀ ਹੀ ਉਪਜ ਹੈ। ਕੇਵਲ ਇਸ ਹਉਮੈ ਅਤੇ ਅਗਿਆਨ ਦੇ ਵਿਨਾਸ਼ ਨਾਲ ਹੀ ਸ੍ਵੈ-ਚੇਤਨ ਮੈਂ ਜਾਗ ਸਕਦੀ ਹੈ- ''ਆਪੁ ਗਇਆ, ਸੋਝੀ ਪਈ, ਗੁਰ ਸਬਦੀ ਮੇਲਾ॥'' ਕਿਉਂਕਿ ''ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ'', ਇਸ ਲਈ ''ਹਉ ਹਉ ਕਰਤ ਨਹੀਂ ਸਚੁ ਪਾਈਐ॥ ਹਉਮੈ ਜਾਇ ਪਰਮ ਪਦੁ ਪਾਈਐ॥'' ਪਰ ਇਸ ਹਉਮੈ ਅਤੇ ਅਗਿਆਨ ਦਾ ਨਾਸ਼ ਤਾਂ ਕੇਵਲ ਤਦ ਹੀ ਸੰਭਵ ਹੋ ਸਕਦਾ ਹੈ, ਜਦੋਂ ''ਮੂਲ ਪਛਾਣਹਿ ਤਾ ਸਹੁ ਜਾਣਹਿ ਮਰਣ ਜੀਵਨ ਕੀ ਸੋਝੀ ਹੋਈ।'' ਇਹ ਮੂਲ ਪਛਾਣਨ ਵਾਸਤੇ ਆਪਾ ਚੀਨਣ (''ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ'') ਦੀ ਜ਼ਰੂਰਤ ਹੁੰਦੀ ਹੈ। ਤੇ ਆਪਾ ਚੀਨਣ ਦਾ ਇਹ

## ਖਾਲਸਾ ਪੰਥ

ਕੰਮ ਕੇਵਲ ਸ਼ਬਦ ਖੋਜ ਰਾਹੀਂ ਹੀ ਸੰਭਵ ਹੋ ਪਾਉਂਦਾ ਹੈ:

''ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥''

4. ਸ਼ਬਦ ਭਗਤੀ ਨੂੰ ਧੁਨੀਆਤਮਕ ਚੱਕਰਵਿਊ ਵਿਚੋਂ ਕੱਢ ਕੇ ਇਸ ਦੀ ਜਾਦੂ ਸ਼ਕਤੀ ਨੂੰ ਸ਼ਬਦ ਵੀਚਾਰੁ (''ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨਾ ਬਿਚਾਰੈ॥''), ਖੋਜ (''ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮ ਤਤੁ ਸਾਰ॥''), ਆਪਾ ਚੀਨਣ (''ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥''), ਬਾਣੀ ਅਧਿਐਨ (''ਜੀਉ ਤਪਤੁ ਹੈ ਬਾਰੋ ਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥ ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ''), ਗਿਆਨ ਪ੍ਰਾਪਤੀ (ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰ ਦੀਆ ਬੁਝਾਇ॥'') ਅਤੇ ਵਿਚਾਰ ਚਰਚਾ (''ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥'') ਨਾਲ ਜੋੜ ਕੇ ਸ਼ਬਦ ਭਗਤੀ ਵਿਚ ਇਕ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ।

ਹਰ ਕਿਸਮ ਦੇ ਵਿਚਾਰਾਂ ਤੋਂ ਅਲਿਪਤ ਰਹਿ ਕੇ ਸ਼ਬਦ ਬਿੰਦੂ (ਜਿਵੇਂ ਓਮ ਦੇ ਉਚਾਰਣ ਉਪਰੰਤ ਪੈਦਾ ਹੋਣ ਵਾਲੀ ਚੁੱਪ ਜਾਂ ਨਿਰਾਕਾਰ ਸ਼ਾਂਤੀ ਜਿਸ ਨੂੰ ਤੁਰਯ ਅਵਸਥਾ ਵੀ ਆਖਿਆ ਜਾਂਦਾ ਹੈ) ਅੰਦਰ ਬ੍ਰਹਮ ਦੇ ਵਿਚਾਰ ਦਾ, ਉਸ ਦੇ ਗੁਣਾਂ (ਨਾਵਾਂ) ਰਾਹੀਂ ਨਿਰੰਤਰ ਟਿਕਾਉ ਹੀ ਲਿਵ ਜਾਂ ਸਮਾਧੀ ਹੈ। ਗੁਰੂ ਸਾਹਿਬ ਨੇ 'ਓਮ' ਦੇ ਨਾਲ '1' ਅਤੇ 'ਕਾਰ' ਹੀ ਨਹੀਂ ਪੂਰਾ ਮੂਲ ਮੰਤ੍ਰ ਜੋੜ ਦਿੱਤਾ।

ਮੂਲ ਮੰਤ੍ਰ ਦੇ ਪਦਾਂ ਰਾਹੀਂ 'ਓਮ' ਦੇ ਚਿਹਨ ਜਾਂ ਇਸਦੀ ਤੁਰਯ ਅਵਸਥਾ ਵਿਚ ਬ੍ਰਹਮ ਦੇ ਗੁਣਾਂ (ਮੂਲ ਮੰਤ੍ਰ ਦੇ ਪਦਾਂ 1, ਕਾਰ, ਨਾਮ, ਕਰਤਾ, ਪੁਰਖ, ਨਿਰਭਉ...।) ਦਾ ਪ੍ਰਕਾਸ਼ ਹੁੰਦਾ ਹੈ ਪਰ ਇਹ ਉਪਰੋਕਤ ਮੂਲ ਮੰਤ੍ਰ ਦੇ ਪਦ ਆਪਣਾ ਪ੍ਰਕਾਸ਼ ਕਿੱਥੋਂ ਪ੍ਰਾਪਤ ਕਰਦੇ ਹਨ? ਇਨ੍ਹਾਂ ਪਦਾਂ ਨੂੰ ਆਪਣਾ ਪ੍ਰਕਾਸ਼ ਗੁਰਬਾਣੀ ਖੋਜ ਵਿਚੋਂ ਪ੍ਰਾਪਤ ਹੁੰਦਾ ਹੈ। ਗੁਰਬਾਣੀ ਖੋਜ ਨੂੰ ਭਾਸ਼ਾ ਵਿਚੋਂ। ਸੋ ਓਮ ਵਿਚ ਮੌਜੂਦ ਸਾਰਾ ਚਾਨਣ ਸ਼ਬਦ ਗੁਰੂ ਦਾ ਹੀ ਹੈ। ਸ਼ਬਦ ਗੁਰੂ ਦੀ ਰੋਸ਼ਨੀ ਤੋਂ ਬਿਨਾਂ 'ਓਮ' ਦੇ ਦਰਸ਼ਨ ਨਹੀਂ ਹੋ ਸਕਦੇ: ''ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥ ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ॥''

ਸ਼ਬਦ ਖੋਜ ਬਾਣੀ ਦਾ ਮਾਰਗ ਹੈ। ਬਾਣੀ ਨਾਮ ਦਾ। ਨਾਮ ਓਮ ਦਾ ਅਤੇ ਓਮ ਉਸ ਸੁੰਨ ਦਾ ਜੋ ਬੱਸ ਹੈ ਹੀ ਅਤੇ ਜੋ ਕਿਸੇ ਹੋਰ ਦਾ ਮਾਰਗ ਨਹੀਂ। ਜਿਵੇਂ ਓਮ ਤੋਂ ਬਿਨਾ ਸੁੰਨ ਤੱਕ ਨਹੀਂ ਅੱਪੜਿਆ ਜਾ ਸਕਦਾ, ਉਸੇ ਤਰ੍ਹਾਂ ਸ਼ਬਦ ਤੋਂ ਬਿਨਾਂ ਓਮ ਤੱਕ ਨਹੀਂ ਅਤੇ ਸ਼ਬਦ ਖੋਜ ਤੋਂ ਬਿਨਾਂ ਬਾਣੀ ਤੱਕ ਨਹੀਂ ਅੱਪੜਿਆ ਜਾ ਸਕਦਾ ਪਰ ਇਕ ਲੰਮੀ ਪ੍ਰੈਕਟਿਸ ਬਾਅਦ ਸ਼ਬਦ ਖੋਜ, ਬਾਣੀ ਅਤੇ ਨਾਮ ਵਿਚ ਲੀਨ ਰਹਿਣ ਕਾਰਨ, ਇਕ ਅਜਪਾ ਜਾਪ ਸ਼ੁਰੂ ਹੋ ਜਾਂਦਾ ਹੈ।

ਇਸ ਕਰਕੇ ਬਿਨਾ ਸ਼ਬਦ ਦਾ ਉਚਾਰਨ ਕੀਤੇ ਹੀ ਸ਼ਬਦ ਦਾ ਪ੍ਰਕਾਸ਼ ਨਿਰੰਤਰ ਬਣਿਆ ਰਹਿੰਦਾ ਹੈ; ''ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ॥'' ਪਰ ਇਹ ਅਵਸਥਾ ਜੋ ਨਿਰ-ਸੰਦੇਹ ਚਿਹਨ (ਅੱਖਰਾਂ) ਤੋਂ ਪਾਰ ਹੈ, ਵਿਚ ਪਹੁੰਚਣ ਲਈ ਬੱਸ ਅੱਖਰਾਂ ਦਾ ਹੀ ਸਹਾਰਾ ਹੈ:

ਅਖਰੀ ਨਾਮੁ ਅਖਰੀ ਸਾਲਾਹ॥
ਅਖਰੀ ਗਿਆਨੁ ਗੀਤ ਗੁਣ ਗਾਹ॥
ਅਖਰੀ ਲਿਖਣੁ ਬੋਲਣੁ ਬਾਣਿ॥
ਅਖਰਾ ਸਿਰਿ ਸੰਜੋਗੁ ਵਖਾਣਿ॥
ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥
ਜਿਵ ਫੁਰਮਾਏ ਤਿਵ ਤਿਵ ਪਾਹਿ॥
(ਆਦਿ ਗ੍ਰੰਥ, ਜਪੁ, 1, 19, 4)

ਇਸ ਅਵਸਥਾ ਨੂੰ ਕੇਵਲ ਉਹ ਹੀ ਪ੍ਰਾਪਤ ਹੁੰਦਾ ਹੈ ਜੋ ਇਨ੍ਹਾਂ ਅੱਖਰਾਂ ਰਾਹੀਂ ਪਾਰਬ੍ਰਹਮ ਦੀ ਖੋਜ ਕਰ ਲੈਂਦਾ ਹੈ: ''ਏਨਾ ਅਖਰਾ ਮਹਿ ਜੋ ਗੁਰਮਖਿ ਬੂਝੈ ਤਿਸੁ ਸਿਰਿ ਲੇਖੁ ਨਾ ਹੋਈ॥''

# ਗੁਰਮਤਿ ਸੰਗੀਤ ਦੇ ਵਾਰਿਸ ਰਾਗੀ ਭਾਈ ਸ਼ਾਮ ਸਿੰਘ

ਨਿਰਮਲ ਸਿੰਘ ਖਾਲਸਾ

ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਦੇ ਅਨਿਨ ਸ਼ਰਧਾਲੂ ਸੇਵਕ, ਨਿਰਭੈਅਤਾ, ਨਿਰਵੈਰਤਾ ਅਤੇ ਸੇਵਾ ਸਿਮਰਨ ਦੀ ਮੂਰਤੀ ਭਾਈ ਘਨੱਈਆ ਤੋਂ ਕੌਣ ਨਹੀਂ ਵਾਕਿਫ ਜੋ ਸੇਵਾਪੰਥੀਆਂ ਦੇ ਮੋਢੀਆਂ 'ਚੋਂ ਸਨ। ਅਗਾਂਹ ਜਾ ਕੇ ਇਸੇ ਹੀ ਪੰਥ ਨਾਲ ਸੰਬੰਧਿਤ ਡਾਢੀ ਮਾਣ-ਮੱਤੀ ਸਿੱਖ ਸ਼ਖ਼ਸੀਅਤ ਬਾਬਾ ਸ਼ਾਮ ਸਿੰਘ ਹੋਏ ਨੇ ਜਿਨ੍ਹਾਂ ਦਾ ਜਨਮ ਪਿਤਾ ਸ੍ਰੀ ਦਰਬਾਰੀ ਜੀ ਅਤੇ ਮਾਤਾ ਕਿਸ਼ਨ ਦੇਈ ਦੀ ਸੁਲੱਖਣੀ ਕੁੱਖ ਤੋਂ ਪਿੰਡ ਸਾਹਪੁਰ ਵਿਖੇ 1803 ਵਿਚ ਹੋਇਆ। ਤਿੰਨ ਕੁ ਸਾਲ ਦੀ ਬਾਲ ਅਵਸਥਾ ਦੌਰਾਨ ਹੀ ਬਾਬਾ ਸ਼ਾਮ ਸਿੰਘ ਦੇ ਸਿਰ ਉਤੋਂ ਪਿਤਾ ਦਰਬਾਰੀ ਜੀ ਦਾ ਸਾਇਆ ਸਦਾ ਲਈ ਉਠ ਗਿਆ, ਹਾਲਾਤ ਅਨਾਥਾਂ ਜਿਹੇ ਹੋ ਗਏ। ਇਸ ਅਤਿ ਦੀ ਗੁਰਬਤ ਦੌਰਾਨ ਮਾਤਾ ਕਿਸ਼ਨ ਦੇਈ ਚੱਕੀ ਪੀਹ ਪੀਹ ਕੇ ਪਰਿਵਾਰ ਦੇ ਪੇਟ ਨੂੰ ਝੁਲਕਾ ਦੇਂਦੀ ਰਹੀ।

ਬਾਲਕ ਸ਼ਾਮ ਸਿੰਘ ਦੀ ਉਮਰ ਅਜੇ ਮਸਾਂ ਛੇ ਕੁ ਵਰ੍ਹਿਆਂ ਦੀ ਹੋਈ ਸੀ ਕਿ ਉਸ ਇਲਾਕੇ 'ਚ ਵੱਡਾ ਕਾਲ ਪੈ ਗਿਆ। ਭੁੱਖਮਰੀ ਕਾਰਨ ਗੁਜ਼ਾਰਾ ਹੋਰ ਵੀ ਜ਼ਿਆਦਾ ਮੁਸ਼ਕਲ ਹੋ ਗਿਆ। ਮਾਤਾ ਕਿਸ਼ਨ ਦੇਈ ਨੇ ਆਪ ਨੂੰ ਇਕ ਸੰਤ ਮਹਾਂਪੁਰਸ਼ ਸੰਤ ਰਾਮ ਸਿੰਘ ਨੂੰ ਸੌਂਪ ਦਿੱਤਾ। ਇਸ ਤਰ੍ਹਾਂ ਸ਼ਾਮ ਸਿੰਘ ਡੇਰੇ ਵਿਚ ਹੀ ਸਹਿਜੇ-ਸਹਿਜੇ ਵੱਡਾ ਹੋਇਆ। ਆਪ ਨੇ ਡੇਰੇ ਵਿਚੋਂ ਹੀ ਗੁਰਮੁਖੀ ਸਿੱਖੀ ਅਤੇ ਨਾਲ ਨਾਲ ਗੁਰਬਾਣੀ ਦਾ ਸ਼ੁਧ ਪਾਠ ਤੇ ਅਰਥ ਬੋਧ ਵੀ ਸਿੱਖ ਲਏ। ਆਪ ਨੂੰ ਬਾਲ ਵਰੇਸ 'ਚ ਹੀ ਸੇਵਾ ਸਿਮਰਨ ਅਤੇ ਕੀਰਤਨ ਦੀ ਚੇਟਕ ਲੱਗ ਗਈ।

ਸ਼ਾਮ ਸਿੰਘ ਸੰਤਾਂ ਦੀ ਮੰਡਲੀ ਨਾਲ ਇਕ ਵਾਰੀ ਸ੍ਰੀ ਅੰਮ੍ਰਿਤਸਰ ਆਏ, ਸਰੋਵਰ 'ਚ ਇਸ਼ਨਾਨ ਕਰਨ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰੇ ਕਰ ਕੇ ਪ੍ਰਭਾਵਿਤ ਹੋ ਗਏ। ਸ੍ਰੀ ਦਰਬਾਰ ਸਾਹਿਬ ਦੇ ਅਧਿਆਤਮਕਤਾ ਭਰੇ ਮਾਹੌਲ ਨੇ ਐਸਾ ਮਨ ਮੋਹਿਆ ਕਿ ਆਪ ਕੀਲੇ ਹੀ ਗਏ ਤੇ ਅੰਦਰਲੇ ਮਨ ਨੇ ਇਥੇ ਹੀ ਟਿਕਣ ਲਈ ਉਤਾਵਲਿਆਂ ਕਰ ਛੱਡਿਆ ਪਰ ਸੰਤਾਂ ਦੀ ਮੰਡਲੀ ਨੇ ਅਗਾਂਹ ਜਾਣਾ ਸੀ, ਸੋ ਮਜਬੂਰੀਵੱਸ ਆਪ ਨੂੰ ਵੀ ਨਾਲ ਈ ਤੁਰਨਾ ਪਿਆ। ਕੁਝ ਸਮੇਂ ਬਾਅਦ ਸੰਤ ਰਾਮ ਸਿੰਘ ਰੱਬ ਨੂੰ ਪਿਆਰੇ ਹੋ ਗਏ ਤਾਂ ਆਪ ਅਤਿ ਦੀ ਉਦਾਸੀਨਤਾ ਕਾਰਨ ਮੁੜ ਸ੍ਰੀ ਅੰਮ੍ਰਿਤਸਰ ਵਿਖੇ ਹੀ ਪੁੱਜ ਗਏ। ਇਥੇ ਆਪ ਦਾ ਅਜਿਹਾ ਚਿੱਤ ਲੱਗਾ ਕਿ ਆਪ ਇਥੋਂ ਦੇ ਹੀ ਹੋ ਕੇ ਰਹਿ ਗਏ। ਸ੍ਰੀ ਅੰਮ੍ਰਿਤਸਰ ਵਿਖੇ ਆਟਾ ਮੰਡੀ ਵਿਚ ਆਪ ਨੇ ਰਹਿਣਾ ਸ਼ੁਰੂ ਕਰ ਦਿੱਤਾ ਜਿਥੇ ਕਿ ਅੱਜ ਕੱਲ੍ਹ ਡੇਰਾ ਬਾਬਾ ਸ਼ਾਮ ਸਿੰਘ ਕਰਕੇ ਪ੍ਰਸਿਧ ਹੈ। ਇਸੇ ਹੀ ਮੁਕਾਮ 'ਤੇ ਬਾਬਾ ਸ਼ਾਮ ਸਿੰਘ ਨੇ ਲਗਭਗ ਪੰਜਾਹ ਵਰ੍ਹਿਆਂ ਤੱਕ ਨਿਵਾਸ ਕੀਤਾ। ਆਪ ਨੇ ਆਪਣੀ ਜ਼ਿੰਦਗੀ ਦੇ ਨੱਬੇ ਵਰ੍ਹੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੀ ਗੁਜ਼ਾਰਦਿਆਂ ਉਸ ਵਿਚੋਂ ਸੱਤਰ ਸਾਲ ਲਗਾਤਾਰ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਦਰ ਬਤੌਰ ਹਜ਼ੂਰੀ ਰਾਗੀ ਤਨਦੇਹੀ ਨਾਲ ਸੇਵਾ ਨਿਭਾਈ। ਸ਼ਾਇਦ ਹੀ ਕਿਸੇ ਹੋਰ ਗੁਰੂ-ਸਵਾਰੇ ਕੀਰਤਨੀਏ ਨੇ ਏਨਾ ਲੰਮਾ ਸਮਾਂ ਸ੍ਰੀ ਦਰਬਾਰ ਸਾਹਿਬ ਵਿਖੇ ਹਾਜ਼ਰੀ ਭਰੀ ਹੋਵੇ ਤੇ ਉਹ ਵੀ ਸਿਰਫ ਤੇ ਸਿਰਫ ਸਾਰੰਦੇ ਨਾਲ।

ਬਾਬਾ ਸ਼ਾਮ ਸਿੰਘ ਕਹਿਣੀ ਕਥਨੀ ਦੇ ਸੂਰੇ ਅਤੇ ਰਾਗ ਵਿੱਦਿਆ 'ਚ ਲੋਹੜੇ ਦੇ ਨਿਪੁੰਨ ਕੀਰਤਨੀਏ ਸਨ। ਗੁਰਬਾਣੀ ਕੀਰਤਨ ਦੀਆਂ ਅਤਿ ਪੁਰਾਣੀਆਂ ਬੰਦਸ਼ਾਂ ਦੇ ਗਿਆਤਾ ਅਤੇ ਗੁਰਬਾਣੀ ਗਾਇਨ ਸ਼ੈਲੀ ਦੀਆਂ ਪੇਚੀਦਗੀਆਂ ਦੇ ਨਾਲ ਨਾਲ ਇਕ ਵਧੀਆ ਵਿਆਖਿਆਕਾਰ, ਗੂੜ੍ਹ ਗਿਆਨੀ ਤੇ ਰੂਹਾਨੀ ਰਮਜ਼ਾਂ ਦੀ ਚੰਗੇਰੀ ਸੂਝ ਰੱਖਦੇ ਸਨ। ਆਪ ਜੀ ਸ੍ਰੀ ਦਰਬਾਰ ਸਾਹਿਬ ਦੇ ਪ੍ਰਮੁੱਖ ਕੀਰਤਨੀਏ ਸਨ। ਬਾਬਾ ਸ਼ਾਮ ਸਿੰਘ ਨੇ ਲਗਪਗ 123 ਸਾਲ ਦੀ ਲੰਬੀ ਉਮਰ ਭੋਗੀ। ਆਪ 23 ਅਪ੍ਰੈਲ 1926 ਨੂੰ ਵਾਹਿਗੁਰੂ ਵਹਿਗੁਰੂ ਕਰਦਿਆਂ ਅਕਾਲ ਚਲਾਣਾ ਕਰ ਗਏ ਤੇ ਇਸ ਤਰ੍ਹਾਂ ਇਕ ਮਹਾਨ ਕੀਰਤਨੀਏ ਤੇ ਵਿਦਵਤਾ ਦੇ ਥੰਮ੍ਹ ਸਦਾ ਲਈ ਵਿਛੜ ਗਏ। ਆਪ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਈ ਗਈ ਹੈ।

# ਔਰਤਾਂ ਹਰਿਮੰਦਰ ਸਾਹਿਬ 'ਚ ਸੇਵਾ ਕਿਉਂ ਨਹੀਂ ਕਰ ਸਕਦੀਆਂ?

**ਹਰਮਿੰਦਰ ਕੌਰ**

ਜਦੋਂ ਵੀ ਇਹ ਸਵਾਲ ਉਠਦਾ ਹੈ ਕਿ ਹਰਿਮੰਦਰ ਸਾਹਿਬ ਵਿਚ ਔਰਤਾਂ ਨੂੰ ਸੇਵਾ ਕਿਉਂ ਨਹੀਂ ਕਰਨ ਦਿੱਤੀ ਜਾ ਰਹੀ ਤਾਂ ਇਹ ਕਿਹਾ ਜਾਂਦਾ ਹੈ ਕਿ ਇਹ ਹਮੇਸ਼ਾ ਰਵਾਇਤ ਰਹੀ ਹੈ ਕਿ ਹਰਿਮੰਦਰ ਸਾਹਿਬ 'ਚ ਮਰਦ ਹੀ ਸੇਵਾ ਕਰਦੇ ਹਨ। ਔਰਤਾਂ ਇਹ ਸਵਾਲ ਕਰਨ ਕਿ ਇਹ ਰਵਾਇਤ ਕਦੋਂ ਚਾਲੂ ਕੀਤੀ ਗਈ? ਬਿਨਾਂ ਸੋਚੇ-ਸਮਝੇ ਇਸ ਰਵਾਇਤ ਉਪਰ ਕਿਸ ਨੇ ਅਤੇ ਕਦੋਂ ਮੋਹਰ ਲਗਾਈ ਸੀ?

ਹਰਿਮੰਦਰ ਸਾਹਿਬ ਵਿਖੇ ਔਰਤਾਂ ਨੂੰ ਸੇਵਾ ਨਾ ਕਰਨ ਦੇਣਾ ਹਮੇਸ਼ਾ ਰਵਾਇਤ ਦਾ ਹਿੱਸਾ ਰਿਹਾ ਹੈ। ਕੀ ਇਹ ਰਵਾਇਤ ਗੁਰੂ ਅਮਰਦਾਸ ਵੇਲੇ ਜਾਂ ਬਾਅਦ ਵਿਚ ਸ਼ੁਰੂ ਕੀਤੀ ਗਈ? ਗੁਰੂ ਅਮਰਦਾਸ ਨੇ ਔਰਤਾਂ ਅਤੇ ਮਰਦਾਂ-ਦੋਨਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਸੇਵਾ ਲਈ ਭੇਜਿਆ ਸੀ। ਔਰਤਾਂ ਨੂੰ ਸੇਵਾ ਨਾ ਕਰਨ ਦੇਣ ਦੀ ਰਵਾਇਤ ਗੁਰੂ ਅਮਰਦਾਸ ਦੀਆਂ ਸਿੱਖਿਆਵਾਂ ਦੇ ਵਿਰੁਧ ਹੈ। ਉਨ੍ਹਾਂ ਨੇ ਸਤੀ ਪ੍ਰਥਾ ਅਤੇ ਪਰਦੇ ਦੀ ਰਸਮ ਖ਼ਤਮ ਕੀਤੀ ਅਤੇ ਵਿਧਵਾ ਵਿਆਹਾਂ ਦੀ ਵਕਾਲਤ ਕੀਤੀ। ਇਸ ਤੋਂ ਵੀ ਅਗਾਂਹ ਉਨ੍ਹਾਂ ਔਰਤਾਂ ਨੂੰ ਮਸੰਦ ਨਿਯੁਕਤ ਕਰਕੇ ਇਹ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਕਿ ਔਰਤ ਅਤੇ ਮਰਦ ਬਰਾਬਰ ਹਨ। ਗੁਰੂ ਅਰਜਨ ਦੇਵ ਨੇ ਇਕ ਮੁਸਲਿਮ ਫਕੀਰ ਹਜ਼ਰਤ ਮੀਆਂ ਮੀਰ ਤੋਂ ਹਰਿਮੰਦਰ ਸਾਹਿਬ ਦੀ ਨੀਂਹ ਰਖਵਾ ਕੇ ਇਹ ਸਥਾਪਤ ਕੀਤਾ ਕਿ ਰੱਬ ਦੇ ਘਰ ਵਿਚ ਜਾਤ, ਕਬੀਲੇ ਅਤੇ ਧਰਮ ਦਾ ਕੋਈ ਭਿੰਨ-ਭੇਦ ਨਹੀਂ ਹੈ ਤਾਂ ਉਹ ਬੀਬੀਆਂ ਨੂੰ ਸੇਵਾ ਤੋਂ ਕਿਵੇਂ ਰੋਕ ਸਕਦੇ ਸਨ? ਔਰਤਾਂ ਨੂੰ ਹਰਿਮੰਦਰ ਸਾਹਿਬ ਵਿਚ ਸੇਵਾ ਤੋਂ ਰੋਕ ਕੇ ਕੀ ਅਸੀਂ ਇਹ ਸਥਾਪਤ ਨਹੀਂ ਕਰ ਰਹੇ ਕਿ ਕਿਸੇ ਵੀ ਜਾਤ, ਕਬੀਲੇ ਦੇ ਮਰਦ ਭਾਵੇਂ ਹਰਿਮੰਦਰ ਸਾਹਿਬ ਵਿਚ ਬਰਾਬਰੀ ਦੇ ਆਧਾਰ 'ਤੇ ਸੇਵਾ ਕਰ ਸਕਦੇ ਹਨ, ਪਰ ਔਰਤਾਂ ਨਹੀਂ। ਮਰਦ ਭਾਵੇਂ ਕਿਸੇ ਵੀ ਜਾਤ, ਕਬੀਲੇ ਜਾਂ ਭਾਈਚਾਰੇ ਦੇ ਹੋਣ, ਬਰਾਬਰੀ ਦਾ ਦਰਜਾ ਰੱਖਦੇ ਹਨ ਪਰ ਔਰਤਾਂ ਕਿਉਂ ਨਹੀਂ? ਇਸ ਤਰ੍ਹਾਂ ਸੋਚਣਾ ਗੁਰੂ ਅਰਜਨ ਦੇਵ ਅਤੇ ਉਨ੍ਹਾਂ ਦੇ ਪਿਤਾ ਗੁਰੂ ਅਮਰਦਾਸ ਦੀਆਂ ਸਿੱਖਿਆਵਾਂ ਦਾ ਅਪਮਾਨ ਹੀ ਹੋਵੇਗਾ। ਅਜਿਹਾ ਕਰਨ ਬਾਰੇ ਕੋਈ ਸਿੱਖ ਸੋਚ ਵੀ ਨਹੀਂ ਸਕਦਾ।

ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਹਨ ਤਾਂ ਕਿ ਕਿਸੇ ਵੀ ਜਾਤ, ਨਸਲ, ਧਰਮ, ਭਾਈਚਾਰੇ ਅਤੇ ਲਿੰਗ ਦਾ ਬੰਦਾ ਇਥੇ ਦਾਖ਼ਲ ਹੋ ਸਕੇ। ਜੋ ਲੋਕ ਇਹ ਵਕਾਲਤ ਕਰਦੇ ਹਨ ਕਿ ਔਰਤਾਂ ਨੂੰ ਹਰਿਮੰਦਰ ਸਾਹਿਬ ਵਿਚ ਸੇਵਾ ਨਹੀਂ ਕਰਨ ਦਿੱਤੀ ਜਾਣੀ ਚਾਹੀਦੀ, ਮੈਂ ਉਨ੍ਹਾਂ ਨੂੰ ਚੈਲੰਜ ਕਰਦੀ ਹਾਂ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਦਾ ਇਕ ਦਰਵਾਜ਼ਾ ਪ੍ਰਤੱਖ ਰੂਪ ਵਿਚ ਬੰਦ ਕਰਕੇ ਦਿਖਾਉਣ। ਉਹ ਲੋਕ, ਜਿਹੜੇ ਆਖਦੇ ਹਨ ਕਿ ਔਰਤਾਂ ਨੂੰ ਦਰਬਾਰ ਸਾਹਿਬ ਵਿਚ ਸੇਵਾ ਨਹੀਂ ਕਰਨ ਦਿੱਤੀ ਜਾਣੀ ਚਾਹੀਦੀ, ਗੁਰੂ ਸਾਹਿਬ ਵਲੋਂ ਸੱਤੇ ਅਤੇ ਬਲਵੰਡ ਨੂੰ ਦਿੱਤੀ ਗਈ ਸਜ਼ਾ 'ਤੇ ਜ਼ਰਾ ਗੌਰ ਕਰਨ। ਉਨ੍ਹਾਂ ਨੂੰ ਗੁਰੂ ਅਰਜਨ ਦੇਵ ਵਲੋਂ ਉਸ ਸਮੇਂ ਦੰਡਿਤ ਕੀਤਾ ਗਿਆ ਸੀ ਜਦੋਂ ਗੁਰੂਘਰ ਦੇ ਇਨ੍ਹਾਂ ਰਾਗੀਆਂ ਨੂੰ ਇਹ ਮਾਣ ਹੋ ਗਿਆ ਸੀ ਕਿ ਉਨ੍ਹਾਂ ਤੋਂ ਬਿਨਾਂ ਗੁਰੂ ਦੀ ਸੰਗਤ ਬਿਖਰ ਜਾਵੇਗੀ। ਸੱਤਾ ਅਤੇ ਬਲਵੰਡ ਗੁਰੂਘਰ ਵਿਚ ਗੁਰੂ ਅੰਗਦ ਦੇਵ ਦੇ ਸਮੇਂ ਤੋਂ ਕੀਰਤਨ ਕਰਦੇ ਆ ਰਹੇ ਸਨ। ਆਪਣੇ ਘਰ ਵਿਚ ਇਕ ਵਿਆਹ ਸਮਾਗਮ ਰਚਾ ਸਕਣ, ਇਸ ਲਈ ਉਨ੍ਹਾਂ ਨੇ ਗੁਰੂ ਅਰਜਨ ਦੇਵ ਨੂੰ ਬੇਨਤੀ ਕੀਤੀ ਕਿ ਇਕ ਦਿਨ ਵਿਚ ਕੀਰਤਨ ਸਮੇਂ ਜਿੰਨੀ ਵੀ ਭੇਟਾ ਹੁੰਦੀ ਹੈ, ਉਨ੍ਹਾਂ ਨੂੰ ਆਪਣੇ ਕੋਲ ਰੱਖਣ ਦੀ ਇਜਾਜ਼ਤ ਦਿੱਤੀ ਜਾਵੇ। ਗੁਰੂ ਜੀ ਸਹਿਮਤ ਹੋ ਗਏ ਪਰ ਜਦੋਂ ਇਹ ਰਕਮ ਆਮ ਨਾਲੋਂ ਘੱਟ ਹੋਈ ਤਾਂ ਦੋਨਾਂ ਨੇ ਗੁਰੂ ਜੀ ਨੂੰ ਹੋਰ ਪੈਸੇ ਦੇਣ ਲਈ ਆਖਿਆ ਪਰ ਉਨ੍ਹਾਂ ਸੰਗਤ ਦਾ ਪੈਸਾ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਸੰਗਤ ਨੂੰ ਅਪੀਲ ਕਰਨਗੇ। ਇਸੇ ਸਮੇਂ ਸੱਤਾ ਅਤੇ ਬਲਵੰਡ ਨੇ ਸ਼ੇਖ਼ੀ ਮਾਰੀ ਕਿ ਜੋ ਵੀ ਮਾਇਆ ਇਕੱਤਰ ਹੁੰਦੀ ਹੈ, ਉਨ੍ਹਾਂ ਦੇ ਕੀਰਤਨ ਕਰਕੇ ਹੀ ਹੁੰਦੀ ਹੈ। ਇਸ ਤੋਂ ਬਾਅਦ ਉਨ੍ਹਾਂ ਨੂੰ ਗੁਰੂ ਅਰਜਨ ਦੇਵ ਦੇ ਦਰਬਾਰ ਵਿਚ ਆਉਣ ਤੋਂ ਰੋਕ ਦਿੱਤਾ ਗਿਆ। ਉਸ ਦਿਨ ਤੋਂ ਪਿਛੋਂ ਸੰਗਤ ਵਿਚੋਂ ਕੋਈ ਵੀ ਕੀਰਤਨ ਕਰ ਕੇ ਗੁਰੂ ਦੀ ਸੇਵਾ ਨਿਭਾ ਸਕਦਾ ਹੈ। ਗੁਰੂ ਅਰਜਨ ਦੇਵ ਨੇ ਇਹ ਕਦੇ ਨਹੀਂ ਕਿਹਾ ਕਿ ਸਿਰਫ ਮਰਦ ਹੀ ਕੀਰਤਨ ਕਰਨਗੇ ਅਤੇ ਔਰਤਾਂ ਨਹੀਂ।

ਸਿੱਖ ਇਤਿਹਾਸ ਵਿਚ ਬਹੁਤ ਸਾਰੇ ਲੋਕਾਂ ਨੇ ਅਜਿਹੇ ਦਾਅਵੇ ਕੀਤੇ ਕਿ ਉਹ ਕਿਉਂਕਿ ਗੁਰੂ ਦੇ ਘਰ ਜੰਮੇ ਹਨ, ਇਸ ਲਈ ਉਨ੍ਹਾਂ ਦੇ ਕੁਝ ਨਿਸ਼ਚਿਤ ਅਧਿਕਾਰ ਹਨ। ਪ੍ਰਿਥੀ ਚੰਦ, ਜਿਹੜਾ ਗੁਰੂ ਅਰਜਨ ਦੇਵ ਦਾ ਭਰਾ ਅਤੇ ਗੁਰੂ ਅਮਰਦਾਸ ਦਾ ਪੋਤਰ, ਸੋਚਦਾ ਸੀ ਕਿ ਗੁਰੂ ਅਮਰਦਾਸ ਦੇ ਘਰ ਜੰਮਣ ਕਰਕੇ ਸੁਤੇਸਿਧ ਹੀ ਉਹ ਪੰਜਵੇਂ ਗੁਰੂ ਦੀ ਗੱਦੀ ਸਾਂਭਣ ਦਾ ਅਧਿਕਾਰ ਰੱਖਦਾ ਹੈ। ਉਹ ਨਹੀਂ ਸੀ ਜਾਣਦਾ ਕਿ ਗੁਰੂ ਦੀ ਪਦਵੀ ਵੱਡੇ ਹਿਰਦੇ ਅਤੇ ਵੱਡੇ ਕਾਰਜਾਂ ਅਤੇ ਪਿਆਰ ਭਰੀ ਸੇਵਾ ਨਾਲ ਹਾਸਲ ਹੁੰਦੀ ਹੈ। ਇਹੋ ਕਮਾਈ ਉਸ ਦੇ ਪੱਲੇ ਨਹੀਂ ਸੀ ਅਤੇ ਜਦੋਂ ਗੁਰੂ ਰਾਮਦਾਸ ਸਵਰਗਵਾਸ ਹੋਏ ਅਤੇ ਗੁਰੂ ਦੀ ਪਦਵੀ ਪ੍ਰਿਥੀ ਦੇ ਛੋਟੇ ਭਰਾ ਨੂੰ ਦੇ ਦਿੱਤੀ ਗਈ ਤਾਂ ਉਹ ਨਫ਼ਰਤ ਨਾਲ ਨੱਕੋ-ਨੱਕ ਭਰ ਗਿਆ। ਸਾਲਾਂ ਤੱਕ ਉਸਨੇ ਗੁਰੂ ਦੀ ਪਦਵੀ ਹਾਸਲ ਕਰਨ ਲਈ ਬੜੇ ਹਰਬੇ ਵਰਤੇ ਪਰ ਅਸਫਲ ਰਿਹਾ। ਗੁਰੂ ਤੇਗ ਬਹਾਦਰ ਵਲੋਂ ਗੁਰੂ ਪਦਵੀ ਹਾਸਲ ਕਰਨ ਤਕ ਉਹ



ਅਜਿਹੀਆਂ ਸਾਜ਼ਿਸ਼ਾਂ ਕਰਦਾ ਰਿਹਾ। ਗੁਰੂ ਹਰਿਕ੍ਰਿਸ਼ਨ ਦੇ ਚਲਾਣੇ ਅਤੇ ਗੁਰੂ ਤੇਗ ਬਹਾਦਰ ਵਲੋਂ ਗੁਰਗੱਦੀ ਸੰਭਾਲਣ ਦੇ ਵਿਚਕਾਰ ਪ੍ਰਿਥੀਚੰਦ ਦੇ ਵੱਡੇ ਪੁੱਤਰ ਸੋਢੀ ਹਰਜੀ ਨੇ ਆਪਣੇ-ਆਪ ਨੂੰ ਗੁਰੂ ਐਲਾਨ ਦਿੱਤਾ।

ਸੋਢੀ ਹਰਜੀ ਸੋਢੀ ਪਰਿਵਾਰ ਦੇ ਮੁਖੀ ਸਨ। ਸੋਢੀ ਪਰਿਵਾਰ ਵਿਚ ਹੀ ਪਿਛੋਂ ਗੁਰਗੱਦੀ ਮੌਜੂਦ ਰਹੀ ਸੀ। ਇਸ ਦੌਰਾਨ ਲਾਲਚੀ ਮਸੰਦਾਂ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਕੰਟਰੋਲ ਆਪਣੇ ਹੱਥਾਂ ਵਿਚ ਲੈ ਲਿਆ। ਗੁਰੂ ਤੇਗ ਬਹਾਦਰ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ। ਇਹ ਅੰਮ੍ਰਿਤਸਰ ਦੀਆਂ ਔਰਤਾਂ ਸਨ, ਜਿਨ੍ਹਾਂ ਨੇ ਇਹ ਮਹਿਸੂਸ ਕੀਤਾ ਕਿ ਗੁਰੂ ਤੇਗ ਬਹਾਦਰ ਸੱਚੇ ਗੁਰੂ ਹਨ, ਨਾ ਕਿ ਪ੍ਰਿਥੀਚੰਦ ਅਤੇ ਗੁਰੂ ਤੇਗ ਬਹਾਦਰ ਨੂੰ ਭੁੱਲ ਬਖਸ਼ਾਉਣ ਵਾਸਤੇ ਗੁਰਬਾਣੀ, ਕੀਰਤਨ ਕਰਨ ਲਈ ਕਿਹਾ। ਗੁਰੂ ਜੀ ਸਿੱਖ ਔਰਤਾਂ ਦਾ ਹੌਸਲਾ ਅਤੇ ਸ਼ਰਧਾ ਦੇਖ ਕੇ ਪ੍ਰਸੰਨ ਹੋਏ ਜੋ ਉਨ੍ਹਾਂ ਅੰਮ੍ਰਿਤਸਰ ਦੇ ਮਰਦਾਂ ਦੇ ਖਿਲਾਫ਼ ਵਿਖਾਇਆ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਅਸ਼ੀਰਵਾਦ ਵੀ ਦਿੱਤਾ। ਝੂਠਾ ਗੁਰੂ ਔਰਤਾਂ ਦੀ ਇਸ ਕਾਰਵਾਈ ਤੋਂ ਖ਼ੁਸ਼ ਨਹੀਂ ਸੀ ਕਿ ਉਹ ਮਰਦਾਂ ਖਿਲਾਫ਼ ਭੁਗਤੀਆਂ ਅਤੇ ਸੱਚੇ ਪਾਤਸ਼ਾਹ ਦਾ ਆਸ਼ੀਰਵਾਦ ਹਾਸਲ ਕੀਤਾ। ਝੂਠਾ ਗੁਰੂ ਨਾਰਾਜ਼ ਹੋ ਗਿਆ ਅਤੇ ਉਸਨੇ ਔਰਤਾਂ ਨੂੰ ਦੰਡਿਤ ਕੀਤਾ। ਇਕ ਸੱਚੇ ਗੁਰਸਿੱਖ ਲਈ ਇਸ ਤੋਂ ਵੱਡੀ ਸਜ਼ਾ ਕੀ ਹੋ ਸਕਦੀ ਹੈ ਕਿ ਉਸ ਨੂੰ ਗੁਰੂ ਦੀ ਸੇਵਾ ਤੋਂ ਦੂਰ ਰੱਖਿਆ ਜਾਵੇ। ਜੇ ਗੁਰੂ ਤੇਗ ਬਹਾਦਰ ਨੂੰ ਹਰਿਮੰਦਰ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਦੂਰ ਰੱਖਿਆ ਜਾ ਸਕਦਾ ਹੈ ਤਾਂ ਔਰਤਾਂ ਨੂੰ ਕਿਉਂ ਨਹੀਂ? ਸੱਚੇ ਗੁਰੂ ਨੇ ਹਮੇਸ਼ਾ ਹੀ ਬਰਾਬਰੀ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ ਪਰ ਸਾਰੇ 'ਝੂਠੇ ਗੁਰੂ' ਗੁਰੂ ਕਹਾਉਣ ਲਈ ਹੀ ਰੱਸੇ-ਪੈੜੇ ਵੱਟਦੇ ਰਹੇ। ਉਨ੍ਹਾਂ ਗੁਰਸਿੱਖਾਂ ਨੂੰ ਦੰਡਿਤ ਕੀਤਾ, ਜਿਹੜੇ ਉਨ੍ਹਾਂ ਦੇ ਰਸਤੇ ਵਿਚ ਖਲੋਤੇ ਸਨ। ਇਹ ਭਾਵੇਂ ਮੁਗਲ ਹਾਕਮਾਂ ਰਾਹੀਂ ਸਮੱਸਿਆਵਾਂ ਖੜ੍ਹੀਆਂ ਕਰਨ ਦੀ ਤਰਕੀਬ ਹੋਵੇ, ਗੁਰੂ ਹਰਗੋਬਿੰਦ ਰਾਏ ਨੂੰ ਬਚਪਨ ਵਿਚ ਮਾਰਨ ਦੀ ਸਾਜ਼ਿਸ਼, ਗੁਰੂ ਤੇਗ ਬਹਾਦਰ ਨੂੰ ਹਰਿਮੰਦਰ ਸਾਹਿਬ ਤੋਂ ਦੂਰ ਰੱਖਣ ਦੀ ਸਾਜ਼ਿਸ਼ ਹੋਵੇ ਜਾਂ ਔਰਤਾਂ ਨੂੰ ਹਰਿਮੰਦਰ ਸਾਹਿਬ ਦੀ ਸੇਵਾ ਤੋਂ ਦੂਰ ਰੱਖਣ ਦੀ ਯੋਜਨਾ। ਸਾਰਾ ਝੂਠੇ ਗੁਰੂਆਂ ਦਾ ਅਮਲ ਸੀ।

ਔਰਤਾਂ ਨੂੰ ਇਸ ਕਰਕੇ ਹਰਿਮੰਦਰ ਸਾਹਿਬ ਦੀ ਸੇਵਾ ਤੋਂ ਰੋਕਿਆ ਗਿਆ ਕਿਉਂਕਿ ਉਹ ਪ੍ਰਿਥੀਚੰਦ ਨੂੰ ਸਵੀਕਾਰ ਨਹੀਂ ਕਰਦੀਆਂ ਸਨ। ਫਿਰ ਪ੍ਰਿਥੀਚੰਦ ਅਤੇ ਉਸ ਦੇ ਭਗਤ ਉਸ ਸ਼ਖ਼ਸ ਨੂੰ ਸੇਵਾ ਕਰਨ ਦੀ ਇਜਾਜ਼ਤ ਕਿਵੇਂ ਦੇਣਗੇ ਜਿਹੜਾ ਉਨ੍ਹਾਂ 'ਚ ਵਿਸ਼ਵਾਸ ਨਹੀਂ ਕਰਦਾ। ਇਹ ਬਿਲਕੁਲ ਤਰਕ ਸੰਗਤ ਹੈ ਕਿ 'ਸਿਰਫ ਮਰਦ ਹੀ ਹਰਿਮੰਦਰ ਸਾਹਿਬ 'ਚ ਸੇਵਾ ਕਰਨਗੇ' ਦੀ ਰਵਾਇਤ ਪ੍ਰਿਥੀਚੰਦ ਅਤੇ ਉਸ ਦੇ ਪਿਛਲੱਗਾਂ ਨੇ ਸ਼ੁਰੂ ਕੀਤੀ। ਔਰਤਾਂ ਨੂੰ ਸੇਵਾ ਤੋਂ ਰੋਕ ਕੇ ਤੁਸੀਂ ਪ੍ਰਿਥੀਚੰਦ ਦੇ ਸਿੱਖ ਤਾਂ ਹੋ ਸਕਦੇ ਹੋ ਪਰ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੇ ਨਹੀਂ।

ਇੰਜ ਔਰਤਾਂ ਦੇ ਕੀਰਤਨ ਸੇਵਾ ਨਾ ਕਰਨ ਦੀ ਰਵਾਇਤ ਪ੍ਰਿਥੀਚੰਦ ਅਤੇ ਉਸ ਦੇ ਪਿਛਲੱਗਾਂ ਨੇ ਔਰਤਾਂ ਨੂੰ ਦੰਡਿਤ ਕਰਨ ਦੇ ਕਾਰਨ ਸ਼ੁਰੂ ਕੀਤੀ। ਜੇ ਅਜਿਹਾ ਨਹੀਂ ਵੀ ਸੀ, ਤਦ ਵੀ ਇਹ ਰਵਾਇਤ ਠੀਕ ਨਹੀਂ ਹੈ। ਅਜਿਹਾ ਕਹਿਣਾ ਕਿ ਇਹ ਰਵਾਇਤ ਹੈ ਅਤੇ ਠੀਕ ਹੈ, ਇਹ ਕਹਿਣ ਬਰਾਬਰ ਹੈ ਕਿ ਅਸੀਂ ਗੁਰੂ ਦੀਆਂ ਸਿੱਖਿਆਵਾਂ ਵਿਚ ਵਿਸ਼ਵਾਸ ਨਹੀਂ ਕਰਦੇ। ਗੁਰੂ ਨਾਨਕ ਦਾ ਪਹਿਲਾ ਮਕਸਦ ਅਰਥਹੀਣ ਰਵਾਇਤਾਂ ਨੂੰ ਖ਼ਤਮ ਕਰਨਾ ਸੀ। ਗੁਰੂ ਨਾਨਕ ਨੇ ਸੂਰਜ ਗ੍ਰਹਿਣ ਮੌਕੇ ਜਦੋਂ ਗੰਗਾ ਦਰਿਆ 'ਤੇ ਹਿੰਦੂਆਂ ਨੂੰ ਸੂਰਜ ਨੂੰ ਪਾਣੀ ਦੇ ਕੇ ਆਪਣੇ ਪੁਰਖਿਆਂ ਤੱਕ ਪਹੁੰਚਾਉਣ ਦੀ ਇਕ ਰਵਾਇਤ ਨੂੰ ਵੇਖਿਆ ਤਾਂ ਉਨ੍ਹਾਂ ਪੱਛਮ ਵਲ ਮੂੰਹ ਕਰਕੇ ਆਪਣੇ ਖੇਤਾਂ ਵਲ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ ਅਤੇ ਆਖਿਆ ਕਿ ਜੇ ਇਹ ਪਾਣੀ ਮੇਰੇ ਖੇਤਾਂ ਤਕ ਨਹੀਂ ਪਹੁੰਚ ਸਕਦਾ ਤਾਂ ਤੁਹਾਡਾ ਪਾਣੀ ਸੂਰਜ ਅਤੇ ਤੁਹਾਡੇ ਪੁਰਖਿਆਂ ਤੱਕ ਕਿਵੇਂ ਪਹੁੰਚ ਸਕਦਾ ਹੈ। ਇੰਜ ਉਨ੍ਹਾਂ ਸਦੀਆਂ ਦੀ ਇਕ ਰਵਾਇਤ ਕੁਝ ਹੀ ਮਿੰਟਾਂ ਵਿਚ ਤੋੜ ਦਿੱਤੀ।

ਸਾਡੇ ਦਿਲ ਅਤੇ ਮਨ ਸਹੀ ਫੈਸਲੇ ਕਰਨ ਲਈ ਗੁਰੂ ਗ੍ਰੰਥ ਸਾਹਿਬ ਤੋਂ ਸਿੱਖਿਆ ਹਾਸਲ ਕਿਉਂ ਨਹੀਂ ਕਰਦੇ? ਸਦੀਆਂ ਤੋਂ ਹਰਿਮੰਦਰ ਸਾਹਿਬ ਵਿਚ ਪ੍ਰਿਥੀਚੰਦ ਦੀ ਰਵਾਇਤ ਨੂੰ ਅੱਗੇ ਤੋਰਿਆ ਜਾ ਰਿਹਾ ਹੈ ਅਤੇ ਗੁਰੂ ਤੇਗ ਬਹਾਦਰ ਵਿਚ ਵਿਸ਼ਵਾਸ ਕਰਨ ਬਦਲੇ ਔਰਤਾਂ ਨੂੰ ਦੰਡਿਤ ਕੀਤਾ ਜਾ ਰਿਹਾ ਹੈ। ਹੁਣ ਇਹ ਸਵਾਲ ਕਰਨ ਨਾਲੋਂ ਕਿ ਸੇਵਾ ਕਰਨ ਦਾ ਅਧਿਕਾਰ ਕਿਉਂ ਨਹੀਂ ਦਿੱਤਾ ਜਾ ਰਿਹਾ, ਇਹ ਸਵਾਲ ਕਰਨਾ ਚਾਹੀਦਾ ਹੈ ਕਿ ਕਦੋਂ ਤੋਂ ਅਜਿਹਾ ਕਰਨ ਤੋਂ ਰੋਕਿਆ ਗਿਆ ਹੈ? ਤਦ ਹੀ ਸਾਡੇ ਸੰਘਰਸ਼ ਨੂੰ ਕੋਈ ਫਲ ਪਵੇਗਾ ਅਤੇ ਅਸੀਂ ਮੁੜ ਤੋਂ ਗੁਰੂ ਦੀ ਸੇਵਾ ਕਰਨ ਦੇ ਕਾਬਲ ਹੋ ਸਕਾਂਗੇ।

# ਪੰਜਾਬੀ ਸਾਹਿਤ ਦੇ ਖੇਤਰ ਵਿਚ ਵਰਤੀ ਮੌਤ ਦੀ ਕਲਾ

**ਗੁਰਬਚਨ ਸਿੰਘ ਭੁੱਲਰ**

ਪਿਛਲੇ ਕੁਝ ਸਮੇਂ ਵਿਚ ਪੰਜਾਬੀ ਦੇ ਵੱਡੇ-ਛੋਟੇ ਸਾਹਿਤਕਾਰਾਂ ਨੂੰ ਜਿੰਨਾ ਕੇਰਾ ਲੱਗਿਆ, ਓਨਾ ਆਮ ਕਰਕੇ ਕਈ ਸਾਲਾਂ ਵਿਚ ਲਗਦਾ ਹੁੰਦਾ ਹੈ। ਪੰਜਾਬੀ ਸਾਹਿਤ ਦੇ ਵਿਹੜੇ ਵਿਚ ਮੌਤ ਦੇ ਫੇਰੇ ਏਨੀ ਛੇਤੀ-ਛੇਤੀ ਲੱਗੇ ਕਿ ਸਮੁੱਚਾ ਮਾਹੌਲ ਸੋਗੀ ਬਣ ਗਿਆ। ਥੋੜ੍ਹੇ ਜਿਹੇ ਸਮੇਂ ਵਿਚ ਵਿਛੜ ਗਏ



*ਹਰਿੰਦਰ ਸਿੰਘ ਮਹਿਬੂਬ*

ਬਹੁਤ ਸਾਰੇ ਵੱਡੇ-ਛੋਟੇ ਸਾਹਿਤਕਾਰਾਂ ਦਾ ਪਿਆ ਘਾਟਾ, ਠੀਕ ਹੀ, ਪੂਰਾ ਹੋਣ ਵਾਲਾ ਨਹੀਂ!

ਸੰਤੋਖ ਸਿੰਘ ਧੀਰ ਕਲਮ ਦਾ ਅਜਿਹਾ ਧਨੀ ਸੀ ਜੋ ਕਵੀਆਂ ਦੀ ਵੀ ਪਹਿਲੀ ਕਤਾਰ ਵਿਚ ਸ਼ਾਮਲ ਰਿਹਾ ਅਤੇ ਕਹਾਣੀਕਾਰਾਂ ਦੀ ਵੀ। ਉਹ ਸਾਰੀ ਉਮਰ ਕਲਮ ਨੂੰ ਪੂਰੀ ਤਰ੍ਹਾਂ ਸਮਰਪਿਤ ਰਿਹਾ। ਜ਼ਿੰਦਗੀ ਭਰ ਝੁੱਲਦੇ ਰਹੇ ਆਰਥਿਕ ਤੰਗੀਆਂ ਦੇ ਅਤੇ ਪਰਿਵਾਰਕ ਪ੍ਰੇਸ਼ਾਨੀਆਂ ਦੇ ਝੱਖੜਾਂ ਵਿਚ ਆਪ ਵੀ ਅਡਿੱਗ-ਅਡੋਲ ਰਹਿਣ ਵਾਲਾ ਅਤੇ ਆਪਣੀ ਕਲਮ ਨੂੰ ਵੀ ਅਡਿੱਗ-ਅਡੋਲ ਰੱਖ ਸਕਣ ਵਾਲਾ ਉਚ-ਦੁਮਾਲੜਾ ਮਨੁੱਖ।

ਗੀਤਾਂ ਤੋਂ ਤੁਰ ਕੇ ਕਵਿਤਾਵਾਂ ਵਿਚੋਂ ਦੀ ਗਜ਼ਲ ਉਤੇ ਆ ਟਿਕਿਆ ਕਵੀ ਜਗਤਾਰ ਅਜਿਹਾ ਕਲਾਵੰਤ ਸ਼ਾਇਰ ਸੀ ਜੋ ਗ਼ਜ਼ਲ ਨੂੰ ਪੰਜਾਬੀ ਲਈ ਓਪਰੀ ਕਹਿਣ ਵਾਲਿਆਂ ਲਈ ਪੁਖ਼ਤਾ ਜਵਾਬ ਬਣਿਆ। ਉਹ ਪੰਜਾਬੀ ਦੇ ਉਨ੍ਹਾਂ ਗਿਣਵੇਂ ਗ਼ਜ਼ਲਕਾਰਾਂ ਵਿਚੋਂ ਮੋਹਰੀ ਸੀ ਜਿਨ੍ਹਾਂ ਨੂੰ ਗ਼ਜ਼ਲ ਦੇ ਰੂਪ ਦੀ ਵੀ ਮੁਕੰਮਲ ਸੂਝ ਹੈ ਅਤੇ ਆਪਣੇ ਸ਼ਿਅਰਾਂ ਵਿਚ ਭਖਦੇ ਸਮਕਾਲੀ ਸਮਾਜਕ, ਆਰਥਿਕ, ਰਾਜਨੀਤਕ ਸਰੋਕਾਰਾਂ ਨੂੰ ਪੇਸ਼ ਕਰਨ ਵਿਚ ਵੀ ਕਮਾਲ ਹਾਸਲ ਹੈ। ਪੰਜਾਬੀ ਕਵਿਤਾ ਦੀ ਸਮੁੱਚੀ ਅਮੀਰੀ ਵਿਚ ਉਹਦੀ ਦੇਣ ਦਾ ਸਦਾ ਵੱਡਾ ਮੁੱਲ ਪਵੇਗਾ।

ਫ਼ਕੀਰਾਂ ਵਾਲੇ ਵੇਸ ਅਤੇ ਫ਼ਕੀਰਾਂ ਵਾਲਾ ਸੁਭਾਅ, ਪਰ ਚਿੰਤਨ-ਮੰਥਨ ਦਾ ਸ਼ਹਿਨਸ਼ਾਹ, ਇਹ ਹਰਿੰਦਰ ਸਿੰਘ ਮਹਿਬੂਬ ਸੀ। ਮੰਜਿਆਂ, ਕੁਰਸੀਆਂ, ਸਟੂਲਾਂ ਉਤੇ ਲੱਗੇ ਪੁਸਤਕਾਂ ਦੇ ਢੇਰਾਂ ਵਿਚਕਾਰ ਬਿਰਾਜਮਾਨ ਉਹ ਸ਼ਬਦ-ਰੂਪ ਹੀ ਹੋ ਜਾਂਦਾ ਸੀ। ਕਵਿਤਾ ਤੋਂ ਤੁਰ ਕੇ ਮਹਾਂਕਾਵਿ ਉਤੇ ਪੁੱਜਿਆ ਅਤੇ ਮਹਾਂਕਾਵਿ ਨਾਲ ਹੀ ਇਕ-ਰੂਪ ਹੋ ਗਿਆ। ਜੋ ਵੀ ਮਹਾਂਕਾਵਿ ਅੰਗਰੇਜ਼ੀ ਦੇ ਮਿਲੇ ਜਾਂ ਅੰਗਰੇਜ਼ੀ ਰਾਹੀਂ ਹੋਰ ਭਾਸ਼ਾਵਾਂ ਦੇ ਮਿਲੇ, ਸਭਨਾਂ ਨਾਲ ਫੁੱਲਾਂ ਵਾਲਾ ਇਸ਼ਕ ਕਮਾਇਆ।

ਕਵਿਤਾ ਤੋਂ ਤੁਰ ਕੇ ਕਹਾਣੀ ਵਿਚ ਚੰਗਾ ਨਾਂ ਕਮਾਉਣ ਪਿਛੋਂ ਨਾਵਲ ਦੇ ਪਿੜ ਵਿਚ ਆ ਟਿਕਿਆ ਰਾਮ ਸਰੂਪ ਅਣਖੀ। ਇਕ ਪਿੱਛੋਂ ਦੂਜੀ, ਕਤਾਰ ਬੰਨ੍ਹ ਕੇ ਆਉਂਦੀਆਂ ਰਹੀਆਂ ਪਰਿਵਾਰਕ ਪ੍ਰੇਸ਼ਾਨੀਆਂ ਦੇ ਚਿੱਕੜ ਵਿਚ ਕੰਵਲ-ਫੁੱਲ ਵਾਂਗ ਉਚਾ ਉਠ ਕੇ ਰਚਨਾ-ਕਾਰਜ ਵਿਚ ਜੁਟਿਆ ਰਿਹਾ। ਜਿੰਨੀ ਸਮਝ ਮਨੁੱਖੀ ਰਿਸ਼ਤਿਆਂ ਦੀਆਂ ਬਰੀਕੀਆਂ ਦੀ ਸੀ, ਓਨੀ ਹੀ ਸੂਝ ਆਮ ਲੋਕਾਂ ਦੇ, ਖਾਸ ਕਰਕੇ ਪੇਂਡੂ ਭਾਈਚਾਰੇ ਦੇ ਸਮਾਜਕ-ਆਰਥਿਕ ਮਸਲਿਆਂ ਦੀ ਸੀ। ਉਦਾਰੀਕਰਨ ਅਤੇ ਉਦਯੋਗੀਕਰਨ ਦੀ ਘੁੰਮਣਘੇਰੀ ਵਿਚ ਡਿੱਗ-ਟੁੱਟ ਰਹੀ ਕਿਸਾਨੀ ਦੀਆਂ ਕੂਕਾਂ ਲਈ ਉਹਦੇ ਨਾਵਲ ਜ਼ਬਾਨ ਬਣੇ।

ਉਹ ਸੀ ਗੀਤਕਾਰ, ਕਵੀ ਅਤੇ ਓਪੇਰਾ-ਲੇਖਕ ਤੇਰਾ ਸਿੰਘ ਚੰਨ, ਜਿਸ ਨੇ ਕਾਗ ਨੂੰ ਅਮਨਾਂ ਦੀ ਬੋਲੀ ਬੋਲਣ ਦੀ ਜਾਚ ਸਿਖਾਈ। ਸਾਹਿਤ-ਰਚਨਾ ਜਿੰਨੀ ਹੀ ਵੱਡੀ ਦੇਣ ਸਾਹਿਤਕਾਰਾਂ ਦੀ ਜਥੇਬੰਦ ਲਹਿਰ ਦੇ ਵਿਕਾਸ ਵਲ ਰਹੀ। ਸਾਡੀ ਹੈਂਕੜਬਾਜ਼ ਅਫ਼ਸਰਸ਼ਾਹੀ ਦੇ ਚਲਨ ਦੇ ਬਿਲਕੁਲ ਉਲਟ ਸੁਭਾਅ ਵਾਲਾ ਅਫ਼ਸਰ ਸਾਹਿਤਕਾਰ ਅਮਰੀਕ ਸਿੰਘ ਪੂਨੀ। ਕੁਰਸੀ ਜਿੰਨੀ ਉਚੀ ਹੁੰਦੀ ਗਈ, ਨਿਮਰਤਾ ਓਨੀ ਹੀ ਵਧਦੀ ਗਈ। ਅਫ਼ਸਰੀ ਕਲਗੀ ਲਾਹ ਕੇ ਲੇਖਕਾਂ ਵਿਚ ਵਿਚਰਦਾ ਰਿਹਾ।



*ਡਾ. ਜਗਤਾਰ*

ਸਾਹਿਤ ਉਹਦੇ ਲਈ ਕੋਈ ਸ਼ੁਗਲ ਨਹੀਂ ਸੀ, ਗੰਭੀਰ ਕਾਰਜ ਸੀ। ਜੋ ਵੀ ਲਿਖਿਆ, ਪੂਰੀ ਸੁਹਿਰਦਤਾ ਨਾਲ ਲਿਖਿਆ।

ਬੋਰਡਾਂ ਉਤੇ ਮੋਟੇ ਬੁਰਸ਼ ਨਾਲ ਵੱਡੇ-ਵੱਡੇ ਅੱਖਰ ਲਿਖਣ ਤੋਂ ਕਾਗਜ਼ ਉਤੇ ਬਰੀਕ ਕਲਮ ਨਾਲ ਸੂਖਮ ਕਾਵਿ-ਸਤਰਾਂ ਲਿਖਣ ਲੱਗਿਆ ਹਸਨਪੁਰ ਦਾ ਇੰਦਰਜੀਤ। ਆਪ ਉਹ ਹਸਨਪੁਰੀ ਰਿਹਾ ਪਰ ਉਹਦੀ ਕਵਿਤਾ ਹੁਸਨ-ਪਰੀ ਹੋ ਨਿਬੜੀ! ਫ਼ਿਲਮਾਂ ਲਿਖੀਆਂ ਵੀ ਤੇ ਬਣਾਈਆਂ ਵੀ। ਗੀਤ ਰੁਮਾਂਚਿਕ ਵੀ ਲਿਖੇ ਪਰ ਦਿਲ ਸਮਾਜਕ ਸਰੋਕਾਰਾਂ ਵਿਚ ਰਿਹਾ। ਸੰਤਾਲੀ ਵਿਚ ਵਿਛੜੇ ਮੁਸਲਮਾਨ ਮਿੱਤਰਾਂ ਨੂੰ ਵਾਜਾਂ ਮਾਰਦਾ ਰਿਹਾ ਅਤੇ ਥੁੜੇ-ਵਿਰਵੇ ਕਿਰਤੀਆਂ ਤੇ ਕਿਸਾਨਾਂ ਦੇ ਹਉਕਿਆਂ ਨੂੰ ਸ਼ਬਦ-ਰੂਪ ਦਿੰਦਾ ਰਿਹਾ। ਚਾਂਦੀ ਦਾ ਗੜਵਾ ਜੋ ਮੌਤ ਨੇ ਬੇਫ਼ਿਕਰੀ ਨਾਲ ਤੋੜ ਦਿੱਤਾ।

ਜੋਗਿੰਦਰ ਸਿੰਘ ਰਾਹੀ ਅਤੇ ਟੀ.ਆਰ. ਵਿਨੋਦ, ਦੋ ਗਲਪ-ਆਲੋਚਕ। ਆਪਣੇ ਆਪਣੇ ਚੁਣੇ ਹੋਏ ਖੇਤਰ ਵਿਚ ਨਿਰੰਤਰ ਕੰਮ ਕਰਦੇ ਰਹੇ। ਪੰਜਾਬੀ ਆਲੋਚਨਾ ਵਿਚ ਪਈ ਹੋਈ ਗੰਧਲ-ਚੌਦ ਤੋਂ ਨਿਰਲੇਪ। ਚੁਟਕੀ ਪਾਠ ਦੇ ਸਹਾਰੇ ਵੱਡੇ ਆਲੋਚਕ ਕਹਾਉਣ ਵਾਲੇ ਮਹਾਂਰਥੀਆਂ ਵਿਚਕਾਰ ਆਪਣੀ ਆਲੋਚਨਾ ਨੂੰ ਪਾਠਕੀ ਸੁਭਾਅ ਉਤੇ ਆਧਾਰਤ ਕਰਨ ਵਾਲੇ ਪਾਰਖੂ।

ਸਾਹਿਤ ਦੇ ਨਾਲ ਨਾਲ ਵਿਦਿਅਕ ਖੇਤਰ ਦੇ ਦੋ ਵੱਡੇ ਨਾਂ-ਡਾ. ਅਮਰੀਕ ਸਿੰਘ ਅਤੇ ਡਾ. ਟੀ.ਆਰ. ਸ਼ਰਮਾ। ਡਾ. ਅਮਰੀਕ ਸਿੰਘ ਨੇ ਜਿੰਨੀ ਗੰਭੀਰਤਾ ਨਾਲ ਨਾਟਕਕਾਰੀ ਨੂੰ ਲਿਆ, ਓਨੀਆਂ ਹੀ ਗੰਭੀਰ ਜ਼ਿੰਮੇਵਾਰੀਆਂ ਵਿਦਿਅਕ ਖੇਤਰ ਵਿਚ ਨਿਭਾਈਆਂ। ਵੱਡੀਆਂ ਕੁਰਸੀਆਂ ਉਤੇ ਬੈਠਦਿਆਂ ਵਿਦਿਆ ਨੂੰ ਸਹੀ ਸੇਧ ਵਿਚ ਤੋਰਨ ਲਈ ਨਿਰੰਤਰ ਯਤਨ ਕੀਤੇ। ਡਾ. ਟੀ.ਆਰ. ਸ਼ਰਮਾ ਵਿਦਿਅਕ ਘਚੋਲੇ ਅਤੇ ਗੰਧਲੇਪਣ ਵਿਰੁਧ ਨਿਰੰਤਰ ਬੁਲੰਦ-ਪਰਚਮ ਸੰਗਰਾਮ ਵਿਚ ਜੁਟਿਆ ਰਿਹਾ। ਇਕ ਸੈਨਿਕੀ ਦਲ ਜੋ ਅੰਤਲੇ ਸਾਹ ਤਕ ਰਣ ਤੱਤੇ ਵਿਚੋਂ ਪਿਛੇ ਨਹੀਂ ਹਟਿਆ। ਪੜ੍ਹਾਈ ਵਿਚ ਮਾਂ-ਬੋਲੀ ਦੇ ਮਹੱਤਵ ਦਾ ਨਿਸ਼ਚੇਮਾਨ ਪ੍ਰਚਾਰਕ ਅਤੇ ਲੜਾਕਾ!

ਇਕ ਬਜ਼ੁਰਗ ਅਜਿਹਾ ਜੋ ਕਲਮ ਦਾ ਧਨੀ ਹੋਣ ਤੋਂ ਇਲਾਵਾ ਸਿਆਣਾ ਡਾਕਟਰ ਸੀ। ਡਾ. ਮਾਨ ਸਿੰਘ ਨਿਰੰਕਾਰੀ ਨੂੰ ਪੁਰਾਤਨ, ਇਤਿਹਾਸਕ ਮਹੱਤਵ ਵਾਲੀਆਂ ਬੀੜਾਂ ਅਨਪੜ੍ਹ ਲੋਕਾਂ ਵਲੋਂ



*ਇੰਦਰਜੀਤ ਹਸਨਪੁਰੀ*

ਬਿਰਧ ਆਖ ਕੇ ਸਸਕਾਰੇ ਜਾਣ ਨਾਲ ਦੁੱਖ ਹੁੰਦਾ ਸੀ। ਉਹ ਦਸਦੇ ਸਨ ਕਿ ਅੰਮ੍ਰਿਤਸਰ ਹੁੰਦਿਆਂ ਜੇ ਜਾਣਕਾਰੀ ਮਿਲ ਜਾਂਦੀ, ਉਹ ਅਜਿਹੀਆਂ ਬੀੜਾਂ ਬਚਾ ਲਿਆਉਂਦੇ। ਉਹ ਆਪਣੇ ਹੱਥੀਂ ਇਹ ਵਡਮੁੱਲੀਆਂ ਨਿਸ਼ਾਨੀਆਂ ਢੁਕਵੀਂ ਸੰਭਾਲ ਲਈ ਕਿਸੇ ਸੰਸਥਾ ਦੇ ਹਵਾਲੇ ਕਰਨ ਦੇ ਚਾਹਵਾਨ ਸਨ। ਮਗਰੋਂ ਇਨ੍ਹਾਂ ਬੀੜਾਂ ਦਾ ਕੀ ਬਣਿਆ, ਮੈਨੂੰ ਕੋਈ

(ਬਾਕੀ ਸਫਾ 37 'ਤੇ)

## ਪੁਰਾਣਾ ਮਾਖਿਓਂ

# ਸਵੇਰ ਹੋਣ ਤਕ



–ਸੰਤੋਖ ਸਿੰਘ ਧੀਰ

ਡੂੰਘੀ ਰਾਤ ਗਿਆਂ, ਚੰਨਣ ਜੱਟ, ਪੱਕੇ ਖੂਹ ਦੀਆਂ ਪੈਲੀਆਂ ਵਾਹ ਕੇ, ਥਕੇਵੇਂ ਦਾ ਝੰਭਿਆ, ਘਰ ਮੁੜਿਆ। ਹਾੜ੍ਹ ਦੇ ਪਹਿਲੇ ਮੀਂਹ ਨੇ ਸਾਉਣੀ ਦੀਆਂ ਬਿਜਾਈਆਂ ਲਈ ਜ਼ੋਰ ਪਾ ਦਿੱਤਾ ਸੀ। ਹੁਣ ਵੱਤ ਆਈ ਹੋਈ ਸੀ, ਫੇਰ ਪਤਾ ਨਹੀਂ ਝੜੀ ਲਗ ਜਾਵੇ, ਜਾਂ ਏਨੀ ਲੰਮੀ ਔੜ ਪਵੇ ਕਿ ਫ਼ਸਲਾਂ ਪਛੇਤੀਆਂ ਹੋ ਜਾਣ।

ਬਲਦਾਂ ਨੂੰ ਪੱਠੇ ਪਾ ਕੇ ਉਹਨੇ ਹੱਥ ਪੈਰ ਧੋਤੇ, ਕੋਠੇ ਉਤੇ ਰੋਟੀ ਖਾਧੀ ਤੇ ਅੱਖ ਦੱਬਣ ਲਈ ਮੰਜੇ ਉਤੇ ਟੇਢਾ ਹੋ ਗਿਆ। ਸਵੇਰੇ, ਵਡੇ ਤੜਕਿਓਂ ਜਾ ਕੇ ਮਾਰੂਆਂ ਦੀ ਟੁਕੜੀ ਵਿਚ ਜੁਆਰ ਦਾ ਛੱਟਾ ਖਿਲਾਰਨਾ ਤੇ ਫਿਰ ਆਥਣ ਜੋਤੇ ਪੱਕੇ ਖੂਹ ਦੀ ਦੋਹਰ ਕਰਕੇ ਮੱਕੀ ਬੀਜਣੀ ਸੀ।

ਸੁਖ ਵਿਚ ਲੱਤਾਂ ਲਮਿਆਰ ਕੇ ਉਹ ਖਿੜੇ ਹੋਏ ਤਾਰਿਆਂ ਵਲ ਤੱਕਦਾ ਨੀਂਦ ਦੇ ਲੋਰ ਵਿਚ ਅੱਖ ਲਾਉਣ ਹੀ ਲਗਿਆ ਸੀ ਕਿ ਨਾਲ ਦੇ ਕੋਠੇ ਉਤੋਂ ਮੰਜਾ ਡਾਹੁੰਦਿਆਂ ਘੁੱਦਾ ਬੋਲਿਆ, ''ਜਾਣੀਦਾ ਪੱਕੇ ਕੀ ਸਾਰੀ ਖੱਤੀ ਵਾਹ ਆਇਆਂ ਚੰਨਣਾ, ਮਖਾਂ ਬੋਲਦਾ ਨ੍ਹੀਂ, ਥੱਕਿਆ ਹੋਇੰਗਾ?''

ਚੰਨਣ ਮੰਜੇ ਉਤੇ ਪਿਆ ਪਿਆ ਬੋਲਿਆ, ''ਓ ਮਖਾਂ ਹੁਣ ਕਾਹਨੂੰ ਰੜਕ ਰੱਖਣੀ ਐਂ–ਜੋਤਾ ਹੋਰ ਕਸ ਕੇ ਲਾ ਲਈਏ–ਇਕ ਤਾਂ ਬੌਲਦ ਨ੍ਹੀਂ ਤੁਰਦਾ ਸਾਲਾ, ਜਮਾ ਈ ਰਹਿ ਖੜਿਆ।''

''ਕਿਹੜਾ, ਮੀਣਾ?''

''ਨਹੀਂ, ਦੂਆ ਲਾਖਾ, ਡਿੰਗ ਇ ਨ੍ਹੀ ਪੱਟਦਾ ਬਰਾਬਰ, ਤਾਹੀਂ ਤਾਂ ਆਹ ਵੇਲਾ ਆ ਗਿਆ।''

''ਭਾਈ ਖਰਾਕ ਦੀ ਗੱਲ ਐ ਸਾਰੀ...!'' ਘੁੱਦੇ ਨੇ ਰੱਬ ਲਗਦੀ ਆਖੀ।

''ਖਰਾਕ ਹੁਣ ਪਾਈ ਤਾਂ ਜਾਨੇ ਆਂ.... ਜਿੰਨੀ ਪਰੋਕੋਂ ਐ...।'' ਚੰਨਣ ਦੀ ਵਾਜ ਵਿਚ ਬੇ–ਵਸੀ ਸੀ।

''ਆ...ਹੋ...।'' ਘੁੱਦਾ ਮੰਜੇ ਉਤੇ ਟੇਢਾ ਹੋ ਗਿਆ।

ਤਾਰਿਆਂ ਭਰੀ ਨੀਲੀ ਛੱਤ ਵਲ ਤੱਕਦੇ ਚੰਨਣ ਦੀਆਂ ਅੱਖਾਂ ਵਿਚ ਊਂਘ ਆਉਣ ਲੱਗੀ। ਇਕ ਲੋਰ ਵਿਚ ਨੀਂਦ ਦਾ ਟੂਣਾ ਹੋ ਰਿਹਾ ਸੀ। ਤਾਰੇ ਉਹਦੀਆਂ ਅੱਖਾਂ ਵਿਚ ਧੂੜ ਦੇ ਕਿਣਕੇ ਕੇਰ ਗਏ ਤੇ ਪੱਕੇ ਖੂਹ ਦੇ ਲਹਿਰੀਏ ਸਿਆੜ ਉਹਦੇ ਸੁਫਨਿਆਂ ਵਿਚ ਫੈਲਣ ਲਗੇ। ਪਰਲੇ ਵਾਸ, ਟਿਕੀ ਰਾਤ ਵਿਚ ਟੌਂਕਰਦਾ ਕੁੱਤਾ ਨ੍ਹਿਮਾ ਹੁੰਦਾ ਉਹਦੀ ਸੁਰਤ 'ਚੋਂ ਵਿੱਸਰ ਗਿਆ।

ਛੰਨੇ ਵਿਚ ਦੁੱਧ ਲੈ ਕੇ, ਬਚਨੋ, ਚੰਨਣ ਦੇ ਮੰਜੇ ਕੋਲ ਆਈ, ''ਲੈ ਫੜ, ਦੁੱਧ ਦੀ ਬੁਕ ਪੀ ਲੈ!''

ਚੰਨਣ ਦਾ ਠੌਂਕਾ ਲਗ ਰਿਹਾ ਸੀ।

''ਮਖਾਂ ਸੌਂ ਵੀ ਗਿਆ ਸੀਬੋ ਦਾ ਬਾਪੂ...?'' ਉਹਨੇ ਚੰਨਣ ਦਾ ਮੋਢਾ ਝੂਣਿਆ।

''ਹਾਂ ਹਾਂ...'' ਚੰਨਣ ਅੱਭੜ ਕੇ ਬੋਲਿਆ।

''ਲੈ ਫੜ, ਦੁਧ ਪੀ ਲੈ ਉਠ ਕੇ ਕੋਸਾ ਕੋਸਾ।''

ਚੰਨਣ ਉਠ ਕੇ ਮੰਜੇ ਉਤੇ ਬਹਿ ਗਿਆ, ਤੇ ਦੁੱਧ ਦਾ ਛੰਨਾ ਫੜਕੇ ਊਂਘਦਾ ਊਂਘਦਾ ਪੀਣ ਲਗਾ। ਆਲੇ ਦੁਆਲੇ ਕੋਠਿਆਂ ਉਤੇ ਲੋਕ ਚੁਪ ਚਾਪ ਪਏ ਸਨ। ਘੁੱਦੇ ਦੀ ਵੀ ਅੱਖ ਲਗੀ ਜਾਪਦੀ ਸੀ। ਬਚਨੋਂ ਪੈਂਦ ਵਲ ਮੰਜੇ ਦੀ ਬਾਹੀ ਉੱਤੇ ਬਹਿ ਗਈ। ਲੋਹੜੇ ਦਾ ਵੱਟ ਹੋ ਰਿਹਾ ਸੀ। ਉਦੋਂ ਹੀ ਇਕ ਪਾਣੀ ਦੀ ਭਿਜਿਆ ਬੁਲਾ ਆਇਆ। ਦੂਰ, ਪਹਾੜ ਦੀ ਕੁੱਖ ਵਿਚ ਕਾਲੀ ਘਟਾ ਘਿਰੀ ਹੋਈ ਸੀ, ਜਿਸ ਵਿਚੋਂ ਕਦੇ ਕਦੇ ਬਿਜਲੀ ਅੱਖ ਮਾਰ ਜਾਂਦੀ। ਬਚਨੋ ਨੇ ਹੌਲੀ ਜੇਹੀ ਆਖਿਆ, ''ਬੱਦਲ ਅੱਜ ਫੇਰ ਖੌਰੇ ਮੰਜੇ ਹੇਠਾਂ ਲੁਹਾ ਕੇ ਹਟੇ?''

ਖ਼ਾਲੀ ਛੰਨਾ ਬਚਨੋ ਵਲ ਕਰਦਿਆਂ ਉਹਨੇ ਹੁੰਗਾਰਾ ਦਿੱਤਾ, ''ਸੌਣਾ ਕਿਹੜਾ ਮਿਲਦੈ ਸਹੁਰਾ ਨੀਂਦ ਭਰ ਕੇ–ਦੋ ਰਾਤਾਂ ਹੋ ਗੀਆਂ ਇਸੇ ਤਰ੍ਹਾਂ...।''

ਨੀਂਦ ਵਿਚ ਕੀਲਿਆ ਚੰਨਣ ਫੇਰ ਮੰਜੇ ਉੱਤੇ ਢੇਰੀ ਹੋ ਗਿਆ। ਪੈਂਦ ਪਈ ਖੇਸੀ ਉਹਨੇ ਟੰਗਾਂ ਉੱਤੇ ਖਿਚ ਲਈ। ਬਚਨੋ ਦੇ ਮੰਜੇ ਉੱਤੋਂ ਨਿਕੀ ਕੁੜੀ ਵਿਲਕ ਉਠੀ। ਉਹ ਉਠ ਕੇ ਉਹਦੇ ਨਾਲ ਜਾ ਪਈ। ਵੱਟ ਫੇਰ ਹੋ ਗਿਆ ਸੀ। ਅਧ–ਪਹਿਰ ਵੀ ਨਹੀਂ ਬੀਤਿਆ ਹੋਣਾ ਕਿ ਚੰਨਣ ਦੇ ਪਿੰਡੇ ਉੱਤੇ ਸੂਈ ਜੇਹੀ ਆ ਚੁਭੀ। ਉਹਨੇ ਪਾਸਾ ਪਰਤਿਆ। ਉਸੇ ਤਰ੍ਹਾਂ ਇਕ ਹੋਰ ਤੇ ਉਹਦੀ ਨੀਂਦ ਭੰਗ ਹੋਣ ਲੱਗੀ।

''ਕਣੀ ਲਗ ਪਈ ਡਿੱਗਣ ਕੋਈ ਕੋਈ...!'' ਉਹਦੇ ਕੰਨ–ਵਲੇਲ ਪਈ, ਜਿਵੇਂ ਘੁੱਦਾ ਆਪਣੇ ਮੰਜੇ ਤੋਂ ਬਿਰਕਿਆ ਹੋਵੇ।

''ਮਖਾਂ ਸੀਬੋ ਦਾ ਬਾਪੂ...!'' ਬਚਨੋਂ ਨੇ ਲਲਕਾਰ ਕੇ ਆਖਿਆ, ''ਮੰਜੇ ਤਾਂ ਲਾਹੁਣੇ ਈ ਪੈਣਗੇ ਠਾਹਾਂ!''

''ਨੀ ਮਖਾਂ ਪਏ ਰਹੋ–ਕਿਤੇ ਨ੍ਹੀਂ ਪਰਲੋਂ ਆਉਂਦੀ!'' ਚੰਨਣ ਨੇ ਖੇਸੀ ਹੋਰ ਉੱਤੇ ਖਿਚ ਕੇ ਸੁਆਰ ਲਈ।

''ਫੇਰ ਹਬੜ ਦਬੜ ਪੈ ਜਾਣੀ ਐਂ...!'' ਬਚਨੋ ਫ਼ਿਕਰ ਨਾਲ ਘਾਬਰਦੀ ਸੀ।

''ਕਿਤੇ ਨ੍ਹੀਂ ਪੈਂਦੀ–ਤੂੰ ਪਈ ਰਹੁ।''

ਗੱਲ ਅਜੇ ਚੰਨਣ ਦੇ ਮੂੰਹ ਵਿਚ ਹੀ ਸੀ ਕਿ ਮੋਟੇ ਮੋਟੇ ਕਣਿਆਂ ਨੇ ਇਕਦਮ ਹੱਲਾ ਬੋਲ ਦਿੱਤਾ। ਆਲੇ–ਦੁਆਲੇ ਸਾਰੇ ਕੋਠਿਆਂ ਉੱਤੇ ਹਫੜਾ ਦਫੜੀ ਮਚ ਗਈ। ਮੰਜੀਆਂ, ਪੰਘੂੜਿਆਂ ਉੱਤੇ ਜੁੱਲੀਆਂ, ਪਰੋਲਿਆਂ ਵਿਚ ਪਏ ਘੂਕ ਨਿਆਣੇ ਡੌਰ ਭੌਰ ਹੋ ਉੱਠੇ। ਚੰਨਣ ਬੌਂਦਲ ਕੇ ਮੰਜੇ ਉੱਤੇ ਦਰੀ ਦੀ ਪੂਣੀ ਕਰਨ ਲੱਗਾ। ਬਚਨੋ ਨੇ ਤਿੱਖੀ ਹੋ ਕੇ ਆਖਿਆ, ''ਤੂੰ ਐਥੇ ਗਿਣਤੀਆਂ ਕੀ ਗਿਣੀ ਜਾਨੈਂ, ਉਤਰ ਕੇ ਮੰਜੇ ਫੜ, ਮੈਂ ਉਤੋਂ ਲਮਕਾਉਨੀਆਂ!''

ਵਾਛੜ ਦੇ ਕਣਤਾਏ ਕੱਚ ਨੀਂਦਰੇ ਨਿਆਣੇ ਰੋਣ ਲਗੇ।

ਗਲੀ ਵਿਚ ਖਲੋ ਕੇ ਚੰਨਣ ਬਨੇਰੇ ਉਤੋਂ ਮੰਜੇ ਬਿਸਤਰੇ ਫੜਨ ਲੱਗਾ। ਬਚਨੋਂ ਮੀਂਹ ਵਿਚ ਬੌਂਦਲੀ ਛੇਤੀ ਛੇਤੀ ਲਮਕਾਈ ਜਾਂਦੀ ਸੀ। ਪਤਾ ਨਹੀਂ ਸੁੱਕੇ ਅੰਬਰ ਕਿਥੋਂ ਕਟਕ ਚੜ੍ਹ ਕੇ ਆ ਗਿਆ। ਦੇਖਦੇ ਹੀ ਦੇਖਦੇ ਪਣਤਾਲੇ ਚੱਲਣ ਲੱਗ ਪਏ।

ਦੀਵਾ ਬਾਲ ਕੇ ਮੀਂਹ ਵਿਚ ਭਿੱਜੇ ਸਿਜੇ ਨਿਆਣਿਆਂ ਨੂੰ ਚੰਨਣ ਨੇ ਮੰਜਿਆਂ ਉੱਤੇ ਸੁੱਟ ਦਿੱਤਾ। ਦਲਾਨ ਅਤੇ ਕੋਠੜੀਆਂ ਦੇ ਮੋਘੇ ਢਕ ਕੇ ਪਾਣੀ ਨਾਲ ਨੁੱਚੜਦੀ ਬਚਨੋ ਥਲੇ ਆ ਗਈ ਤੇ ਕੁੜਤੀ ਦਾ ਪੱਲਾ ਨਚੋੜਦੀ ਖਿਝ ਨਾਲ ਕੁੜ੍ਹ ਕੇ ਬੋਲੀ, ''ਜੈਤੋ ਦੀ ਕਹਿਨੀਆਂ, ਬੱਦਲ ਸਿਰ ਤੇ ਖੜ੍ਹੈ, ਜੱਦੇ ਨੇ ਸਿਰ ਇ ਨ੍ਹੀਂ ਚੱਕਿਆ।''

ਸਾਰੇ ਜਣੇ ਦਲਾਨ ਵਿਚ ਮੰਜੀਆਂ ਜੁੱਲੀਆਂ ਉੱਤੇ ਕਿਤੇ ਨਾ ਕਿਤੇ ਡਿੱਗ ਪਏ। ਛਾਛੜੇ ਦਾ ਮੀਂਹ ਜਿਵੇਂ ਆਇਆ ਸੀ, ਉਵੇਂ ਇਕ ਦਮ ਚਲਾ ਗਿਆ। ਪਣਤਾਲੇ ਹੌਲੀ ਹੌਲੀ ਹੁੰਦੇ ਤਤੀਰੀਆਂ ਵਿਚ ਰਹਿ ਗਏ। ਅੰਦਰ ਲੋਹੜੇ ਦਾ ਹੁੰਮ ਸੀ। ਹੌਲੀ ਹੌਲੀ ਹਵਾ ਬਿਲਕੁਲ ਬੰਦ ਹੋ ਗਈ। ਦੀਵੇ ਦੀ ਲਾਟ ਸਿੱਧੀ ਸਤੋਰ ਖੜੀ ਸੀ। ਤੋੜ ਤੋੜ ਖਾਂਦਾ ਮੱਛਰ ਕੰਨਾਂ ਕੋਲ ਬੀਨ ਵਜਾਉਂਦਾ ਸੀ। ਸੁੱਤੇ ਪਏ ਨਿਆਣੇ ਤ੍ਰੇਲੀਆਂ ਵਿਚ ਗੱਚ ਹੋ ਗਏ। ਤੱਤੀ ਹਵਾੜ ਨਾਲ ਘਰ ਭੱਠੇ ਵਾਂਗ ਤਪ ਰਿਹਾ ਸੀ। ਅੱਕਲਕਾਣ ਹੋਇਆ ਚੰਨਣ ਲੜਨ ਵਾਂਗ ਬੋਲਿਆ, ''ਮੋਘਾ ਤਾਂ ਖੁਲ੍ਹਾ ਰਹਿਣ ਦਿੰਦੀ।''

''ਮੀਂਹ ਤਾਂ ਘਟ ਬੰਨ੍ਹ ਕੇ ਆ ਗਿਆ–ਫੇਰ ਕੌਣ ਜਾਂਦਾ ਉੱਪਰ?''

''ਅੰਦਰ ਤਾਂ ਅੱਗ ਲਗੀ ਜਾਂਦੀ ਐ–ਮੱਛਰ ਊਂ ਤੋੜ ਤੋੜ ਖਾਂਦੈ।'' ਚੰਨਣ ਨੇ ਪਿੰਡਾ ਖੁਰਕਦਿਆਂ ਕਿਹਾ।

ਪਸੀਨੇ ਵਿਚ ਪਿਚਕੀ ਹੋਈ ਕੈਲੋ ਪੰਘੂੜੀ ਉੱਤੇ ਠਿਸ ਠਿਸ ਕਰਨ ਲਗੀ। ਵਿਲਕਦੀ ਛੋਟੀ ਕੁੜੀ ਬਚਨੋ ਤੋਂ ਨਾਲ ਨਹੀਂ ਸੀ ਲਾਈ ਜਾਂਦੀ। ਉਹਨੇ ਪੱਖੀ ਝਲ ਕੇ ਨਿਆਣੀ ਨੂੰ ਚੁਪ ਕਰਾਉਣਾ ਚਾਹਿਆ। ਵੱਡੀ ਕੁੜੀ, ਸੀਬੋ, ਪਾਣੀ ਪਾਣੀ ਹੋਈ ਆਪਣੇ ਪੰਘੂੜੇ ਉੱਤੇ ਉਠ ਬੈਠੀ, ''ਬਾਬਾ ਨੀਂਦ ਕਿਹੜਾ ਆਉਂਦੀ ਐ...!''

''ਨੀ ਬੇਬੇ, ਆਪਾਂ ਦੀਵੇ ਈ ਬੁਝਾ ਦੋ...!'' ਸੀਬੋ ਤੋਂ ਛੋਟਾ ਭਿੰਦਰ ਬੋਲਿਆ। ਉਹਨੂੰ ਦੀਵੇ ਦੇ ਚਾਨਣ ਤੋਂ ਵੀ ਸੇਕ ਆਉਂਦਾ ਜਾਪਦਾ ਸੀ।

ਚੰਨਣ ਉਠ ਕੇ ਬਾਹਰ ਗਲੀ ਵਿਚ ਆਇਆ, ''ਕਣੀਆਂ ਤਾਂ ਬੰਦ ਨੇ–ਬੱਦਲ ਤਾਂ ਦੀਂਹਦਾ ਨ੍ਹੀ ਕਿਤੇ ਹੁਣ!''

''ਜੈ ਖਾਣਾ ਐਵੇਂ ਭਾਜੜ ਪਾ ਦਿੰਦੈ ਅੱਜ ਕੱਲ੍ਹ ਦਾ ਮੀਂਹ!'' ਬਚਨੋ ਪਈ ਪਈ ਅੰਦਰੋਂ ਬੋਲੀ।

''ਨੀ ਬੇਬੇ, ਗਲੀ 'ਚ ਕਢ ਲੋ ਮੰਜੇ...'' ਸੀਬੋ ਨੇ ਕਾਹਲੀ ਪੈ ਕੇ ਆਖਿਆ।

''ਆਹੋ ਮੁੰਨੀ, ਗਲੀ ਵਿਚਿ ਡਾਹ ਲੈਨੇ ਆਂ।'' ਚੰਨਣ ਅੰਦਰ ਆ ਕੇ, ਬਾਹਰ ਕੱਢਣ ਲਈ, ਮੰਜਾ ਚੁੱਕਣ ਲੱਗਾ।

ਬਚਨੋ ਉਠ ਕੇ ਬੂਹੇ ਵਿਚ ਆਏ ਤੇ ਉੱਪਰ ਵਲ ਤੱਕਣ ਲਗੀ, ''ਹੁਣ ਤਾਂ ਦੀਂਹਦਾ ਨ੍ਹੀਂ ਕਿਸੇ ਪਾਸੇ–ਐਨ ਸਾਫ ਐ ਅੰਬਰ।''

ਗੁਆਂਢੋਂ ਕੇਸਰੀ ਤਖਾਣੀ ਨੇ ਹੁੰਗਾਰਾ ਦਿੱਤਾ, ''ਨੀ ਭਮਾਂ ਕੱਲਾ ਕੱਲਾ ਤਾਰਾ ਗਿਣ ਲੈ–ਜਦ ਔਂਦੈ, ਪਟਮੇਲੀ ਚੱਕ ਦਿੰਦੈ ਚੰਦਰਾ!''

''ਬਾਬਾ, ਮਾਲਕ ਨੂੰ ਕੌਣ ਕਹੇ...'' ਉੱਤੇ ਚੜ੍ਹਾਉਣ ਲਈ, ਆਪਣੇ ਨੀਵੇਂ ਬਨੇਰੇ ਉੱਤੇ ਮੰਜੇ ਦੇ ਪਾਵੇ ਅੜਾਉਂਦਾ, ਘੁੱਦਾ ਬੋਲਿਆ।

''ਮਖਾਂ ਹੁਣ ਉੱਤੇ ਈ ਚੜ੍ਹਾ ਮੰਜੇ–ਗਲੀ 'ਚ ਨ੍ਹੀਂ ਸੂਤ ਰਹਿਣੇ!'' ਬਚਨੋ ਨੇ ਗਲੀ ਵਿਚ ਮੰਜਾ ਡਾਹੁੰਦੇ ਚੰਨਣ ਨੂੰ ਆਇਆ।

''ਨੀ ਹੁਣ ਦੋ ਘੰਟੇ ਪਿੱਛੇ ਕਿਥੇ ਧੂਹ–ਘੜੀਸ ਕਰੀਏ–ਰਾਤ ਅੱਧੀ ਟੁਟ ਚੱਲੀ–ਦੇਖ ਤਾਂ ਖਿੱਤੀਆਂ ਕਿਥੇ ਸਰਕ ਆਈਆਂ!''

''ਗਲੀ 'ਚ ਕੀਹਦਾ ਕੀਹਦਾ ਡਾਹੇਂਗਾ? ਨਾਲੇ ਸੌ ਡੰਗਰ, ਪਸੂ। ਤੂੰ ਚੱਲ ਉੱਤੇ, ਮੈਂ ਫੜਾਉਨੀ ਆਂ ਮੰਜੇ, ਘੜੀ ਰਾਮ ਨਾਲ ਤਾਂ ਲੰਘੇ।''

''ਚੰਗਾ ਫੇਰ, ਫੜਾ, ਸੀਬੋ ਚੱਕ ਤਾਂ ਭਾਈ ਨਿਆਣਿਆਂ ਨੂੰ, ਭਿੰਦਰ ਉਠ ਓਏ, ਮੰਜੇ ਕਢਾ ਬਾਹਰ!'' ਕਹਿੰਦਿਆਂ ਚੰਨਣ ਪੌੜੀ ਦੇ ਡੰਡੇ ਚੜ੍ਹਦਾ ਬਨੇਰੇ ਉੱਤੇ ਜਾ ਬੈਠਿਆ।

ਬਚਨੋ ਨੇ ਬਾਹਾਂ ਉੱਤੇ ਸਹਾਰ ਕੇ ਮਜੇ ਤੇ ਬਿਸਤਰੇ ਫੜਾਏ। ਚੰਨਣ ਨੇ ਮੁੜ ਥਾਓਂ ਥਾਈਂ ਨਿਆਣਿਆਂ ਨੂੰ ਪਾਇਆ। ਬਚਨੋ ਨੇ ਦੀਵਾ ਬੁਝਾ ਕੇ ਜਿੰਦਾ ਲਾਇਆ ਤੇ ਪੌੜੀ ਦੇ ਸਿਖਰਲੇ ਡੰਡੇ ਚੜ੍ਹਦੀ ਬੋਲੀ, ''ਹੇ ਬ੍ਹਾਗਰੂ–ਹੇਠਾਂ ਨਾਲੋਂ ਸਾਹ ਤਾਂ ਔਂਦੈ!''

ਨਿਆਣਿਆਂ ਨੂੰ ਮੰਜੀਆਂ ਉੱਤੇ ਲਿਟਾ ਸੁਆਰ ਕੇ ਬਚਨੋ ਮੋਘਾ ਖੋਲ੍ਹਣ ਗਈ ਤਾਂ ਕੋਠੜੀ ਉੱਤੇ ਉਹਦੀ ਅੱਡੀ ਧਸ ਗਈ, ਤੇ ਫਿਰ ਮੁੜ ਕੇ ਆਉਂਦੀ ਦਾ ਬਨੇਰੇ ਉੱਤੇ ਪੈਰ ਤਿਲ੍ਹਕ ਗਿਆ। ਮਸੀਂ ਡਿਗਣ ਤੋਂ ਬਚਦੀ ਉਹ ਖਿਝ ਕੇ ਬੁੜ ਬੁੜਾਉਣ ਲਗੀ, ''ਕੈ ਗੇਲ ਕਿਹੈ ਦੋਜਕੀ ਨੂੰ, ਰੋਹੀ ਆਲੀ ਕਿੱਕਰ ਵਢ ਕੇ ਦੋ ਖਣ ਉਤੇ ਛੱਤ ਲੈਨੇ ਆਂ–ਨਾਲੇ ਕੋਠੜੀ ਦੀਆਂ ਕੜੀਆਂ ਝਾੜਲਾਂਗੇ–ਜੱਟ ਨੇ ਇਕ ਨ੍ਹੀਂ ਸੁਣੀ–ਲੋਕੀਂ ਐਸ਼ਾਂ ਲੁਟਦੀ ਐ–ਐਥੇ ਜੂਨ ਕੱਟਣੀ...!''

'ਨੀ ਹੁਣ ਤਿਹਾਸਮਾਂ ਛੱਤਣ ਬੈਠਾ ਮੈਂ ਕੁ!'' ਉਹ ਕੋਠੇ ਜੇਡੀ ਧੀ ਦੇ ਕਾਰਜ ਬਾਰੇ ਆਖਣ ਲਗਾ ਸੀ ਕਿ ਉਹਨੂੰ ਕੋਲ ਪਈ ਮੁਟਿਆਰ ਧੀ ਦੀ ਲਿਹਾਜ ਮਾਰ ਗਈ।

''ਓ ਤੈਂ ਕੀ ਲੱਲਰ ਲਾਉਣੈ....'' ਲੜੂੰ ਲੜੂੰ ਕਰਦੀ ਉਹ ਮੰਜੇ ਕੋਲ ਆ ਗਈ।

''ਚੰਗਾ ਪੈ ਜਾਹ ਹੁਣ ਰਾਮ ਨਾਲ–ਟੈੜ ਟੈੜ ਲਾਈ ਐ ਵਾਧੂ–ਆਪ ਤੋਂ ਨੀਮੇ ਅਲ ਦੇਖ ਕੇ ਡੰਗ ਨਿਕਲਦੈ!''

''ਆਹੋ ਭਾਈ ਆਹੋ, ਆਹ ਤਾਂ ਗੱਲ ਸੱਚ ਐ ਚੰਨਣ ਦੀ।'' ਨਾਲ ਦੇ ਘਰ ਦੀ ਨੀਵੀਂ ਛੱਤ ਤੋਂ ਕਰਮ ਸਿਹੁੰ ਦੀ ਅੰਮਾਂ ਨੇ ਹਾਂ ਵਿਚ ਹਾਂ ਮਿਲਾਈ।

ਵੱਟ ਨਾਲ ਫੇਰ ਸਾਹ ਬੰਦ ਹੋਣ ਲੱਗਾ ਸੀ, ਜਿਵੇਂ ਮੀਂਹ ਕਦੇ ਵਰ੍ਹਿਆ ਹੀ ਨਹੀਂ ਹੁੰਦਾ। ਬੋਬੀ ਅਤਰੀ ਦੇ ਵਿਹੜੇ ਵਿਚ ਉੱਗੀ ਕਿੱਕਰ ਚੁੱਪ ਚਾਪ ਖਲੋਤੀ ਸੀ। ਗਰਮੀ ਨਾਲ ਜਿੱਚ ਹੋ ਕੇ ਚੰਨਣ ਕੁਦਰਤ ਦੇ ਪ੍ਰਬੰਧ ਵਿਰੁਧ ਬੋਲਿਆ, ''ਕੋਈ ਚੰਦਰਾ ਪਾਪੀ ਬੈਠੈ ਪਹਿਰੇ ਉੱਤੇ ਅੱਜ ਤਾਂ–ਪੱਤਾ ਨ੍ਹੀਂ ਹਿਲਦਾ।''

''ਮਾੜੇ ਦਾ ਦੁੱਖ ਦੁੱਖ...!'' ਹੇਠੋਂ, ਡੰਗਰਾਂ ਵਾਲੇ ਘਰ ਅੱਗੇ, ਗਲੀ ਵਿਚ ਮੰਜਾ ਡਾਹੀਂ ਪਿਆ ਮੈਂਗਲ ਵਿਹੜੇ ਆਲਾ ਬੋਲਿਆ। ਆਪਣੀ ਥਾਂ ਉਹ ਆਪ ਤਰਲੋਮੱਛੀ ਹੋ ਰਿਹਾ ਸੀ।

''ਨੀ ਬੇਬੇ, ਮੱਛਰ ਲੜੀ ਜਾਂਦੈ!'' ਭਿੰਦਰ ਮੰਜੇ ਦੀ ਦੌੜ ਉੱਤੇ ਗਿੱਟੇ ਰਗੜਦਾ ਬੋਲਿਆ।

ਬੋਬੀ ਅਤਰੀ ਦੀ ਕਿੱਕਰ ਦੀਆਂ ਟਹਿਣੀਆਂ ਥੋੜ੍ਹਾ ਥੋੜ੍ਹਾ ਹਿੱਲਣ ਲਗੀਆਂ। ਨਿੱਕੀ ਨਿੱਕੀ ਹਵਾ ਰੁਮਕ ਪਈ, ਜਿਸ ਵਿਚ ਗਿੱਲੇ ਕੋਠਿਆਂ ਦੀ ਹਮਕ ਰਲੀ ਹੋਈ ਸੀ। ਘੁੱਦੇ ਨੇ ਸੁੱਖ ਦਾ ਸਾਹ ਲੈਂਦਿਆਂ ਆਪਣੇ ਮੰਜੇ ਤੋਂ ਕਿਹਾ, ''ਲੈ ਬਈ ਚੰਨਣਾ, ਬਦਲ ਗਿਆ ਪਹਿਰਾ, ਆ ਬੈਠਾ ਕੋਈ ਧਰਮੀ ਪੁਰਸ਼।''

''ਆਹੋ ਪੁਤ...'' ਦੂਰੋਂ ਕਰਮ ਸਿਹੁੰ ਦੀ ਅੰਮਾਂ ਬੋਲੀ, ''ਧਰਮੀਆਂ ਦੀ ਕਿਹੜਾ ਤੋਟ ਐ ਜਗ 'ਚ।''

''ਆ ਤਾਂ ਕੋਈ ਧਰੂੰ ਐਂ ਧਰੂੰ ਅੰਮਾਂ!'' ਘੁੱਦਾ ਰੁਮਕਦੀ ਪੌਣ ਦੇ ਬੁੱਲ੍ਹੇ ਲੁੱਟਦਾ ਬੋਲਿਆ। ਚੰਨਣ ਈ ਅੱਖ ਲਗ ਰਹੀ ਸੀ। ਉਹਨੂੰ ਚੁੱਪ ਪਿਆ ਦੇਖ ਘੁੱਦੇ ਨੇ ਉਚੀ ਬੋਲ ਕੇ ਆਖਿਆ, ''ਚੰਨਣਾ, ਓ ਚੰਨਣਾ!''

''ਹੋ...'' ਚੰਨਣ ਸੁਤ–ਅਣੀਂਦਾ ਸੀ।

''ਨੀਂਦ ਔਂਦੀ ਐ?''

''ਆਹੋ....''

''ਚੰਗਾ ਫੇਰ, ਸੌਂ ਜਾ!'' ਘੁੱਦੇ ਨੇ ਆਪ ਵੀ ਪਾਸਾ ਪਰਤ ਲਿਆ।

ਨਿਕੀ ਨਿਕੀ ਪੌਣ ਨੇ ਜਿਵੇਂ ਸਭੇ ਦੁਖ ਧੋ ਦਿੱਤੇ। ਪੋਲੇ ਪੋਲੇ ਹੱਥੀਂ ਪਿਆਰ ਨਾਲ ਝਸਦੀ ਕੁਦਰਤ ਲੋਰੀਆਂ ਦੇ ਰਹੀ ਸੀ। ਹੌਲੀ ਹੌਲੀ ਸਾਰੇ ਸੌਂ ਗਏ। ਚੰਨਣ ਸਰ੍ਹਾਣੇ ਬਾਂਹ ਦੇ ਕੇ, ਪਾਸੇ ਭਾਰ, ਨੀਂਦ ਵਿਚ ਗੜੂੰਦ ਹੋ ਗਿਆ।

ਅਚਨਚੇਤ ਭੁੱਖੇ ਸ਼ੇਰ ਵਾਂਗ ਪਿੰਡ ਉੱਤੇ ਬੱਦਲ ਘੋਰਿਆ। ਅੱਭੜ ਕੇ ਚੰਨਣ ਦੀ ਅੱਖ ਖੁਲ੍ਹ ਗਈ। ਮੋਟੇ ਮੋਟੇ ਭੂਰੇ ਬੱਦਲ, ਚੰਨ ਨੂੰ ਝੱਫ ਕੇ ਅਸਮਾਨ ਉੱਤੇ ਫੈਲ ਰਹੇ ਸਨ। ਪਤਲਾ ਜਿਹਾ ਘਸਮੈਲਾ ਹਨੇਰਾ ਛਾਇਆ ਹੋਇਆ ਸੀ। ਚੰਨਣ ਉਠ ਕੇ ਮੰਜੇ ਉੱਤੇ ਬਹਿ ਗਿਆ ਤੇ ਪੈਰਾਂ ਨਾਲ ਜੁੱਤੀ ਟੋਹਣ ਲੱਗਾ।

ਚਿਟੇ ਚਾਨਣ ਦੀ ਇਕ ਤਾਰ ਜਿਹੀ ਤੇਜ਼ੀ ਨਾਲ ਚੀਨੀਆਂ ਦੇ ਚੁਬਾਰੇ ਉੱਤੇ ਲਰਜ਼ੀ ਤੇ ਅਗਲੇ ਛਿਨ ਜ਼ੋਰ ਨਾਲ ਬਿਜਲੀ ਡਿਗਣ ਦੀ ਵਾਜ ਆਈ। ਡਰ ਨਾਲ ਨਿਆਣੇ ਰੋਣ ਤੇ ਕੁੱਤੇ ਭੌਂਕਣ ਲਗੇ। ਰਾਮ ਰਾਮ ਹੋਣ ਲਗੀ। ਚੰਨਣ ਦੀਆਂ ਚੁੰਧਿਆਈਆਂ ਅੱਖਾਂ ਅੱਗੇ, ਹਨੇਰੇ ਵਿਚ, ਕੋਈ ਪੀਲੀ, ਹਰੀ ਤੇ ਲਾਲ ਤਾਰ ਅਜੇ ਤੱਕ ਲਰਜ਼ ਰਹੀ ਸੀ। ਹਵਾ ਦਾ ਇਕ ਤਿੱਖਾ ਬੁਲ੍ਹਾ ਕਿੱਕਰ ਦੀਆਂ ਟਹਿਣੀਆਂ ਵਿਚ ਉਲਝ ਰਿਹਾ ਸੀ।

''ਘੇਸੂ ਫਿਰ ਜਾਇ ਇਹਨੂੰ...!'' ਬਚਨੋ ਠਠੰਬਰ ਕੇ ਨਿੱਕੀ ਕੁੜੀ ਨੂੰ ਹਿਕ ਨਾਲ ਸਾਂਭਦੀ ਉਠੀ, ''ਚੰਦਰਾ ਬਾਦ ਈ ਪੈ ਗਿਆ ਅੱਜ–ਖਬਰ ਨ੍ਹੀਂ ਕਿਧਰੋਂ ਆ ਗਿਆ ਚੜ੍ਹ ਕੇ!'' ਤੇ ਉਹ ਚੰਨਣ ਨੂੰ ਫਿਕਰ ਨਾਲ ਉੱਚੀ ਬੋਲੀ, ''ਹੁਣ ਤੂੰ ਬੈਠਾ ਕੀ ਸੋਚਦੈਂ, ਮੰਜੇ ਤਾਂ ਥੱਲੇ ਲਾਹੁਣੇ ਪੈਣਗੇ ਫੇਰ...!''

''ਥੱਲੇ ਕਿਥੇ ਲਾਹਾਂਗੇ ਹੁਣ...।'' ਚੰਨਣ ਦੇ ਹੱਡ ਦੁਖ ਰਹੇ ਸਨ।

''ਹੋਰ ਕੀ ਕਰੇਂਗਾ? ਦੇਖਦਾ ਨ੍ਹੀਂ, ਬੱਦਲ ਤਾਂ ਢਕੋ ਢਕੀ ਖੜ੍ਹੈ, ਉੱਠ, ਝਟ ਕਰ!''

''ਅਜਾਂ ਹੁਣ ਕਿਤੇ ਦੇਖਣ ਨੂੰ ਬੱਦਲ ਨ੍ਹੀਂ ਸੀ–ਘੰਟਾ ਪਹਿਲਾਂ।'' ਘੁੱਦਾ ਆਪਣੇ ਮੰਜੇ 'ਤੇ ਉਠ ਕੇ ਬਹਿੰਦਾ ਬੋਲਿਆ।

ਹਵਾ ਥੰਮ ਗਈ। ਬੱਦਲ ਘੁਲਦਾ ਜਾਂਦਾ ਸੀ। ਚੀਨੀਏਂ, ਲੰਬੜ ਤੇ ਹੋਰ ਚੁਬਾਰਿਆਂ ਵਾਲੇ ਬੂਹੇ ਬਾਰੀਆਂ ਖੋਲ੍ਹੀ ਆਰਾਮ ਨਾਲ ਚੁਬਾਰਿਆਂ ਵਿਚ ਪਏ ਸਨ। ਚੰਨਣ ਨੇ ਇਕ ਪਲ ਸੋਚ ਕੇ ਆਖਿਆ, ''ਨਿਆਣਿਆਂ ਦੀਆਂ ਮੰਜੀਆਂ ਝਲਿਆਨੀ ਹੇਠ ਕਰ ਦਿੰਨੇ ਆਂ, ਤੂੰ ਸੀਬੋ ਨਾਲ ਹੇਠ ਚਲੀ ਜਾਹ, ਮੈਂ ਹਾਲੇ ਇਥੇ ਈ...।''

ਕੋਈ ਕੋਈ ਕਣੀ ਝਰਨ ਲਗ ਪਈ।

ਬਚਨੋ ਫਿਕਰ ਨਾਲ ਤੜਫ ਕੇ ਬੋਲੀ, ''ਓ ਤੇਰੀ ਤਾਂ ਮੱਤ ਮਾਰੀ ਗਈ, ਕੀ ਹਾਲ ਕਰਦੈਂ, ਝਲਿਆਨੀ ਹੇਠ ਕੀਹਨੂੰ ਕੀਹਨੂੰ ਪਾਇੰਗਾ? ਤੂੰ ਹੇਠ ਫੜਾ ਮੰਜੇ!''

''ਨੀ ਚੰਗਾ...!'' ਉਹ ਅੱਕ ਕੇ ਭਾਰੇ ਸੰਘ ਨਾਲ ਉੱਚੀ ਚੀਕਿਆ।

ਬਚਨੋ ਤੇ ਸੀਬੋ ਛੇਤੀ ਛੇਤੀ ਕਪੜੇ ਵਲ੍ਹੇਟ ਤੇ ਨਿੱਕੇ ਨਿਆਣਿਆਂ ਨੂੰ ਸਾਂਭ ਕੇ ਥੱਲੇ ਚਲੀਆਂ ਗਈਆਂ। ਕੈਲੋ ਤੇ ਭਿੰਦੀ ਜਾਗੋ ਮੀਟੇ ਵਿਚ ਪੌੜੀ ਦੇ ਡੰਡੇ ਟੋਹ ਟੋਹ ਉਤਰਨ ਲਗੇ। ਉਹ ਆਪ ਉੱਤੇ ਹੀ ਪੈਂਦ ਵਲ ਦਰੀ ਇਕੱਠੀ ਕਰਕੇ ਘਰੋੜੇ ਟੇਡਾ ਹੋ ਗਿਆ।

ਕਣੀਆਂ ਡਿਗੀ ਜਾਂਦੀਆਂ ਸਨ।

''ਅੱਜ ਨ੍ਹੀਂ ਬਈ ਸੌਣ ਦਿੰਦਾ ਚੰਨਣਾ!'' ਕਣੀਆਂ ਤੋਂ ਕਾਣਤ ਕੇ ਘੁੱਦਾ ਬੋਲਿਆ।

''ਓ ਸਾਡੀ ਤਾਂ ਜੂਨ ਇ ਮਾੜੀ ਐ–ਨਾ ਦਿਨ ਨੂੰ ਚੈਨ, ਨਾ ਰਾਤ ਨੂੰ ਨੀਂਦ।'' ਚੰਨਣ ਦੀਆਂ ਅੱਖਾਂ ਵਿਚ ਰੋੜ ਰੜਕ ਰਹੇ ਸਨ।

''ਮੌਜਾਂ ਤਾਂ ਚਬਾਰਿਆਂ ਆਲੇ ਲੁਟਦੇ ਨੇ...'' ਚੀਨੀਆਂ ਦੇ ਚੁਬਾਰੇ ਵਿਚ ਦੀਵੇ ਦੀ ਲੋਅ ਦੇਖ ਕੇ ਘੁੱਦੇ ਨੇ ਈਰਖਾ ਨਾਲ ਕਿਹਾ।

''ਕੁਦਰਤ ਐ ਭਾਈ ਮਾਲਕ ਦੀ!'' ਚੰਨਣ ਨੇ ਹੌਂਕਾ ਲਿਆ, ''ਘਰਦੀ ਤੰਗੀ ਬੁਰੀ। ਰਾਤ ਕਿੰਨੀ ਕੁ ਰਹਿੰਦੀ ਹੋਣੀ ਐਂ ਘੁੱਦਿਆ ਅਜੇ?''

''ਬਥੇਰੀ ਪਈ ਐ ਹਾਲੇ...''

''ਕਿਤੇ ਬੱਦਲਾਂ ਕਰਕੇ ਈ ਨ੍ਹੇਰਾ ਤਾਂ ਨ੍ਹੀਂ?''

''ਕਾਹਨੂੰ–ਅੱਧੀ ਰਾਤ ਲੰਘੀ ਐ ਮਸੀਂ, ਹਾਲੇ ਤਾਰਾ ਵੀ ਨ੍ਹੀਂ ਚੜ੍ਹਿਆ ਹੋਣਾ, ਬੱਦਲਾਂ ਕਰਕੇ ਦਿਖਦਾ ਨ੍ਹੀਂ ਇਕ ਤਾਂ ਅੱਜ–ਤੈਂ ਚਰਾਂਦੀਂ ਜਾਣਾ ਹੋਣੈ?'' ''ਆਹੋ...''

''ਫੇਰ ਪਿਆ ਰਹੁ ਹਾਲੇ–ਬਥੇਰੀ ਡੇਰ ਐ–ਘੜੀ ਅਰਾਮ ਵੀ ਚਾਹੀਦੈ ਬੰਦੇ ਨੂੰ।''

''ਓਏ ਜੱਟ ਨੂੰ ਰਾਮ ਕਿੱਥੇ!''

''ਉਹ ਤਾਂ ਤੇਰੀ ਗੱਲ ਠੀਕ ਐ।'' ਘੁੱਦਾ ਹੁੰਗਾਰਾ ਦੇ ਕੇ ਚੁੱਪ ਕਰ ਗਿਆ।

ਨਿੱਕਾ ਨਿੱਕਾ ਝਰਦੀਆਂ ਕਣੀਆਂ ਹੌਲੀ ਹੌਲੀ ਹੋਰ ਛਿੱਦੀਆਂ ਹੋ ਗਈਆਂ। ਘੁਲੇ ਹੋਏ ਬੱਦਲਾਂ ਥਲੇ ਅੜ ਖਲੋਏ ਹੁੰਮਸ ਨੂੰ ਹਵਾ ਦੇ ਆਪ–ਹੁਦਰੇ ਬੁਲ੍ਹਿਆਂ ਨੇ ਲੀਰ ਲੀਰ ਕਰ ਦਿੱਤਾ ਤੇ ਘੁੱਦੇ ਅਤੇ ਚੰਨਣ ਦੀਆਂ ਆਪੋ ਵਿਚ ਦੀਆਂ ਗੱਲਾਂ ਮਿੱਠੇ ਮਿੱਠੇ ਲੋਰ ਵਿਚ ਮੁਕ ਗਈਆਂ। ਚੰਨਣ ਦੀਆਂ ਅੱਖਾਂ ਭਾਵੇਂ ਮਿਚੀਆਂ ਹੋਈਆਂ ਸਨ, ਪਰ ਹੁਣ ਉਹਦੇ ਮਨ ਵਿਚ ਨਵੀਂ ਧੁਖਧੁਖੀ ਸੀ : 'ਕਿਤੇ ਪਿਆਂ ਹੀ ਦਿਨ ਨਾ ਚੜ੍ਹ ਜਾਵੇ....!' ਉਹਨੇ ਸੁੱਤੇ ਸੁੱਤਿਆਂ ਆਪਣਾ ਕੰਨ ਗਲੀ ਦੀ ਵਿੜਕ ਉਤੇ ਲਾ ਛਡਿਆ ਸੀ।

ਕਣੀਆਂ ਦੀ ਕਾਣਤ, ਹੱਡਾਂ ਦਾ ਥਕੇਵਾਂ ਤੇ ਘੁੱਦੇ ਦੀਆਂ ਗੱਲਾਂ ਤੋਂ ਵਿਸਰ ਕੇ ਉਹ ਮਾਰੂਆਂ ਦੀ ਖੱਤੀ ਵਲ ਚਲਾ ਗਿਆ : ਪਹੁ ਫੁਟ ਰਹੀ ਸੀ। ਆਲੇ–ਦੁਆਲੇ ਲੋਕਾਂ ਦੀਆਂ ਚਰ੍ਹੀਆਂ ਪੁੰਗਰ ਕੇ ਨਰਮ ਨਰਮ ਹਵਾ ਵਿਚ ਕੰਬ ਰਹੀਆਂ ਸਨ। ਮੋਠਾਂ, ਮਾਹਾਂ, ਗੁਆਰੇ ਤੇ ਮੂੰਗੀਆਂ ਨੇ ਕੰਨ ਚੁੱਕ ਲਏ ਸਨ। ਪਰ੍ਹੇ, ਟਿੱਬੀ ਉੱਤੇ ਜੀਤੇ ਲੰਬੜ ਦਾ ਹਲ ਵਗਦਾ ਸੀ। ਟੱਲੀਆਂ ਦੀ ਨ੍ਹਿਮੀ ਨ੍ਹਿਮੀ ਵਾਜ ਉੱਤੇ ਮਿਰਜ਼ੇ ਦੀ ਕਲੀ ਉੱਚੀ ਉੱਠ ਰਹੀ ਸੀ...

ਉਹ ਹੜਬੜਾ ਕੇ ਉਠਿਆ। ਬਨੇਰੇ ਉੱਤੇ, ਮੂੰਹ–ਹਨੇਰੇ ਵਿਚ, ਕੁੱਕੜ ਬਾਂਗਾਂ ਦੇ ਰਿਹਾ ਸੀ। ਗਲੀ ਵਿਚੋਂ ਲੰਘਦੇ ਬਦਲਾਂ ਦੀਆਂ ਟੱਲੀਆਂ ਟਣਕ ਰਹੀਆਂ ਸਨ ਤੇ ਪਹੁ ਦੀ ਲੋਅ, ਬੱਦਲਾਂ ਪਿਛੋਂ ਫੁੱਟਣ ਹੀ ਵਾਲੀ ਸੀ। ਵਿਹੜੇ 'ਚੋਂ ਬਦਲਾਂ ਨੂੰ ਖੋਲ੍ਹ ਕੇ ਟਿੱਬੀ ਵਲ ਤੁਰਦਾ ਚੰਨਣ ਬੋਲਿਆ, ''ਹਾਜ਼ਰੀ ਦੇ ਕੇ ਸੀਬੋ ਨੂੰ ਛੇਤੀ ਘੱਲ ਦਈਂ ਬਚਨ ਕੁਰੇ, ਚਾਹ ਰਤੀ ਕੈੜੀ ਰੱਖੀਂ...'' ਉਹਦਾ ਬੋਲ ਪਾਟੇ ਹੋਏ ਬਾਂਸ ਵਰਗਾ ਸੀ।

# ਫਿਰ ਯਾਦ ਆਇਆ ਫੁਟਬਾਲ ਦਾ ਜਰਨੈਲ

## ਯਾਦਾਂ ਦੀ ਪਟਾਰੀ

**ਪ੍ਰਿੰ. ਸਰਵਣ ਸਿੰਘ**

ਹੁਣ ਜਦੋਂ ਫੁਟਬਾਲ ਦੇ ਵਿਸ਼ਵ ਕੱਪ ਦੀਆਂ ਗੱਲਾਂ ਹੋ ਰਹੀਆਂ ਨੇ ਤਾਂ ਮੈਨੂੰ ਜਰਨੈਲ ਸਿੰਘ ਯਾਦ ਆ ਗਿਐ ਜੋ ਕਦੇ ਫੁਟਬਾਲ ਦੀ ਖੇਡ ਵਿਚ ਏਸ਼ੀਆ ਦਾ ਜਰਨੈਲ ਸੀ। ਵੀਹਵੀਂ ਸਦੀ ਦਾ ਉਹ ਮਹਾਨ ਫੁਟਬਾਲਰ ਵੀਹਵੀਂ ਸਦੀ ਦੇ ਨਾਲ ਹੀ ਅਲਵਿਦਾ ਕਹਿ ਗਿਆ। ਅਕਤੂਬਰ 2000 ਦੇ ਦਿਨ ਸਨ। ਪਨਾਮ ਦੇ ਖੁੱਲ੍ਹੇ ਖੇਤਾਂ 'ਚ ਉਹਦੇ ਨਮਿੱਤ ਸ਼ਰਧਾਂਜਲੀ ਸਮਾਗਮ ਹੋ ਰਿਹਾ ਸੀ। ਖੇਡ-ਪ੍ਰੇਮੀ ਫੁਟਬਾਲ ਦੇ ਮਸੀਹੇ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਹੇ ਸਨ। ਮੈਂ ਅਮਰਦੀਪ ਕਾਲਜ, ਮੁਕੰਦਪੁਰ ਤੋਂ ਫੁੱਟਬਾਲ ਦੇ ਖਿਡਾਰੀ ਲੈ ਕੇ ਗਿਆ ਸਾਂ। ਪਨਾਮ ਦੀ ਜੂਹ ਵਿਚ ਸੋਗ ਛਾਇਆ ਹੋਇਆ ਸੀ। ਝੋਨਿਆਂ ਦੇ ਵੱਢ ਉਜੜੇ, ਧੁੱਪ ਰੋਣਹਾਕੀ ਤੇ ਪੌਣ ਹਉਕੇ ਲੈਂਦੀ ਲੱਗਦੀ ਸੀ। ਪੰਛੀ ਵਿਰਲਾਪ ਕਰਦੇ ਜਾਪਦੇ ਸਨ। ਪਿੰਡ ਦੀਆਂ ਬੀਹੀਆਂ ਵੈਣ ਪਾ ਰਹੀਆਂ ਸਨ। ਦੁਨੀਆਂ 'ਚ ਪਨਾਮ ਦਾ ਨਾਂ ਧੁਮਾ ਦੇਣ ਵਾਲਾ ਦਲਾਂ ਦਾ ਮੋਹਰੀ ਪਨਾਮੀਆਂ ਨੂੰ ਜਾਂਦੀ ਵਾਰ ਦਾ ਪ੍ਰਣਾਮ ਕਰ ਗਿਆ ਸੀ।

ਪਹਿਲਾਂ ਅਸੀਂ ਉਸ ਘਰ ਨੂੰ ਸਜਦਾ ਕੀਤਾ ਜੀਹਦੀ ਇੱਟ-ਇੱਟ ਤੇ ਕੜੀ-ਕੜੀ ਨਾਲ ਜਰਨੈਲ ਸਿੰਘ ਦੀ ਸਾਂਝ ਸੀ। ਉਥੇ ਉਹਦੀਆਂ ਖੇਡ-ਨਿਸ਼ਾਨੀਆਂ ਪਈਆਂ ਸਨ ਜਿਨ੍ਹਾਂ ਨਾਲ ਅਨੇਕਾਂ ਯਾਦਾਂ ਜੁੜੀਆਂ ਹੋਈਆਂ ਸਨ। ਕਦੇ ਉਸ ਘਰ ਵਿਚ ਚਹਿਲ-ਪਹਿਲ ਹੁੰਦੀ ਸੀ ਪਰ ਉਦਣ ਵੀਰਾਨੀਆਂ ਦਾ ਮਾਤਮ ਸੀ। ਘਰ ਦੇ ਕੰਧਾਂ-ਕੌਲੇ ਦਿਲ ਢਾਹੀ ਖੜ੍ਹੇ ਸਨ। ਘਰ ਨੂੰ ਜਾਂਦੀ ਭੀੜੀ ਗਲੀ ਜਿਵੇਂ ਹੱਥ ਜੋੜੀ ਕਹਿ ਰਹੀ ਸੀ, ਜਾਣ ਵਾਲਾ ਤਾਂ ਚਲਾ ਗਿਆ, ਵੇਖਣਾ ਕਿਤੇ ਤੁਸੀਂ ਵੀ ਰਾਹ ਨਾ ਭੁੱਲ ਜਾਣਾ...।

ਬਾਹਰ ਪੰਡਾਲ ਵਿਚ ਜਰਨੈਲ ਸਿੰਘ ਦੀ ਆਤਮਿਕ ਸ਼ਾਂਤੀ ਲਈ ਅੰਤਮ ਅਰਦਾਸ ਕੀਤੀ ਗਈ। ਬੁਲਾਰੇ ਸ਼ਰਧਾਂਜਲੀਆਂ ਭੇਟ ਕਰਨ ਲੱਗੇ। ਚਲਾਣਾ ਕਰ ਗਏ ਜੋਧੇ ਖਿਡਾਰੀ ਦੀ ਢੁਕਵੀਂ ਯਾਦਗਾਰ ਬਣਾਉਣ ਦੇ ਸੁਝਾਅ ਦਿੱਤੇ ਗਏ। ਉਸ ਨੇ ਦੋ ਸਾਲ ਏਸ਼ੀਅਨ ਆਲ ਸਟਾਰ ਟੀਮ ਦੀ ਕਪਤਾਨੀ ਕੀਤੀ ਸੀ। ਏਸ਼ੀਆ ਮਹਾਂਦੀਪ ਦਾ ਉਹ ਪਹਿਲਾ ਖਿਡਾਰੀ ਸੀ ਜਿਸ ਨੂੰ ਇਹ ਮਾਣ ਮਿਲਿਆ। ਤਿੰਨ ਸਾਲ ਉਹ ਭਾਰਤੀ ਫੁਟਬਾਲ ਟੀਮ ਦਾ ਕਪਤਾਨ ਰਿਹਾ। 1960 ਵਿਚ ਉਸ ਨੂੰ ਫੁੱਟਬਾਲ ਦੀ ਵਿਸ਼ਵ ਟੀਮ ਦਾ ਸੈਂਟਰ ਫੁੱਲ ਬੈਕ ਚੁਣਿਆ ਗਿਆ। ਏਸ਼ੀਆ ਦੀ ਧਰਤੀ ਤੋਂ ਇਹ ਮਾਣ ਇਕੱਲੇ ਪੰਜਾਬ ਦੇ ਸਪੂਤ ਨੂੰ ਹੀ ਮਿਲਿਆ ਸੀ।

1967 ਵਿਚ ਕੁਆਲਾਲੰਪੁਰ ਦੇ ਮਰਦੇਕਾ ਟੂਰਨਾਮੈਂਟ ਸਮੇਂ ਫੀਫਾ ਦੇ ਪ੍ਰਧਾਨ ਸਰ ਸਟੈਨਲੇ ਰਾਊਜ਼ ਨੇ ਏਸ਼ੀਆ ਦੇ ਫੁਟਬਾਲ ਅਧਿਕਾਰੀਆਂ ਨੂੰ ਕਿਹਾ ਸੀ, "ਤੁਹਾਡੇ ਪਾਸ ਜਰਨੈਲ ਸਿੰਘ ਐਸਾ ਖਿਡਾਰੀ ਹੈ ਜਿਹੜਾ ਦੁਨੀਆਂ ਦੀ ਕਿਸੇ ਟੀਮ ਵਿਚ ਵੀ ਚੁਣੇ ਜਾਣ ਦੇ ਯੋਗ ਹੈ।"

ਜਦੋਂ ਉਹ ਅਫ਼ਰੀਕਾ ਵਿਚ ਖੇਡਿਆ ਤਾਂ ਅਫ਼ਰੀਕਨਾਂ ਨੇ ਉਹਨੂੰ 'ਸਿੰਘਾ ਸ਼ੀਬਾ' ਕਹਿ ਕੇ ਵਡਿਆਇਆ ਸੀ। ਦਸ ਸਾਲ ਉਹ ਏਸ਼ੀਆ ਦਾ ਸਰਵੋਤਮ ਖਿਡਾਰੀ ਰਿਹਾ। ਜਿੰਨੇ ਸਾਲ ਉਹ ਕਲਕੱਤੇ ਦੀ ਮੋਹਨ ਬਾਗਾਨ ਕਲੱਬ ਵਿਚ ਖੇਡਿਆ ਉਹਨੂੰ ਪੈਸੇ ਵੀ ਸਭ ਤੋਂ ਵੱਧ ਮਿਲੇ ਤੇ ਸ਼ੋਭਾ ਵੀ। ਉਦੋਂ ਕੋਈ ਬੰਗਾਲੀ ਨਹੀਂ ਹੋਵੇਗਾ ਜਿਹੜਾ ਜਰਨੈਲ ਸਿੰਘ ਦੇ ਨਾਂ ਤੋਂ ਵਾਕਫ਼ ਨਾ ਹੋਵੇ।

ਜਰਨੈਲ ਸਿੰਘ ਹੋਰਾਂ ਦਾ ਪਿੱਛਾ ਹੁਸ਼ਿਆਰਪੁਰ ਦੇ ਪਿੰਡ ਮੁਜਾਰਾ ਡੀਂਗਰੀਆਂ ਦਾ ਸੀ। ਚੋਆਂ ਦੇ ਸਤਾਏ ਉਹਦੇ ਬਾਬੇ ਬਾਰ ਵਿਚ ਜਾ ਆਬਾਦ ਹੋਏ। ਲਾਇਲਪੁਰ ਦੇ ਚੱਕ ਨੰਬਰ 272 ਵਿਚ ਉਸ ਦਾ ਜਨਮ ਹੋਇਆ। ਸਕੂਲ ਵਿਚ ਉਸ ਦੀ ਜਨਮ ਮਿਤੀ 20 ਫਰਵਰੀ 1936 ਲਿਖੀ ਗਈ। ਅੰਗਰੇਜ਼ਾਂ ਦੇ ਰਾਜ ਸਮੇਂ ਬਾਰ ਦੇ ਫੌਜੀ ਆਬਾਦਕਾਰਾਂ ਵਿਚ 'ਜਰਨੈਲ' ਚੋਟੀ ਦਾ ਨਾਂ ਸੀ। ਉਦੋਂ ਉਹਦੇ ਮਾਪਿਆਂ ਨੂੰ ਨਹੀਂ ਸੀ ਪਤਾ ਕਿ ਉਹ ਫੁਟਬਾਲ ਦਾ ਜਰਨੈਲ ਬਣੇਗਾ।

ਉਹ ਛੇਵੀਂ 'ਚ ਪੜ੍ਹਦਾ ਸੀ ਜਦੋਂ ਦੇਸ਼ ਦੀ ਵੰਡ ਹੋਈ। ਜਰਨੈਲ ਦੀ ਮਾਸੀ ਦਾ ਲੜਕਾ ਫੌਜ ਵਿਚ ਸੀ। ਉਹਨੇ ਪਰਿਵਾਰ ਨੂੰ ਧਾੜਵੀਆਂ ਦੀ ਮਾਰ 'ਚੋਂ ਕੱਢ ਕੇ ਸ਼ਰਨੀ ਕੈਂਪ ਵਿਚ ਲਿਆਂਦਾ। ਫੌਜੀ ਦਸਤੇ ਦੀ ਰਖਵਾਲੀ ਵਿਚ ਔਰਤਾਂ ਤੇ ਬੱਚੇ ਵਾਪਸ 'ਵਤਨ' ਭੇਜ ਦਿੱਤੇ। ਟਰੱਕਾਂ ਉਤੇ ਤਰਪਾਲਾਂ ਪਾ ਕੇ ਔਰਤਾਂ ਨੂੰ ਲਕੋਇਆ ਹੋਇਆ ਸੀ। ਕਈ ਥਾਈਂ ਟਰੱਕਾਂ ਉਤੇ ਗੋਲੀਆਂ ਚੱਲੀਆਂ। ਜਰਨੈਲ ਤਰਪਾਲ ਦੀਆਂ ਵਿਰਲਾਂ ਥਾਣੀ ਬਾਹਰ ਵੇਖਦਾ ਤੇ ਜ਼ਨਾਨੀਆਂ ਉਹਨੂੰ ਬਾਹੋਂ ਖਿੱਚ ਕੇ ਭੁੰਜੇ ਬਿਠਾਉਂਦੀਆਂ। ਬਾਹਰ ਅੱਗਾਂ ਸਨ, ਲਹੂ ਸੀ ਤੇ ਲਾਹੌਰ ਜਲ ਰਿਹਾ ਸੀ। ਅਖ਼ੀਰ ਉਹ ਅੰਮ੍ਰਿਤਸਰ ਅੱਪੜੇ ਤੇ ਮਾਲ ਗੱਡੀ ਉਤੇ ਚੜ੍ਹ ਕੇ ਆਪਣੇ ਪੁਰਾਣੇ ਪਿੰਡ ਪੁੱਜੇ। ਜਰਨੈਲ ਮਾਪਿਆਂ ਦੇ ਆਉਣ ਤਕ ਸ਼ਰੀਕਾਂ ਕੋਲ ਰਿਹਾ। ਉਨ੍ਹਾਂ ਨੂੰ ਗੜ੍ਹਸ਼ੰਕਰ ਲਾਗੇ ਪਨਾਮ ਵਿਚ ਜ਼ਮੀਨ ਅਲਾਟ ਹੋਈ ਤੇ ਜੀਵਨ ਨਵੇਂ ਸਿਰਿਓਂ ਸ਼ੁਰੂ ਹੋਇਆ।

ਜਰਨੈਲ ਗੌਰਮਿੰਟ ਹਾਈ ਸਕੂਲ ਗੜ੍ਹਸ਼ੰਕਰ 'ਚ ਪੜ੍ਹਨ ਲੱਗਾ। 1952 'ਚ ਉਹਨੇ ਮੈਟ੍ਰਿਕ ਕੀਤੀ ਤੇ ਆਰੀਆ ਕਾਲਜ, ਨਵਾਂਸ਼ਹਿਰ ਦਾਖਲ ਹੋਇਆ। ਦੋ ਸਾਲ ਪਿੱਛੋਂ ਉਸ ਨੂੰ ਖ਼ਾਲਸਾ ਕਾਲਜ, ਮਾਹਿਲਪੁਰ ਵਾਲੇ ਲੈ ਗਏ। ਪ੍ਰਿੰਸੀਪਲ ਹਰਭਜਨ ਸਿੰਘ ਖੇਡਾਂ ਦੇ ਆਸ਼ਕ ਸਨ। ਮਾਹਿਲਪੁਰ ਫੁਟਬਾਲ ਦਾ ਗੜ੍ਹ ਬਣ ਚੁੱਕਾ ਸੀ। ਚਾਰ ਸਾਲ ਉਹ ਮਾਹਿਲਪੁਰ ਕਾਲਜ ਦੀ ਟੀਮ ਵਿਚ ਖੇਡਿਆ ਤੇ ਚਾਰੇ ਸਾਲ ਟੀਮ ਨੇ ਪੰਜਾਬ ਯੂਨੀਵਰਸਿਟੀ ਦੀ ਫੁਟਬਾਲ ਚੈਂਪੀਅਨਸ਼ਿਪ ਜਿੱਤੀ। ਤਿੰਨ ਸਾਲ ਉਹ ਪੰਜਾਬ ਯੂਨੀਵਰਸਿਟੀ ਦੀ ਟੀਮ ਵਿਚ ਖੇਡਿਆ। ਕਾਲਜ ਵਿਚ ਪੜ੍ਹਦਿਆਂ ਹੀ ਉਹ ਖ਼ਾਲਸਾ ਸਪੋਰਟਿੰਗ ਕਲੱਬ ਦਾ ਮੈਂਬਰ ਬਣ ਕੇ ਪਾਕਿਸਤਾਨ ਖੇਡਣ ਗਿਆ।

1957 ਵਿਚ ਡੀ. ਸੀ. ਐਮ. ਟੂਰਨਾਮੈਂਟ ਖੇਡਦਿਆਂ ਉਹ ਰਾਜਸਥਾਨ ਕਲੱਬ ਦੇ ਮਾਰਵਾੜੀਆਂ ਨੂੰ ਜਚ ਗਿਆ। ਉਨ੍ਹਾਂ ਨੇ ਉਹਨੂੰ ਪੰਜਾਬ ਤੋਂ ਪੁੱਟ ਲਿਆ। 1958 ਦਾ ਸਾਲ ਉਹ ਰਾਜਸਥਾਨ ਕਲੱਬ ਵੱਲੋਂ ਖੇਡਿਆ। 1959 ਵਿਚ ਉਹਨੇ ਕਲਕੱਤੇ ਦੇ ਮਸ਼ਹੂਰ ਕਲੱਬ ਮੋਹਨ ਬਾਗਾਨ ਵਿਚ ਬਦਲੀ ਕਰਵਾ ਲਈ ਤੇ ਲਗਭਗ ਦਸ ਸਾਲ ਉਸੇ ਕਲੱਬ ਵੱਲੋਂ ਖੇਡਦਾ ਰਿਹਾ। ਮੋਹਨ ਬਾਗਾਨ ਦਾ ਉਹ ਸ਼ਿੰਦਾ ਖਿਡਾਰੀ ਸੀ। ਕਲੱਬ ਵਾਲੇ ਉਹਨੂੰ ਹੱਥੀਂ ਛਾਵਾਂ ਕਰਦੇ ਸਨ। ਜਿਨ੍ਹਾਂ ਦਿਨਾਂ 'ਚ ਜ਼ਮੀਨ ਦਾ ਭਾਅ ਹਜ਼ਾਰ-ਪੰਦਰਾਂ ਸੌ ਰੁਪਏ ਏਕੜ ਸੀ ਮੋਹਨ ਬਾਗਾਨ ਵਾਲੇ ਜਰਨੈਲ ਸਿੰਘ ਨੂੰ ਦਸ ਹਜ਼ਾਰ ਰੁਪਏ ਸਾਲਾਨਾ ਫੀਸ ਦਿੰਦੇ ਸਨ। ਫੁਟਬਾਲ ਦੀ ਕਮਾਈ ਨਾਲ ਉਹਨੇ ਵੀਹ ਖੇਤ ਹੋਰ ਖਰੀਦੇ ਜਿਨ੍ਹਾਂ 'ਚ ਖ਼ੁਦ ਖੇਤੀ ਵੀ ਕੀਤੀ।



ਜਰਨੈਲ ਸਿੰਘ

ਬੰਗਾਲੀ ਉਹਦੀ ਖੇਡ ਦੇ ਦੀਵਾਨੇ ਸਨ। 1960 'ਚ ਜਰਨੈਲ ਸਿੰਘ ਰੋਮ ਦੀਆਂ ਓਲੰਪਿਕ ਖੇਡਾਂ ਵਿਚ ਗਿਆ। ਭਾਰਤ ਦੀ ਟੀਮ ਹਾਰ ਗਈ ਪਰ ਜਰਨੈਲ ਸਿੰਘ ਵਰਲਡ ਇਲੈਵਨ ਦਾ ਸੈਂਟਰ ਫੁੱਲ-ਬੈਕ ਚੁਣਿਆ ਗਿਆ। 1962 'ਚ ਜਕਾਰਤਾ ਦੀਆਂ ਏਸ਼ਿਆਈ ਖੇਡਾਂ ਸਮੇਂ ਥਾਈਲੈਂਡ ਵਿਰੁਧ ਖੇਡਦਿਆਂ ਉਹਦੇ ਸਿਰ 'ਚ ਸੱਟ ਲੱਗ ਗਈ। ਜ਼ਖ਼ਮ ਸਿਊਣ ਲਈ ਅੱਠ ਤੋਪੇ ਲੱਗੇ। ਚੌਥੇ ਦਿਨ ਵੀਤਨਾਮ ਵਿਰੁੱਧ ਖੇਡਣਾ ਸੀ। ਡਾਕਟਰ ਨੇ ਜਰਨੈਲ ਸਿੰਘ ਨੂੰ ਖੇਡਣ ਤੋਂ ਮਨ੍ਹਾਂ ਕੀਤਾ ਪਰ ਸਾਥੀ ਦਿਲ ਨਹੀਂ ਸੀ ਧਰ ਰਹੇ। ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਉਸ ਨੂੰ ਮੈਦਾਨ 'ਚ ਉਤਰਨਾ ਪਿਆ। ਫੁੱਲ ਬੈਕ ਲਈ ਸਿਰ ਨਾਲ ਖੇਡਣਾ ਕਈ ਵਾਰ ਜ਼ਰੂਰੀ ਹੋ ਜਾਂਦੈ। ਸਿਰ ਜ਼ਖ਼ਮੀ ਸੀ, ਇਸ ਲਈ ਉਹ ਸੈਂਟਰ ਫਾਰਵਰਡ ਖੇਡਿਆ। ਅੱਗੇ ਖੇਡਦਿਆਂ ਉਹਨੇ ਪਹਿਲਾ ਗੋਲ ਕੀਤਾ ਤੇ ਭਾਰਤ ਦੀ ਟੀਮ ਫ਼ਾਈਨਲ ਵਿਚ ਪੁੱਜ ਗਈ। ਅੰਤਮ ਮੈਚ ਦੱਖਣੀ ਕੋਰੀਆ ਨਾਲ ਸੀ। ਦੱਖਣੀ ਕੋਰੀਆ ਸਿਰ ਜੇਤੂ ਗੋਲ ਵੀ ਜਰਨੈਲ ਸਿੰਘ ਨੇ ਹੀ ਕੀਤਾ ਤੇ ਭਾਰਤ ਏਸ਼ੀਆ ਦਾ ਚੈਂਪੀਅਨ ਬਣ ਗਿਆ।

1964 ਦੇ ਮਰਦੇਕਾ ਕੱਪ ਸਮੇਂ ਭਾਰਤੀ ਫੁੱਟਬਾਲ ਟੀਮ ਫ਼ਾਈਨਲ ਮੈਚ ਖੇਡੀ। ਉਥੇ ਜਰਨੈਲ ਸਿੰਘ ਦੀ ਖੇਡ ਬੇਹੱਦ ਸਲਾਹੀ ਗਈ। ਉਹਦੀ ਕਿੱਕ ਵਿਚ ਜ਼ੋਰ ਸੀ ਤੇ ਮਿਥੇ ਟਿਕਾਣੇ 'ਤੇ ਪੁਚਾਉਣ ਦੀ ਖ਼ੂਬੀ ਸੀ। ਉਹਦੀ ਖੇਡ ਵਿਚ ਅੰਤਾਂ ਦਾ ਸਵੈ-ਕਾਬੂ ਸੀ। ਮੁਸ਼ਕਲ ਦੀਆਂ ਘੜੀਆਂ ਵਿਚ ਵੀ ਉਹ ਹਿੰਮਤ ਨਹੀਂ ਸੀ ਹਾਰਦਾ। ਉਸ ਸਾਲ ਭਾਰਤ ਸਰਕਾਰ ਨੇ ਉਹਨੂੰ ਅਰਜਨਾ ਅਵਾਰਡ ਨਾਲ ਸਨਮਾਨਿਆ। 1962 ਵਿਚ ਉਸ ਨੂੰ ਭਾਰਤ ਦਾ ਸਰਬੋਤਮ ਖਿਡਾਰੀ ਮੰਨਿਆ ਗਿਆ ਸੀ। 1965, 66 ਤੇ 67 ਵਿਚ ਉਹ ਭਾਰਤੀ ਫੁੱਟਬਾਲ ਟੀਮਾਂ ਦਾ ਕਪਤਾਨ ਰਿਹਾ। 1966 ਤੇ 67 ਵਿਚ ਉਸ ਨੂੰ ਏਸ਼ੀਅਨ ਆਲ ਸਟਾਰ ਟੀਮ ਦੀ ਅਗਵਾਈ ਸੌਂਪੀ ਗਈ। 1968 ਵਿਚ ਮਸਲ ਖਿੱਚੇ ਜਾਣ ਕਾਰਨ ਉਹ ਮੋਹਨ ਬਾਗਾਨ ਤੋਂ ਰਿਟਾਇਰ ਹੋਇਆ ਤੇ ਪੰਜਾਬ ਦੇ ਖੇਡ ਵਿਭਾਗ ਦੀ ਨੌਕਰੀ ਕਰ ਲਈ। ਉਹਦੇ ਪੰਜਾਬ ਵਿਚ ਆਉਣ ਦੀ ਦੇਰ ਸੀ ਕਿ ਪੰਜਾਬ ਫੁੱਟਬਾਲ ਦੀ ਨੈਸ਼ਨਲ ਚੈਂਪੀਅਨਸ਼ਿਪ ਜਿੱਤਣ ਲੱਗਾ। ਉਨ੍ਹੀਂ ਦਿਨੀਂ ਖੇਡ-ਪੱਤਰਕਾਰ ਤਲਿਆਰ ਖ਼ਾਂ ਦੀ ਟਿੱਪਣੀ ਸੀ ਕਿ ਅੱਗੇ ਪੰਜਾਬੀ ਖਿਡਾਰੀ ਹਾਕੀ ਤੇ ਅਥਲੈਟਿਕਸ ਦੇ ਚੈਂਪੀਅਨ ਸਨ, ਹੁਣ ਜਰਨੈਲ ਸਿੰਘ ਦੇ ਪੰਜਾਬ ਚਲੇ ਜਾਣ ਨਾਲ ਫੁੱਟਬਾਲ ਦੀ ਵੀ ਖ਼ੈਰ ਨਹੀਂ।

ਜਰਨੈਲ ਸਿੰਘ ਦੇ ਸੁਭਾਅ 'ਚ ਹਲੀਮੀ ਸੀ। ਗੱਲਾਂ-ਬਾਤਾਂ 'ਚ ਰਸ ਤੇ ਮਿਠਾਸ ਸੀ। ਉਹ ਧੀਮਾ ਬੋਲਦਾ ਸੀ। ਕਣਕ-ਵੰਨਾ ਰੰਗ, ਠੋਡੀ ਉਤੇ ਦਾੜ੍ਹੀ, ਸੱਜੀ ਗੱਲ੍ਹ ਉਤੇ ਤਿਲ, ਅੱਖਾਂ ਦੇ ਕੋਏ ਲਾਲ ਤੇ ਭਰਵੱਟੇ ਸੰਘਣੇ ਸਨ। ਮੁੱਛਾਂ ਭਾਵੇਂ ਛੋਟੀਆਂ ਸਨ ਪਰ ਸੀ ਸੰਘਣੀਆਂ। ਭਾਰਤ ਵਿਚ ਖੇਡਾਂ ਦੇ ਨੀਵੇਂ ਮਿਆਰ ਦਾ ਉਹਨੂੰ ਅਫਸੋਸ ਸੀ। ਇਕੇਰਾਂ ਗੱਲਾਂ-ਬਾਤਾਂ ਕਰਦਿਆਂ ਉਹਨੇ ਸਹਿ-ਸੁਭਾਅ ਕਿਹਾ ਸੀ, "ਖੇਡਾਂ ਸਾਡੇ ਦੇਸ਼ ਵਿਚ ਨਾ ਹੋਣ ਬਰਾਬਰ ਹਨ। ਖੇਡਾਂ ਨੂੰ ਅਸੀਂ ਜ਼ਿੰਦਗੀ ਦਾ ਅੰਗ ਨਹੀਂ ਸਮਝਦੇ। ਸਾਡੇ ਬਹੁਤੇ ਨੌਜੁਆਨਾਂ 'ਚ ਜੁਆਨੀ ਵਾਲੀ ਕੋਈ ਗੱਲ ਨਹੀਂ ਦਿਸਦੀ। ਕਰੋੜਾਂ ਦੀ ਗਿਣਤੀ ਨੂੰ ਅਸੀਂ ਕੀ ਕਰਨਾ ਹੈ ਜੇ ਗਿਆਰਾਂ ਖਿਡਾਰੀ ਹੀ ਪੂਰੇ ਨਾ ਹੋਣ? ਜਿਹੜੇ ਚੰਦ ਇਕ ਜੁਆਨ ਖੇਡ ਵੀ ਰਹੇ ਨੇ ਉਨ੍ਹਾਂ 'ਚੋਂ ਬਹੁਤਿਆਂ ਦੀ ਖੇਡ ਪਿੱਛੇ ਲੁਕੇ ਛਿਪੇ ਰਾਜ਼ ਹਨ, ਮਤਲਬ ਹਨ। ਮਤਲਬ ਕੱਢਿਆ ਤੇ ਖੇਡ ਛੱਡੀ। ਨਵੇਂ ਮੁੰਡੇ ਖੇਡਾਂ ਨੂੰ ਸ਼ਿੱਦਤ ਨਾਲ ਨਹੀਂ ਲੈ ਰਹੇ। ਉਹ ਖੇਡਣ ਪਿੱਛੋਂ ਲੱਗਦੇ ਨੇ, ਫੈਲਸੂਫ਼ੀਆਂ 'ਚ ਪਹਿਲਾਂ ਪੈ ਜਾਂਦੇ ਨੇ। ਮੈਂ ਜਦੋਂ ਤਕ ਖੇਡਿਆ ਨਸ਼ੇ ਦੇ ਨੇੜੇ ਨਹੀਂ ਗਿਆ। ਕਦੇ ਹੋਟਲਾਂ 'ਚ ਡਾਂਸ ਨਹੀਂ ਸੀ ਵੇਖੇ ਤੇ ਸਿਨਮਿਆਂ 'ਚ ਨੀਂਦ ਹਰਾਮ ਨਾ ਸੀ ਕੀਤੀ। ਕਲਕੱਤੇ 'ਚ ਮੇਰੇ ਦੋ ਸ਼ੌਕ ਸਨ। ਇਕ ਗੁਰਦੁਆਰੇ ਜਾਣਾ ਤੇ ਦੂਜਾ ਗਰਾਊਂਡ ਵਿਚ। ਗੁਰਦਵਾਰੇ ਗੁਰੂ ਤੋਂ ਬਲ ਮੰਗਣਾ ਤੇ ਗਰਾਊਂਡ 'ਚ ਜ਼ੋਰ ਲਾ ਕੇ ਹੋਰ ਬਲ ਪੈਦਾ ਕਰਨਾ। ਸਖ਼ਤ ਮਿਹਨਤ ਕਰਨੀ। ਸਖ਼ਤ ਮਿਹਨਤ ਦਾ ਮਤਲਬ ਹੈ ਵੱਧ ਮਿਹਨਤ। ਸਰੀਰ ਨੂੰ ਕਸ਼ਟ ਦੇਣਾ। ਇਉਂ ਨਿੱਤ ਨਵੀਂ ਤਾਕਤ ਪੈਦਾ ਹੋਣੀ।"

ਫੁਟਬਾਲ ਦੀ ਮੌਜੂਦਾ ਹਾਲਤ ਬਾਰੇ ਪੁੱਛਣ 'ਤੇ ਉਹਨੇ ਦੱਸਿਆ ਸੀ, "ਸਾਡੇ ਵੇਲੇ ਫੁਟਬਾਲ ਦੀ ਏਨੀ ਦੁਰਦਸ਼ਾ ਨਹੀਂ ਸੀ ਭਾਵੇਂ ਓਦੋਂ ਬਾਲ ਵੀ ਮਸੀਂ ਮਿਲਦੀ ਸੀ। ਸਾਨੂੰ ਖੇਡਣ ਦਾ ਏਨਾ ਚਾਅ ਸੀ ਕਿ ਨਿੱਕੇ ਹੁੰਦਿਆਂ ਅਸੀਂ ਪੰਜ ਰੁਪਏ 'ਕੱਠੇ ਕੀਤੇ। ਮੈਂ ਸੱਠ ਮੀਲ ਸਾਈਕਲ ਚਲਾ ਕੇ ਜਲੰਧਰੋਂ ਬਾਲ ਖਰੀਦ ਕੇ ਲਿਆਇਆ ਤੇ ਫੇਰ ਅਸੀਂ ਓਦੋਂ ਖੇਡਣੋਂ ਹਟੇ ਜਦੋਂ 'ਨ੍ਹੇਰੇ 'ਚ ਬਾਲ ਦਿਸਣੋਂ ਹਟ ਗਈ। ਹੁਣ ਖਿਡਾਰੀਆਂ ਨੂੰ ਸਹੂਲਤਾਂ ਵੀ ਦੇਈਦੀਆਂ ਨੇ ਪਰ ਉਹ ਫੇਰ ਵੀ ਨਹੀਂ ਖੇਡ ਰਹੇ।"

ਮੈਂ ਪੁੱਛਿਆ ਸੀ, "ਏਨਾ ਲੰਮਾ ਸਮਾਂ ਖੇਡਣ ਪਿੱਛੋਂ ਕੀ ਮਹਿਸੂਸ ਕਰਦੇ ਓ?" ਉਸ ਨੇ ਲੰਮਾ ਸਾਹ ਭਰ ਕੇ ਕਿਹਾ ਸੀ, "ਜਦੋਂ ਬੰਦਾ ਆਪਣੀ ਅਨਰਜੀ ਖੋ ਬਹਿੰਦਾ ਤਾਂ ਗਏ ਦਿਨਾਂ ਨੂੰ ਤਰਸਦਾ। ਜਦੋਂ ਪਿਛਲੀਆਂ ਫੋਟੋਆਂ ਵੇਖੀਦੀਆਂ ਨੇ ਤਾਂ ਪੁਰਾਣੀਆਂ ਯਾਦਾਂ ਚੇਤੇ ਕਰ ਕੇ ਈ ਮਨ ਨੂੰ ਤਸੱਲੀ ਦੇਈਦੀ ਆ।"

ਇੰਟਰਵਿਊ ਕਰਦਿਆਂ ਮੈਂ ਆਖ਼ਰੀ ਗੱਲ ਪੁੱਛੀ ਸੀ, "ਨਵੀਂ ਪੀੜ੍ਹੀ ਨੂੰ ਸੰਦੇਸ਼?" ਉਸ ਨੇ ਗੰਭੀਰ ਹੁੰਦਿਆਂ ਕਿਹਾ ਸੀ, "ਮੇਰੇ ਵਲੋਂ ਮਿਹਨਤ ਦਾ ਸੰਦੇਸ਼ ਦੇਣਾ। ਵੱਡੇ ਬਣਨ ਲਈ ਮਿਹਨਤ ਤੋਂ ਬਿਨਾਂ ਕੋਈ ਸ਼ਾਰਟ ਕੱਟ ਰਸਤਾ ਨਹੀਂ। ਨਵੇਂ ਮੁੰਡਿਆਂ ਨੂੰ ਮਿਹਨਤ ਕਰਨੀ ਚਾਹੀਦੀ ਐ, ਅਦਬ ਸਿਖਣਾ ਚਾਹੀਦੈ। ਜ਼ਬਤ, ਨਿਮਰਤਾ ਤੇ ਵਕਤ ਦੀ ਪਾਬੰਦੀ, ਸਾਰੇ ਗੁਣ ਗ੍ਰਹਿਣ ਕਰਨੇ ਚਾਹੀਦੇ ਨੇ। ਜਿਹੜਾ ਕਸਰਤ ਤੇ ਪ੍ਰੈਕਟਿਸ ਕਰਨ ਦਾ ਕਸ਼ਟ ਝੱਲ ਸਕਦੈ ਫਤਿਹ ਉਹਨੂੰ ਈ ਨਸੀਬ ਹੁੰਦੀ ਆ। ਖਿਡਾਰੀ ਦਾ ਮਨ ਨੀਵਾਂ ਹੋਣਾ ਚਾਹੀਦੈ। ਖ਼ਾਲੀ ਭਾਂਡੇ ਵਿਚ ਤਾਂ ਕੁਛ ਪੈ-ਜੂ, ਭਰੇ ਨੂੰ ਕੋਈ ਕੀ ਭਰੂ? ਜਿਹੜੇ ਖਿਡਾਰੀ ਹੰਕਾਰੀ ਹੋ ਜਾਣ ਉਹ ਬਹੁਤੀ ਦੇਰ ਨੀ ਤਗਦੇ। ਉਹ ਪੀਕ ਫਾਰਮ 'ਤੇ ਪਹੁੰਚਣ ਤੋਂ ਪਹਿਲਾਂ ਹੀ ਖੁਰ ਜਾਂਦੇ ਨੇ।

"ਖੇਡਾਂ ਦੇ ਅਫਸਰਾਂ ਨੂੰ ਵੀ ਦਫਤਰਾਂ ਵਿਚ ਈ ਨਹੀਂ ਬੈਠੇ ਰਹਿਣਾ ਚਾਹੀਦਾ। ਗਰਾਊਂਡਾਂ ਵਿਚ ਜਾਣ ਦੀ ਲੋੜ ਹੈ। ਮੈਂ ਨਿੱਕਰ ਬੁਨੈਣ ਪਾ ਕੇ ਗਰਾਊਂਡ ਵਿਚ ਜਾਨਾਂ ਤੇ ਨਵੇਂ ਮੁੰਡਿਆਂ 'ਚ ਸ਼ੌਕ ਪੈਦਾ ਕਰਨ ਦੀ ਕੋਸ਼ਿਸ਼ ਕਰਦਾਂ। ਹੁਣ ਪੰਜਾਬ ਵੀ ਫੁਟਬਾਲ ਦੇ ਨਕਸ਼ੇ ਉਤੇ ਆ ਗਿਐ। ਹਰ ਵਾਰ ਪੰਜਾਬ ਦੇ ਦੋ-ਚਾਰ ਖਿਡਾਰੀ ਨੈਸ਼ਨਲ ਟੀਮ ਵਿਚ ਚੁਣੇ ਜਾਂਦੇ ਨੇ। ਇਉਂ ਮਨ ਨੂੰ ਸ਼ਾਂਤੀ ਮਿਲਦੀ ਐ ਕਿ ਕੁਸ਼ ਤਾਂ ਕੀਤਾ। ਪਰ ਅਜੇ ਹੋਰ ਬਹੁਤ ਕੁਝ ਕਰਨਾ ਬਾਕੀ ਹੈ। ਨਵੀਂ ਪੀੜ੍ਹੀ ਪੂਰਾ ਸਾਥ ਨਹੀਂ ਦੇ ਰਹੀ, ਉਂਜ ਟੇਲੈਂਟ ਦੀ ਕੋਈ ਘਾਟ ਨਹੀਂ। ਬੱਸ ਟੇਲੈਂਟ ਨੂੰ ਸਾਣ ਚਾੜ੍ਹਨ ਦੀ ਲੋੜ ਹੈ। ਨਵੀਂ ਪੀੜ੍ਹੀ ਲਈ ਮੈਦਾਨ ਖੁੱਲ੍ਹਾ ਪਿਐ। ਉਹ ਸਮਾਂ ਸੰਭਾਲੇ, ਸਮਾਂ ਅਜਾਈਂ ਨਾ ਗੁਆਵੇ ਕਿਉਂਕਿ ਸਮਾਂ ਕਿਸੇ ਨੂੰ ਨਹੀਂ ਬਖਸ਼ਦਾ। ਖਿਡਾਰੀ ਚੰਗੇ ਲੋਕਾਂ ਦੀ ਸੰਗਤ ਕਰਨ। ਮਨ ਨੂੰ ਬੁਰਾਈਆਂ ਤੋਂ ਬਚਾ ਕੇ ਰੱਖਣ, ਪਰਮਾਤਮਾ ਤੋਂ ਨਿਉਂ ਕੇ ਬਲ ਮੰਗਣ, ਉਹਦੇ ਕੋਲ ਕਿਸੇ ਚੀਜ਼ ਦਾ ਘਾਟਾ ਨਹੀਂ। ਇਉਂ ਕੀਤਿਆਂ ਹਰ ਮੈਦਾਨ ਫਤਿਹ ਮਿਲ ਸਕਦੀ ਹੈ।"

ਵਿਦਾ ਹੁੰਦਿਆਂ ਮੈਂ ਉਹਦੀਆਂ ਅੱਖਾਂ ਵਿਚ ਨੀਝ ਨਾਲ ਤੱਕਿਆ ਸੀ। ਉਹ ਮਤਾਬੀ ਵਾਂਗ ਜਗ ਰਹੀਆਂ ਸਨ। ਉਹਦੇ ਵਿਚ ਜੋਸ਼ ਸੀ, ਉਮਾਹ ਸੀ ਤੇ ਅਰਮਾਨ ਸੀ। ਉਹਦੀਆਂ ਗੱਲਾਂ ਵਿਚ ਨਿਰਾਸ਼ਾ ਦੇ ਹਨ੍ਹੇਰੇ 'ਚੋਂ ਬਾਹਰ ਕੱਢਣ ਦਾ ਚਾਨਣ ਸੀ ਪਰ ਕੁਦਰਤ ਦਾ ਗੇੜ ਅਜਿਹਾ ਬਣਿਆ ਕਿ ਜਰਨੈਲ ਸਿੰਘ ਖ਼ੁਦ ਹਨ੍ਹੇਰੇ ਵਿਚ ਡੁੱਬ ਗਿਆ। ਉਸ ਦਾ ਵੱਡਾ ਪੁੱਤਰ ਜਗਮੋਹਣ ਭਰ ਜੁਆਨੀ 'ਚ ਸਦੀਵੀ ਵਿਛੋੜਾ ਦੇ ਗਿਆ। ਇਕ ਨੌਜੁਆਨ ਜੁਆਈ ਚੱਲ ਵਸਿਆ। ਜੀਵਨ ਸਾਥਣ ਵੀ ਸਮੇਂ ਤੋਂ ਪਹਿਲਾਂ ਹੀ ਪਰਮਾਤਮਾ ਨੂੰ ਪਿਆਰੀ ਹੋ ਗਈ। ਉਤੋੜਿਤੀ ਹੋਈਆਂ ਮੌਤਾਂ ਨੇ ਤਕੜੇ ਦਿਲ ਗੁਰਦੇ ਵਾਲੇ ਖਿਡਾਰੀ ਨੂੰ ਧੁਰ ਅੰਦਰ ਤਕ ਝੰਬ ਦਿੱਤਾ। ਉਹਦਾ ਜਿਊਂਦਿਆਂ ਮਰਨ ਹੋ ਗਿਆ।

ਜੀਵਨ ਦੇ ਆਖ਼ਰੀ ਸਾਲ ਉਹਨੇ ਸ਼ਰਾਬ ਨਾਲ ਕੱਟੇ ਜਿਹੜੇ ਕਿ ਬਹੁਤੀ ਦੇਰ ਨਹੀਂ ਸਨ ਕੱਟੇ ਜਾ ਸਕਦੇ। ਮਰਨ ਤੋਂ ਕੁਝ ਮਹੀਨੇ ਪਹਿਲਾਂ ਉਹ ਆਪਣੇ ਕੈਨੇਡਾ ਵੱਸਦੇ ਇਕਲੌਤੇ ਪੁੱਤਰ ਹਰਸ਼ਮੋਹਣ ਕੋਲ ਚਲਾ ਗਿਆ ਸੀ। ਕਦੇ ਕਦੇ ਕਹਿ ਦਿੰਦਾ ਸੀ ਕਿ ਮੈਂ ਸ਼ਰਾਬ ਛੱਡ ਦੇਵਾਂਗਾ, ਜੀਵਾਂਗਾ। ਪਰ ਇਹ ਸਭ ਕਹਿਣ ਦੀਆਂ ਗੱਲਾਂ ਸਨ। ਉਸ ਨੇ ਵਤਨ ਪਰਤਣ ਲਈ 4 ਨਵੰਬਰ ਦੀ ਹਵਾਈ ਟਿਕਟ ਬੁੱਕ ਕਰਵਾਈ ਸੀ। 13 ਅਕਤੂਬਰ 2000 ਨੂੰ ਅਜਿਹਾ ਦੌਰਾ ਪਿਆ ਕਿ ਪ੍ਰਾਣ-ਪੰਖੇਰੂ ਉਡਾਰੀ ਮਾਰ ਗਏ। 'ਏਸ਼ੀਆ ਦਾ ਜਰਨੈਲ' ਜਿਹੜਾ ਮੇਰੇ ਲੇਖ ਦਾ ਸਿਰਲੇਖ ਸੀ ਆਖ਼ਰ ਮੌਤ ਨੇ ਢਾਹ ਲਿਆ। ਉਹਦੀ ਅੰਤਮ ਇੱਛਾ ਅਨੁਸਾਰ ਉਹਦੀ ਦੇਹ ਉਹਦੇ ਪਿੰਡ ਲਿਆਂਦੀ ਗਈ। ਮਾਹਿਲਪੁਰ ਦੇ ਜਿਸ ਮੈਦਾਨ ਨੂੰ ਉਹਨੇ ਮੁੜ੍ਹਕੇ ਨਾਲ ਸਿੰਜਿਆ ਸੀ ਉਥੇ ਉਸ ਦੇ ਅੰਤਮ ਦਰਸ਼ਨ ਕਰਵਾ ਕੇ ਪਨਾਮ ਵਿਚ ਦਾਹ ਸੰਸਕਾਰ ਕਰ ਦਿੱਤਾ ਗਿਆ। ਪਿੱਛੇ ਉਹਦੀਆਂ ਯਾਦਾਂ ਹੀ ਰਹਿ ਗਈਆਂ ਹਨ।

## ਵੇ ਥਾਣੇਦਾਰਾਂ ਦੋ ਮੰਜੀਆਂ ਦੀ ਥਾਂ

ਧੂ ਲਿਆ ਹੌਲਦਾਰ ਨੇ।

ਲੱਥ ਗਈ ਪੀਤੀ ਸਾਰੀ। 'ਜਨਾਬ, ਆਹ ਡੂਢ ਕੁ ਸੌ ਖੀਸੇ 'ਚ ਹੈਗਾ, ਲੈ ਲਓ। ਹਊ ਪਰੇ ਕਰ ਦਿਓ।'

ਤੇ ਉਹਨੇ ਟੋਪੀ ਸਿਰ ਤੋਂ ਲਾਹ ਕੇ ਨੌਂ ਇੰਚ ਲੰਬੀ ਬੋਦੀ ਦਿਖਾਉਂਦਿਆਂ ਕਿਹਾ, 'ਤੂੰ ਗੰਗਾ ਗੰਦੀ ਕਰ'ਤੀ, ਐਸਾ ਬੰਦਾ ਬਣਾਊਂ ਕਿ ਤੇਰੀਆਂ ਆਉਣ ਆਲੀਆਂ ਪੀੜ੍ਹੀਆਂ ਚੇਤੇ ਰੱਖਣਗੀਆਂ।'

'ਜਨਾਬ ਮੈਂ ਤਾਂ ਛੜ੍ਹਾਂ। ਮੇਰੀ ਪੀੜ੍ਹੀ ਕਿਥੋਂ ਆ ਜੂ।'

'ਪਹਿਲਾਂ ਐਂ ਦੱਸ ਇਹ ਸ਼ਰਾਬ ਲਈ ਤੂੰ ਕਿਥੋਂ ਐ?'

'ਲਈ ਕਾਹਨੂੰ ਆਂ ਜਨਾਬ। ਮਰਨ ਤੋਂ ਦਸ ਕੁ ਦਿਨ ਪਹਿਲਾਂ ਭਾਈਏ ਨੇ ਹੀ ਪੂਰਾ ਡਰੰਮ ਕੱਢਿਆ ਸੀ। ਉਹਦੇ 'ਚੋਂ ਹੀ ਪਹਿਲੇ ਤੋੜ ਵਾਲੀ ਨਾਲ ਲੈ ਆਇਐਂ।'

ਤੇ ਪੁਲਿਸ ਵਾਲੇ ਦੇ ਪਤਾ ਨ੍ਹੀ ਕੀ ਮੂੰਹ 'ਚ ਪਾਣੀ ਆ ਗਿਆ। ਟੋਨ ਬਦਲ ਗਈ, 'ਹੋਰ ਵੀ ਹੈਗੀ ਐ?'

'ਜਨਾਬ ਹੈ ਤਾਂ ਸਹੀ ਪਰ ਮੈਨੂੰ ਬਖਸ਼ ਦਿਉਗੇ?'

ਤੇ ਪਤੰਦਰ ਨੇ ਪਿੱਛਿਓਂ ਗੱਡੀ 'ਚ ਬੈਗ 'ਚੋਂ ਕੋਕ ਵਾਲੀ ਦੋ ਲੀਟਰ ਦੀ ਪੌਣੀ ਕੁ ਬੋਤਲ ਕੱਢ ਕੇ ਫੜਾ'ਤੀ।

'ਭੱਜ ਜੋ ਹੁਣ ਇਥੇ ਨਾ ਖੜ੍ਹੋ।'

'ਵੱਡਾ ਕਾਹਲਾ! ਨਵਾਂਸ਼ਹਿਰ ਕਦੋਂ ਆਉਣੈ? ਸਾਰੀ ਲਹਿ ਜੂ? ਦੋ ਚਾਰ ਹਾੜੇ ਦੇ ਜਾਹ।'

ਤੇ ਹੌਲਦਾਰ ਨੇ ਪਾਣੀ ਦੀ ਬੋਤਲ ਗੱਡੀ 'ਚੋਂ ਕੱਢੀ, ਪਾਣੀ ਡੋਲ੍ਹ ਕੇ ਅੱਧੀਆ ਕੁ ਪਾ'ਤਾ ਉਹਦੇ 'ਚ, ਲੈ ਹੁਣ ਭੱਜ ਜੋ?'

ਹੌਲਦਾਰ ਦੇ ਖੜ੍ਹਿਆਂ ਹੀ ਸੁੱਚੇ ਨੇ ਸੁੱਕੀ ਚੜ੍ਹਾ ਕੇ ਫਿਰ ਬੜ੍ਹਕ ਮਾਰੀ, 'ਆਈਂ ਕਿਤੇ ਪੰਜਾਬ ਨੂੰ ਨੁਹਾ ਦਿਆਂਗੇ ਘਰ ਦੀ ਕੱਢੀ ਨਾਲ। ਨਾਲੇ ਗੱਲ ਸੁਣ ਪਈ, ਗੰਗਾ ਤਾਂ ਵਗਦੀ ਰਹਿਣੀ ਆਂ ਹਾਅ ਬੋਦੀ ਜਿਹੜੀ ਦਿਖਾਉਂਦਾ ਸੀ ਇਹ ਕਟਾ ਦੇਈਂ ਸਵੇਰ ਨੂੰ।'

ਤੇ ਉਹ ਹੌਲਦਾਰ ਸਾਨੂੰ ਸ਼ਹਿਰੋਂ ਪਾਰ ਛੱਡਣ ਤੱਕ ਆਇਆ। ਚਲੋ ਕਈ ਇਸ ਗੱਲ ਨੂੰ ਵੀ ਸਮਝ ਲੈਣਗੇ ਕਿ ਦੂਜਿਆਂ ਦੇ ਕੰਮ ਆਉਣਾ ਧਰਮ ਹੀ ਹੁੰਦਾ ਹੈ ਪਰ ਜਦੋਂ ਲੱਖ 'ਚੋਂ ਸੌ ਦਾ ਨੋਟ ਨਿਕਲ ਗਿਆ ਤਾਂ ਗਿਣਤੀ ਫਿਰ ਹਜ਼ਾਰਾਂ 'ਚ ਹੀ ਹੋਵੇਗੀ।

## ਉਦਾਸ ਪਲ!

ਪਲ ਪਲ ਝੋਰਾ ਖਾਵੇ ਦਿਲ ਨੂੰ ਓਏ ਸੱਜਣਾਂ,
ਲੰਮੇ ਪੈਂਡੇ ਤੁਰ ਗਿਆ ਬਿਨ ਦਿੱਤੇ ਸਿਰਨਾਂਵਾਂ।
ਕੀਤੇ ਕੌਲ ਕਰਾਰ ਸੀ ਸਾਥ ਨਿਭਾਉਣ ਦੇ,
ਟੁੱਟੀਆਂ ਤੰਦਾਂ ਨੂੰ ਹੁਣ ਕਿਥੋਂ ਗੰਢ ਪੁਆਵਾਂ।
ਕਾਲੀਆਂ ਰਾਤਾਂ ਬਿਰਹਾ ਪੱਲੇ ਪਾ ਦਿੱਤਾ,
ਟੁੱਟੇ ਦਿਲ ਨੂੰ ਕਿੰਜ ਧਰਵਾਸ ਦੁਆਵਾਂ।
ਭੁੱਖੇ ਪੰਛੀ ਉਡਣ ਮੇਰੀਆਂ ਸੱਧਰਾਂ ਦੇ,
ਰੱਖ ਤਲੀ 'ਤੇ ਬਿਰਹੋਂ ਦਾ ਚੋਗ ਚੁਗਾਵਾਂ।
ਮੁੱਖ ਤੇਰੇ ਦਾ ਚੇਤਾ ਆਉਣੋਂ ਰੋਕਣ ਲਈ,
ਕਾਲੀਆਂ ਰਾਤਾਂ ਨੂੰ ਹੁਣ ਨਿਰਜਿੰਦ ਜੂਨ ਹੰਢਾਵਾਂ।
ਮੀਟਾਂ ਅੱਖੀਆਂ ਸਾਹਵੇਂ ਆਣ ਖਲੋ ਜਾਵੇ,
ਦੀਦੇ ਖੋਲ੍ਹ ਦੇਖਿਆ ਆਪਣਾ ਹੀ ਪਰਛਾਵਾਂ।
ਉਦਾਸ ਪਲਾਂ ਦੀ ਜੂਨ ਹੰਢਾਉਣੀ ਔਖੀ ਏ,
ਤੂੰ ਹੀ ਦੱਸ ਹੁਣ ਕਿਹੜਾ ਪੀਰ ਧਿਆਵਾਂ।
ਗਿੱਲ ਨਾ ਕਰ ਝੋਰਾ ਮੁਖੜੇ ਸ਼ਾਲੂ 'ਚ ਲਪੇਟੇ ਦਾ
ਹੁਣ ਨਹੀਂ ਪੈਣੀਆਂ ਗਲ 'ਚ ਗੋਰੀਆਂ ਬਾਹਵਾਂ।

*-ਗੁਰਚਰਨ ਸਿੰਘ ਗਿੱਲ*
*ਚੈਸਟਰਫੀਲਡ, ਵਰਜੀਨੀਆ।*

# ਵਿਸ਼ਵ ਵਿਦਿਆਲਾ

## ਰੰਗ-ਬੇਰੰਗ

ਡਾ. ਗੁਰਨਾਮ ਕੌਰ




ਡਾ. ਗੁਰਨਾਮ ਕੌਰ

ਬੀ.ਏ. ਦੇ ਇਮਤਿਹਾਨ ਹੋਏ ਤਾਂ ਮੇਰੇ ਤੋਂ ਵੱਡੀ ਮੇਰੀ ਭੈਣ ਗੁਰਮੇਲ ਦਾ ਵਿਆਹ ਰੱਖ ਲਿਆ ਗਿਆ। ਮੇਰੀ ਸੋਝੀ ਵਿਚ ਘਰ ਵਿਚ ਇਹ ਪਹਿਲਾ ਵਿਆਹ ਸੀ। ਵੱਡੇ ਤਿੰਨਾਂ ਭੈਣ-ਭਰਾਵਾਂ ਦੇ ਵਿਆਹ ਉਦੋਂ ਦੇ ਰਿਵਾਜ ਮੁਤਾਬਕ ਬਹੁਤ ਛੋਟੀ ਉਮਰ ਵਿਚ ਕਾਫੀ ਪਹਿਲਾਂ ਹੋ ਗਏ ਸੀ। ਪਰਿਵਾਰ ਦੇ ਵੱਡੇ ਮੈਂਬਰ ਸਮੇ ਦੇ ਨਾਲ ਨਾਲ ਆਪਣੇ-ਆਪ ਨੂੰ ਤਬਦੀਲ ਕਰ ਰਹੇ ਸਨ। ਇਸ ਲਈ ਬਿਨਾਂ ਸ਼ਰੀਕੇ-ਕਬੀਲੇ ਨੂੰ ਇਕੱਠਾ ਕੀਤੇ ਸਾਰੀ ਖ਼ਰੀਦੋ-ਫ਼ਰੋਖ਼ਤ ਮੈਂ, ਮੇਰੇ ਛੋਟੇ ਵੀਰ ਅਤੇ ਮੇਰੀ ਵੱਡੀ ਭਾਬੀ ਨੇ ਲੁਧਿਆਣੇ ਤੋਂ ਕਈ ਦਿਨਾਂ ਵਿਚ ਅਰਾਮ ਨਾਲ ਕੀਤੀ। ਇਸ ਨਾਲ ਨਾਰਾਜ਼ਗੀ ਵੀ ਝੱਲਣੀ ਪਈ ਪਰ ਸਾਡਾ ਬੱਚਿਆਂ ਦਾ ਇਹ ਸਾਂਝਾ ਜਤਨ ਸੀ ਕਿ ਵਿੱਦਿਆ ਘਰ ਵਿਚ ਤਾਂ ਹੀ ਸਾਰਥਕ ਹੈ ਜੇ ਇਸ ਨਾਲ ਘਰ ਵਿਚ ਹਾਂ-ਮੁਖੀ ਤਬਦੀਲੀ ਵੀ ਆਉਂਦੀ ਹੈ। ਬੇਲੋੜੀ ਦਖ਼ਲਅੰਦਾਜ਼ੀ ਸੁਆਰਨ ਨਾਲੋਂ ਵਿਗਾੜਦੀ ਜ਼ਿਆਦਾ ਹੈ। ਦੂਸਰੀ ਗੱਲ ਇਹ ਕਿ ਰੋਟੀ ਪਕਾਉਣ ਦਾ ਕੰਮ ਕੁੜੀਆਂ ਨੂੰ ਨਾ ਸੌਂਪ ਕੇ ਇਸ ਲਈ ਲਾਂਗਰੀ ਕੀਤਾ ਗਿਆ। ਮੇਰੇ ਬਾਪੂ ਜੀ ਦਾ ਖਿਆਲ ਸੀ ਕਿ ਬਰਾਤ ਤਿੰਨ ਦਿਨ ਹੀ ਰੱਖੀ ਜਾਵੇ ਪਰ ਅਸੀਂ ਸਾਰਿਆਂ ਨੇ ਰਲ ਕੇ ਉਨ੍ਹਾਂ ਨੂੰ ਮਨਾ ਲਿਆ ਕਿ ਹੁਣ ਇੱਕ ਰਾਤ ਦਾ ਰਿਵਾਜ਼ ਹੈ ਇਸ ਲਈ ਇੱਕ ਹੀ ਠੀਕ ਹੈ। ਵਿਆਹ 'ਤੇ ਅਸੀਂ ਦੋਵਾਂ ਛੋਟੀਆਂ ਭੈਣਾਂ ਨੇ ਆਪਣੀਆਂ ਕਾਲਜ ਦੀਆਂ ਸਹੇਲੀਆਂ ਬੁਲਾਈਆਂ ਅਤੇ ਭਤੀਜਿਆਂ ਨੇ ਆਪਣੇ ਦੋਸਤ। ਇਸ ਤਰ੍ਹਾਂ ਘਰ ਵਿਚ ਬਹੁਤ ਰੌਣਕ ਲੱਗ ਗਈ। ਪਿੰਡ ਦੇ ਲੋਕਾਂ ਲਈ ਇਹ ਇਕੱਠ ਖਾਸ ਖਿੱਚ ਦਾ ਕਾਰਨ ਸੀ। ਸਾਰੇ ਇੱਕੋ ਗੱਲ ਕਰ ਰਹੇ ਸਨ, "ਅਕਾਲੀਆਂ ਦੀ ਕੁੜੀ ਦੀ ਬਰਾਤ ਨਹੀਂ, ਮੇਲ ਦੇਖੋ।" ਹੁਣ ਪਿੰਡ ਦੀਆਂ ਬਰਾਤਾਂ ਪਿੰਡ ਦੀ ਧਰਮਸ਼ਾਲਾ ਵਿਚ ਨਹੀਂ ਸੀ ਉਤਰਦੀਆਂ। ਧਰਮਸ਼ਾਲਾ ਹੁਣ ਡਿਸਪੈਂਸਰੀ ਵਿਚ ਤਬਦੀਲ ਹੋ ਗਈ ਸੀ ਅਤੇ ਸਕੂਲ ਪਿੰਡ ਦੇ ਬਾਹਰ ਬਣ ਗਿਆ ਸੀ। ਬਰਾਤ ਹੁਣ ਸਕੂਲ ਵਿਚ ਉਤਰਦੀ ਸੀ ਅਤੇ ਵਿਆਹ ਪੜ੍ਹਾਈ ਨੂੰ ਧਿਆਨ ਵਿਚ ਰੱਖ ਕੇ ਐਤਵਾਰ ਨੂੰ ਕੀਤੇ ਜਾਣ ਲੱਗ ਪਏ। ਅਸੀਂ ਸਾਰਾ ਪ੍ਰਬੰਧ ਕਿਉਂਕਿ ਬਾਹਰਲੇ ਘਰ ਕੀਤਾ ਸੀ, ਇਸ ਲਈ ਬਰਾਤ ਦਰਵਾਜੇ ਨਹੀਂ ਸੀ ਢੁੱਕੀ।

ਜਿਸ ਦਿਨ ਬੀ ਏ ਅਖ਼ਰੀ ਸਾਲ ਦਾ ਨਤੀਜਾ ਆਇਆ, ਮੇਰੇ ਬਾਪੂ ਜੀ ਕਿਸੇ ਕੰਮ ਲੁਧਿਆਣੇ ਗਏ ਸੀ ਤਾਂ ਉਨ੍ਹਾਂ ਨੂੰ ਚਾਚਾ ਜੀ ਪੰਡਿਤ ਰਾਮ ਗੋਪਾਲ ਦੇ ਘਰੋਂ ਪਤਾ ਲੱਗਾ ਕਿ ਨਤੀਜਾ ਆ ਗਿਆ ਹੈ ਅਤੇ ਮੈਂ ਪਾਸ ਹੋ ਗਈ ਹਾਂ। ਉਹ ਅੰਗਰੇਜ਼ੀ ਟ੍ਰਿਬਿਊਨ ਮੈਨੂੰ ਦਿਖਾਉਣ ਲਈ ਘਰ ਲੈ ਆਏ। ਬਾਪੂ ਜੀ ਖ਼ੁਸ਼ ਸਨ ਕਿ ਮੈਂ ਪਾਸ ਹੋ ਗਈ ਹਾਂ ਕਿਉਂਕਿ ਮੇਰੀਆਂ ਹੋਸਟਲ ਵਾਲੀਆਂ ਬਹੁਤ ਨੇੜੇ ਦੀਆਂ ਸਹੇਲੀਆਂ ਬੀ ਏ ਸਾਲ ਦੂਜਾ ਵਿਚੋਂ ਰਹਿ ਗਈਆਂ ਸਨ ਪਰ ਮੈਂ ਨਤੀਜਾ ਦੇਖ ਕੇ ਬਹੁਤ ਪ੍ਰੇਸ਼ਾਨ ਹੋਈ ਕਿਉਂਕਿ ਮੇਰੇ ਨੰਬਰ ਆਸ ਤੋਂ ਬਹੁਤ ਘੱਟ ਆਏ ਸਨ ਜਿਸ ਕਰਕੇ ਚੰਡੀਗੜ੍ਹ ਪੰਜਾਬ ਯੂਨੀਵਰਸਿਟੀ ਵਿਚ ਦਾਖਲਾ ਮਿਲਣਾ ਔਖਾ ਸੀ ਅਤੇ ਮੇਰਾ ਬੀ ਐਡ ਕਰਕੇ ਸਕੂਲ ਅਧਿਆਪਕਾ ਲੱਗਣ ਨੂੰ ਉਕਾ ਹੀ ਮਨ ਨਹੀਂ ਸੀ ਕਰਦਾ। ਲੁਧਿਆਣੇ ਦੀਆਂ ਮੇਰੀਆਂ ਲੋਕਲ ਸਹੇਲੀਆਂ ਨੇ ਲੜਕਿਆਂ ਦੇ ਸਰਕਾਰੀ ਕਾਲਜ ਵਿਚ ਇਕਨਾਮਿਕਸ ਜਾਂ ਪੰਜਾਬੀ ਦੀ ਐਮ ਏ ਵਿਚ ਦਾਖਲਾ ਲੈਣ ਦਾ ਮਨ ਬਣਾ ਲਿਆ ਪਰ ਮੇਰਾ ਸੁਪਨਾ ਤਾਂ ਚੰਡੀਗੜ੍ਹ ਪੰਜਾਬ ਯੂਨੀਵਰਸਿਟੀ ਜਾਣ ਦਾ ਸੀ। ਅਸੀਂ-ਮੈਂ ਤੇ ਮੇਰਾ ਭਤੀਜਾ ਹਰਦੇਵ ਸੋਸ਼ਿਆਲੋਜੀ ਵਿਚ ਮੇਰੇ ਦਾਖਲੇ ਵਾਸਤੇ ਚੰਡੀਗੜ੍ਹ ਗਏ ਪਰ ਸਿਰਫ ਇਕ ਨੰਬਰ ਪਿਛੇ ਮੇਰਾ ਉਥੇ ਦਾਖਲਾ ਨਾ ਹੋ ਸਕਿਆ। ਹਰਦੇਵ ਵੀ ਮੇਰੇ ਕਰਕੇ ਬਹੁਤ ਉਦਾਸ ਹੋਇਆ। ਜਦੋਂ ਅਸੀਂ ਕੋਟਲਾ ਸ਼ਮਸ਼ਪੁਰ ਆ ਕੇ ਬੱਸ ਉਤਰੇ ਤਾਂ ਮੇਰੀ ਇੱਕ ਸਕੂਲ ਸਮੇਂ ਦੀ ਸਹੇਲੀ ਮਿਲ ਗਈ ਜੋ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਡਿਗਰੀ ਕਾਲਜ ਵਿਚ ਹਾਕੀ ਦੇ ਆਧਾਰ 'ਤੇ ਵਜ਼ੀਫ਼ਾ ਲੈ ਕੇ ਪੜ੍ਹ ਰਹੀ ਸੀ।

ਕੁਰੂਕਸ਼ੇਤਰ ਯੂਨੀਵਰਸਿਟੀ ਉਦੋਂ ਖੇਡਾਂ ਲਈ ਮਸ਼ਹੂਰ ਸੀ। ਅਸੀਂ ਦੂਸਰੇ ਦਿਨ ਕੁਰੂਕਸ਼ੇਤਰ ਯੂਨੀਵਰਸਿਟੀ ਪਹੁੰਚ ਗਏ ਅਤੇ ਪੁੱਛਦੇ-ਪਛਾਉਂਦੇ ਸੋਸ਼ਿਆਲੋਜੀ ਵਿਭਾਗ ਪਹੁੰਚੇ। ਜਦੋਂ ਦਫ਼ਤਰ ਸਬੰਧਤ ਕਲਰਕ ਨਾਲ ਗੱਲ ਕੀਤੀ ਤਾਂ ਪਤਾ ਲੱਗਾ ਕਿ ਉਹ ਸੋਸ਼ਿਆਲੋਜੀ ਵਿਭਾਗ ਨਹੀਂ ਸਗੋਂ ਫ਼ਿਲਾਸਫ਼ੀ ਵਿਭਾਗ ਸੀ। ਨਿਰਾਸ਼ ਹੋ ਕੇ ਸੋਚਿਆ, "ਮਨਾ ਤੇਰੇ ਕਰਮਾਂ ਵਿਚ ਬੀ. ਐਡ ਕਰਨੀ ਹੀ ਲਿਖੀ ਹੈ। ਸੋ ਘਰ ਨੂੰ ਵਾਪਸ ਚੱਲ।" ਪਰ ਜਦੋਂ ਅਸੀਂ ਦਫ਼ਤਰੋਂ ਬਾਹਰ ਨਿਕਲਣ ਲੱਗੇ ਤਾਂ ਕਲਰਕ ਨੇ ਸਾਨੂੰ ਇੱਕ ਦਮ ਰੋਕ ਲਿਆ ਅਤੇ ਆਪਣੇ ਨਾਲ ਵਿਭਾਗ ਦੇ ਮੁਖੀ ਕੋਲ ਚੱਲਣ ਲਈ ਕਿਹਾ। ਅਸੀਂ ਕਲਰਕ ਦੇ ਪਿੱਛੇ ਪਿੱਛੇ ਅੰਦਰ ਦਾਖਲ ਹੋ ਕੇ ਰਿਵਾਜ਼ ਅਨੁਸਾਰ ਵਿਸ਼ ਕੀਤਾ ਅਤੇ ਇਸ਼ਾਰਾ ਪਾ ਕੇ ਬੈਠ ਗਏ। ਮੁਖੀ ਡਾ. ਅਜਿਤ ਕੁਮਾਰ ਸਿਨਹਾ ਸੀ ਜੋ ਬਹੁਤ ਹੀ ਗੰਭੀਰ ਕਿਸਮ ਦੇ ਵਿਅਕਤੀ ਨਜ਼ਰ ਆਏ। ਉਨ੍ਹਾਂ ਨੇ ਮੈਨੂੰ ਪੜ੍ਹਾਈ ਨਾਲ ਸਬੰਧਤ ਕੁਝ ਸਵਾਲ ਪੁੱਛੇ ਅਤੇ ਫ਼ਿਲਾਸਫ਼ੀ ਵਿਚ ਦਾਖਲਾ ਲੈ ਲੈਣ ਦੀ ਸਲਾਹ ਦਿੱਤੀ। ਮੈਂ ਪੁੱਛਿਆ ਕਿ ਕੀ ਬੀ.ਏ ਵਿਚ ਫ਼ਿਲਾਸਫ਼ੀ ਨਾ ਪੜ੍ਹੀ ਹੋਣ ਕਰਕੇ ਮੈਨੂੰ ਦਿੱਕਤ ਨਹੀਂ ਆਵੇਗੀ? ਉਨ੍ਹਾਂ ਭਰੋਸਾ ਦੁਆਇਆ ਕਿ ਉਹ ਆਪ ਅਤੇ ਬਾਕੀ ਸਟਾਫ਼ ਮੇਰੀ ਹਰ ਤਰ੍ਹਾਂ ਨਾਲ ਮਦਦ ਕਰਨਗੇ। ਇਸ ਤਰ੍ਹਾਂ ਮੈਂ ਭਰੋਸਾ ਦੁਆਉਣ 'ਤੇ ਦਾਖਲਾ ਲੈ ਲਿਆ ਅਤੇ ਅਸੀਂ ਹੋਸਟਲ ਦਾ ਫ਼ਾਰਮ ਭਰ ਕੇ ਘਰ ਨੂੰ ਆ ਗਏ। ਗੱਲ ਇਥੇ ਹੀ ਨਹੀਂ ਮੁੱਕੀ। ਮੈਂ ਅਗਲੇ ਦਿਨ ਆਪਣਾ ਸਾਮਾਨ ਬੰਨ੍ਹ ਲਿਆ ਅਤੇ ਜਾਣ ਦੀ ਤਿਆਰੀ ਕਰ ਲਈ। ਮੈਨੂੰ ਛੱਡਣ ਜਾਣ ਲਈ ਹਰਦੇਵ ਅਤੇ ਮੇਰਾ ਰਿਸ਼ਤੇ ਵਿਚੋਂ ਲਗਦਾ ਭਰਾ ਗੁਰਪਾਲ ਲਿੱਟ (ਪੰਜਾਬੀ ਕਹਾਣੀਕਾਰ) ਤਿਆਰ ਹੋਏ। ਅਸੀਂ ਖੰਨੇ ਤੋਂ ਬੰਬੇ ਐਕਸਪ੍ਰੈਸ ਫੜ੍ਹ ਲਈ। ਕੁਰੂਕਸ਼ੇਤਰ ਜਾਣ ਵਾਲੇ ਸਾਰੇ ਪੜ੍ਹਾਕੂ ਉਦੋਂ ਇਹੀ ਗੱਡੀ ਫੜ੍ਹਦੇ ਹੁੰਦੇ ਸੀ। ਰਾਜਪੁਰੇ ਤੋਂ ਨਾਭੇ ਦੀਆਂ ਲੜਕੀਆਂ ਟਰੇਨ ਵਿਚ ਬੈਠੀਆਂ ਜਿਨ੍ਹਾਂ ਵਿਚੋਂ ਇੱਕ ਦਾ ਭਰਾ ਨਾਲ ਸੀ ਜੋ ਕਿਸੇ ਕਾਲਜ ਵਿਚ ਫ਼ਿਲਾਸਫ਼ੀ ਦਾ ਲੈਕਚਰਰ ਸੀ। ਸਾਡੇ ਪੰਜਾਬੀਆਂ ਦੇ ਸੁਭਾ ਅਨੁਸਾਰ ਉਸ ਨੇ ਵੀ ਮੇਰੇ ਵਿਸ਼ੇ ਬਾਰੇ ਪੁੱਛਿਆ। ਫ਼ਿਲਾਸਫ਼ੀ ਦਾ ਨਾਂ ਸੁਣ ਕੇ ਪਹਿਲਾਂ ਤਾਂ ਬੜਾ ਖ਼ੁਸ਼ ਹੋਇਆ ਅਤੇ ਦੱਸਿਆ ਕਿ ਉਹ ਆਪ ਇਹੀ ਪੜ੍ਹਾਉਂਦਾ ਹੈ ਪਰ ਜਦੋਂ ਮੈਂ ਦੱਸਿਆ ਕਿ ਇਹ ਮੇਰੇ ਲਈ ਨਵਾਂ ਵਿਸ਼ਾ ਹੈ ਤਾਂ ਉਸ ਨੇ ਮੈਨੂੰ ਬਹੁਤ ਡਿਸਕਰੇਜ ਕੀਤਾ ਕਿ ਮੈਂ ਤਾਂ ਪੜ੍ਹ ਹੀ ਨਹੀਂ ਸਕਦੀ। ਮੇਰਾ ਜੀ ਕਰੇ ਕਿ ਮੈਂ ਇਥੋਂ ਹੀ ਵਾਪਸ ਚਲੀ ਜਾਵਾਂ। ਖ਼ੈਰ ਮੈਂ ਹਰਦੇਵ ਅਤੇ ਗੁਰਪਾਲ ਦੇ ਹੌਸਲਾ ਦੇਣ ਤੇ ਫ਼ਿਲਾਸਫ਼ੀ ਪੜ੍ਹਨ ਦਾ ਮਨ ਬਣਾ ਹੀ ਲਿਆ ਜੋ ਅੱਗੇ ਚੱਲ ਕੇ ਮੇਰੇ ਲਈ ਵਰਦਾਨ ਸਾਬਤ ਹੋਈ ਅਤੇ ਜਿਸ ਲਈ ਮੈਂ ਡਾ. ਸਿਨਹਾ ਦੀ ਹਮੇਸ਼ਾ ਧੰਨਵਾਦੀ ਰਹਾਂਗੀ।

ਰਸਤੇ ਵਿਚ ਮਿਲੇ ਉਸ ਮੁੱਲੋਮੱਲੀ ਦੇ ਸਲਾਹਕਾਰ ਦੀ ਟਿਪਣੀ ਨੂੰ ਧਿਆਨ ਵਿਚ ਰੱਖ ਕੇ ਯੂਨੀਵਰਸਿਟੀ ਵੜਨ ਤੋਂ ਪਹਿਲਾਂ ਹੀ ਮਨ ਵਿਚ ਇਹ ਫ਼ੈਸਲਾ ਕਰ ਲਿਆ ਕਿ ਐਮ.ਏ. ਦੇ ਇਨ੍ਹਾਂ ਦੋ ਸਾਲਾਂ ਵਿਚ ਵਿਸ਼ੇ ਤੋਂ ਬਾਹਰ ਕੋਈ ਕਿਤਾਬ ਨਹੀਂ ਪੜ੍ਹਨੀ। ਆਪਣੇ ਆਪ ਨਾਲ ਕੀਤਾ ਇਹ ਵਾਅਦਾ ਬਹੁਤ ਕੰਮ ਆਇਆ। ਕੁਰੂਕਸ਼ੇਤਰ ਯੂਨੀਵਰਸਿਟੀ ਦਾ ਕੈਂਪਸ ਪੂਰੇ ਏਸ਼ੀਆ ਵਿਚ ਵੱਡਾ ਮੰਨਿਆ ਜਾਂਦਾ ਹੈ। ਥਾਨੇਸਰ-ਪੇਹੋਵਾ ਸੜਕ 'ਤੇ ਯੂਨੀਵਰਸਿਟੀ ਨੂੰ ਤਿੰਨ ਗੇਟ ਲਗਦੇ ਹਨ ਜੋ ਹਮੇਸ਼ਾ ਖੁੱਲ੍ਹੇ ਰਹਿੰਦੇ ਹਨ। ਪੰਜਾਬੀ ਯੂਨੀਵਰਸਿਟੀ ਵਿਚ ਜਦੋਂ ਮੈਂ ਆਈ ਤਾਂ ਦੇਖ ਕੇ ਹੈਰਾਨੀ ਹੋਈ ਸੀ ਕਿ ਇੱਕ ਗੇਟ ਵੀ ਅੱਧਾ ਹੀ ਖੁੱਲ੍ਹਾ ਹੁੰਦਾ ਹੈ ਜਿਸ ਕਰਕੇ ਗੱਡੀਆਂ ਲੰਘਾਉਂਦਿਆਂ ਬੜੀ ਦਿੱਕਤ ਆਉਂਦੀ। ਸੰਨ 1967 ਵਿਚ ਜਦੋਂ ਮੈਂ ਦਾਖਲ ਹੋਈ ਤਾਂ ਬਹੁਤ ਘੱਟ ਇਮਾਰਤਾਂ ਬਣੀਆਂ ਹੋਈਆਂ ਸਨ। ਫ਼ਿਲਾਸਫ਼ੀ ਅਤੇ ਸੰਸਕ੍ਰਿਤ ਵਿਭਾਗ ਜਿਸ ਇਮਾਰਤ ਦੀ ਪਹਿਲੀ ਅਤੇ ਦੂਜੀ ਮੰਜ਼ਿਲ 'ਤੇ ਬਣੇ ਹੋਏ ਸਨ, ਉਸਦੀ ਆਖ਼ਰੀ ਮੰਜ਼ਿਲ 'ਤੇ ਦੋਹਾਂ ਵਿਭਾਗਾਂ ਦੀ ਲਾਇਬ੍ਰੇਰੀ ਸੀ ਅਤੇ ਜ਼ਮੀਨੀ ਮੰਜ਼ਿਲ 'ਤੇ ਪ੍ਰਬੰਧਕੀ ਸ਼ਾਖਾ ਸੀ। ਸੰਸਕ੍ਰਿਤ ਵਿਭਾਗ ਵਿਸ਼ੇਸ਼ ਵਿਭਾਗ ਸੀ ਜਿਸ ਵਿਚ ਬੀ.ਏ. ਆਨਰਜ਼ ਦੀ ਪੜ੍ਹਾਈ ਵੀ ਹੁੰਦੀ ਸੀ ਅਤੇ ਸੰਸਕ੍ਰਿਤ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਵਜ਼ੀਫ਼ਾ ਦਿੱਤਾ ਜਾਂਦਾ ਸੀ।



ਕੁਰੂਕਸ਼ੇਤਰ ਯੂਨੀਵਰਸਿਟੀ ਦਾ ਥਰਡ ਗੇਟ

ਪੰਜਾਬੀ ਯੂਨੀਵਰਸਿਟੀ ਦੀ ਸਥਾਪਤੀ ਦੀ ਗੱਲ ਕਰਦਿਆਂ ਸਵਰਗੀ ਗਿਆਨੀ ਲਾਲ ਸਿੰਘ, ਜੋ ਇਸਦੀ ਸਥਾਪਤੀ ਨਾਲ ਮੁੱਢ ਤੋਂ ਜੁੜੇ ਹੋਏ ਸਨ, ਕਹਿੰਦੇ ਹੁੰਦੇ ਸਨ ਕਿ ਸ. ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਦੇ ਤੌਰ 'ਤੇ ਬਹੁਤ ਸਮਝਦਾਰ ਸਨ, ਉਨ੍ਹਾਂ ਪੰਜਾਬੀ ਭਾਸ਼ਾ ਦੀ ਯੂਨੀਵਰਸਿਟੀ ਬਣਾਉਣ ਤੋਂ ਪਹਿਲਾਂ ਸੰਸਕ੍ਰਿਤ ਲਈ ਕੁਰੂਕਸ਼ੇਤਰ ਯੂਨੀਵਰਸਿਟੀ ਬਣਾਈ ਤਾਂ ਕਿ ਮਹਾਸ਼ਾ ਲਾਬੀ ਅੜਿੱਕੇ ਨਾ ਡਾਹਵੇ। ਇਥੇ ਪੋਸਟ-ਗਰੈਜੂਏਟ ਵਿਭਾਗਾਂ ਦੇ ਨਾਲ ਨਾਲ ਡਿਗਰੀ ਕਾਲਜ, ਲਾਅ ਕਾਲਜ ਅਤੇ ਇੰਜੀਨੀਅਰਿੰਗ ਕਾਲਜ ਵੀ ਸਥਾਪਤ ਸਨ। ਭਾਵੇਂ ਹਰਿਆਣਾ ਇੱਕ ਸਾਲ ਪਹਿਲਾਂ ਅਲੱਗ ਪ੍ਰਾਂਤ ਬਣ ਗਿਆ ਸੀ ਪਰ ਵਿਦਿਅਰਥੀ ਜ਼ਿਆਦਾ ਪੰਜਾਬ ਤੋਂ ਹੀ ਸਨ। ਸੰਸਕ੍ਰਿਤ ਵਿਚ ਜ਼ਿਆਦਾ ਵਿਦਿਆਰਥੀ ਗੁਰੂਕੁਲ ਕਾਂਗੜੀ ਤੋਂ ਹੀ ਆਉਣ ਕਰਕੇ ਆਮ ਚਿੱਟੀ ਧੋਤੀ ਅਤੇ ਕੁੜਤਾ ਪਾਉਂਦੇ ਅਤੇ ਮੱਥੇ ਉਤੇ ਵੱਡਾ ਸਾਰਾ ਲਾਲ ਤਿਲਕ ਲਾਉਂਦੇ। ਸਾਡੀ ਸੀਨੀਅਰ ਕਲਾਸ ਵਿਚ ਵੀ ਇੱਕ ਲੜਕਾ ਸੀ ਜੋ ਇਸ ਤਰ੍ਹਾਂ ਪਰੰਪਰਿਕ ਕਪੜੇ ਪਾਉਂਦਾ, ਹਫ਼ਤੇ ਵਿਚ ਕਈ ਵਾਰ ਵਰਤ ਰੱਖਦਾ ਅਤੇ ਹਸਤ ਰੇਖਾਵਾਂ ਦਾ ਵੀ ਗਿਆਤਾ ਸੀ। ਕੁੜੀਆਂ ਨੂੰ ਆਪਣੇ ਭਵਿੱਖ ਬਾਰੇ ਜਾਨਣ ਦੀ ਹਮੇਸ਼ਾ ਉਤਸੁਕਤਾ ਰਹਿੰਦੀ ਹੈ। ਦੋਵੇਂ ਕਲਾਸਾਂ ਉਸ ਦਾ ਬਹੁਤ ਸਤਿਕਾਰ ਕਰਦੀਆਂ। ਜੇ ਕਿਸੇ ਕੁੜੀ ਨੇ ਕਹਿਣਾ, "ਭੀਮ ਸਿੰਘ ਜੀ ਮੇਰਾ ਹਾਥ ਦੇਖ ਦੋ?" ਤਾਂ ਉਹ ਉਸ ਲੜਕੀ ਨੂੰ ਸਾਹਮਣੀ ਦੀਵਾਰ 'ਤੇ ਹੱਥ ਫੈਲਾ ਕੇ ਟਿਕਾਉਣ ਲਈ ਕਹਿ ਦਿੰਦਾ ਅਤੇ ਦੂਰੋਂ ਹੱਥ ਦੇਖਦਾ। ਅੱਜ ਤਾਂ ਗੱਲਾਂ ਹੀ ਹੋਰ ਹੋ ਗਈਆਂ ਹਨ।

ਹੋਸਟਲ ਵਿਚ ਜਾਂਦਿਆਂ ਹੀ ਮੇਰੀ ਕਾਲਜ ਦੀ ਜਮਾਤਣ ਮਿਲ ਗਈ ਜਿਸ ਨੂੰ ਮੇਰੇ ਵਿੰਗ ਵਿਚ ਹੀ ਕਮਰਾ ਅਲਾਟ ਹੋਇਆ ਸੀ ਅਤੇ ਉਹ ਇਕਨਾਮਿਕਸ ਦੀ ਐਮ.ਏ. ਕਰਨ ਲਗੀ ਸੀ। ਉਸਦੀ ਕਜ਼ਨ ਨੇ ਅੰਗਰੇਜ਼ੀ ਵਿਚ ਦਾਖਲਾ ਲਿਆ ਸੀ। ਹੋਸਟਲ ਵਿਚ ਕੋਈ ਕੰਟੀਨ ਨਹੀਂ ਸੀ, ਚਾਹ ਬਣਾਉਣ ਲਈ ਸਭ ਨੇ ਆਪਣੇ ਸਟੋਵ ਰੱਖੇ ਹੋਏ ਸਨ। ਹੀਟਰ ਦੀ ਇਜਾਜ਼ਤ ਨਹੀਂ ਸੀ। ਇਸ ਲਈ ਅਸੀਂ ਪਹਿਲਾ ਕੰਮ ਥਾਨੇਸਰ ਦੇ ਨਿੱਕੇ ਜਿਹੇ ਬਾਜ਼ਾਰ ਤੋਂ ਸਟੋਵ ਖ਼ਰੀਦਣ ਦਾ ਕੀਤਾ ਅਤੇ ਚਾਹ ਦਾ ਬਾਕੀ ਰਾਸ਼ਣ ਖ਼ਰੀਦਿਆ। ਦੁੱਧ ਮੈਸ ਵਿਚੋਂ ਮਿਲ ਜਾਂਦਾ ਸੀ। ਗੌਰਮਿੰਟ ਕਾਲਜ ਦੇ ਮੁਕਾਬਲੇ ਸਾਰਾ ਪ੍ਰਬੰਧ ਬੜਾ ਮਾੜਾ ਲਗਦਾ ਸੀ। ਕਲਾਸਾਂ ਵਿਚ ਮਾਹੌਲ ਕਾਲਜ ਨਾਲੋਂ ਬਿਲਕੁਲ ਵੱਖਰਾ ਸੀ। ਸਾਰੇ ਅਧਿਆਪਕ ਵਿਦਿਆਰਥੀਆਂ ਵਿਚ ਪੂਰੀ ਦਿਲਚਸਪੀ ਲੈਂਦੇ। ਜੇ ਕੋਈ ਕਲਾਸ ਮਿਸ ਕਰਦਾ ਤਾਂ ਅਧਿਆਪਕ ਬਾਕਾਇਦਾ ਪੁਛਦੇ ਕਿ ਕੀ ਸਮੱਸਿਆ ਸੀ? ਸ਼ਹਿਰ ਵਿਚ ਇਕੋ ਥਿਏਟਰ ਸੀ ਤੇ ਉਥੇ ਸਾਲ ਕੁ ਪੁਰਾਣੀ ਪਿਕਚਰ ਹੀ ਲਗਦੀ ਜੋ ਹਰ ਹਫ਼ਤੇ ਬਦਲ ਜਾਂਦੀ। ਸਾਡਾ ਇਕ ਸੀਨੀਅਰ ਲੜਕਾ ਆਪਣੇ ਦੋਸਤ ਨੂੰ ਨਾਲ ਲੈ ਕੇ ਦਲੀਪ ਕੁਮਾਰ ਦੀ ਮੂਵੀ ਦੇਖਣ ਕਰਨਾਲ ਜਾਂਦਾ ਅਤੇ ਵੈਸਟਰਨ ਫ਼ਿਲਾਸਫ਼ੀ ਦੀ ਮੈਡਮ ਹਮੇਸ਼ਾ ਦੂਸਰੇ ਦਿਨ ਉਸਦੀ ਪੁੱਛ ਪੜਤਾਲ ਕਰਦੀ ਅਤੇ ਗੁੱਸੇ ਹੁੰਦੀ। ਸਾਡੇ ਵਿਭਾਗ ਦੇ ਨਾਲ ਹੀ ਐਡਮ ਬਲਾਕ ਦੀ ਕੰਟੀਨ ਸੀ, ਜਿਸ ਦੇ ਨਾਲ ਬਹੁਤ ਸੁੰਦਰ ਘਾਹ ਦਾ ਮੈਦਾਨ ਬਣਿਆ ਸੀ। ਦੋ ਪੀਰੀਅਡ ਲੱਗਣ ਤੋਂ ਬਾਅਦ 11 ਵਜੇ ਤੋਂ 11:30 ਤੱਕ ਬਰੇਕ ਹੁੰਦੀ ਸੀ ਜਿਸ ਤੋਂ ਬਾਅਦ ਇੰਡੀਅਨ ਫ਼ਿਲਾਸਫ਼ੀ ਦਾ ਪੀਰੀਅਡ ਡਾ. ਹਿੰਮਤ ਸਿੰਘ ਸਿਨਹਾ ਨਾਲ ਲੱਗਦਾ। ਉਹ ਕਲਾਸ ਵਿਚ ਹਮੇਸ਼ਾ ਸਭ ਲਈ ਚਾਹ ਮੰਗਵਾ ਲੈਂਦੇ ਅਤੇ ਨਾਲ ਹੀ ਕਲਾਸ ਕੁਝ ਨਾ ਕੁਝ ਪੁੱਛਦੀ ਰਹਿੰਦੀ। ਸਾਡੀ ਆਵਾਜ਼ ਉਪਰਲੀ ਮੰਜ਼ਿਲ 'ਤੇ ਲੱਗੀ ਕਲਾਸ ਨੂੰ ਜਦੋਂ ਵਿਚਲਿਤ ਕਰਦੀ ਤਾਂ ਮਿਸਜ਼ ਖੰਨਾ ਬਾਰੀ ਖੋਲ੍ਹ ਕੇ ਆਵਾਜ਼ ਲਗਾਉਂਦੇ, "ਸਿਨਹਾ ਸਾਹਬ! ਯਹ ਆਪ ਕੋ ਪੜ੍ਹਾ ਰਹੀ ਹੈਂ ਯਾ ਆਪ ਇਨਕੋ?" ਪਰ ਇਸਦਾ ਅਸਰ ਸਿਰਫ ਥੋੜੀ ਦੇਰ ਲਈ ਹੁੰਦਾ ਅਤੇ ਮੁੜ ਕੇ ਫੇਰ ਉਹੀ, "ਢਾਕ ਕੇ ਤੀਨ ਪਾਤ"।

ਅਸੀਂ ਆਪਣੀ ਰੁਟੀਨ ਬਣਾ ਲਈ ਸੀ ਕਿ ਕਲਾਸਾਂ ਤੋਂ ਬਾਅਦ ਖਾਣਾ ਖਾ ਕੇ, ਥੋੜੀ ਦੇਰ ਅਰਾਮ ਕਰਕੇ ਲਾਇਬ੍ਰੇਰੀ ਵਿਚ ਚਾਰ ਵਜੇ ਤੋਂ ਸੱਤ ਵਜੇ ਤੱਕ ਪੜ੍ਹਨਾ ਹੀ ਪੜ੍ਹਨਾ ਹੈ। ਸਨਿਚਰਵਾਰ ਸਾਡਾ ਸੈਮੀਨਾਰ ਦਾ ਦਿਨ ਹੁੰਦਾ ਸੀ ਅਤੇ ਹਰ ਵਾਰ ਇੱਕ ਟੀਚਰ ਨੇ ਪਰਚੇ ਪੜ੍ਹਾਉਣੇ ਹੁੰਦੇ ਸੀ। ਇਸ ਤਰ੍ਹਾਂ ਇਥੇ ਪੜ੍ਹਾਈ ਇਕ ਬੰਨ੍ਹੇ ਹੋਏ ਡਸਿਪਲਨ ਵਿਚ ਹੋ ਰਹੀ ਸੀ। ਸਤੰਬਰ ਦੇ ਜਦੋਂ ਪੇਪਰ ਹੋਏ ਤਾਂ ਮੇਰੇ ਪੇਪਰ ਦੇਖਣ ਤੋਂ ਬਾਅਦ ਸਾਈਕਾਲੋਜੀ ਦੀ ਮੈਡਮ ਮਿਸਜ਼ ਪੁਸ਼ਪਾ ਚੌਧਰੀ ਨੇ ਮੈਨੂੰ ਕੋਲ ਬੁਲਾ ਕੇ ਮੇਰੀ ਗਲਤੀ ਸਮਝਾਈ ਅਤੇ ਇਸ ਤੋਂ ਬਾਅਦ ਮੈਨੂੰ ਕਦੇ ਸਮੱਸਿਆ ਨਹੀਂ ਆਈ। ਦਸੰਬਰ ਵਿਚ ਨੰਬਰ ਚੰਗੇ ਆਏ।

ਵਿਦਿਆਰਥੀਆਂ ਦੀ ਹੜਤਾਲ ਕੀ ਹੁੰਦੀ ਹੈ ਅਤੇ ਇਸ ਦੇ ਕੀ ਨਤੀਜੇ ਨਿਕਲਦੇ ਹਨ? ਇਸ ਦਾ ਪਤਾ ਯੂਨੀਵਰਸਿਟੀ ਆ ਕੇ ਹੀ ਲੱਗਾ। ਹੋਇਆ ਇਸ ਤਰ੍ਹਾਂ ਕਿ ਪੀ ਐਸ ਯੂ ਦਾ ਉਦੋਂ ਵਿਦਿਆਰਥੀਆਂ ਵਿਚ ਬਹੁਤ ਜ਼ੋਰ ਹੁੰਦਾ ਸੀ। ਲੀਡਰ ਵਿਦਿਅਰਥੀਆਂ ਨੇ ਹੜਤਾਲ ਕਰ ਦਿੱਤੀ ਕਿ ਇੰਟਰਨਲ ਅਸੈਸਮੈਂਟ ਹਟਾਈ ਜਾਵੇ ਜੋ ਉਦੋਂ ਇੱਕ ਪੇਪਰ ਵਿਚ 20 ਨੰਬਰ ਦੀ ਹੁੰਦੀ ਸੀ। ਆਮ ਵਿਦਿਆਰਥੀਆਂ ਨੂੰ ਤਾਂ ਇਸ ਦਾ ਫ਼ਾਇਦਾ ਸੀ ਪਰ ਲੀਡਰ ਸਮਝਦੇ ਸੀ ਕਿ ਉਨ੍ਹਾਂ ਨੂੰ ਨੁਕਸਾਨ ਹੈ। ਹੜਤਾਲ ਬਿਨਾਂ ਕਿਸੇ ਸਿੱਟੇ 'ਤੇ ਪਹੁੰਚਿਆਂ ਕਈ ਦਿਨ ਤੱਕ ਚਲਦੀ ਰਹੀ। ਇਕ ਦਿਨ ਅਚਾਨਕ ਯੂਨੀਵਰਸਿਟੀ ਵਿਚ ਪੁਲਿਸ ਬੁਲਾ ਲਈ ਗਈ ਜਿਸ ਨੇ ਬਿਨਾਂ ਕੋਈ ਵਾਰਨਿੰਗ ਦਿੱਤੇ ਜਿਥੇ ਜਿਹੜਾ ਵੀ ਕੋਈ ਲੜਕਾ ਹੱਥ ਆਇਆ ਉਸ ਨੂੰ ਕੁਟਣਾ ਸ਼ੁਰੂ ਕਰ ਦਿੱਤਾ। ਹੋਸਟਲਾਂ ਦੇ ਆਸ-ਪਾਸ ਖ਼ਾਲੀ ਪਏ ਖੇਤਾਂ ਵਿਚ ਗੋਭੀ ਅਤੇ ਮਟਰ ਬੀਜੇ ਹੋਏ ਸਨ। ਲੜਕਿਆਂ ਨੇ ਗੋਭੀ ਦੇ ਫੁੱਲ ਪੱਟ ਪੱਟ ਕੇ ਹੀ ਪੁਲਿਸ ਵੱਲ ਸੁੱਟਣੇ ਸ਼ੁਰੂ ਕਰ ਦਿੱਤੇ। ਇਹ ਸਿਲਸਿਲਾ ਦੁਪਹਿਰ ਤੱਕ ਚਲਦਾ ਰਿਹਾ। ਅਚਾਨਕ ਚਾਰ ਕੁ ਵਜੇ ਮੇਰੀ ਇਕਨਾਮਿਕਸ ਵਾਲੀ ਸਹੇਲੀ ਦੀ ਚਾਚਾ ਜੋ ਪੋਲੀਟੀਕਲ ਸਾਇੰਸ ਦਾ ਦੂਜੇ ਸਾਲ ਦਾ ਵਿਦਿਆਰਥੀ ਸੀ, ਆ ਗਿਆ ਅਤੇ ਸਾਨੂੰ ਛੇਤੀ ਥੋੜ੍ਹਾ ਬਹੁਤ ਸਾਮਾਨ ਅਤੇ ਕਿਤਾਬਾਂ ਲੈ ਕੇ ਤੁਰੰਤ ਆਪਣੇ ਨਾਲ ਚੱਲਣ ਲਈ ਕਿਹਾ ਕਿਉਂਕਿ ਹੋਸਟਲ ਤੁਰੰਤ ਖ਼ਾਲੀ ਕਰਨ ਦੇਣ ਦਾ ਹੁਕਮ ਹੋ ਗਿਆ ਸੀ। ਮੇਰੀ ਇਹ ਸਹੇਲੀ ਖੰਨੇ ਤੋਂ ਸੀ। ਅਸੀਂ ਤਿੰਨੋਂ ਜਣੇ ਬੱਸਾਂ ਬਦਲਦੇ ਸੂਰਜ ਛਿਪਦੇ-ਛਪਾਉਂਦੇ ਖੰਨੇ ਪਹੁੰਚ ਗਏ ਅਤੇ ਮੈਂ ਆਪਣੀ ਸਹੇਲੀ ਕੋਲ ਹੀ ਰਾਤ ਰਹੀ। ਦੂਸਰੇ ਦਿਨ ਟ੍ਰਿਬਿਊਨ ਪੜ੍ਹ ਕੇ ਪਤਾ ਲੱਗਾ ਕਿ ਦੂਰ ਦੀਆਂ ਬਹੁਤ ਸਾਰੀਆਂ ਲੜਕੀਆਂ ਨੂੰ ਰਾਤ ਕੁਰੂਕਸ਼ੇਤਰ ਦੇ ਸਟੇਸ਼ਨ 'ਤੇ ਹੀ ਕੱਟਣੀ ਪਈ ਕਿਉਂਕਿ ਜਦੋਂ ਤੱਕ ਉਨ੍ਹਾਂ ਤੋਂ ਹੋਸਟਲ ਖ਼ਾਲੀ ਕਰਾਇਆ ਉਦੋਂ ਤੱਕ ਗੱਡੀਆਂ ਮਿਲਣ ਦਾ ਸਮਾਂ ਨਹੀਂ ਸੀ ਰਿਹਾ। ਇੱਕ ਮਹੀਨੇ ਬਾਅਦ ਯੂਨੀਵਰਸਿਟੀ ਦੁਬਾਰਾ ਖੁਲੀ ਤਾਂ ਆ ਕੇ ਦੇਖਿਆ ਕਿ ਕੁੱਝ ਕਪੜੇ ਬਾਲਟੀ ਵਿਚ ਭਿਉਂਤੇ ਪਏ ਰਹਿ ਗਏ ਜਿਨ੍ਹਾਂ ਦਾ ਰੰਗ ਬਦਲਿਆ ਪਿਆ ਸੀ।

(ਜਾਰੀ)

## ਪੰਜਾਬੀ ਸਾਹਿਤ ਖੇਤਰ 'ਚ ਵਰਤੀ ਮੌਤ ਦੀ ਕਲਾ

ਜਾਣਕਾਰੀ ਨਹੀਂ।

ਤੇ ਕਿੰਨੇ ਹੀ ਹੋਰ ਜਿਨ੍ਹਾਂ ਬਾਰੇ ਖੁੱਲ੍ਹ ਕੇ ਲਿਖਣ ਦੀ ਆਗਿਆ ਇਸ ਲੇਖ ਦੀ ਆਕਾਰੀ ਸੀਮਾ ਨਹੀਂ ਦਿੰਦੀ। ਸਹਿਜ ਨਾਲ ਸਾਹਿਤਕ ਸ਼ਬਦ ਦੇ ਸੁਹਜ ਨੂੰ ਮਾਣਨ ਵਾਲਾ ਐਸ. ਸੋਜ਼। ਕਲਾਵੰਤ ਕਹਾਣੀ-ਲੇਖਕ ਅਤੇ ਬਰੀਕਬੀਨ ਕਹਾਣੀ-ਆਲੋਚਕ ਗੁਲਜ਼ਾਰ ਮੁਹੰਮਦ ਗੋਰੀਆ। ਕਿਸੇ ਸਮੇਂ ਸਾਹਿਤਕ ਮਹਿਫਲਾਂ ਦੀ ਸ਼ਾਨ ਰਿਹਾ, ਪਰ ਮਗਰਲੇ ਦਿਨਾਂ ਵਿਚ ਅਟੰਕ ਹੋ ਕੇ ਚੁਪਚਾਪ ਤੁਰ ਗਿਆ ਮੇਜਰ ਪਿਆਰਾ ਸਿੰਘ। ਪਰਦੇਸਾਂ ਵਿਚ ਬੈਠਾ ਵੀ ਸ਼ਬਦ-ਸਿਰਜਣਾ ਦੇ ਪੱਖੋਂ ਪੰਜਾਬ ਵਿਚ ਹੀ ਵਿਚਰਦਾ ਰਿਹਾ ਪ੍ਰੀਤਮ ਬਰਾੜ ਲੰਡੇ। ਜਿੰਨੀ ਸੋਹਣੀ ਕਵਿਤਾ, ਓਨੀ ਹੀ ਸੋਹਣੀ ਸਟੇਜ ਉਤੇ ਅਦਾਇਗੀ ਦਾ ਹੁਨਰਮੰਦ ਪਟਿਆਲੇ ਵਾਲਾ ਗੁਰਮੇਲ ਦਰਦੀ। ਜੋਤਹੀਣ ਹੋਣ ਦੇ ਬਾਵਜੂਦ ਪੱਤਰਕਾਰੀ ਰਾਹੀਂ, ਖਾਸ ਕਰਕੇ ਬਾਲ-ਸਾਹਿਤ ਰਾਹੀਂ ਜੋਤ ਵਾਲਿਆਂ ਨੂੰ ਸੇਧ ਦਿਖਾਉਣ ਵਾਲਾ ਅਜੀਤ ਸੈਲਾਨੀ। ਸਮਾਜਿਕ ਦੇ ਨਾਲ-ਨਾਲ ਅਧਿਆਤਮਕ ਸੋਚਾਂ ਨੂੰ ਲੈ ਕੇ ਲੰਬੇ ਸਮੇਂ ਤੋਂ ਕਾਵਿ-ਰਚਨਾ ਵਿਚ ਲੀਨ ਮਲੇਰਕੋਟਲੇ ਵਾਲਾ ਕਰਤਾਰ ਸਿੰਘ ਪੰਛੀ। ਮਿੰਨੀ ਕਹਾਣੀ ਨੂੰ ਵੱਡੀ ਗੰਭੀਰਤਾ ਨਾਲ ਉਹਦਾ ਬਣਦਾ ਸਥਾਨ ਦਿਵਾਉਣ ਲਈ ਯਤਨਸ਼ੀਲ ਸਤਵੰਤ ਕੈਂਥ। ਸਾਹਿਤ-ਰਚਨਾ ਵਲ ਅਤੇ ਸਾਹਿਤਕ ਸੰਗਠਨਾਂ ਵਲ ਸਮਾਨ ਪ੍ਰਤੀਬੱਧਤਾ ਰੱਖਣ ਵਾਲਾ ਰਾਮ ਲਾਲ ਪ੍ਰੇਮੀ। ਆਮ ਸਟੇਜਾਂ ਉਤੇ ਹਾਸ-ਵਿਅੰਗ ਦੀਆਂ ਫੁਲਝੜੀਆਂ ਛੱਡਣ ਵਾਲਾ ਅਤੇ ਧਾਰਮਿਕ ਸਟੇਜਾਂ ਉਤੇ ਸਿੱਖੀ ਦਾ ਉਸਤਤ-ਗਾਨ ਕਰਨ ਵਾਲਾ ਚੰਨ ਨਨਕਾਣਵੀ।



ਰਾਮ ਸਰੂਪ ਅਣਖੀ



ਤੇਰਾ ਸਿੰਘ ਚੰਨ

ਜੇ ਸੂਚੀ ਇੰਨੀ ਲੰਬੀ ਹੋਵੇ ਤਾਂ ਸਾਹਿਤਕ ਹਲਕਿਆਂ ਵਿਚ ਉਦਾਸੀ ਕਿਉਂ ਨਾ ਹੋਵੇ? ਜੇ ਥੋੜ੍ਹੇ ਜਿਹੇ ਸਮੇਂ ਵਿਚ ਇੰਨੇ ਸੱਥਰ ਵਿਛਣ ਤਾਂ ਸਾਹਿਤਕਾਰ ਹਉਕਾ ਲੈ ਕੇ ਇਹ ਕਿਉਂ ਨਾ ਕਹਿਣ ਰੱਬਾ ਹੁਣ ਕੀ ਕਰੀਏ!

ਕਾਲੇ ਬੱਦਲ ਦੀ ਜੇ ਚਮਕਦੀ ਕੰਨੀ ਲੱਭਣੀ ਹੋਵੇ, ਉਹ ਹੈ ਔਸਤ ਦਾ ਨੇਮ! ਜੇ ਘਟਨਾਵਾਂ ਔਸਤ ਨਾਲੋਂ ਵਧੀਕ ਤੇਜ਼ੀ ਨਾਲ, ਵਧੀਕ ਗਿਣਤੀ ਵਿਚ ਵਾਪਰਨ ਤਾਂ ਉਨ੍ਹਾਂ ਮਗਰੋਂ ਅਜਿਹਾ ਦੌਰ ਆਉਂਦਾ ਹੈ, ਜਦੋਂ ਘਟਨਾਵਾਂ ਔਸਤ ਨਾਲੋਂ ਬਹੁਤ ਘੱਟ ਰਫ਼ਤਾਰ ਨਾਲ ਅਤੇ ਬਹੁਤ ਘੱਟ ਗਿਣਤੀ ਵਿਚ ਵਾਪਰਦੀਆਂ ਹਨ ਤਾਂ ਜੋ ਔਸਤ ਬਣੀ ਰਹੇ। ਸਾਨੂੰ ਸਾਹਿਤਕਾਰਾਂ ਨੂੰ ਆਸ ਕਰਨੀ ਚਾਹੀਦੀ ਹੈ ਕਿ ਹੁਣ ਔਸਤ ਦੇ ਇਸ ਨੇਮ ਅਨੁਸਾਰ ਲੰਬਾ ਸਮਾਂ ਅਜਿਹਾ ਆਵੇਗਾ, ਜਦੋਂ ਸਾਨੂੰ ਕਿਸੇ ਸਾਥੀ ਸਾਹਿਤਕਾਰ ਦਾ ਸੋਗ ਨਹੀਂ ਮਨਾਉਣਾ ਪਵੇਗਾ।

# ਲਗਦਾ ਈ ਨਹੀਂ ਮੈਂ ਵਿਆਹੀ ਗਈ ਆਂ - ਸ਼ਿਲਪਾ



ਇੰਡੀਅਨ ਪ੍ਰੀਮੀਅਮ ਲੀਗ ਤੋਂ ਪੈਦਾ ਹੋਏ ਵਿਵਾਦਾਂ ਦਾ ਸਾਹਮਣਾ ਕਰਕੇ ਸ਼ਿਲਪਾ ਸ਼ੈਟੀ ਕੁੰਦਰਾ ਵਾਪਸ ਆਪਣੇ ਪਰਿਵਾਰ 'ਚ ਰੁਝ ਗਈ ਹੈ। ਵਿਆਹ ਤੋਂ ਬਾਅਦ ਲਗਾਤਾਰ ਲੰਡਨ ਅਤੇ ਮੁੰਬਈ ਵਿਚਕਾਰ ਸਫਰ ਕਰ ਰਹੀ ਸ਼ਿਲਪਾ ਸ਼ੈਟੀ ਦੇ ਰੁਝੇਵੇਂ ਹੁਣ ਉਸ ਪਾਸੇ ਵਧੇਰੇ ਹਨ। ਉਸ ਦਾ ਸਹੁਰਾ ਪਰਿਵਾਰ ਲੰਡਨ 'ਚ ਹੈ ਅਤੇ ਉਹ ਅਜੇ ਮੁੰਬਈ 'ਚ ਹੀ ਰਹਿ ਰਹੀ ਹੈ, ਇਸ ਕਾਰਨ ਇਹ ਆਉਣ-ਜਾਣ ਦਾ ਸਿਲਸਿਲਾ ਜਾਰੀ ਹੈ। ਆਪਣੇ ਪਰਿਵਾਰ ਨੂੰ ਮਿਲਣ ਲਈ ਸਮਾਂ ਮਿਲਦਿਆਂ ਹੀ ਉਹ ਚੱਕਰ ਲਗਾ ਕੇ ਆ ਜਾਂਦੀ ਹੈ।

ਸ਼ਿਲਪਾ ਦੱਸਦੀ ਹੈ, ''ਮੇਰੀ ਪਹਿਲੀ ਪਸੰਦ ਮੁੰਬਈ ਹੀ ਸੀ। ਇਹ ਮੇਰੀ ਵਿਆਹ ਤੋਂ ਪਹਿਲਾਂ ਸ਼ਰਤ ਸੀ। ਮੁੰਬਈ 'ਚ ਬਸੇਰਾ ਬਣਾਉਣ ਲਈ ਮੈਂ ਸ਼ੁਰੂਆਤ 'ਚ ਹੀ ਰਾਜ ਨੂੰ ਕਹਿ ਦਿੱਤਾ ਸੀ ਅਤੇ ਇਸ ਬਾਰੇ 'ਚ ਮੈਂ ਬਹੁਤ ਸਪੱਸ਼ਟ ਵੀ ਸੀ। ਪ੍ਰਮਾਤਮਾ ਦੀ ਮਿਹਰ ਨਾਲ ਰਾਜ ਨੂੰ ਵੀ ਮੁੰਬਈ ਪਸੰਦ ਹੈ। ਉਨ੍ਹਾਂ ਦਾ ਨਾਂ ਪੂਰੀ ਦੁਨੀਆਂ 'ਚ ਫੈਲਿਆ ਹੋਇਆ ਹੈ ਤਾਂ ਉਹ ਮੁੰਬਈ 'ਚ ਰਹਿਣ ਜਾਂ ਲੰਡਨ 'ਚ, ਕੀ ਫਰਕ ਪੈਂਦਾ ਹੈ।''

ਆਪਣੀ ਸੱਸ ਨਾਲ ਵੀ ਸ਼ਿਲਪਾ ਦੇ ਚੰਗੇ ਸੰਬੰਧ ਹਨ। ਉਹ ਦੱਸਦੀ ਹੈ, ''ਮੇਰੀ ਸੱਸ ਮੈਨੂੰ ਆਪਣੀ ਧੀ ਵਾਂਗ ਰੱਖਦੀ ਹੈ ਅਤੇ ਉਨ੍ਹਾਂ ਨੂੰ ਮੇਰੇ 'ਤੇ ਮਾਣ ਹੈ। ਅਸੀਂ ਦੋਵੇਂ ਕੋਸ਼ਿਸ਼ ਕਰਦੇ ਹਾਂ ਕਿ ਵਧ ਤੋਂ ਵਧ ਸਮਾਂ ਆਪਣੇ ਪਰਿਵਾਰ ਨੂੰ ਦੇਈਏ।''

ਸ਼ਿਲਪਾ ਮੁਤਾਬਕ ਅਜੇ ਤਕ ਉਸ ਨੂੰ ਅਤੇ ਰਾਜ ਨੂੰ ਲੱਗਦਾ ਹੀ ਨਹੀਂ ਕਿ ਉਨ੍ਹਾਂ ਨੇ ਵਿਆਹ ਕੀਤਾ ਹੈ ਅਤੇ ਦੋਵੇਂ ਪਤੀ-ਪਤਨੀ ਹਨ। ਉਸ ਨੇ ਦੱਸਿਆ, ''ਅਸੀਂ ਵਿਆਹੁਤਾ ਜ਼ਿੰਦਗੀ ਜੀਅ ਰਹੇ ਹਾਂ, ਇਹ ਗੱਲ ਅਜੇ ਤਕ ਸਾਡੇ ਦਿਮਾਗ 'ਚ ਬੈਠੀ ਹੀ ਨਹੀਂ। ਅਸੀਂ ਜਿਵੇਂ ਪਹਿਲਾਂ ਮਿਲਦੇ ਸਾਂ, ਅੱਜ ਵੀ ਉਸੇ ਤਰ੍ਹਾਂ ਮਿਲਦੇ ਹਾਂ। ਫਰਕ ਸਿਰਫ ਇੰਨਾ ਹੈ ਕਿ ਹੁਣ ਅਸੀਂ ਇਕੱਠੇ ਰਹਿੰਦੇ ਹਾਂ।''

ਪਰਿਵਾਰ ਨੂੰ ਅਗਾਂਹ ਵਧਾਉਣ ਦੀ ਗੱਲ 'ਤੇ ਵਿਚਾਰ ਕਰਨ ਤੋਂ ਪਹਿਲਾਂ ਸ਼ਿਲਪਾ ਬਹੁਤ ਸਾਰਾ ਕੰਮ ਕਰ ਲੈਣਾ ਚਾਹੁੰਦੀ ਹੈ ਅਤੇ ਇਸ ਬਾਰੇ ਉਹ ਸਪੱਸ਼ਟ ਕਰਦੀ ਹੈ ਕਿ ਉਸ ਨੇ ਆਪਣਾ ਪਰਿਵਾਰ ਜ਼ਰੂਰ ਅਗਾਂਹ ਵਧਾਉਣਾ ਹੈ ਪਰ ਕਦੋਂ, ਇਸ ਬਾਰੇ ਸੋਚਿਆ ਨਹੀਂ ਹੈ। ਇਸ ਵੇਲੇ ਸ਼ਿਲਪਾ 'ਜ਼ਰਾ ਨੱਚ ਕੇ ਦਿਖਾ' ਰਿਆਲਿਟੀ ਸ਼ੋਅ 'ਚ ਜੱਜ ਹੈ ਅਤੇ ਉਸ ਦੀ ਸ਼ੂਟਿੰਗ ਅਤੇ ਪ੍ਰਮੋਸ਼ਨ 'ਚ ਉਸ ਦਾ ਬਹੁਤ ਸਮਾਂ ਲਗ ਰਿਹਾ ਹੈ, ਇਸ ਲਈ ਉਹ ਬੱਚਿਆਂ ਬਾਰੇ ਜ਼ਰਾ ਵੀ ਨਹੀਂ ਸੋਚ ਸਕਦੀ। ਉਹ ਇਹ ਨਹੀਂ ਜਾਣਦੀ ਕਿ ਸਮਾਂ ਅਗਾਂਹ ਵਧਦਾ ਜਾ ਰਿਹਾ ਹੈ ਅਤੇ ਔਲਾਦ ਪ੍ਰਾਪਤੀ ਦਾ ਸਮਾਂ ਹੱਥੋਂ ਨਿਕਲ ਸਕਦਾ ਹੈ। ਇਸ ਬਾਰੇ ਉਸ ਨੇ ਕਿਹਾ, ''ਤੁਸੀਂ ਕਿਸ ਦੁਨੀਆਂ 'ਚ ਰਹਿ ਰਹੇ ਹੋ। ਫਰਹਾ ਖ਼ਾਨ ਦੀ ਉਮਰ 30 ਸਾਲ ਤੋਂ ਵਧੇਰੇ ਹੈ ਅਤੇ ਉਸ ਦੇ ਤਿੰਨ ਬੱਚੇ ਹਨ। ਕਿਸਮਤ 'ਚ ਹੋਵੇਗਾ ਤਾਂ ਔਲਾਦ ਪ੍ਰਾਪਤ ਹੋਵੇਗੀ। ਮਾਂ ਬਣਨਾ ਸਭ ਨੂੰ ਚੰਗਾ ਲਗਦਾ ਹੈ। ਜਦੋਂ ਮੈਨੂੰ ਲੱਗੇਗਾ ਕਿ ਇਸ ਦੇ ਲਈ ਪੂਰਾ ਸਮਾਂ ਦੇ ਸਕਦੀ ਹਾਂ ਤਾਂ ਜ਼ਰੂਰ ਇਸ ਵਿਸ਼ੇ 'ਤੇ ਅੱਗੇ ਵਧਾਂਗੀ। ਮੇਰਾ ਮੰਨਣੈ ਕਿ ਉਹੀ ਕੰਮ ਕਰਨਾ ਚਾਹੀਦੈ, ਜਿਸ ਨੂੰ ਤੁਸੀਂ ਆਪਣਾ ਸੌ ਫੀਸਦੀ ਸਮਾਂ ਦੇ ਸਕੋ।''

ਇਸ ਵੇਲੇ ਸ਼ਿਲਪਾ ਦਾ ਐਕਟਿੰਗ ਕੈਰੀਅਰ ਪਿਛਾਂਹ ਸਰਕ ਗਿਆ ਹੈ। ਉਹ ਕਹਿੰਦੀ ਹੈ, ''ਇਸ ਬਾਰੇ ਮੇਰੇ ਕੋਲ ਕੋਈ ਬਦਲ ਨਹੀਂ ਹੈ। ਇਸ ਵੇਲੇ ਮੈਂ ਕੋਈ ਸੰਘਰਸ਼ ਨਹੀਂ ਕਰਨਾ। ਹੁਣ ਮੈਂ ਅਦਾਕਾਰਾ ਨਾਲੋਂ ਬਿਜ਼ਨੈਸ ਵੁਮੈਨ ਬਣ ਕੇ ਖੁਸ਼ ਹਾਂ। ਮੈਂ ਖੁਦ ਨੂੰ ਬਿਜ਼ੀ ਰੱਖਣਾ ਹੈ। ਇਸੇ ਕਾਰਨ ਮੈਂ ਰੈਸਟੋਰੈਂਟ ਸ਼ੁਰੂ ਕੀਤਾ ਹੈ। ਲੰਡਨ ਵਿਚ ਵੀ ਅਸੀਂ ਆਪਣੀ ਰੈਸਟੋਰੈਂਟ ਲੜੀ ਸ਼ੁਰੂ ਕਰਨ ਵਾਲੇ ਹਾਂ ਪਰ ਜੇਕਰ ਕੋਈ ਚੰਗੀ ਸਕਰਿਪਟ ਮਿਲੇਗੀ ਤਾਂ ਮੈਂ ਜ਼ਰੂਰ ਸਵੀਕਾਰ ਕਰਾਂਗੀ।''

ਸ਼ਿਲਪਾ ਦਾ ਮੰਨਣੈ ਕਿ ਪ੍ਰਮਾਤਮਾ ਉਸ 'ਤੇ ਬਹੁਤ ਮਿਹਰਬਾਨੀ ਕਰੇਗਾ, ਇਸ ਦਾ ਉਸਨੂੰ ਬਿਲਕੁਲ ਘੁਮੰਡ ਨਹੀਂ ਹੈ। ਉਸ ਮੁਤਾਬਕ, ''ਮੈਂ ਉਨ੍ਹਾਂ ਸਾਰੇ ਲੋਕਾਂ ਦੀ ਧੰਨਵਾਦੀ ਹਾਂ, ਜਿਨ੍ਹਾਂ ਕਾਰਨ ਮੈਂ ਅੱਜ ਇਸ ਥਾਂ 'ਤੇ ਪਹੁੰਚ ਸਕੀ ਹਾਂ। ਅਸਫਲਤਾ ਕਾਰਨ ਮੈਨੂੰ ਨਿਰਾਸ਼ਾ ਹੋਈ ਸੀ, ਇਸ ਗੱਲ ਨੂੰ ਮੈਂ ਅੱਜ ਵੀ ਸਵੀਕਾਰ ਕਰਦੀ ਹਾਂ ਪਰ ਹੁਣ ਇਹ ਸਭ ਕੁਝ ਭੁੱਲ ਕੇ ਅਗਾਂਹ ਵਲ ਵਧ ਰਹੀ ਹਾਂ।''

ਆਪਣੀ ਜ਼ਿੰਦਗੀ ਦੇ ਯਾਦਗਾਰੀ ਰੋਮਾਂਟਿਕ ਪਲਾਂ ਨੂੰ ਸ਼ਬਦਾਂ 'ਚ ਬਿਆਨ ਕਰਦਿਆਂ ਸ਼ਿਲਪਾ ਕਹਿੰਦੀ ਹੈ, ''ਅਸੀਂ ਇਕੱਠੇ ਘੁੰਮਦੇ ਸੀ ਤਾਂ ਇਕ ਵਾਰ ਲੰਚ ਵੇਲੇ ਸਾਡੇ ਵਿਚਕਾਰ ਗੰਭੀਰ ਚਰਚਾ ਹੋਈ। ਉਹ ਲੰਡਨ 'ਚ ਅਤੇ ਮੈਂ ਮੁੰਬਈ 'ਚ, ਤਾਂ ਸਾਡੀ ਗੱਡੀ ਕਿਵੇਂ ਰਿੜ੍ਹੇਗੀ, ਇਹ ਸੋਚ ਕੇ ਮੈਂ ਰਾਜ ਨੂੰ ਕਿਹਾ ਸੀ, ''ਮੈਨੂੰ ਨਹੀਂ ਲੱਗਦਾ ਕਿ ਸਾਡੀ ਗੱਡੀ ਅਗਾਂਹ ਤੁਰ ਸਕੇਗੀ। ਇਸ ਲਈ ਅਸੀਂ ਆਪਣੇ ਰਿਸ਼ਤੇ ਨੂੰ ਸਿਰਫ ਦੋਸਤੀ ਤਕ ਹੀ ਰੱਖੀਏ ਤਾਂ ਚੰਗਾ ਹੈ।'' ਇਹ ਗੱਲ ਸੁਣ ਕੇ ਰਾਜ ਵੀ ਦੁਖੀ ਹੋਇਆ ਅਤੇ ਮੇਰਾ ਮੂਡ ਵੀ ਖਰਾਬ ਹੋ ਗਿਆ ਸੀ। ਅਸੀਂ ਆਪਣੀ ਜ਼ਿੰਦਗੀ ਸੁਖੀ ਰੱਖਣੀ ਸੀ, ਇਸ ਲਈ ਅਸੀਂ ਵੱਖੋ-ਵੱਖਰੇ ਰਸਤੇ 'ਤੇ ਤੁਰ ਪਏ ਪਰ ਦੋ ਦਿਨ ਬਾਅਦ ਹੀ ਰਾਜ ਦਾ ਫੋਨ ਆਇਆ ਕਿ ਮੈਂ ਜੁਹੂ 'ਚ ਆਪਣਾ ਅਪਾਰਟਮੈਂਟ ਖਰੀਦਿਆ ਹੈ, ਕੀ ਤੂੰ ਉਸ ਨੂੰ ਦੇਖਣਾ ਪਸੰਦ ਕਰੇਂਗੀ? ਤੇਰੇ ਲਈ ਮੈਂ ਮੁੰਬਈ ਆ ਕੇ ਰਹਿ ਸਕਦਾ ਹਾਂ। ਉਸ ਦੇ ਕਹਿਣ ਦਾ ਜੋ ਤਰੀਕਾ ਸੀ, ਉਹ ਮੈਨੂੰ ਬਹੁਤ ਰੋਮਾਂਟਿਕ ਲੱਗਾ।'' ਸ਼ਿਲਪਾ ਦਾ ਦਾਅਵਾ ਹੈ ਕਿ ਉਹ ਘਰ-ਗ੍ਰਹਿਸਥੀ ਚੰਗੀ ਤਰ੍ਹਾਂ ਸੰਭਾਲ ਸਕਦੀ ਹੈ। ਉਸ ਮੁਤਾਬਕ, ''ਮੈਂ ਆਪਣੇ ਰਸੋਈਏ ਤੋਂ ਪੁੱਛਦੀ ਹਾਂ ਕਿ ਜੇਕਰ ਅਸੀਂ ਘਰ ਨਹੀਂ ਹੁੰਦੇ ਤਾਂ ਸੱਤ ਕਿੱਲੋ ਟਮਾਟਰ ਕਿਵੇਂ ਖ਼ਤਮ ਹੋ ਜਾਂਦੇ ਹਨ?'' ਉਦੋਂ ਮੇਰੇ ਪਤੀ ਨੂੰ ਬਹੁਤ ਹਾਸਾ ਆਉਂਦਾ ਹੈ। ਘਰ ਚਲਾਉਣ ਦੇ ਮਾਮਲੇ 'ਚ ਤਾਂ ਮੈਂ ਟਿਪੀਕਲ ਮਿਡਲ ਕਲਾਸ ਦੀ ਸੁਆਣੀ ਹਾਂ। ਰਾਜ ਨੂੰ ਇਹ ਚੰਗਾ ਨਹੀਂ ਲੱਗਦਾ। ਉਹ ਮੈਨੂੰ ਕੰਜੂਸੀ ਨਾ ਕਰਨ ਲਈ ਕਹਿੰਦੇ ਹਨ।



## ਲਵ ਸਟੋਰੀਜ਼ ਪਸੰਦ ਨਹੀਂ ਇਮਰਾਨ ਨੂੰ

ਇਮਰਾਨ ਖ਼ਾਨ ਨੇ ਫ਼ਿਲਮ 'ਜਾਨੇ ਤੂੰ ਯਾ ਜਾਨੇ ਨਾ' ਰਾਹੀਂ ਆਪਣਾ ਕੈਰੀਅਰ ਸ਼ੁਰੂ ਕੀਤਾ ਸੀ, ਜੋ ਬੇਹੱਦ ਸਫਲ ਰਹੀ ਸੀ। ਉਸ ਨੂੰ ਲਵ ਸਟੋਰੀਜ਼ ਨਾਪਸੰਦ ਹਨ ਪਰ ਉਨ੍ਹਾਂ 'ਚ ਕੰਮ ਕਰਨਾ ਉਸ ਨੂੰ ਬਹੁਤ ਚੰਗਾ ਲੱਗਦਾ ਹੈ। ਪੇਸ਼ ਹਨ ਪੋਸਟ ਬੁਆਏ ਇਮਰਾਨ ਖ਼ਾਨ ਨਾਲ ਇਕ ਸੰਖੇਪ ਗੱਲਬਾਤ ਦੇ ਅੰਸ਼ ;

**ਤੁਹਾਡੀ ਨਵੀਂ ਫ਼ਿਲਮ ਦਾ ਨਾਂ ਹੈ 'ਆਈ ਹੇਟ ਲਵ ਸਟੋਰੀਜ਼'। ਜ਼ਰਾ ਆਪਣੇ ਬਾਰੇ ਵੀ ਦੱਸੋ। ਕੀ ਤੁਹਾਨੂੰ ਲਵ ਸਟੋਰੀਜ਼ ਪਸੰਦ ਹਨ?**

-ਜੀ ਨਹੀਂ। ਮੈਨੂੰ ਲਵ ਸਟੋਰੀਜ਼ ਪਸੰਦ ਨਹੀਂ ਹਨ ਅਤੇ ਸ਼ਾਇਦ ਜ਼ਿਆਦਾਤਰ ਮੁੰਡਿਆਂ ਦਾ ਇਹੀ ਹਾਲ ਹੈ। ਸਾਨੂੰ ਤਾਂ ਐਕਸ਼ਨ ਫ਼ਿਲਮਾਂ ਚੰਗੀਆਂ ਲੱਗਦੀਆਂ ਹਨ। ਇਕ ਐਕਟਰ ਵਜੋਂ ਮੈਨੂੰ ਲਵ ਸਟੋਰੀਜ਼ 'ਚ ਕੰਮ ਕਰਨਾ ਹਮੇਸ਼ਾ ਹੀ ਚੰਗਾ ਲੱਗਾ ਹੈ ਕਿਉਂਕਿ ਉਨ੍ਹਾਂ 'ਚ ਕੰਮ ਕਰਨਾ ਹਮੇਸ਼ਾ ਬਹੁਤ ਮਜ਼ੇਦਾਰ ਹੁੰਦਾ ਹੈ।

**ਤੁਹਾਡੀ ਮਨਪਸੰਦ ਰੋਮਾਂਟਿਕ ਫ਼ਿਲਮ ਕਿਹੜੀ ਹੈ ਅਤੇ ਕਿਉਂ?**

ਮੈਨੂੰ 'ਇੰਟਰਨਲ ਸਨਸ਼ਾਈਨ ਆਫ ਸਪਾਟਲੈਸ ਮਾਈਂਡ' 'ਚ ਪਿਆਰ ਦਾ ਚਿਤਰਨ ਬਹੁਤ ਹੀ ਚੰਗਾ ਇਸ ਲਈ ਲੱਗਾ ਕਿ ਉਥੇ ਨਜ਼ਰੀਆ ਚਾਸ਼ਨੀਦਾਰ ਅਤੇ ਕਿਸੇ ਪਰੀ ਕਥਾ ਸ਼ੈਲੀ ਦਾ ਨਾ ਹੋ ਕੇ ਯਥਾਰਥਵਾਦੀ ਸੀ। ਮੇਰੇ ਲਈ ਪਿਆਰ ਦਾ ਅਰਥ ਹੈ ਕਿਸੇ ਲਈ ਡੂੰਘਾ ਅਹਿਸਾਸ ਹੋਣਾ।

**'ਲੱਕ' ਅਤੇ 'ਕਿਡਨੈਪ' ਦੀ ਅਸਫਲਤਾ ਨੂੰ ਤੁਸੀਂ ਕਿਵੇਂ ਲਿਆ?**

-ਯਕੀਨਨ ਇਹ ਬੜੀ ਨਿਰਾਸ਼ਾ ਵਾਲੀ ਗੱਲ ਸੀ ਪਰ ਮੈਂ ਵੀ ਤਾਂ ਇਸੇ ਫ਼ਿਲਮ ਨਗਰੀ 'ਚ ਵੱਡਾ ਹੋਇਆ ਹਾਂ, ਇਸ ਲਈ ਮੈਨੂੰ ਚੰਗੀ ਤਰ੍ਹਾਂ ਪਤੈ ਕਿ ਇਹ ਕਿਸ ਤਰ੍ਹਾਂ ਕੰਮ ਕਰਦੀ ਹੈ। ਮੈਂ ਜਾਣਦਾ ਹਾਂ ਕਿ ਮੇਰੇ ਕੈਰੀਅਰ 'ਚ ਫਲਾਪ ਫ਼ਿਲਮਾਂ ਵੀ ਹੋਣਗੀਆਂ। ਇਹ ਤਾਂ ਇਕ ਅਜਿਹੀ ਚੀਜ਼ ਹੈ, ਜਿਸ ਦੇ ਲਈ ਤੁਸੀਂ ਪਹਿਲੇ ਦਿਨ ਤੋਂ ਹੀ ਤਿਆਰ ਹੁੰਦੇ ਹੋ। ਤੁਸੀਂ ਇਹ ਤੈਅ ਨਹੀਂ ਕਰ ਸਕਦੇ ਕਿ ਫਲਾਣੇ ਸਾਲ 'ਚ ਤੁਹਾਡੀ ਫ਼ਿਲਮ ਫਲਾਪ ਹੋ ਜਾਵੇਗੀ।

**-ਤੁਸੀਂ 'ਆਈ ਹੇਟ ਲਵ ਸਟੋਰੀਜ਼' 'ਚ ਆਪਣੀ ਦਿੱਖ ਅਤੇ ਆਪਣੇ ਡੀਲ-ਡੌਲ ਦੋਹਾਂ 'ਚ ਹੀ ਤਬਦੀਲੀ ਕੀਤੀ ਹੈ।**

-ਉਮਰ ਦੇ ਨਾਲ ਮੇਰੇ ਚਿਹਰੇ 'ਚ ਤਬਦੀਲੀ ਆਈ ਹੈ। ਮੇਰਾ ਡੀਲ-ਡੌਲ ਤੁਹਾਨੂੰ ਇਸ ਲਈ ਵੱਖਰਾ ਨਜ਼ਰ ਆ ਰਿਹਾ ਹੈ ਕਿਉਂਕਿ ਨਿਰਮਾਤਾ ਕਰਨ ਜੌਹਰ ਨੇ ਅਜਿਹਾ ਹੀ ਚਾਹਿਆ ਸੀ। ਇਥੇ ਮੈਂ ਇਕ ਅਜਿਹਾ ਆਦਮੀ ਬਣਿਆ ਹਾਂ, ਜੋ ਬਹੁਤ ਸਾਰੀਆਂ ਕੁੜੀਆਂ ਨਾਲ ਡੇਟਿੰਗ ਕਰਦਾ ਹੈ-

**ਆਪਣੀਆਂ ਕੁਝ ਅਜਿਹੀਆਂ ਤਸਵੀਰਾਂ ਦੇ ਰਿਲੀਜ਼ ਹੋਣ ਪਿਛੋਂ ਜਿਨ੍ਹਾਂ 'ਚ ਤੁਹਾਨੂੰ ਬਿਸਤਰੇ 'ਤੇ ਲੇਟੇ ਦਿਖਾਇਆ ਗਿਆ ਹੈ, ਤੁਸੀਂ ਇਕ 'ਗੇਅ ਆਈਕਨ' ਬਣ ਗਏ ਹੋ। ਟਿੱਪਣੀ?**

-ਮੇਰੇ ਲਈ ਇਹ ਇਕ ਕੰਪਲੀਮੈਂਟ ਹੈ, ਜਿੰਨੇ ਜ਼ਿਆਦਾ ਲੋਕ ਮੈਨੂੰ ਪਸੰਦ ਕਰਨ, ਓਨਾ ਹੀ ਮੇਰੇ ਲਈ ਬਿਹਤਰ ਹੈ ਪਰ ਮੈਂ ਇਹ ਵੀ ਚਾਹਾਂਗਾ ਕਿ ਮੈਂ ਇਸੇ ਅਕਸ 'ਚ ਕੈਦ ਹੋ ਕੇ ਨਾ ਰਹਿ ਜਾਵਾਂ।

**-ਇਹ ਦੱਸੋ ਕਿ ਕੀ ਤੁਸੀਂ ਫ਼ਿਲਮਾਂ 'ਚ ਸਲਮਾਨ ਵਾਂਗ ਆਪਣੀ ਕਮੀਜ਼ ਉਤਾਰੋਗੇ?**

-ਭਾਵੇਂ ਲੋਕਾਂ ਦਾ ਧਿਆਨ ਇਸ ਪਾਸੇ ਜਾਂਦਾ ਹੋਵੇ ਪਰ ਤੁਸੀਂ ਮੈਨੂੰ ਦੱਸੋ ਕਿ ਜਦੋਂ ਤੁਸੀਂ ਨਹਾ ਕੇ ਬਾਹਰ ਨਿਕਲਦੇ ਹੋ ਤਾਂ ਕੀ ਤੁਸੀਂ ਕਮੀਜ਼ ਪਹਿਨੀ ਹੁੰਦੀ ਹੈ? ਨਹੀਂ ਨਾ।

**-ਸੋਨਮ ਨਾਲ ਕੰਮ ਕਰਨ ਦਾ ਤਜਰਬਾ ਕਿਹੋ ਜਿਹਾ ਰਿਹਾ?**

-ਉਹ ਤਾਂ ਝੱਲੀ ਹੈ। ਇਸ ਫ਼ਿਲਮ 'ਚ ਬਹੁਤ ਸਾਰੇ ਮੁੰਡੇ ਹਨ-ਪੁਨੀਤ, ਮੈਂ ਅਤੇ ਸਾਰੇ ਹੀ ਸਹਾਇਕ ਨਿਰਦੇਸ਼ਕ, ਤਾਂ ਅਸੀ ਇਕਜੁਟ ਹੋ ਕੇ ਸੋਨਮ ਨੂੰ ਖੂਬ ਤੰਗ ਕਰਦੇ ਸਾਂ। ਬਹੁਤ ਮਜ਼ਾ ਆਉਂਦਾ ਸੀ।

**ਆਮਿਰ ਖ਼ਾਨ ਪ੍ਰੋਡਕਸ਼ਨ ਦੀ 'ਡੇਲਹੀ ਬੈਲੀ' ਦੀ ਕੀ ਰਿਪੋਰਟ ਹੈ?**

-ਸ਼ੂਟਿੰਗ ਪੂਰੀ ਹੁੰਦਿਆਂ ਹੀ (ਨਿਰਦੇਸ਼ਕ) ਅਭਿਨਵ ਨੂੰ ਫ਼ਿਲਮ 'ਗੇਮ' ਦੇ ਕੰਮ 'ਚ ਰੁੱਝਣਾ ਪਿਆ, ਇਸ ਲਈ ਉਹ ਇਸ ਫ਼ਿਲਮ ਨੂੰ ਪੂਰੀ ਕਰਨ ਲਈ ਸਮਾਂ ਨਹੀਂ ਕੱਢ ਸਕੇ ਅਤੇ ਆਮਿਰ ਵੀ 'ਥ੍ਰੀ ਈਡੀਅਟਸ' 'ਚ ਬਿਜ਼ੀ ਰਹੇ। ਦੋਵੇਂ ਹੀ ਇਸ ਫ਼ਿਲਮ ਨੂੰ ਸਮਾਂ ਨਹੀਂ ਦੇ ਸਕੇ।

## ਵੱਖਰੇ ਢੰਗ ਨਾਲ ਆਟੋਗ੍ਰਾਫ ਦਿੰਦੀ ਕੈਟਰੀਨਾ

ਅਭਿਨੇਤਾ-ਅਭਿਨੇਤਰੀਆਂ ਨੂੰ ਆਪਣੇ ਪ੍ਰਸ਼ੰਸਕਾਂ ਨੂੰ ਆਟੋਗ੍ਰਾਫ ਦੇਣ ਦੀ ਆਦਤ ਪੈ ਜਾਂਦੀ ਹੈ। ਬਹੁਤ ਹੀ ਥੋੜ੍ਹੇ ਕਲਾਕਾਰ ਹੋਣਗੇ, ਜਿਨ੍ਹਾਂ ਨੂੰ ਅਪਣੇ ਪ੍ਰਸ਼ੰਸਕਾਂ ਨੂੰ ਆਟੋਗ੍ਰਾਫ ਦੇਣ 'ਚ ਬੁਰਾ ਲਗਦਾ ਹੋਵੇ, ਸਗੋਂ ਕਈਆਂ ਨੂੰ ਤਾਂ ਆਟੋਗ੍ਰਾਫ ਦੇਣ ਨਾਲੋਂ ਕੁਝ ਹੋਰ ਚੰਗਾ ਲਗਦਾ ਹੀ ਨਹੀਂ।

ਹੁਣੇ ਜਿਹੇ ਕੈਟਰੀਨਾ ਕੈਫ ਨੂੰ ਆਪਣੇ ਪ੍ਰਸ਼ੰਸਕਾਂ ਨੂੰ ਵੱਖਰੇ ਹੀ ਢੰਗ ਨਾਲ ਆਟੋਗ੍ਰਾਫ ਦਿੰਦਿਆਂ ਦੇਖਿਆ ਗਿਆ। ਮੌਕਾ ਸੀ ਜੈਪੁਰ 'ਚ ਬੀਨਾ ਕਾਕ ਦੀ ਬੇਟੀ ਦੇ ਵਿਆਹ ਦਾ, ਜਿਸ 'ਚ ਹਿੱਸਾ ਲੈਣ ਲਈ ਕੈਟਰੀਨਾ ਖਾਸ ਤੌਰ 'ਤੇ ਉਥੇ ਪਹੁੰਚੀ ਸੀ। ਉਥੇ ਮਹਿੰਦੀ ਦੇ ਮੌਕੇ ਜਦੋਂ ਕੈਟਰੀਨਾ ਕੈਫ ਦੇ ਪ੍ਰਸ਼ੰਸਕਾਂ ਨੇ ਆਟੋਗ੍ਰਾਫ ਦੇਣ ਲਈ ਉਸ ਨੂੰ ਘੇਰ ਲਿਆ ਤਾਂ ਕੈਟਰੀਨਾ ਨੇ ਵੀ ਇਸ ਮੌਕੇ 'ਤੇ ਰਚਨਾਤਮਕਤਾ ਦਾ ਭਰਪੂਰ ਪ੍ਰਦਰਸ਼ਨ ਕੀਤਾ। ਪੈੱਨ ਅਤੇ ਪੇਪਰ ਛੱਡ ਕੇ ਕੈਟਰੀਨਾ ਕੈਫ ਨੇ ਮਹਿੰਦੀ ਦੇ ਮੌਕੇ ਦਾ ਖੂਬ ਫਾਇਦਾ ਲਿਆ ਅਤੇ ਆਪਣੇ ਪ੍ਰਸ਼ੰਸਕਾਂ ਦੇ ਹੱਥਾਂ 'ਤੇ ਮਹਿੰਦੀ ਨਾਲ ਉਨ੍ਹਾਂ ਦੇ ਹੀ ਨਾਂ ਲਿਖ ਦਿੱਤੇ। ਕਹਿਣਾ ਪਵੇਗਾ ਕਿ ਕੈਟਰੀਨਾ ਕੈਫ ਦੇ ਹੱਥੋਂ ਮਹਿੰਦੀ ਲਗਵਾਉਣ ਵਾਲਿਆਂ ਦੀ ਕੋਈ ਕਮੀ ਨਹੀਂ ਸੀ। ਅਸਲ 'ਚ ਕੈਟਰੀਨਾ ਕੈਫ ਪਹਿਲੀ ਵਾਰ ਪੂਰੀ ਤਰ੍ਹਾਂ ਰਵਾਇਤੀ ਰਾਜਸਥਾਨੀ ਵਿਆਹ 'ਚ ਸ਼ਾਮਲ ਹੋਣ 'ਤੇ ਬਹੁਤ ਹੀ ਉਤਸ਼ਾਹਤ ਸੀ। ਉਹ ਖੁਦ ਆਪਣੇ ਹੱਥਾਂ 'ਤੇ ਮਹਿੰਦੀ ਦਾ ਵਧੀਆ ਜਿਹਾ ਡਿਜ਼ਾਈਨ ਬਣਵਾਉਣਾ ਚਾਹੁੰਦੀ ਸੀ। ਪਰ ਉਸ ਦੀ ਇਹ ਇੱਛਾ ਪੂਰੀ ਨਾ ਹੋ ਸਕੀ ਕਿਉਂਕਿ ਅਗਲੇ ਦਿਨ ਉਸ ਨੇ ਸ਼ੂਟਿੰਗ ਲਈ ਨਿਕਲਣਾ ਸੀ।

## ਨਵੀਂ ਗੌਡ ਮਦਰ ਬਣ ਗਈ ਮਾਨਯਤਾ ਦੱਤ



ਇਸ ਦੁਨੀਆਂ 'ਚ ਸਭ ਲੋਕ ਆਪਣੇ ਚੰਗੇ ਰਵੱਈਏ ਨਾਲ ਬੜੀ ਛੇਤੀ ਦੂਜਿਆਂ ਦੇ ਦਿਲਾਂ 'ਚ ਥਾਂ ਬਣਾ ਲੈਂਦੇ ਹਨ। ਸੰਜੇ ਦੱਤ ਦੀ ਪਤਨੀ ਮਾਨਯਤਾ ਦੱਤ ਇਸ ਦੀ ਹੀ ਨਵੀਂ ਉਦਾਹਰਣ ਹੈ।

ਆਪਣੀ ਸਾਫ਼ ਦਿਲੀ ਅਤੇ ਦੋਸਤੀ ਨਿਭਾਉਣ ਦੀ ਖੂਬੀ ਕਾਰਨ ਮਾਨਯਤਾ ਦੱਤ ਮੁੰਬਈ ਦੀ ਮਾਇਆਨਗਰੀ 'ਚ ਇਕ ਨਵੀਂ 'ਗੌਡ ਮਦਰ' ਵਜੋਂ ਉਭਰ ਕੇ ਸਾਹਮਣੇ ਆਈ ਹੈ। ਦੱਸਿਆ ਜਾਂਦਾ ਹੈ ਕਿ ਮਾਨਯਤਾ ਦੱਤ ਨੇ ਆਪਣੀ ਇਸੇ ਖਾਸੀਅਤ ਕਾਰਨ ਆਪਣੀ ਨਵੀਂ ਦੋਸਤ ਮੰਡਲੀ 'ਚ ਆਪਣੇ ਲਈ ਖਾਸ ਸਤਿਕਾਰਯੋਗ ਥਾਂ ਬਣਾ ਲਈ ਹੈ।

ਮਾਨਯਤਾ ਦੱਤ ਨੇ ਦੱਤ ਪਰਿਵਾਰ ਦੇ ਨੇੜਲੇ ਕਈ ਫ਼ਿਲਮ ਨਿਰਮਾਤਾਵਾਂ ਕੋਲ ਆਪਣੀ ਸਹੇਲੀ ਅਮਿਸ਼ਾ ਪਟੇਲ ਦੇ ਨਾਂ ਦੀ ਸਿਫਾਰਸ਼ ਕੀਤੀ ਹੈ। ਸਾਨੂੰ ਸਭ ਨੂੰ ਪਤੈ ਕਿ ਸੰਜੇ ਦਾ ਦਿਲ ਬਹੁਤ ਵੱਡਾ ਹੈ ਅਤੇ ਲੱਗਦੈ ਕਿ ਸੰਜੇ ਦੱਤ ਦੀ ਇਹ ਖੂਬੀ ਉਨ੍ਹਾਂ ਦੀ ਪਤਨੀ 'ਚ ਵੀ ਸ਼ਾਮਿਲ ਹੋ ਗਈ ਹੈ। ਖੈਰ, ਇਹ ਅਜੇ ਪਤਾ ਨਹੀਂ ਲੱਗ ਸਕਿਆ ਕਿ ਮਾਨਯਤਾ ਵਲੋਂ ਅਮਿਸ਼ਾ ਦੇ ਨਾਂ ਦੀ ਸਿਫਾਰਸ਼ ਦਾ ਉਸ ਨੂੰ ਕੁਝ ਫਾਇਦਾ ਹੋਇਆ ਹੈ ਜਾਂ ਨਹੀਂ।


Mehfil-E-Sartaj
Satinder Sartaj
LIVE IN CONCERT
Friday July 2, 2010
7:30 PM
Total Family Show
Tight Security
No video Graphy
2001 H St., Fox Theater Bakersfield CA 93301
FOR MORE INFORMATION PLEASE CALL
Bharpur Brar 661-910-3677
Mandeep Mann 661-889-1927
Harry Bhullar 661-809-5718
Dr. Teg Sidhu 661-345-5828
Deep Sidhu 559-333-1910
Ticket VIP, $100, $75, $50, $35, $25
Children Under 3 Free (No Seat)
Ticket Available @ All Indian Stores and Box Office
Media : Punjab Times & gPunjab Sada Channel
ਇਸ ਮੌਕੇ ਹਰ ਇੱਕ ਨੂੰ ਖਾਣਾ ਮੁਫਤ ਮਿਲੇਗਾ
Quik Signs *661-703-8795 *661-900-7357

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

*Close of Escrow date is extended to Sep 30, 2010 to get 8K first time buyer tax credit.*

**4120 Polaris Ave, Union City Town House For Rent**

3 Bedrooms,1.5 Bath, 2 Car Garage, Patio, Inside Landry. New Paint, New Tile Floor, New Carpet Must See.
Water Garbage Included Vacant & Ready To Move In

## Refinance Now

**30 Yr Fixed Rates Are Getting Better!!!**
**Refinance Now At Zero Cost**
**Call Sukhi Gill @ 510-207-9067**
CA DRE Lic.#01180969

## Short Sale Specialist

**We can sell your house in short sale at no cost to you.**

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ। *Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ। *ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

Selling new and old Homes
from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings




**181 Nabor Ct Tracy, CA 95377**
5 Bedrooms, 4 Baths, 2 Car Garage.
Area 3089 Sq. Ft - Lot 5227 Sq. Ft




**304 Pennyhill drive San Jose CA 95127**
4 Bedrooms, 3 Baths, 2 Car Garage.
Area 1933 Sq. Ft - Lot 4500 Sq. Ft




**111 Nancy Lane San Jose CA 95127**
6 Plex - 2 units each
3Bed/1Bath - 3Bed/1Bath - 3Bed/1Bath




**675 Bel Air Court Morgan Hill CA 95037**
5 Bedrooms, 3 Baths, 2 Car Garage.
Area 2807 Sq. Ft - Lot 6534 Sq. Ft





**2370 Picasso Way Stockton 95206**
5 Bedrooms, 3 Baths, 2 Car Garage.
Area 2555 Sq. Ft - Lot 10,454 Sq. Ft




**950 Silver Court Lathrop, CA 95330**
3 Bedrooms, 2.5 Baths, 2 Car Garage.
Living Area 2448 Sq. Ft




**445 Massarosa Lane Lodi, CA 95240**
4 Bedrooms, 2.5 Baths, 2 Car Garage.
Area 1813 Sq. Ft - Lot 3049 Sq. Ft




**902 Windsong Drive, Tracy, CA 95377**
4 Bedrooms, 3 Baths, 2 Car Garage.
Area 2537 Sq. Ft - Lot 6098 Sq. Ft